*Published in Punjabi & English*
Distributed in Toronto, Calgary, Vancouver, Winnipeg and Edmonton and Online Worldwide.

Sarokaran Di Awaz

# ਸਰੋਕਾਰਾਂ ਦੀ ਆਵਾਜ਼

Voice of Social Concerns
Pro-People Arts Project Media Group

Email: ppapmg@gmail.com | ਸਾਲ-9, ਅੰਕ-9, ਸਤੰਬਰ 2019 | Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

# ਘਰਾਂ ਵਿਚ ਕੈਦ ਕਸ਼ਮੀਰ

*[ਇਹ ਰਿਪੋਰਟ ਮਸ਼ਹੂਰ ਅਰਥਸ਼ਾਸਤਰੀ ਜਿਆਂ ਡਰੈਜ਼, ਸੀ.ਪੀ.ਆਈ. (ਐੱਮ.ਐੱਲ.) ਲਿਬਰੇਸ਼ਨ ਦੀ ਇਕ ਮੁੱਖ ਆਗੂ ਅਤੇ ਨਾਰੀਵਾਦੀ ਕਾਰਕੁੰਨ ਕਵਿਤਾ ਕ੍ਰਿਸ਼ਨਨ, ਸਰਵ ਭਾਰਤੀ ਜਨਵਾਦੀ ਮਹਿਲਾ ਐਸੋਸੀਏਸ਼ਨ (ਏਡਵਾ) ਦੀ ਆਗੂ ਮੈਮੂਨਾ ਮੌਲਾ ਅਤੇ ਨੈਸ਼ਨਲ ਅਲਾਇੰਸ ਆਫ ਪੀਪਲਜ਼ ਮੂਵਮੈਂਟ (ਐੱਨ.ਏ.ਪੀ.ਐੱਮ) ਦੇ ਆਗੂ ਵਿਮਲ ਭਾਈ 'ਤੇ ਅਧਾਰਤ ਚਾਰ ਮੈਂਬਰੀ ਟੀਮ ਵੱਲੋਂ ਤਿਆਰ ਕੀਤੀ ਗਈ ਹੈ। ਇਸ ਟੀਮ ਵੱਲੋਂ ਪਿਛਲੇ ਦਿਨੀਂ ਕਸ਼ਮੀਰ ਦਾ ਵਿਸ਼ੇਸ਼ ਦੌਰੇ ਕਰਕੇ ਕਸ਼ਮੀਰੀ ਲੋਕਾਂ ਨਾਲ ਸਿੱਧੀ ਗੱਲਬਾਤ ਕੀਤੀ ਗਈ ਅਤੇ ਤੱਥ ਇਕੱਠੇ ਕੀਤੇ ਗਏ। ਰਿਪੋਰਟ ਕਸ਼ਮੀਰ ਦੀ ਜ਼ਮੀਨੀ ਹਕੀਕਤ ਬਾਰੇ ਸੰਘ ਬਰਗੇਡ ਦੇ ਝੂਠ ਦਾ ਤੱਥਾਂ ਸਹਿਤ ਪਰਦਾਫਾਸ਼ ਕਰਦੀ ਹੈ।] ਅਨੁਵਾਦ: ਬੂਟਾ ਸਿੰਘ*

ਅਸੀਂ 9 ਤੋਂ 13 ਅਗਸਤ ਤੱਕ ਪੰਜ ਦਿਨ ਕਸ਼ਮੀਰ ਦਾ ਦੌਰਾ ਕਰਦਿਆਂ ਗੁਜ਼ਾਰੇ। ਭਾਰਤ ਸਰਕਾਰ ਵੱਲੋਂ ਧਾਰਾ 370 ਅਤੇ 35ਏ ਨੂੰ ਮਨਸੂਖ਼ ਕਰਨ ਅਤੇ ਜੰਮੂ-ਕਸ਼ਮੀਰ ਰਿਆਸਤ ਨੂੰ ਖ਼ਤਮ ਕਰਕੇ ਇਸ ਨੂੰ ਦੋ ਕੇਂਦਰ ਸ਼ਾਸਤ ਖੇਤਰਾਂ ਵਿਚ ਵੰਡਣ ਤੋਂ ਚਾਰ ਦਿਨ ਬਾਦ 9 ਅਗਸਤ ਨੂੰ ਅਸੀਂ ਆਪਣਾ ਸਫ਼ਰ ਸ਼ੁਰੂ ਕੀਤਾ।

ਜਦੋਂ ਅਸੀਂ 9 ਅਗਸਤ ਨੂੰ ਸ੍ਰੀਨਗਰ ਪਹੁੰਚੇ ਤਾਂ ਅਸੀਂ ਦੇਖਿਆ ਕਿ ਕਰਫ਼ਿਊ ਲੱਗਿਆ ਹੋਣ ਕਾਰਨ ਸ਼ਹਿਰ ਖ਼ਾਮੋਸ਼ ਹੈ ਅਤੇ ਉਜਾੜ ਨਜ਼ਰ ਆ ਰਿਹਾ ਹੈ ਅਤੇ ਭਾਰਤੀ ਫ਼ੌਜ ਤੇ ਨੀਮ-ਫ਼ੌਜ ਦੇ ਲਸ਼ਕਰਾਂ ਦੀ ਭਰਮਾਰ ਹੈ। 5 ਅਗਸਤ ਤੋਂ ਹੀ ਕਰਫ਼ਿਊ ਪੂਰੀ ਤਰ੍ਹਾਂ ਲੱਗਿਆ ਹੋਇਆ ਸੀ। ਸ੍ਰੀਨਗਰ ਦੀਆਂ ਗਲੀਆਂ 'ਚ ਸੁੰਨ ਪਸਰੀ ਹੋਈ ਸੀ ਅਤੇ ਸ਼ਹਿਰ ਦੀਆਂ ਤਮਾਮ ਸੰਸਥਾਵਾਂ (ਦੁਕਾਨਾਂ, ਸਕੂਲ, ਲਾਇਬ੍ਰੇਰੀਆਂ, ਪੈਟਰੋਲ ਪੰਪ, ਸਰਕਾਰੀ ਦਫ਼ਤਰ ਅਤੇ ਬੈਂਕ) ਬੰਦ ਸਨ। ਸਿਰਫ਼ ਕੁਛ ਏ.ਟੀ.ਐੱਮ., ਦਵਾਈਆਂ ਦੀਆਂ ਦੁਕਾਨਾਂ ਅਤੇ ਪੁਲਿਸ ਥਾਣੇ ਹੀ ਖੁੱਲ੍ਹੇ ਸਨ। ਲੋਕ ਇਕ-ਇਕ ਜਾਂ ਦੋ-ਦੋ ਜਣੇ ਹੀ ਇੱਧਰ-ਉੱਧਰ ਆ ਜਾ ਰਹੇ ਸਨ ਲੇਕਿਨ ਕੋਈ ਟੋਲੀ ਬਣਾ ਕੇ ਨਹੀਂ ਘੁੰਮ ਰਿਹਾ ਸੀ।



ਅਸੀਂ ਸ੍ਰੀਨਗਰ ਦੇ ਅੰਦਰ ਅਤੇ ਬਾਹਰ ਕਾਫ਼ੀ ਘੁੰਮੇ। ਭਾਰਤੀ ਮੀਡੀਆ ਸਿਰਫ਼ ਸ੍ਰੀਨਗਰ ਦੇ ਨਿੱਕੇ ਜਹੇ ਇਲਾਕੇ ਵਿਚ ਹੀ ਖ਼ੁਦ ਨੂੰ ਸੀਮਤ ਰੱਖਦਾ ਹੈ। ਉਸ ਨਿੱਕੇ ਜਹੇ ਇਲਾਕੇ ਵਿਚ ਕਦੇ-ਕਦੇ ਹਾਲਾਤ ਆਮ ਜਹੇ ਨਜ਼ਰ ਆਉਂਦੇ ਹਨ। ਇਸੇ ਅਧਾਰ 'ਤੇ ਭਾਰਤੀ ਮੀਡੀਆ ਇਹ ਦਾਅਵਾ ਕਰ ਰਿਹਾ ਹੈ ਕਿ ਕਸ਼ਮੀਰ ਵਿਚ ਹਾਲਾਤ ਆਮ ਹੋ ਗਏ ਹਨ। ਇਸ ਤੋਂ ਵੱਡਾ ਝੂਠ ਹੋਰ ਕੋਈ ਨਹੀਂ ਹੋ ਸਕਦਾ।

ਅਸੀਂ ਸ੍ਰੀਨਗਰ ਸ਼ਹਿਰ ਅਤੇ ਕਸ਼ਮੀਰ ਦੇ ਪਿੰਡਾਂ ਅਤੇ ਛੋਟੇ ਕਸਬਿਆਂ ਵਿਚ ਪੰਜ ਦਿਨ ਆਮ ਲੋਕਾਂ ਨਾਲ ਗੱਲਬਾਤ ਕਰਦਿਆਂ ਗੁਜ਼ਾਰੇ। ਅਸੀਂ ਔਰਤਾਂ, ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ, ਦੁਕਾਨਦਾਰਾਂ, ਪੱਤਰਕਾਰਾਂ, ਛੋਟੇ-ਮੋਟੇ ਕਾਰੋਬਾਰੀਆਂ, ਦਿਹਾੜੀਦਾਰਾਂ, ਯੂ.ਪੀ., ਪੱਛਮੀ ਬੰਗਾਲ ਅਤੇ ਹੋਰ ਰਾਜਾਂ ਤੋਂ ਆਏ ਹੋਏ ਮਜ਼ਦੂਰਾਂ ਨਾਲ ਗੱਲਬਾਤ ਕੀਤੀ। ਅਸੀਂ ਘਾਟੀ ਵਿਚ ਰਹਿਣ ਵਾਲੇ ਕਸ਼ਮੀਰੀ ਪੰਡਤਾਂ, ਸਿੱਖਾਂ ਅਤੇ ਕਸ਼ਮੀਰੀ ਮੁਸਲਮਾਨਾਂ ਨਾਲ ਵੀ ਗੱਲਬਾਤ ਕੀਤੀ।

ਹਰ ਜਗ੍ਹਾ ਲੋਕ ਗਰਮਜੋਸ਼ੀ ਨਾਲ ਮਿਲੇ। ਇੱਥੋਂ ਤਕ ਕਿ ਜੋ ਲੋਕ ਬਹੁਤ ਗੁੱਸੇ ਵਿਚ ਸਨ ਅਤੇ ਸਾਡੇ ਮਕਸਦ ਦੇ ਬਾਰੇ ਸ਼ੱਕੀ ਸਨ ਉਹਨਾਂ ਦੀ ਗਰਮਜੋਸ਼ੀ ਵਿਚ ਵੀ ਕੋਈ ਕਮੀ ਨਹੀਂ ਸੀ। ਭਾਰਤ ਸਰਕਾਰ ਦੇ ਪ੍ਰਤੀ ਰੋਹ, ਗੁੱਸੇ ਅਤੇ ਵਿਸ਼ਵਾਸਘਾਤ ਦੀ ਗੱਲ ਕਰਨ ਵਾਲੇ ਲੋਕਾਂ ਨੇ ਵੀ ਗਰਮਜੋਸ਼ੀ ਅਤੇ ਪ੍ਰਾਹੁਣਾਚਾਰੀ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਅਸੀਂ ਇਸ ਗੱਲੋਂ ਬਹੁਤ ਪ੍ਰਭਾਵਿਤ ਹੋਏ।

ਕਸ਼ਮੀਰ ਮਾਮਲਿਆਂ ਦੇ ਭਾਜਪਾ ਦੇ ਬੁਲਾਰੇ ਤੋਂ ਇਲਾਵਾ ਸਾਨੂੰ ਇਕ ਵੀ ਐਸਾ ਵਿਅਕਤੀ ਨੂੰ ਨਹੀਂ ਮਿਲਿਆ ਜਿਸ ਨੇ ਧਾਰਾ 370 ਨੂੰ ਖ਼ਤਮ ਕਰਨ ਦੇ ਭਾਰਤ ਸਰਕਾਰ ਦੇ ਫ਼ੈਸਲੇ ਦੀ ਹਮਾਇਤ ਕੀਤੀ ਹੋਵੇ। ਜ਼ਿਆਦਾਤਰ ਲੋਕ ਧਾਰਾ 370 ਅਤੇ 35ਏ ਨੂੰ ਖ਼ਤਮ ਕਰਨ ਦੇ ਫ਼ੈਸਲੇ ਅਤੇ ਇਸ ਦੇ ਤਰੀਕੇ ਨੂੰ ਲੈ ਕੇ ਬਹੁਤ ਗੁੱਸੇ ਵਿਚ ਸਨ।

ਸਭ ਤੋਂ ਜ਼ਿਆਦਾ ਸਾਨੂੰ ਗੁੱਸਾ ਅਤੇ ਭੈਅ ਹੀ ਦੇਖਣ ਨੂੰ ਮਿਲਿਆ। ਲੋਕਾਂ ਨੇ ਗ਼ੈਰਰਸਮੀਂ ਗੱਲਬਾਤ ਵਿਚ ਆਪਣੇ ਗੁੱਸੇ ਦਾ ਇਜ਼ਹਾਰ ਖੁੱਲ੍ਹ ਕੇ ਕੀਤਾ ਲੇਕਿਨ ਕੋਈ ਕੈਮਰੇ

(ਬਾਕੀ ਸਫ਼ਾ 13 'ਤੇ)

CONGRATULATIONS
TEAM OVER 450 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Super Visa Insurance
With all the BENEFITS & REQUIREMENTS
Life Insurance, Critical illness Insurance, Disability Insurance, RRSP, RESP Etc.
For More Information Call
Harcharan Singh Parhar
403-681-8689




CAMBRIDGE
Call Rani - 403-612-7881
Amar - 403-470-2627

ਹਰ ਤਰਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • ਕਾਰ ਇੰਸ਼ੋਰੈਂਸ
• Home Insurance • ਹੋਮ ਇੰਸ਼ੋਰੈਂਸ
• Life Insurance • ਲਾਈਫ ਇੰਸ਼ੋਰੈਂਸ
• Critical illness • ਕਰਿਟੀਕਲ ਇਲਨੈਸ ਇੰਸ਼ੋਰੈਂਸ
• Disability Insurance • ਡਿਸਅਬਿਲਿਟੀ ਇੰਸ਼ੋਰੈਂਸ
• Car Loans • ਕਾਰ ਲੋਨ
SAVE UPTO 30%
Call us for FREE Insurance Quote
Paramjit Plaha
403 554.4444
paramjit@paramjit.ca
paramjit.ca
215-2323 32 Ave NE Calgary AB T2E 6Z3

Call for your home BUYING & SELLING needs
BALJINDER SANGHA
REALTOR®
(CERTIFIED CONDOMINIUM SPECIALIST)
* All our buyer get 2 years purchase Guarantee.
* Buy or Sell home with one year home warranty.
* Reasonable Commission
Call for more information urban
403-680-3212
baljindersangha@urban-realty.ca

WEST COAST HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
• Pre-Engineered Roof and Floor Trusses
• Metal Web Floor Trusses
• Custom Heavy Timber Trusses and Timber Framing Kits
• Curved Roof and Ceiling Trusses
• Curved Timber and Laminated Joists
• Curved Fascias and Trims
• Pre-Fab Barreled and Double Barreled Vaulted Ceilings
• Pre-Fab Dome and Elliptical Ceilings
• Structural Engineering and Inspection Services (BC, Alberta & Saskatchewan)
10230-120 Street Surrey, BC, V3V 4G1 (604) 580-3275
www.westcoasttruss.ca | info@westcoasttruss.ca (778) 896-7194




Reliance Immigration
Reliance Immigration Inc
K.P. Singh
RCIC
#205 - 13737 72 Ave
Surrey, BC, V3W 2P2
kp@relianceimmigration.ca
Off. : 604-597-0440
Fax : 604-597-2332






SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010




FIVE STAR INSURANCE
Save up to 51%
• Auto • Home
• Business
Get the best rates with us!
FIVE STAR
INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
270 Orenda Rd., Unit # 200 Brampton, ON L6T 4X6
905.459.0555


Tiwana
Real Estate Team
LIST WITH US
FOR GUARANTEED RESULTS
MEET THE TEAM:
MaMinder Tiwana
Harman Tiwana
Ajitpal Gill
❖ Professional Services
❖ Free Home Evaluation
❖ Digital Marketing & Social Media
❖ Top Dollars in your Pocket
❖ Superb Negotiation Skills
❖ Team of 3 Realtors With Full Time Office Staff
SOLD
ROYAL LEPAGE
100 YEARS
Call: 403-830-5152
Visit : www.TiwanaTeam.com
Email: tiwanateam@gmail.com
Address: 110-7220 Fisher St SE, Calgary, AB T2H 2H8
www.TiwanaTeam.com


Si
SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca


Shell
MOTEL
For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

**SARO KARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh (India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

**Sports Advisor**
Sukhvir Grewal
403-402-0770
sukhsports@gmail.com

Parminder Swaich
Surrey (BC)
604-760-4794

**Honorary Advisory Board**

Sukhdev Singh Sandhu (Toronto)

Master Balbir Singh Gill (Toronto)
Jaspreet Dhaliwal (Toronto)

Harcharan Singh Parhar Calgary

Malkit Singh Abbotsford (BC)

Narbhinder Singh (India) (Punjab)
935-443-0211

Buta Singh Nawan Shahr (Punjab)
946-347-4342
atoozed@gmail.com

Jaswant Zirakh (India) (Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।




Details of 163 trinity:

$837,000 | 3,348 sq ft | 3 car garage | Walkout basement | 2 master bedrooms
Spice kitchen | Main floor bed and bath 4 bathrooms
Select all colors and specs if purchased now

Details of 705 mcdougal rd:

Practically in downtown

brand new 2300 sq ft townhouses with single garage

You can't beat these spectacular view

Priced to sell at $889,000

Call Rani - 403-612-7881
Amar - 403-470-2627



# ਸਪਰਿੰਗ ਮੂਨ : ਚੀਨ ਦਾ ਇਕ ਨਾਵਲ - ਕਿਸ਼ਤ-11



ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in

**ਐਲਾਨ-ਏ-ਖਾਨਾਜੰਗ**

ਵੱਟੇ ਮੁੱਕੇ : ਸੰਨ 1900 ਵਿਚ ਭਿਆਨਕ ਸੋਕਾ ਪਿਆ ਅਤੇ ਹੜ੍ਹ ਵੀ ਆਏ। ਦੇਸ਼ ਵਿਚ ਕਾਲ ਪੈ ਗਿਆ। ਫਸਲਾਂ, ਦਰਖਤ ਬਰਬਾਦ ਹੋ ਗਏ। ਭੁਖਮਰੀ ਫੈਲ ਗਈ। ਜਦੋਂ ਸਿਆਲੂ ਕਨਕ ਪੱਕਣ ਅਤੇ ਫਲਾਂ ਦੇ ਰਸਣ ਦਾ ਵੇਲਾ ਹੁੰਦਾ ਹੇ, ਮਾਪੇ ਪੰਜਾਹ-ਪੰਜਾਹ ਪੈਸਿਆਂ ਵਿਚ ਜੁਆਕਾਂ ਨੂੰ ਵੇਚ ਰਹੇ ਸਨ।

ਪੀਕਿੰਗ ਵਿਚ ਗੱਲ ਹੋਰ ਸੀ। ਕੌਮੀ ਆਫ਼ਤ ਵੇਲੇ ਵੀ 'ਸਭ ਹੱਛਾ ਹੈ' ਦਾ ਵਿਖਾਵਾ ਤਾਂ ਕੀਤਾ ਹੀ ਜਾਣਾ ਸੀ। ਪਾਰਟੀਆਂ ਕੀਤੀਆਂ ਜਾ ਰਹੀਆਂ ਸਨ। ਮੰਦਰੀਂ ਮੇਲੇ ਲੱਗ ਰਹੇ ਸਨ। ਥੀਏਟਰ ਸ਼ੋਅ ਹੋ ਰਹੇ ਸਨ। ਦੁਰਾਡੇ ਇਲਾਕਿਆਂ ਵਿਚੋਂ ਖ਼ਬਰਾਂ ਆ ਰਹੀਆਂ ਸਨ ਕਿ ਦੋ ਸੌ ਜਸੂ-ਮਸੀਹੀ ਕਤਲ ਕਰ ਦਿੱਤੇ ਗਏ ਹਨ।

ਪਰ ਪੱਛਮੀ ਮੁਲਕਾਂ ਦੀਆਂ ਅੰਬੈਸੀਆਂ ਵਿਚਲੇ ਲੋਕ ਇਹ ਖ਼ਬਰਾਂ ਨੂੰ ਅਫ਼ਵਾਹਾਂ ਕਹਿ ਕੇ ਰੱਦ ਕਰ ਦਿੰਦੇ ਸਨ। ਡਾਬੇਜ਼ਰ (ਰਾਜ ਪ੍ਰਮੁੱਖ) ਇਕੋ ਨੇ ਐਲਾਨ ਜੋ ਕੀਤਾ ਹੋਇਆ ਸੀ ਸੱਭੇ ਚੀਨ ਵਾਸੀ ਇਕ ਪਰਿਵਾਰ ਹੈ।

ਪੀਕਿੰਗ ਦੇ ਸੂਬੇਦਾਰ ਲਾਨ ਨੇ, ਵੂ ਪਰਿਵਾਰ ਨੂੰ ਪਾਰਟੀ ਦਾ ਸੱਦਾ ਪੱਤਰ ਭੇਜਿਆ। ਉਚੇਚਾ ਲਿਖਿਆ ਸੀ 'ਪਰਿਵਾਰ ਦਾ ਮੁੰਡਾ ਅਤੇ ਉਨ੍ਹਾਂ ਦੀ ਨਵ-ਵਿਆਹੀ ਨੂੰਹ ਜ਼ਰੂਰ ਆਉਣ। ਨਵੇਂ ਵਿਆਹੇ ਜੋੜੇ ਲਈ ਕਿੱਡੇ ਮਾਨ ਵਾਲੀ ਗੱਲ ਸੀ। ਹੁਣ ਪਰਿਵਾਰ ਦੇ ਸਾਰੇ ਜੀਆਂ ਦਾ ਵਤੀਰਾ ਸਪਰਿੰਗ ਮੂਨ ਪ੍ਰਤੀ ਬਦਲ ਗਿਆ। ਤ੍ਰਿਸਕਾਰ ਦੀ ਥਾਂ ਅਪਣੱਤ ਆ ਗਈ। ਸਾਰਾ ਪਰਿਵਾਰ ਪਾਰਟੀ ਦੇ ਪਾਉਣ ਵਾਲੇ ਕੱਪੜਿਆਂ ਅਤੇ ਗਹਿਣਿਆਂ ਦੀਆਂ ਤਿਆਰੀਆਂ ਵਿਚ ਲੱਗ ਗਿਆ। ਗਲੈਡ, ਪਰਾਮਿਜ਼, ਭਾਵੇਂ ਸੂਬੇਦਾਰ ਨੂੰ ਪਿਛਾਂਹਖਿਚੂ, ਮੂਰਖ ਅਤੇ ਸੰਭਾਵੀ ਦੁਸ਼ਮਣ ਮੰਨਦਾ ਸੀ। ਪਰ ਰੰਗ ਵਿਚ ਭੰਗ ਦੇ ਡਰੋਂ, ਉਪਰੋਂ ਉਪਰੋਂ ਉਤਸ਼ਾਹ ਦਿਖਾ ਰਿਹਾ ਸੀ।

ਸਪਰਿੰਗ ਮੂਨ ਦੇ ਮਨ ਵਿਚ ਇਕ ਭੈਅ ਅਤੇ ਖਲਬਲੀ ਜਿਹੀ ਤਾਂ ਸੀ ਪਰ ਡੱਮੀ ਦੀ ਸਹਾਇਤਾ ਨਾਲ ਉਹ ਵੀ ਸੱਜ ਗਈ। ਖਾਮੋਸ਼ੀ ਵਿਚ ਅੱਖਾਂ ਨੇ ਪਤੀ ਨੂੰ ਪੁੱਛਿਆ ਕੀ ਮੈਂ ਸੋਹਣੀ ਲੱਗਣੀ ਆਂ ? ਪਤੀ ਦੀਆਂ ਅੱਖਾਂ ਵਿਚੋਂ ਪਤੀ ਦਾ ਜਵਾਬ ਹਾਂ ਮਿਲਿਆ। ਪੌਰੀ ਸੱਜ ਧੱਜ ਨਾਲ ਸਾਰਾ ਪਰਿਵਾਰ ਸੂਬੇਦਾਰ ਦੇ ਮਹਿਲੀਂ ਜਾਂ ਪਹੁੰਚਿਆ। ਅੱਜ ਪਹਿਲੀ ਵਾਰ ਸਪਰਿੰਗ ਮੂਨ ਨੇ ਪੀਕਿੰਗ ਦੀਆਂ ਸੜਕਾਂ ਬਜ਼ਾਰਾਂ ਦੇ ਦੀਦਾਰ ਕੀਤੇ ਸਨ। ਤੰਗ ਗਲੀਆਂ ਵਿਚ ਨਿਕਲ ਕੇ ਖੁੱਲ੍ਹੇ ਚੌੜੇ ਬਜ਼ਾਰ ਆ ਗਏ। ਰੇਹੜੀਆਂ, ਫੜੀਆਂ ਵਾਲੇ ਹੋਕਰੇ ਮਾਰ ਰਹੇ ਸਨ। ਖਰੀਦਦਾਰੀ ਵਾਲੇ ਸੌਦੇਬਾਜ਼ੀਆਂ ਕਰ ਰਹੇ ਸਨ। ਭਿਖਾਰੀ ਅਤੇ ਮੰਗਤੇ ਵੀ ਸਨ। ਦੁਕਾਨ ਤੇ ਕੁੱਲ ਆਲਮ ਦਾ ਸਜ਼ੀਲਾ ਸਮਾਨ ਵਿੱਕ ਰਿਹਾ ਸੀ। ਸੁੰਦਰ ਰੇਸ਼ਮੀ ਪਹਿਰਾਵੇ, ਫ਼ਲਦਾਰ ਕੋਟ, ਹਰ ਤਰ੍ਹਾਂ ਦਾ ਗਹਿਣਾ ਗੱਟਸ ਕਿਤਾਬ ਬਜ਼ਾਰ ਸਪਰਿੰਗ ਮੂਨ ਨੂੰ ਖਾਸ ਚੰਗਾ ਲੱਗਿਆ। ਇਥੋਂ ਹੀ ਖਰੀਦੀ ਕਿਤਾਬ 'ਮਹਾਨ ਸਿਲਕ ਰੋਡ' ਉਸਦੇ ਚਾਲੇ ਬੋਲਡ ਟੇਲੈਂਟ ਨੇ ਉਸ ਨੂੰ ਭੇਟ ਕੀਤੀ ਸੀ। ਇਸ ਵਿਚੋਂ ਉਸ ਨੇ ਪੀਕਿੰਗ ਬਾਰੇ ਪੜ੍ਹਿਆ ਹੋਇਆ ਸੀ।

ਅਚਾਨਕ ਡੋਲੀਆਂ ਚੁੱਕੀਆਂ ਕੁਹਾਰ ਖੜ੍ਹੋ ਗਏ। ਮਹਿਲ ਆ ਗਏ ਸਨ। ਬਾਹਰੀ ਦਵਾਰੀ ਤੇ ਸੂਬਦੇਾਰ, ਜੋ ਲਾਨ ਖਾਨਦਾਨ ਵਿਚੋਂ ਸੀ ਦੇ ਝੰਡੇ ਝੂਲ ਰਹੇ ਸਨ ਅਤੇ ਰੰਗਦਾਰ ਲਾਲਟੈਨਾਂ ਦੀਆਂ ਰੌਸ਼ਨੀਆਂ ਸਨ। ਵੂ ਖਾਨਦਾਨ ਦੇ ਮੈਂਬਰ ਇਕ ਇਕ ਕਰਕੇ ਡੋਲੀਆਂ ਵਿਚ ਉਤਰ ਗਏ। ਪਰ ਜਨਾਨਾ ਸਵਾਰੀਆਂ ਬੈਠੀਆਂ ਰਹੀਆਂ ਹਾਨਲਿਨ ਨੇ ਅੱਗੇ ਵੱਧ ਕੇ ਆਪਣੀ ਪਛਾਣ ਦੱਸੀ। ਗੇਟ ਮੈਨ ਨੇ, ਸਨਮਾਨਿਤ ਮਹਿਮਾਨ ਦੀ ਆਮਦ ਦਾ ਐਲਾਨ ਉਚੀ ਸੁਰ ਵਿਚ ਕੀਤਾ। ਸਪਰਿੰਗ ਮੂਨ ਨੂੰ ਅਵਾਜ਼ ਜਾਣੀ ਪਛਾਣੀ ਲੱਗੀ। ਸ਼ਾਇਦ ਉਹੀ ਸੀ, ਜਿਸ ਨੇ ਉਸਦੇ ਵਿਆਹ ਦੀਆਂ ਰਸਮਾਂ ਵਿਚ ਕਾਸ਼ਦ ਦਾ ਕੰਮ ਕੀਤਾ ਸੀ।

ਅੰਦਰ ਜਾ ਕੇ ਪੁਰਸ਼ਾਂ ਦੀਆਂ ਨਜ਼ਰਾਂ ਤੋਂ ਅੱਗੇ ਇਸਤਰੀਆਂ ਵੀ ਡੋਲੀਆਂ ਵਿਚੋਂ ਉਤਰ ਕੇ, ਲੋਟਸ ਡੀਲਾਈਟ, ਸੱਸ ਦੀ ਅਗਵਾਈ ਵਿਚ ਸੂਬੇਦਾਰਨੀ ਅੱਗੇ ਜਾ ਪੇਸ਼ ਹੋਈਆਂ। ਜਦੋਂ ਸਪਰਿੰਗ ਮੂਨ, ਡੱਮੀ ਸਮੇਤ ਅੱਗੇ ਵਧੀ ਤਾਂ ਉਸਦੀਆਂ ਘਬਰਾਹਟ ਕਾਰਨ ਲੱਤਾਂ ਕੰਬ ਰਹੀਆਂ ਸਨ। ਫਿਰ ਵੀ ਉਸਨੇ ਸ਼ਿਸ਼ਟਾਚਾਰ ਵਜੋਂ ਨਮਸਕਾਰ ਕੀਤੀ "ਇਸ ਨਾਚੀਜ਼ ਨੂੰ ਅੱਜ ਦੇ ਦਿਨ ਯਾਦ ਕਰਨ ਦਾ ਬਹੁਤ-ਬਹੁਤ ਧੰਨਵਾਦ" ਸੂਬੇਦਾਰਨੀ ਦੇ ਹਾਵ ਭਾਵਾਂ ਵਿਚੋਂ ਲੱਗਿਆ ਕਿ ਉਹ ਖੁਸ਼ ਸੀ। "ਤਾਂ ਤੂੰ ਹੈਂ ਜਿਸ ਦੇ ਮਗਰ ਬਹੁਤੇ ਮਰਦ ਜ਼ਹਿਰ ਪੀਣ ਨੂੰ ਤਿਆਰ ਹਨ", ਸਪਰਿੰਗ ਮੂਨ ਦਾ ਚਿਹਰਾ ਸ਼ਰਮ ਨਾਲ ਭੱਖ ਉੱਠਿਆ। "ਮੈਨੂੰ ਤਾਂ ਅੱਜ ਤੁਹਾਡੇ ਆ ਕੇ ਬੜੀ ਖੁਸ਼ੀ ਹੋਈ ਆ। ਪੀਕਿੰਗ ਵੀ ਅੱਜ ਮੈਂ ਪਹਿਲੀ ਵਾਰ ਦੇਖਿਆ। "ਅੱਜ ਸ਼ਾਮ ਦੀ ਪਾਰਟੀ ਤਾਂ ਐਵੇਂ ਫਜ਼ੂਲ ਆ" ਅਤੇ ਹੱਥ ਦੇ ਇਸ਼ਾਰੇ ਨਾਲ ਉਨ੍ਹਾਂ ਨੂੰ ਅੱਗੇ ਤੋਰ ਦਿੱਤਾ।

ਉਸ ਨੂੰ ਅਜੀਬ ਜਿਹੀ ਘਬਰਾਹਟ ਤਾਂ ਸੀ ਪਰ ਡੱਮੀ ਦੇ ਸਾਥ ਵਿਚ ਸਕੂਨ ਸੀ। "ਮਾਲਕਨ ਤੂੰ ਠੀਕ ਠਾਕ ਹੈਂ। ਤੂੰ ਦੇਖਿਆ ਸੀ, ਸੂਬੇਦਾਰਨੀ ਦੇ ਪੈਰ ਆਪਣੇ ਤੋਂ ਵੀ ਵੱਡੇ ਆ।

ਸੋਹਣੀਆਂ ਮਸਤਾਨੀਆਂ ਦਾ ਜਮਘਟਾ ਸੀ ਹੀਰਾਂ ਸਨ। ਮਹੀਂਵਾਲ ਦੀਆਂ ਸੋਹਣੀਆਂ ਸਨ ਪਰ ਸੂ ਕੁ ਤੋਂ ਵਿਆਹ ਕੇ ਆਈ ਸਪਕਿੰਗ ਮੂਨ ਦੀ ਚਮਕ ਦਮਕ ਅਲੱਗ ਹੀ ਸੀ। ਸਾਰਿਆਂ ਦੀਆਂ ਨਜ਼ਰਾਂ ਉਸ ਵੱਲ ਹੀ ਉਠ ਰਹੀਆਂ ਸਨ। ਉਸ ਦੀ ਦਾਸੀ ਡੱਮੀ ਉਸਦੇ ਪਿਛੇ ਵਾਲੀ ਕੁਰਸੀ 'ਤੇ ਬੈਠੀ ਸੀ। ਪਰਦੇ ਵਿਚੋਂ ਸਪਰਿੰਗ ਮੂਨ ਮਰਦਾਂ ਵਾਲੇ ਹਿੱਸੇ ਵਿਚ ਝਾਕੀ। ਉਸ ਦੀ ਨਜ਼ਰ ਗਲੈਂਡ ਪਰਾਮਿਜ਼ ਨੂੰ ਢੂੰਡ ਰਹੀ ਸੀ। ਕੁਝ ਮਿੰਟਾਂ ਬਾਅਦ ਉਹ ਨਜ਼ਰੀਂ ਪਿਆ। ਉਹ ਪ੍ਰੇਸ਼ਾਨੀ ਜਿਹੀ ਵਿਚ ਉਂਗਲ ਵਿਚ ਪਾਈ ਮੁੰਦੀ ਘੁਮਾ ਰਿਹਾ ਸੀ। ਸਪਰਿੰਗ ਮੂਨ ਨੂੰ ਲੱਗਿਆ ਕਿ ਕੋਈ ਗੜਗੜ ਹੈ। ਉਹ ਪਲੇਟ ਵਿਚ ਪਰੋਸੀ ਸਰਿੰਮਪ ਖਾਣ ਲੱਗ ਪਿਆ। ਨਾਲ ਬੈਠੇ ਨੇ ਉਸ ਨੂੰ ਗੱਲੀਂ ਲਾ ਲਿਆ। ਸਪਰਿੰਗ ਮੂਨ ਦਾ ਧਿਆਨ ਫਿਰ ਜਨਾਨੀਆਂ ਵੱਲ ਹੋ ਗਿਆ। ਸੂਬੇਦਾਰਨੀ ਨੇ ਮਹਿਮਾਨਾਂ ਵਿਚਕਾਰ ਆ ਕੇ ਰਾਗ ਰੰਗ ਦੀ ਸ਼ੁਰੂਆਤ ਕਰ ਦਿੱਤਾ। ਖਾਣੇ ਪਰੋਸੇ ਜਾ ਰਹੇ ਸਨ। ਦਾਰੂ ਵਰਤਾਈ ਜਾ ਰਹੀ ਸੀ। ਲਿਨ ਪਰਿਵਾਰ ਦੀ ਵੱਡੀ ਨੂੰਹ ਨੇ ਸਪਰਿੰਗ ਮੂਨ ਨੂੰ ਦੱਸਿਆ "ਦੇਖ ਸੂਬੇਦਾਰ ਸਾਰਿਆਂ ਵਿਚੋਂ ਲੰਘ ਕੇ ਤੇਰੇ ਪਤੀ ਨਾਲ ਦਾਰੂ ਪਿਆਲਾ ਟਕਰਾਅ ਰਿਹਾ ਹੈ। ਸਪਰਿੰਗ ਮੂਨ ਵੀ ਪਰਦੇ ਵਿਚੋਂ ਕੀ ਉਸਰ ਦੇਖਣ ਲੱਗੀ। ਸੂਬੇਦਾਰ ਜਦੋਂ ਬੋਲਣ ਲੱਗਿਆ ਚੁੱਪ ਛਾ ਗਈ। ਉਹ ਗਲੈਂਡ ਪਰਾਮਿਜ਼ ਨੂੰ ਆਖ ਰਿਹਾ ਸੀ "ਤੇਰੇ ਪ੍ਰਭਾਵ ਵੀ ਸ਼ਹਿਨਸ਼ਾਹ ਵਰਗਾ ਹੈ। ਤੂੰ ਵੀ ਬਦੇਸ਼ੀ ਜਾਦੂ ਦਾ ਕੀਲਿਆ ਹੋਇਆਂ। ਤੈਨੂੰ ਅਜੇ ਪਤਾ ਨਹੀਂ ਕਿ ਡਾਵੇਜ਼ਰ ਦੀ ਤਾਕਤ ਕੀ ਹੈ ?"


ਸਪਰਿੰਗ ਮੂਨ ਸੁਣ ਕੇ ਸਮਝ ਗਈ ਕਿ ਅੱਜ ਉਸ ਨੂੰ ਵਿਸ਼ੇਸ਼ ਕਿਉਂ ਸੱਦਿਆ ਗਿਆ। ਉਸ ਦੇ ਦਿਲ ਵਿਚੋਂ ਖੁਸ਼ੀਆਂ ਉਡ ਗਈਆਂ ਤੇ ਨਾਲ ਉਹ ਕੰਬ ਗਈ।

"ਇਕ ਵੇਲਾ ਸੀ ਜਦੋਂ ਡਾਵੇਜ਼ਰ ਸੈਂਕੜਿਆਂ ਰਖੇਲਾਂ ਵਿਚੋਂ ਇਕ ਸੀ ਸੌ ਮਹਿਲੀਂ ਰਹਿੰਦੀ ਸੀ। ਪਰ ਉਸ ਨੇ ਸ਼ਹਿਨਸ਼ਾਹ ਨੂੰ ਪੈਰੀਂ ਡੇਗ ਲਿਆ। ਹਾਲਾਂਕਿ ਇਸ ਨੇ ਅੱਜ ਤੱਕ ਇਕ ਵੀ ਗੋਲੀ ਨਹੀਂ ਦਾਗੀ। ਅੱਜ ਉਹ ਰਾਜ ਮੁਖੀ ਹੈ। ਮੈਂ ਆਪ ਦੇਖਿਆ ਉਹ ਅਸਮਾਨੀ ਉੱਠਦੇ ਪ੍ਰਿੰਦਿਆਂ ਨੂੰ ਆਪਣੀਆਂ ਨਜ਼ਰਾਂ ਨਾਲ ਭੁੰਜੇ ਗਿਰਾ ਸਕਦੀ ਹੈ। ਉਸਦੀ ਸ਼ਕਤੀ ਮਹਾਨ ਹੈ। ਉਹ ਆਪਣੇ ਦੁਸ਼ਮਣਾਂ ਤੇ ਜਿੱਤ ਪ੍ਰਾਪਤ ਕਰ ਲਵੇਗੀ।"

ਸਪਰਿੰਗ ਮੂਨ ਨੂੰ ਆਪਣੇ ਪਤੀ ਦਾ ਜਵਾਬ ਸੁਣ ਕੇ ਤਸੱਲੀ ਹੋਈ। "ਸਤਿਕਾਰਯੋਗ ਮੇਜ਼ਮਾਨ ਜਿਵੇਂ ਤੂੰ ਕਹਿੰਦਾ ਹੈ। ਮੈਂ ਇਸ ਤੇ ਯਕੀਨ ਨਹੀਂ ਕਰਦਾ। ਕਾਸ਼ ਮੈਂ ਤੇਰੇ ਵਰਗਾ ਆਸ਼ਾਵਾਦੀ ਹੁੰਦਾ।"

ਹੁਣ ਸਪਰਿੰਗ ਮੂਨ ਨੂੰ ਖਾਣ ਪਾਣ ਜਾਂ ਪਾਰਟੀ ਗਤੀਵਿਧੀਆਂ ਵਿਚ ਕੋਈ ਦਿਲਚਸਪੀ ਨਹੀਂ ਸੀ। ਸਟੇਜ ਉਪਰ ਲਾਲਟੈਨਾਂ ਬਾਲੀਆਂ ਜਾ ਰਹੀਆਂ ਸਨ। ਛੇਤੀ ਹੀ ਸੂਬੇਦਾਰ ਸਟੇਜ ਤੋਂ ਬੋਲ ਕੇ ਸ਼ੋਅ ਦੀ ਸ਼ੁਰੂਆਤ ਕਰੇਗਾ। ਸਪਰਿੰਗ ਮੂਨ ਨੇ ਡੱਮੀ ਨੂੰ ਚਾਹ ਵਿਚ ਡਰ ਸਹਾਇਤਾ ਕਰਨ ਭੇਜ ਦਿੱਤਾ। ਉਹ ਨਹੀਂ ਸੀ ਚਾਹੁੰਦੀ ਕਿ ਉਸ ਦੇ ਡਰ ਬਾਰੇ ਡੱਮੀ ਨੂੰ ਪਤਾ ਲੱਗੇ।

ਸੂਬੇਦਾਰ ਲਾਨ ਸਟੇਜ ਤੇ ਆ ਗਿਆ। ਔਰਤਾਂ ਮਰਦ, ਤਾੜੀਆਂ ਵਜਾਉਂਦੇ ਖੜ੍ਹੇ ਹੋ ਗਏ। ਹਾਏ ਹਾਏ ਦੀਆਂ ਅਵਾਜ਼ਾਂ ਆਉਣ ਲੱਗੀਆਂ। ਸਟੇਜ ਪੂਰੀ ਸੱਜੀ ਸੀ। ਜੰਗ ਦੇ ਦੇਵਤੇ ਕਵਾਂ ਤੀ ਵੱਡੀ ਤਸਵੀਰ ਵਿਚਕਾਰ ਸੀ। ਉਸ ਦਾ ਚਿਹਰਾ ਖ਼ੂਨ ਰੰਗਿਆ ਸੀ।




ਆਪਣਾ ਗਲਾ ਸਾਫ ਕਰਦਾ ਸੂਬੇਦਾਰ ਬੋਲਿਆ "ਲੇਡੀਜ਼ ਐਂਡ ਜੰਟਲਮੈਨਜ਼ ਅੱਜ ਦਾ ਸ਼ੋਅ ਰੰਗ ਰਾਗ ਦਾ ਨਹੀਂ। ਅਸੀਂ ਸੰਭਾਵੀ ਖਤਰਿਆਂ ਦੇ ਯੁੱਗ ਵਿਚ ਜੀਅ ਰਹੇ ਹਾਂ। ਖਤਰੇ ਬਾਹਰੀ ਵੀ ਹਨ ਅਤੇ ਅੰਦਰੂਨੀ ਵੀ। ਅੱਜ ਸ਼ੋਅ ਆਮ ਨਹੀਂ, ਵਿਸ਼ੇਸ਼ ਹੈ। ਸਮਾਂ ਕਿਉਂਕਿ ਵਿਸ਼ੇਸ਼ ਹੈ। ਉਤਰੀ ਸੂਬਿਆਂ ਵਿਚ ਕਾਲ ਪਿਆ ਹੈ। ਸੋਕੇ ਅਤੇ ਹੜ੍ਹਾਂ ਨੇ ਬਰਬਾਦੀ ਕੀਤੀ ਹੈ। ਟਿੱਡੀ ਦਲ ਨੇ ਫਸਲਾਂ ਚਟਮ ਕੀਤੀਆਂ ਹਨ। ਚੀਨ ਤੇ ਦੇਵਤਿਆਂ ਦੀ ਕਰੋਪੀ ਹੈ। ਬਦੇਸ਼ੀਆਂ ਨੂੰ ਚੀਨ ਲੁਟਾਇਆ ਜਾ ਰਿਹਾ ਹੈ। ਚੀਨੀ ਧਰਤੀ ਦਾ ਹਰ ਵਿਸ਼ਵਾ ਬਦੇਸ਼ੀ ਕਬਜ਼ੇ ਹੇਠ ਹੈ। ਬਰਬਰ ਗੋਰੇ ਅਤੇ ਬੌਣੇ ਭੂਰੇ ਕਾਬਜ਼ ਹਨ। ਜਰਮਨ, ਸਾਨਤੰਗ ਤੋਂ ਅੱਗੇ ਉੱਤਰ ਪੱਛਮ ਤੇ ਅੱਖ ਰੱਖ ਰਹੇ ਹਨ। ਰਸੀਅਨ ਮਨਚੂਰੀਆ ਵਿਚ ਬੈਠੇ ਹਨ ਅਤੇ ਮੰਗੋਲੀਆ ਤੇ ਉਨ੍ਹਾਂ ਦੀ ਅੱਖ ਹੈ। ਅੰਗਰੇਜ਼ ਜੰਗਲੀ ਵਾਦੀ ਵਿਚ ਪਸਰੇ ਹਨ। ਫਰਾਂਸੀਸੀ ਯੂਨਾਨ ਤੋਂ ਅੱਗੇ ਕਾਂਗਸੀ ਅਤੇ ਕਵਾਂਤੰਗ ਚਾਹੁੰਦੇ ਹਨ। ਜਪਾਨੀ ਕੋਰੀਆ, ਫਾਰਮੂਸਾ, ਲਿਓਤੰਗ, ਪਾਸਕਾਡੋਰਸ ਅਤੇ ਫੂਕੀਆਂ ਇਲਾਕੇ ਸਾਂਭੀ ਬੈਠੇ ਹਨ। ਕਿਹੜੀ ਜਗ੍ਹਾ ਹੈ ਚੀਨ ਦੀ ਜੋ ਬਚੀ ਹੈ। ਪੂਰਾ ਸਮੁੰਦਰੀ ਕੰਢਾ ਅਤੇ ਸਾਰੀਆਂ ਬੰਦਰਗਾਹਾਂ ਬਦੇਸ਼ੀਆਂ ਅਧੀਨ ਹਨ।

ਅਸੀਂ ਚੁੱਪ ਚਾਪ ਇਹ ਦੇਖ ਨਹੀਂ ਸਕਦੇ। ਪਰ ਚੀਨੀ ਸਭਿਆਚਾਰ ਅਮਨ ਪੁਜਾਰੀ ਹੈ। ਇਸੇ ਕਰਕੇ ਬਦੇਸ਼ੀਆਂ ਵਲੋਂ ਲੁੱਟਿਆ ਜਾ ਰਿਹਾ ਹੈ। ਫਿਰ ਚੀਨ ਦੀ ਬੰਦ-ਖਲਾਸੀ ਕਿਵੇਂ ਹੋ ਸਕਦੀ ਹੈ ?"

"ਕਿਵੇਂ ਕਿਵੇਂ" ਸਰੋਤਿਆਂ ਵਿਚੋਂ ਅਵਾਜ਼ਾਂ ਉਠੀਆਂ "ਅੱਜ ਦਾ ਸ਼ੋਅ ਇਸ ਦਾ ਜਵਾਬ ਹੈ। ਸਤਿਕਾਰਤ ਮਹਿਮਾਨੋ ਅੱਜ ਬੰਦ-ਖਲਾਸੀ ਕਰਵਾਉਣ ਵਾਲਿਆਂ ਨੂੰ ਮਿਲੋ। ਇਨ੍ਹਾਂ ਨੂੰ ਦੇਵਤਿਆਂ ਦਾ ਥਾਪੜਾ ਹੈ। ਇਹ ਸੱਚੇ ਦੇਸ਼ ਭਗਤ ਹਨ ਅਤੇ ਇਹ ਵੱਟੇ ਮੁੱਕੇ ਸੁਸਾਇਟੀ ਦੇ ਮੈਂਬਰ ਹਨ।

ਸੰਖ ਵੱਜ ਪਏ, ਘੜਿਆਲ ਗੂੰਜਣ ਲੱਗੇ ਅਤੇ ਨਗਾਰਿਆਂ ਨੇ ਧਮਕ ਮਚਾ ਦਿੱਤੀ। ਹਾਲ ਦੇ ਚਾਰ ਚੁਫੇਰਿਓਂ ਔਰਤਾਂ, ਕੁੜੀਆਂ, ਮਰਦ, ਮੁੰਡੇ ਸਟੇਜ ਵੱਲ ਵਧੇ। ਔਰਤਾਂ ਕੁੜੀਆਂ ਨੇ ਵਾਲਾਂ ਦੇ ਉਚੇ ਜੂੜੇ ਕਰੇ ਸਨ ਅਤੇ ਕਸਵੀਆਂ ਪੈਂਟਾਂ ਅਤੇ ਜੈਕਟਾਂ ਪਾਈਆਂ ਸਨ। ਹੱਥਾਂ ਵਿਚ ਬਲਦੀਆਂ ਲਾਲਟੈਂਨਾਂ ਚੁੱਕੀਆਂ ਸਨ। ਮਰਦਾਂ ਅਤੇ ਮੁੰਡਿਆਂ ਨੇ ਲਾਲ ਪੱਗਾਂ ਬੰਨ੍ਹੀਆਂ ਸਨ ਹਰ ਇਕ ਦੇ ਲੱਕ ਨਾਲ ਲਾਲ ਮਿਆਨ ਵਿਚ ਖੁੱਗੀ ਟੰਗੀ ਸੀ ਅਤੇ ਹੱਥੀਂ ਨੇਜ਼ੇ ਭਾਲੇ ਚੁੱਕੇ ਸਨ।

ਜਦੋਂ ਸਾਰੇ ਸਟੇਜ 'ਤੇ ਆ ਗਏ ਸਰੋਤਿਆਂ ਵਿਚ ਸੰਨਾਟਾ ਛਾ ਗਿਆ। ਜੰਗ ਦਾ ਤਾਂਡਵ ਨਾਚ ਸ਼ੁਰੂ ਹੋ ਗਿਆ। ਦਿਲ ਵਿੰਨਵੀਆਂ ਝੰਗਿਆੜਾਂ ਨਾਲ ਹਾਲ ਵੀ ਕੰਬ ਉਠਿਆ। "ਸਾ ਸਾ ਸਾ ਮਾਰੋ ਮਾਰੋ ਮਾਰੋ ਫੂੰਡ ਦਿਉ ਫੂੰਡ ਦਿਉ।"

ਨੇਜਿਆਂ, ਭਾਲਿਆਂ ਅਤੇ ਖੁਖਰੀਆਂ ਦੀ ਮਾਰਾ ਮਾਰੀ ਨੇ ਭਿਆਨਕ ਜੰਗ ਦਾ ਦ੍ਰਿਸ਼ ਸਿਰਜਿਆ ਹੋਇਆ ਸੀ।

"ਅਸਮਾਨ 'ਤੇ ਹਮਲਾ ਕਰੋ ਸਭ ਦਰਵਾਜ਼ੇ ਖੁੱਲ੍ਹ ਜਾਣਗੇ,

ਧਰਤੀ 'ਤੇ ਹਮਲਾ ਕਰੋ ਬੰਦ ਦਰਵਾਜ਼ੇ ਚਕਨਾਚੂਰ ਹੋ ਜਾਣਗੇ। ਚਿਆਂਗ ਦੇ ਹੱਕ ਵਿਚ ਡਟੋ। ਬਰਬਰ ਬਦੇਸ਼ੀਆਂ ਦਾ ਸਫ਼ਾਇਆ ਕਰੋ।

(ਪਾਠਕ ਖੋਜ ਕਰਨ ਦੀ ਇਹ, ਉਹੀ ਚਿਆਂਗ ਹੈ ਜਿਸ ਨੂੰ ਮਾਓ-ਜੇ-ਤੁੰਗ ਦੀ ਅਗਵਾਈ ਵਿਚ ਲਾਲ ਸੈਨਾ ਨੇ ਹਰਾਇਆ।)

ਉਪਰੋਕਤ ਜੰਗੀ ਤਰਾਨਾ ਹਾਲ ਵਿਚ ਗਾਇਆ ਜਾ ਰਿਹਾ ਸੀ। ਇਕ ਦਮ ਭਾਰੀ ਭਰਕਮ, ਮਰਦਾਵੇਂ ਪੈਰਾਂ ਵਾਲੀ, ਕਣਕ ਵੰਨੇ ਰੰਗ ਦੀ ਔਰਤ ਸਟੇਜ 'ਤੇ ਆਈ। ਚੰਡੀ, ਕਾਲੀ ਦਾ ਪ੍ਰਤੱਖ ਰੂਪ/ਦੂਜੇ ਪਾਤਰ ਗੋਲਾਕਾਰ ਸਰਕਲ ਵਿਚ ਪਿਛਾਂਹ ਹਟ ਗਏ। ਬਾਹਵਾਂ ਉਤਾਂਹ ਉਠਾ ਮੁੱਕੇ ਵੱਟਕੇ, ਉਹ ਗਰਜਵੀਂ ਅਵਾਜ਼ ਵਿਚ ਗਰਜੀ। ਉਸ ਦੀ ਅਵਾਜ਼ ਦਾ ਜਾਦੂਈ ਅਸਰ ਹੋਇਆ।

"ਬਦੇਸ਼ੀਆਂ ਨੇ ਸਾਡੇ ਦੇਵਤਿਆਂ ਦੀ ਹੱਤਕ ਕੀਤੀ ਹੈ। ਇਸ ਕਰਕੇ ਚੀਨ ਤੇ ਉਨ੍ਹਾਂ ਦੀ ਕਰੋਪੀ ਹੈ। ਈਸਾਈ ਪਾਦਰੀ ਲੋਕਾਂ ਨੂੰ ਭਰਮਾਉਂਦੇ ਹਨ। ਛੇਤੀ ਹੀ ਦੇਵਤਿਆਂ ਦੇ ਵਰਸੋਏ ਅੱਠ ਲੱਖ ਲੜਾਕੂ ਅਸਮਾਨੋ ਆਉਣਗੇ ਅਤੇ ਚੀਨ ਵਿਚ ਫੈਲੀ ਬਦੇਸੀ ਪਲੇਗ ਦਾ ਸਫਾਇਆ ਕਰਨਗੇ। ਛੇਤੀ ਛੇਤੀ ਇਹ ਖ਼ਬਰ ਚੀਨ ਦੇ ਹਰ ਕੋਨੇ ਵਿਚ ਪਹੁੰਚਾ ਦਿਓ। ਉਨ੍ਹਾਂ ਤੇ ਬੰਦੂਕਾਂ ਦੀਆਂ ਗੋਲੀਆਂ ਦਾ ਵੀ ਅਸਰ ਨਹੀਂ ਹੋ ਸਕਦਾ। ਮਾਰੋ, ਮਾਰੋ ਬਦੇਸ਼ੀਆਂ ਨੂੰ ਮਾਰੋ। ਚਿਆਂਗ ਦਾ ਸਾਥ ਦਿਓ।"

ਸਟੇਜ 'ਤੇ ਖੜ੍ਹੇ ਸਾਰੇ ਮੁੰਡੇ ਜੰਗ ਦੇ ਦੇਵਤੇ ਦੀ ਤਸਵੀਰ ਨੇੜੇ ਆ ਖੜ੍ਹੇ ਔਰਤ ਨੇ ਨੇਜ਼ੇ ਨਾਲ ਉਨ੍ਹਾਂ 'ਤੇ ਵਾਰ ਕੀਤੇ ਪਰ ਉਨ੍ਹਾਂ 'ਤੇ ਕੋਈ ਅਸਰ ਨਾ ਹੋਇਆ। ਆਖਰ ਉਸ ਨੇ ਰਿਵਾਲਵਰ ਕੱਢਿਆ ਅਤੇ ਗੋਲੀਆਂ ਨਾਲ ਦੇਵਤੇ ਦੇ ਪੈਰਾਂ ਵਿਚ ਰੱਖੀ ਪਿੱਤਲ ਦੀ ਗਾਗਰ ਵਿੰਨ ਦਿੱਤੀ। ਫਿਰ ਉਸ ਨੇ ਮੁੰਡਿਆਂ 'ਤੇ ਗੋਲੀਆਂ ਦਾਗੀਆਂ ਪਰ ਉਨ੍ਹਾਂ ਦੇ ਝਰੀਟ ਵੀ ਨਾ ਆਈ। ਵਰ੍ਹਦੀਆਂ ਗੋਲੀਆਂ ਵਿਚ ਮੁੰਡਿਆਂ ਨੇ ਤਾਂਡਵ ਨਾਲ ਫਿਰ ਸ਼ੁਰੂ ਕਰ ਦਿੱਤਾ। ਸਾ ਸਾ ਸਾ ਮਾਰੋ ਮਾਰੋ ਫੂੰਡੋ ਫੂੰਡੋ।

ਸਪਰਿੰਗ ਮੂਨ ਨੇ ਸੋਚਿਆ ਜੇ ਅੱਜ ਉਹ ਨਾ ਹੀ ਆਉਂਦੀ। ਸਰੋਤਿਆਂ ਵਿਚ ਔਰਤਾਂ ਅਤੇ ਮਰਦ ਮੁੰਡੇ ਵੀ ਮਾਰੋ ਮਾਰੋ ਕਰ ਰਹੇ ਸਨ। ਉਸ ਦੀ ਸੱਸ ਦਾ ਚਿਹਰਾ ਵੀ ਭਿਆਨਕ ਦਿੱਸ ਰਿਹਾ ਸੀ।

"ਮਾਂ, ਮਾਂ, ਮਾਂ" ਹਾਲ ਵਿਚੋਂ ਦਿਲ ਚੀਰਵੀਂ ਚੀਕ ਗੂੰਜੀ। ਉਸ ਨੇ ਪਿਛੇ ਬੈਠੀ ਡੱਮੀ ਵੱਲ ਦੇਖਿਆ। ਡੱਮੀ ਨੇ ਇਕ ਚੀਕ ਹੋਰ ਮਾਰੀ ਅਤੇ ਉਸਦੇ ਚਿਹਰੇ 'ਤੇ ਮੁਰਦੇ ਹਾਣੀ ਪਸਰ ਗਈ ਅਤੇ ਅੱਖਾਂ ਬੇ ਹਰਕਤ ਹੋ ਗਈਆਂ। ਸਪਰਿੰਗ ਮੂਨ ਨੇ ਸੋਚਿਆ, ਕੀ ਡੱਮੀ ਦੀਆਂ ਚੀਕਾਂ ਉਸ ਨੇ ਹੀ ਸੁਣੀਆਂ ਹਨ ਜਾਂ ਹੋਰਾਂ ਨੇ ਵੀ। ਹੋਰਾਂ ਨੇ ਵੀ ਸੁਣੀਆਂ ਸਨ। ਪਰ ਡੱਮੀ ਤਾਂ ਇਕ ਦਾਸੀ ਸੀ, ਨੌਕਰ ਅਤੇ ਨੌਕਰਾਂ ਦੀ ਪ੍ਰਵਾਹ ਕਿਸ ਨੂੰ। ਨੌਕਰ ਤਾਂ ਨੌਕਰ ਨੇ। ਨੌਕਰਾਂ ਦਾ ਕੀ ਆ। ਸਪਰਿੰਗ ਮੂਨ ਨੇ ਸੱਸ ਵੱਲ ਦੇਖਿਆ। ਉਹ ਤਾਂ ਸ਼ੋਅ ਵਿਚ ਖੁੱਭੀ ਸੀ। ਦੂਜਿਆਂ ਦਾ ਵੀ ਉਹੀ ਹਾਲ ਸੀ। ਉਹ ਉੱਠੀ ਤੇ ਡੱਮੀ ਕੋਲ ਗਈ। ਡੱਮੀ ਦੀਆਂ ਅੱਖਾਂ ਵਿਚੋਂ ਪਰਲ ਪਰਲ ਅੱਥਰੂ ਵੱਗ ਰਹੇ ਸਨ। ਸਮਰਿੰਗ ਮੂਨ ਨੇ ਉਸ ਨੂੰ ਕਲਾਵੇ ਵਿਚ ਲੈ ਕੇ ਹਾਲ ਤੋਂ ਬਾਹਰ ਕੱਢ ਲਿਆ ਉਸ ਨੇ ਨੌਕਰਾਂ ਨੂੰ ਗਲੈਡ ਪਰਾਮਿਜ਼ ਵਾਸਤੇ ਸੁਨੇਹਾ ਛੱਡ ਦਿੱਤਾ ਏ ਡੱਮੀ ਨੂੰ ਲੈ ਕੇ ਘਰ ਪਹੁੰਚ ਗਈ। ਹਾਲ ਵਿਚੋਂ ਮਾਰੋ ਮਾਰੋ ਦੀਆਂ ਅਵਾਜ਼ਾਂ ਉਨ੍ਹਾਂ ਦਾ ਪਿਛਾ ਕਰਦੀਆਂ ਰਹੀਆਂ। ਡੋਲੀ ਵਾਲਿਆਂ ਨੂੰ ਇਕਦਮ ਪਿਛਾਂਹ ਮੋੜ ਉਸ ਨੇ ਸਹਾਇਤਾ ਵਾਸਤੇ ਫਾਸਟੋ ਨੂੰ ਬੁਲਾਇਆ। ਫਾਸਟੋ ਭੱਜੀ ਆਈ।

"ਕੀ ਵਾਪਰ ਗਿਆ। ਤੂੰ ਕੱਲੀ ਕਿਵੇਂ ਆਈ, ਕੀ ਕਹਿਰ ਹੋਇਆ"

"ਫਾਸਟੋ ਮੇਰੀ ਸਹਾਇਤਾ ਕਰ, ਇਸ ਨੇ ਹਾਲ ਵਿਚ ਮਾਂ ਮਾਂ ਮਾਂ ਕਹਿ ਕੇ ਚੀਕਾਂ ਮਾਰੀਆਂ। ਇਹ ਮੈਨੂੰ ਇਉਂ ਚਿੰਬੜੀ ਆ ਜਿਵੇਂ ਨਿੱਕੀ ਬੱਚੀ ਹੋਵੇ।"

ਉਸ ਨੇ ਸਹਿਜ ਨਾਲ ਜੱਫੀ ਖੁਲਵਾਈ ਅਤੇ ਡੋਲੀ ਵਿਚੋਂ ਉਤਾਰਿਆ ਪਰ ਜਿਉਂ ਹੀ ਸਪਰਿੰਗ ਮੂਨ ਉਤਰੀ ਡੱਮੀ ਨੇ ਫਿਰ ਕੱਸਵੀਂ ਜੱਫੀ ਪਾ ਲਈ। ਹੋਲੀ ਹੋਲੀ ਉਹ ਉਸ ਨੂੰ ਕਮਰੇ ਵਿਚ ਲਿਆਈਆਂ। ਫਾਸਟੋ ਨੇ ਚਾਹ ਰੱਖ ਦਿੱਤੀ ਅਤੇ ਸਮਰਿੰਗ ਮੂਨ ਡੱਮੀ ਨੂੰ ਬੱਚਿਆਂ ਵਾਂਗ ਥਾਪੜਣ ਲੱਗੀ। ਫਾਸਟੋ ਚਾਹ ਦਾ ਕੱਪ ਲੈ ਆਈ ਅਤੇ ਉਨ੍ਹਾਂ ਨੇ ਦੰਦਲ ਪਈ ਵਾਂਗ ਜੁੜੇ ਦੰਦ ਖੋਹਲ ਕੇ ਡੱਮੀ ਨੂੰ ਚਾਹ ਪਿਆਉਣ ਦੀ ਕੋਸ਼ਿਸ਼ ਕੀਤੀ। ਅਚਾਨਕ ਕੁੜੀ ਦਾ ਕੜ ਪਾਟ ਉੱਠਿਆ ਅਤੇ ਉਹ ਮੱਧਮ ਅਵਾਜ਼ ਵਿਚ ਬੋਲਣ ਲੱਗੀ।

**ਡੱਮੀ ਦੀ ਦਰਦ ਕਹਾਣੀ**

ਡੱਮੀ ਦੀ ਅਵਾਜ਼ ਜਿਵੇਂ ਖੂਹ ਵਿਚੋਂ ਆਉਂਦੀ ਹੋਵੇ। ਸਪਰਿੰਗ ਮੂਨ ਅਤੇ ਫਾਸਟੋ ਕੰਨ ਲਾ ਕੇ ਸੁਣਨ ਲੱਗੀਆਂ।

"ਸਾਨੂੰ ਕੀ ਪਤਾ ਸੀ, ਕੀ ਕਹਿਰ ਟੁੱਟਣ ਵਾਲਾ। ਅਸੀਂ ਭੁੱਖ ਦੇ ਸਤਾਏ ਸੀ। ਹੜ੍ਹਾਂ ਨੇ ਬਾਜਰੇ ਦੀ ਫਸਲ ਰੋੜ ਦਿੱਤੀ। ਮਾਂ ਪਾਣੀ ਧਾਨੀ ਵਿਚ ਮੁੱਠ ਬਾਜਰਾ ਉਬਾਲ ਟੱਬਰ ਨੂੰ ਖਵਾਉਂਦੀ ਸੀ। ਉਸ ਦੀਆਂ ਛਾਤੀਆਂ ਸੁੱਕ ਗਈਆਂ। ਨਿੱਕਾ ਵੀਰ ਭੁੱਖਾ ਤੜਪਦਾ ਰਹਿੰਦਾ। ਭੋਰਾ ਭੋਰਾ ਅਨਾਜ ਲੈਣ ਬਦਲੇ ਘਰ ਦਾ ਸਾਰਾ ਸਮਾਨ ਵਿੱਕ ਆਿ। ਲਰਨਡ ਸਿੰਡਰ (ਪਿੰਡ) ਦੇ ਲੋਕ ਦਰਖਤਾਂ ਦੀਆਂ ਜੜ੍ਹਾਂ, ਪੱਤੇ ਅਤੇ ਜੰਗਲੀ ਖੁੰਭਾਂ ਖਾ ਕੇ ਗੁਜ਼ਾਰਾ ਕਰਦੇ। ਮੈਂ ਸਿੱਲਾ ਚੁਗਣ ਨੂੰ ਨਫ਼ਰਤ ਕਰਦੀ ਸੀ। ਪਰ ਕਰਨਾ ਪੈਂਦਾ। ਮੈਨੂੰ ਦੂਜਿਆਂ ਟੱਬਰਾਂ ਨੂੰ ਦੇਣ ਜੋਗਾ ਨਹੀਂ ਸੀ ਲੱਭਦਾ। ਇਸ ਕਰਕੇ ਕੱਲੀ ਬਾਹਰ ਜਾਂਦੀ। ਅਵਾਰਾ ਕੁੱਤਿਆਂ ਤੋਂ ਡਰ ਲੱਗਦਾ ਸੀ। ਲੋਕਾਂ ਨੇ ਬਹੁਤੇ ਤਾਂ ਮਾਰ ਮਾਰ ਖਾ ਲਏ ਪਰ ਜਿਹੜੇ ਬੱਚੇ ਉਨ੍ਹਾਂ ਦੇ ਮਨੁੱਖੀ ਮਾਸ ਮੂੰਹ ਲੱਗ ਗਿਆ। ਕੋਈ ਵੀ ਮਜਦੂਰ ਬਾਹਰ ਸੌਣ ਤੋਂ ਡਰਦਾ ਸੀ।

ਇਕ ਦਿਨ ਸੁਣਿਆ ਕਿ ਕੋਈ ਭਲਾ ਬੰਦਾ ਲੰਗਰ ਵੰਡ ਰਿਹਾ। ਅਸੀਂ ਸਾਰੇ ਠੂਠੇ ਲੈ ਕੇ ਚਲੇ ਗਏ। ਦੇਖੀਏ ਤਾਂ ਲਈ ਕੀ ਆ ਗੱਲ ਸੱਚੀ ਸੀ। ਮੰਦਰ ਦੇ ਨੇੜੇ ਉਸ ਨੇ ਲੰਗਰ ਲਾਇਆ ਸੀ। ਅਸੀਂ ਲਾਈਨ ਵਿਚ ਲੱਗ ਗਏ। ਸੰਘਣੇ ਵਾਲਾਂ ਅਤੇ ਚੌੜੇ ਗੁੱਸੇ ਵਾਲਾ ਬੰਦਾ ਸੀ। ਬੰਦ ਗੋਭੀ ਦਾ ਸੂਪ ਵੰਡ ਰਿਹਾ ਸੀ। ਮੈਂ ਪਿਓ ਦੇ ਪਿਛੇ ਸੀ। ਇਕ ਚਾਂਦਾ ਲੈ ਕੇ ਦੂਜਾ ਲੈਣ ਵਾਸਤੇ ਫਿਰ ਲਾਈਨ ਵਿਚ ਜਾ ਖੜ੍ਹੀ। ਸੂਪ ਵਿਚ ਗੋਭੀ ਦੇ ਟੁਕੜੇ ਵੀ ਸਨ ਅਤੇ ਤੜਕਾ ਲੱਗਿਆ ਸੀ। ਮੈਂ ਤਿੰਨ ਵਾਰ ਸੂਪ ਲੈ ਕੇ ਪੀਤਾ। ਜਦੋਂ ਲੰਗਰ ਮੁੱਕ ਗਿਆ ਉਹ ਲੋਕਾਂ ਨੂੰ ਆਖਣ ਲੱਗਿਆ। ਭਲਿਓ ਲੋਕੋ, ਇਕੋ ਦੇਵਤਾ, ਹਰ ਵੇਲੇ ਕੰਮ ਨੀ ਆਉਂਦਾ। ਉਸ ਨੇ ਤਰਖਾਣ ਦੇਵਤੇ ਦੀਆਂ ਗੱਲਾਂ ਵੀ ਦੱਸੀਆਂ। ਛਪੇ ਹੋਏ ਕਾਗਜ਼ ਵੀ ਦਿੱਤੇ। ਉਸ ਨੇ ਅਗਲੇ ਦਿਨ ਵੀ ਲੰਗਰ ਬਾਰੇ ਦੱਸਿਆ। ਅਸੀਂ ਘਰ ਆ ਗਏ ਅਤੇ ਛਪੇ ਕਾਗਜ਼ ਟੁੱਟੀਆਂ ਖਿੜਕੀਆਂ ਬੰਦ ਕਰਨ ਵਾਸਤੇ ਚਿਪਕਾ ਦਿੱਤੇ।

ਸ਼ਾਮ ਪੈਂਦੀ ਨੂੰ ਘਰ ਬੰਦੇ ਆ ਗਏ। ਅਸੀਂ ਸੋਚਿਆ ਉਹ ਡਾਕੂ ਹਨ। ਮੈਂ ਤੇ ਮਾਂ ਪਿਛਲੇ ਕਮਰੇ ਵਿਚ ਜਾ ਲੁਕੀਆਂ। ਬੰਦਿਆਂ ਨੇ ਆਖਿਆ ਕਿ ਉਹ ਗਦਾਰਾਂ ਅਤੇ ਜਸੂਸਾਂ ਨੂੰ ਭਾਲ ਰਹੇ ਹਨ, ਜਿਹੜੇ ਮਸੀਹੀ ਹਨ। ਪਿਓ ਹੱਸਿਆ ਅਤੇ ਕਿਹਾ ਅਜਿਹਾ ਤਾਂ ਇਥੇ ਕੋਈ ਨੀ। ਉਨ੍ਹਾਂ ਨੇ ਸਭ ਸਮਾਨ ਫਰੋਲ ਲਿਆ। ਮਾਂ ਦਾ ਦਾਜ ਵਿਚ ਮਿਲਿਆ ਸ਼ੀਸ਼ਾ ਲੱਭ ਗਿਆ। ਉਸ ਨੇ ਤੋੜ ਦਿੱਤਾ ਕਿ ਬਦੇਸ਼ੀ ਹੈ।

ਅਚਾਨਕ ਮਾਂ ਨੇ ਨਿੱਕੇ ਨੂੰ ਮੇਰੀਆਂ ਬਾਹਵਾਂ ਵਿਚ ਦਿੱਤਾ ਅਤੇ ਧੀਮੀ ਅਵਾਜ਼ ਨਾਲ ਆਖਿਆ, ਜਾਹ ਭੱਜ ਜਾਹ ਅਤੇ ਲੁਕ ਜਾ। ਮੇਰੇ ਬੁਲਾਉਣ ਤੱਕ ਵਾਪਸ ਨਾ ਆਵੀਂ। ਮੈਂ ਪੁੱਛਣ ਵਾਸਤੇ ਮੂੰਹ ਖੋਹ ਲਿਆ ਹੀ ਸੀ ਉਸ ਨੇ ਕੱਸਵਾਂ ਥੱਪੜ ਮਾਰਿਆ। ਦੌੜ ਕੇ ਲੁੱਕ ਜਾ ਅਤੇ ਨਿੱਕੇ ਦਾ ਖਿਆਲ ਰੱਖੀਂ। ਮੈਂ ਪਿਛਵਾੜਿਓਂ ਨਿਕਲ ਕੇ ਖੇਤਾ ਵਿਚ ਜਾ ਲੁੱਕੀ, ਪਿਛਾਂਹ ਮੁੜ ਕੇ ਨੀ ਦੇਖਿਆ। ਇਕ ਟੋਆ ਦੇਖ ਕੇ ਉਸ ਵਿਚ ਵੜ ਗਈ। ਨਿੱਕੇ ਨੂੰ ਛਾਤੀ ਨਾਲ ਲਾਇਆ ਹੋਇਆ ਸੀ। ਉਹ ਹੱਸਦਾ ਸੀ। ਉਸ ਨੂੰ ਨੱਚਣਾ ਟੱਪਣਾ ਚੰਗਾ ਲੱਗਦਾ ਸੀ। ਰੱਜਿਆ ਹੋਇਆ ਉਹ ਸੌਂ ਗਿਆ, ਮੈਨੂੰ ਇਕ ਕੁੱਤੇ ਦੇ ਭੌਂਕਣ ਦੀ ਅਵਾਜ਼ ਸੁਣੀ। ਰਾਤ ਪੈ ਗਈ। ਫਿਰ ਸਾ ਸਾ ਸਾ ਦੀਆਂ ਅਵਾਜ਼ਾਂ ਆਈਆਂ ਅਤੇ ਚੀਕੋ ਪੁਕਾਰਾਂ ਜਿਵੇਂ ਕੋਹੇ ਜਾਣ ਵੇਲੇ ਸੂਰ ਕਰਦੇ ਨੇ ਪਰ ਹੁਣ ਤੱਕ ਸਾਰੇ ਸੂਰ ਲੋਕਾਂ ਨੇ ਮਾਰ ਲਏ ਸਨ। ਮੈਂ ਹੋਰ ਦੂਰ ਲੁਕਣਾ ਚਾਹੁੰਦੀ ਸੀ ਪਰ ਨਾ ਗਈ। ਮਤੇ ਮਾਂ ਵਾਪਸ ਬੁਲਾ ਲਵੇ। ਸਾ ਸਾ ਸਾ ਦੀਆਂ ਅਵਾਜ਼ਾਂ ਨੇੜੇ ਆ ਗਈਆਂ। ਉਨ੍ਹਾਂ ਨੇ ਲਾਲਟੈਨਾਂ ਚੁੱਕੀਆਂ ਹੋਈਆਂ ਸਨ। ਮੈਨੂੰ ਪਤਾ ਨਾ ਲੱਗੇ ਕੀ ਕਰਾਂ। ਮੈਂ ਮਾਂ ਦੀ ਮੱਧਮ ਅਵਾਜ਼ ਸੁਣੀ। ਕੁਝ ਵੀ ਹੋਵੇ ਬਾਹਰ ਨਾ ਆਈ ਲੁਕੀ ਰਹੀਂ। ਫਿਰ ਉਸ ਨੇ ਉੱਚੀ ਚੀਕ

ਮਾਰੀ ਬਚਾਓ ਬਚਾਓ ਅਤੇ ਮੈਥੋਂ ਦੂਰ ਭੱਜ ਗਈ। ਲਾਲਟੈਨਾਂ ਵਾਲਿਆਂ ਨੇ ਰੌਲਾ ਪਾ ਦਿੱਤਾ। ਫੜ ਲਵੋ ਫੜ ਲਵੋ। ਰੌਲਾ ਪਏ ਤੇ ਨਿੱਕਾ ਜਾਗ ਪਿਆ ਅਤੇ ਰੋਣ ਲੱਗਿਆ। ਮੈਂ ਚੁੱਪ ਕਰਵਾਉਣ ਵਾਸਤੇ ਮੂੰਹ ਹੱਥ ਨਾਲ ਬੰਦ ਕੀਤਾ। ਅਵਾਜ਼ ਤਾਂ ਵੀ ਕਰਦਾ ਸੀ। ਮੈਂ ਟੋਏ ਦਾ ਗਾਰਾ ਲੈ ਕੇ ਮੂੰਹ ਬੰਦ ਕਰ ਦਿੱਤਾ। ਇਕ ਨੇ ਮਾਂ ਨੂੰ ਫੜ ਲਿਆ। ਆਹ ਜਲੂਸ ਆ। ਮਸੀਹੀ ਜੋ ਸ਼ੈਤਾਨ ਦੀਆਂ ਮੰਨਦੀ ਆਂ। ਮਾਂ ਨੇ ਤਰਲੇ ਕੀਤੇ। ਮੈਂ ਚੀਨੀ ਆਂ। ਬਦੇਸ਼ੀਆਂ ਤੇ ਥੁੱਕਣੀ ਆਂ। ਤੂੰ ਝੂਠੀ ਏਂ, ਮਸੀਹੀ ਕਾਗਜ਼ ਲੱਗੇ ਨੇ ਘਰ। ਉਹ ਤਾਂ ਠੰਡੀ ਹਵਾ ਰੋਕਣ ਵਾਸਤੇ ਲਾਏ ਨੇ, ਫਿਰ ਮਾਂ ਨੇ ਚੀਕਾਂ ਮਾਰੀਆਂ ਅਤੇ ਸ਼ਾਂਤ ਹੋ ਗਈ, ਅਤੰਕੀ ਪਿੰਡ ਵੱਲ ਮੁੜ ਗਏ। ਡਰ ਦੇ ਮਾਰੇ ਮੈਂ ਕੰਬ ਗਈ। ਮੈਨੂੰ ਨਿੱਕਾ ਯਾਦ ਆਇਆ। ਕਾਫ਼ੀ ਚਿਰ ਤੋਂ ਕੂਇਆਂ ਨਾ ਸੀ। ਮੈਂ ਮੂੰਹ ਤੋਂ ਕੰਬਲ ਲਾਹਿਆ। ਉਸ ਦਾ ਸਰੀਰ ਠੰਡਾ ਅਤੇ ਬੇਜਾਨ ਸੀ। ਉਸ ਦਾ ਮੂੰਹ ਅਤੇ ਨੱਕ ਗਾਰੇ ਨਾਲ ਬੰਦ ਸੀ। ਉਹ ਮਰ ਗਿਆ। ਪਹੁ-ਫੁਟਾਲਾ ਹੋਇਆ ਮੈਂ ਉਠਣ ਲੱਗੀ ਪਰ ਲੱਤਾਂ ਜਵਾਬ ਦੇ ਗਈਆਂ। ਮੈਂ ਨਿੱਕੇ ਦੀ ਲੋਥ ਧੂੰਹਦੀ ਟੋਏ ਵਿਚੋਂ ਰਿੜਣ ਲੱਗੀ। ਮਾਂ ਦਾ ਵੱਟਿਆ ਸਿਰ ਪਿਆ ਸੀ। ਇਸ ਦੇ ਨੇੜੇ ਨਿੱਕੇ ਨੂੰ ਛੱਡ ਮੈਂ ਘਰ ਵੱਲ ਭੱਜੀ। ਸਰਕੜੇ ਵਿਚ ਕੋਈ ਜਨਾ ਖੜ੍ਹਾ ਦਿੱਸਿਆ। ਮੈਂ ਸੋਚਿਆ ਡਾਕੂਆਂ ਵਿਚੋਂ ਆ ਕੋਈ। ਮੈਂ ਹੇਠਾਂ ਡਿੱਗ ਪਈ। ਬੰਦਾ ਵੀ ਅਹਿੱਲ ਖੜ੍ਹਾ ਲੱਗਿਆ ਜਿਵੇਂ ਉਨ੍ਹਾਂ ਤੋਂ ਲੁਕਿਆ ਹੋਵੇ। ਮੈਂ ਨੇੜੇ ਨੂੰ ਸਿਰਕੀ। ਪਿਓ ਦਾ ਵੱਢਿਆ ਸਿਰ ਸੋਟੀ ’ਤੇ ਟੰਗਿਆ ਸੀ। ਨੇੜੇ ਹੀ ਧੜ ਤੇ ਮੱਖੀਆਂ ਭਿਣਕ ਰਹੀਆਂ ਸਨ। ਮੈਂ ਲਾਸ਼ ਨੂੰ ਪੈਰੋਂ ਫੜ ਕੇ, ਮਾਂ ਅਤੇ ਨਿੱਕੇ ਦੀ ਲੋਥ ਕੋਲ ਧੂਹਿਆ। ਗੁੱਤ ਤੋਂ ਫੜ ਕੇ ਪਿਓ ਦਾ ਸਿਰ ਲਾਹਿਆ। ਟੋਏ ਵਿਚ ਹੱਥਾਂ ਨਾਲ ਮੈਂ ਕਬਰ ਪੱਟੀ। ਧੜ ਤੇ ਸਿਰ ਟਿੱਕਾਂ ਕੇ ਪਿਓ ਨੂੰ ਪਾਇਆ। ਉਸ ਦੇ ਸੱਜੇ ਨਿੱਕੇ ਦੀ ਲੋਥ ਰੱਖੀ। ਫਿਰ ਮਾਂ ਦਾ ਸਿਰ ਆਿ ਕੇ ਖੱਬੇ ਰੱਖਿਆ। ਉਸ ਦਾ ਸਰੀਰ ਲੱਭਣ ਲੱਗੀ। ਧੜ ਮਿਲ ਗਿਆ। ਲੱਤਾਂ ਵੀ ਅਤੇ ਬਾਹਵਾਂ ਵੀ। ਉਸਦਾ ਸੱਜਾ ਪੈਰ ਨਾ ਲੱਭਿਆ। ਮੈਂ ਨਹੀਂ ਸੀ ਚਾਹੁੰਦੀ ਮਾਂ ਇਕ ਪੈਰ ਤੋਂ ਬਿਨਾਂ ਅਗਲੇ ਜਹਾਨ ਵਿਚ ਜਾਵੇ। ਉਸ ਤੋਂ ਤੁਰਿਆ ਨੀ ਜਾਣਾ। ਆਖਰ ਨੂੰ ਗਾਰੇ ਵਿਚ ਖੁੱਭਿਆ ਲੱਭ ਲਿਆ। ਲੱਠ ਪੂਰੀ ਕਰਕੇ ਗਿੱਟੇ ਨਾਲ ਪੈਰ ਜੋੜ ਦਿੱਤਾ ਅਤੇ ਤਿੰਨਾਂ ਦੀ ਕਬਰ ’ਤੇ ਗਾਰਾ ਚੜ੍ਹਾ ਦਿੱਤਾ। ਮਤਾਂ ਕੁੱਤੇ ਉਨ੍ਹਾਂ ਨੂੰ ਨੋਚ ਖਾਣ। ਮਾਸ ਖਾ ਖਾ ਕੁੱਤੇ ਮੋਟੇ ਹੋਏ ਸਨ।

ਡੱਮੀ ਜਿਵੇਂ ਸ਼ੁਰੂ ਹੋਈ ਸੀ, ਚੁੱਪ ਕਰ ਗਈ। ਉਸ ਦੀ ਚੁੱਪੀ ਸਾਰੇ ਘਰ ਵਿਚ ਫੈਲ ਗਈ। ਦੀਵੇ ਦੀ ਲੋਅ ਦਮ ਤੋੜ ਗਈ ਅਤੇ ਕਮਰੇ ਦੀਆਂ ਕੰਧਾਂ ਅਦਿੱਖ ਹੋ ਗਈਆਂ। ਡੱਮੀ ਚੀਕ ਪਈ ਹੁਣ ਤੱਕ ਸੁਕੀਆਂ ਅੱਖਾਂ ਵਿਚੋਂ ਅਥਰੂਆਂ ਦਾ ਦਰਿਆ ਫੁੱਟ ਪਿਆ। ਹਾਏ ਮਾਂ, ਹਾਏ ਪਿਓ, ਹਾਏ ਮੇਰੇ ਨਿੱਕੇ ਵੀਰ, ਹਾਏ ਮੇਰੀਓ ਜਿੰਦੜੀਓ ਮੈਨੂੰ ਕੱਲੀ ਨੂੰ ਛੱਡ ਗਏ।

ਡੱਮੀ ਘੂਕ ਸੌਂ ਗਈ। ਫਾਸਟੋ ਉਸ ਦੇ ਨੇੜੇ ਬੈਠੀ ਰਹੀ। ਸਪਰਿੰਗ ਮੂਨ ਖਿੜਕੀ ਨੇੜੇ ਖੜੌਤੀ ਬਾਹਰ ਝਾਕਦੀ ਰਹੀ। ਜ਼ੋਰਦਾਰ ਤੂਫ਼ਾਨ ਸੂਕ ਰਿਹਾ ਸੀ। ਉਹ ਸੋਚਦੀ ਸੀ ਪਾਰਟੀ ਵਿਚੋਂ ਅਚਾਨਕ ਆਉਣ ਦੀ ਮਾਫ਼ੀ ਮੰਗ ਲਵੇਗੀ। ਡੱਮੀ ਦੀ ਕਹਾਣੀ ਪਤੀ ਨਾਲ ਸਾਂਝੀ ਕਰੇਗੀ। ਫਿਰ ਉਸ ’ਤੇ, ਉਹ ਅੱਗੇ ਕਿਸੇ ਨੂੰ ਦੱਸਣ ਦਾ ਆਪ ਫੈਸਲਾ ਕਰੇ। ਡੱਮੀ ਦੇ ਪਿੰਡ ਦੀ ਦਰਦ ਗਾਥਾ ਉਸਦਾ ਖਹਿੜਾ ਨਹੀਂ ਸੀ ਛੱਡ ਰਹੀ। ਉਸ ਨੇ ਅੱਖਾਂ ਮੀਚ ਲਈਆਂ। ਫਿਰ ਉਹੀ ਚੀਕਾਂ, ਪੁਕਾਰਾਂ ਅਤੇ ਸਾ ਸਾ ਸਾ। ਜਦੋਂ ਅੱਖਾਂ ਖੋਲ੍ਹੀਆਂ ਹਾਨਲਿਨ ਦੇ ਮਗਰ, ਡੋਲੀਆਂ ਵਿਚੋਂ ਉਤਰ ਕੇ ਘਰ ਦੇ ਜੀਅ ਆ ਰਹੇ ਸਨ। ਹਰ ਇਕ ਦੇ ਮੂੰਹ ’ਤੇ ਮੁਰਦੇਹਾਣੀ। ਤੋਰ ਇਉਂ ਜਿਵੇਂ ਲਾਸ਼ਾਂ ਹੋਣ। ਕੋਈ ਵੀ ਕੂਦਿਆ ਨਾ। ਉਹ ਭਾਂਪ ਗਈ ਕਿ ਮਾਫ਼ੀ ਮੰਗਣ ਦਾ ਵੇਲਾ ਨਹੀਂ। ਮਾਮਲਾ ਗੜਬੜ ਹੈ। ਹਰ ਇਕ ਦੇ ਮੂੰਹ ’ਤੇ ਡਰ ਦਾ ਪਰਛਾਵਾਂ ਸੀ। ਉਹ ਸਾਰਿਆਂ ਦੇ ਲੰਘ ਜਾਣ ਤੱਕ ਲੁਕੀ ਖੜ੍ਹੀ ਰਹੀ। ਫਿਰ ਲੱਪਕ ਕੇ ਗਲੈਡ ਪਰਾਮਿਜ਼ ਨਾਲ ਜਾ ਰਲੀ। “ਕੀ ਹੋਇਆ। ਸਾਰਿਆਂ ਦੇ ਮੂੰਹ ਲਟਕੇ ਕਿਉਂ ਨੇ।”

### ਮੌਤ ਦਾ ਪੈਗਾਮ

“ਤੂੰ ਉਥੇ ਨੀ ਸੀ। ਤੂੰ ਆਪ ਦੇਖਿਆ ਸੁਣਿਆ ਸੀ।” ਕਿਉਂਕਿ ਉਸ ਨੂੰ ਸੁਨੇਹਾ ਨਹੀਂ ਸੀ ਮਿਲਿਆ। ਇਸ ਕਰਕੇ ਉਸ ਨੇ ਦੱਸ ਦਿੱਤਾ। ਸਾਰੀ ਕਹਾਣੀ ਉਹ ਸੁਣਦਾ ਰਿਹਾ। ਜਦੋਂ ਡੱਮੀ ਦੀ ਕਹਾਣੀ ਮੁੱਕੀ ਉਸ ਨੂੰ ਇਉਂ ਲੱਗਿਆ ਜਿਵੇਂ ਇਸ ਤਰ੍ਹਾਂ ਦੀਆਂ ਕਈ ਕਹਾਣੀਆਂ ਉਸ ਨੇ ਪਹਿਲਾਂ ਵੀ ਸੁਣਆਂ ਹਨ। ਬੋਲਿਆ ਉਹ ਸਿਰਫ਼ ਇੰਨਾ, “ਗਰੀਬ ਅਨਾਜ ਡੱਮੀ, ਗਰੀਬ ਅਨਾਥ ਡੱਮੀ।

“ਹੁਣ ਮੈਨੂੰ ਕ੍ਰਿਪਾ ਕਰਕੇ ਸਾਡੇ ਆਉਣ ਤੋਂ ਬਾਅਦ ਉਥੇ ਕੀ ਹੋਇਆ ਦੱਸੋ” “ਕੋਈ ਖਾਸ ਨਹੀਂ, ਕੋਈ ਵੱਡੀ ਗੱਲ ਨੀ” “ਮੈਂ ਤੇਰੀ ਸਾਥਣ ਆਂ, ਮੈਨੂੰ ਵਿਚਲੀ ਗੱਲ ਜ਼ਰੂਰ ਦੱਸੋ। ਉਸਨੇ ਹਾਂ ਵਿਚ ਸਿਰ ਹਿਲਾਇਆ ਅਤੇ ਹੱਥੋਂ ਫੜ ਕੇ ਆਪਣੇ ਕਮਰੇ ਵਿਚ ਲੈ ਗਿਆ। “ਕਾਫ਼ੀ ਕੁਝ ਤਾਂ ਤੂੰ ਦੇਖ ਲਿਆ ਪਰ ਜਦੋਂ ਸ਼ੋਅ ਖਤਮ ਹੋਇਆ; ਸੂਬੇਦਾਰ ਦੁਬਾਰਾ ਸਟੇਜ ’ਤੇ ਆਇਆ ਅਤੇ ਦੁਸ਼ਮਣਾਂ ਬਾਰੇ ਬੋਲਿਆ। ਜਦੋਂ ਬੋਲਿਆਂ ਤਾਂ ਉਸ ਨੇ ਉਂਗਲ ਮੇਰੇ ਵੱਲ ਕੀਤੀ।”

ਸਵੇਰ ਹੋਈ। ਸਪਰਿੰਗ ਮੂਨ ਨੇ ਕੱਪੜੇ ਪਾਏ ਅਤੇ ਡੱਮੀ ਕੋਲ ਪਹੁੰਚੀ। ਉਹ ਅਜੇ ਸੁੱਤੀ ਹੋਈ ਸੀ। ਉਹ ਰਸੋਈ ਵਿਚ ਚਲੀ ਗਈ। ਅੱਜ ਵੀ ਹਰ ਰੋਜ਼ ਦੀ ਤਰ੍ਹਾਂ ਦੇਵਤੇ ਲਈ ਪ੍ਰਸ਼ਾਦਾ ਤਿਆਰ ਕਰਕੇ ਭੋਗ ਲਵਾਉਣਾ ਸੀ। ਸਭ ਨੌਕਰ ਸੁੱਤੇ ਹੋਏ ਸੀ ਸਿਰਫ਼ ਮੁਰਗੀਆਂ ਸੋਰ ਕਰ ਰਹੀਆਂ ਸਨ।

ਫੇਰੀ ਵਾਲਿਆਂ ਵਾਲੇ ਗੇਟ ਤੇ ਖੜਕਾਰ ਹੋਇਆ। ਇਕ ਔਰਤ ਨੇ ਅਵਾਜ਼ ਦਿੱਤੀ। “ਬਹੁਤ ਜ਼ਰੂਰੀ ਆ, ਮੈਂ ਘਰ ਦੀ ਨਵੀਂ ਵਿਆਹੀ ਨੂੰਹ ਨੂੰ ਮਿਲਣਾ” ਸਪਰਿੰਗ ਮੂਨ ਨੇ ਗੇਟ ਨਾ ਖੋਹਲਿਆ। ਝੀਤ ਵਿਚੋਂ ਤੱਕ ਕੇ ਬੋਲੀ “ਗੱਲ ਕੀ ਆ” “ਮੈਂ ਉਸ ਨੂੰ ਕੁਝ ਦੇਣ ਆਈ ਆਂ” “ਕੁਛ ਖਰੀਦਣ ਵਾਸਤੇ ਮੇਰਾ ਜੀਅ ਨੀ ਕਰਦਾ” “ਮੈਂ ਕੁਛ ਵੇਚਣ ਵਾਸਤੇ ਨਹੀਂ ਆਈ। ਤੈਨੂੰ ਮਿਲਣ ਆਈ ਆਂ। ਬੜਾ ਜ਼ਰੂਰੀ ਆ” ਸਪਰਿੰਗ ਮੂਨ ਨੇ ਕੁਝ ਦੇਰ ਸੋਚ ਕੇ ਗੇਟ ਦੀ ਕੁੰਡੀ ਖੋਹਲ ਦਿੱਤੀ। ਇਕ ਪੇਂਡੂ ਗਵਾਰ ਔਰਤ ਅੰਦਰ ਆ ਕੇ ਫਰਸ ’ਤੇ ਬੈਠ ਗਈ। ਉਸ ਨੇ ਬੂਟਾਂ ਦੇ ਤਲਿਆਂ ਵਿਚੋਂ ਇਕ ਕਾਗਜ਼ ਕੱਢ ਕੇ ਸਪਰਿੰਗ ਮੂਨ ਦੇ ਹੱਥ ਦੇ ਦਿੱਤਾ। ਉਹ ਹਵਾ ਦੇ ਬੁੱਲ੍ਹੇ ਵਾਂਗ ਘਰੋਂ ਨਿਕਲ ਗਈ।

ਰੁਕੇ ਤੇ ਨਾ ਭੱਜਣ ਵਾਲਾ ਨਾ ਪ੍ਰਾਪਤਕਰਤਾ ਲਿਖਿਆ ਸੀ। ਪਰ ਸਪਰਿੰਗ ਮੂਨ ਲਿਖਾਈ ਤੋਂ ਪਛਾਣ ਗਈ। ਕੋਈ ਲੜਾਈ ਦੇ ਮੈਦਾਨ ਵਿਚ ਹੰਢਿਆ ਹੋਇਆ। ਕਾਮਰੇਡ ਹੀ ਖਤਰੇ ਨੂੰ ਭਾਂਪ ਕੇ ਇੰਨਾ ਜਲਦ ਬਚਾਅ ਦਾ ਫੈਸਲਾ ਕਰ ਸਕਦਾ ਸੀ। ਚਾਚੇ ਨੋਬਲ ਟੇਲੈਂਟ ਦੀ ਲਿਖਾਈ ਹੀ ਇਸ ਤਰ੍ਹਾਂ ਦੀ ਹੁੰਦੀ ਸੀ।

“ਸਿਰਫ਼ ਤੇ ਸਿਰਫ਼ ਘਰਦਿਆਂ ਨੂੰ ਹੀ ਪਤਾ ਲੱਗੇ ਕਿ ਰੁੱਕਾ ਕਿਸਨੇ ਲਿਖਿਆ। ਇਹ ਵੀ ਪਤਾ ਨਾ ਲੱਗੇ, ਮੈਂ ਪੀਕਿੰਗ ਵਿਚ ਆਂ। ਪੀਕਿੰਗ ਵਿਚੋਂ ਨਿਕਲ ਜਾਓ। ਮਹਾਂਰਾਣੀ ਕੱਸਿਆਂ ਮੁੱਕਿਆਂ ਸੁਸਾਇਟੀ ਨੂੰ ਸਹਾਇਤਾ ਦਾ ਐਲਾਨ ਕਰਨ ਵਾਲੀ ਹੈ। ਪੀਕਿੰਗ ਵਿਚ ਉਹ ਪਹਿਲਾਂ ਹੀ ਹਲਕੇ ਫਿਰਦੇ ਹਨ। ਬਦੇਸ਼ੀਆਂ ਨਾਲ ਸਬੰਧਾਂ ਵਾਲਾ ਹਰ ਇਕ ਖਤਰੇ ਵਿਚ ਹੈ। ਛੇਤੀ ਤੋਂ ਛੇਤੀ ਨਿਕਲ ਜਾਉ।”

ਤਿੰਨਾਂ ਦਿਨਾਂ ਵਿਚ ਤਿਆਰੀ ਕਰਕੇ। ਅੱਠ ਖੱਚਰ ਰੇਹੜਿਆਂ ਵਿਚ ਸਮਾਨ ਲੱਦ ਕੇ ਟੂ ਖਾਨਦਾਨ ਪੀਕਿੰਗ ਵਿਚੋਂ ਨਿਕਲ ਤੁਰਿਆ। ਕਹਾਣੀ ਘੜੀ ਗਈ ਕਿ ਲੋਟਸ ਡਿਲਾਈਟ ਬੀਮਾਰ ਹੋ ਗਈ ਹੈ। ਇਸ ਕਰਕੇ ਅਗਾਉਂ ਪਹਾੜੀ ਠਹਿਰ ਤੇ ਜਾ ਰਹੇ ਹਾਂ। ਫਾਸਟੋ, ਓਲਡ ਹਾਕ ਅਤੇ ਡੱਮੀ ਨੂੰ ਨਾਲ ਲੈ ਚਲੇ। ਬਾਕੀ ਨੌਕਰ ਘਰ ਛੱਡ ਦਿੱਤੇ। ਆਖਿਆ ਕਿ ਉਹ ਮਗਰੋਂ ਘਰ ਨੂੰ ਜਿੰਦੇ ਕੁੰਡੇ ਮਾਰਨਗੇ।

ਅਸੀਂ ਝਨਾਂ ਛੱਡ ਚੱਲੇ ਆਂ,<br>
ਅਸੀਂ ਮਾਂ ਛੱਡ ਚੱਲੇ ਆਂ,<br>
ਇਹਨਾਂ ਤੂਤਾਂ ਦੀ ਠੰਡੀ ਠੰਡੀ ਛਾਂ,<br>
ਛੱਡ ਚੱਲੇ ਆਂ।

(ਸੰਨ ਸੰਤਾਲੀ ਦੀ ਹਿਜ਼ਰਤ ਵੇਲੇ ਦੀ ਇਕ ਯਾਦ)

# ਰੇਲਵੇ ਦੇ ਨਿੱਜੀਕਰਨ ਖਿਲਾਫ਼ ਸੰਘਰਸ਼ ਦੇ ਮੈਦਾਨ ਵਿੱਚ ਨਿੱਤਰੋ !




ਮੋਦੀ ਸਰਕਾਰ ਮੁਰਦਾਬਾਦ!

ਰੇਲਵੇ ਦਾ ਨਿੱਜੀਕਰਨ ਰੱਦ ਕਰੋ

ਉਂਝ ਤਾਂ 25 ਸਾਲਾਂ ਤੋਂ ਰੇਲਵੇ ਦੇ ਨਿੱਜੀਕਰਨ ਦਾ ਸਿਲਸਿਲਾ ਜਾਰੀ ਹੈ ਅਤੇ ਮੋਦੀ ਸਰਕਾਰ ਦੀ ਪਿਛਲੀ ਪਾਰੀ ਵਿੱਚ ਇਸਨੂੰ ਤੇਜ਼ ਕਰ ਦਿੱਤਾ ਗਿਆ ਸੀ। ਪਰ ਹੁਣ ਮੋਦੀ ਸਰਕਾਰ ਦੀ ਦੂਜੀ ਪਾਰੀ ਵਿੱਚ ਰੇਲਵੇ ਨਿੱਜੀਕਰਨ ਦੀ ਪਟੜੀ ਉੱਤੇ ਬੁਲੇਟ ਟ੍ਰੇਨ ਵਾਂਗ ਦੌੜ ਰਹੀ ਹੈ। ਰੇਲਵੇ ਨੂੰ ਸਰਮਾਏਦਾਰਾਂ ਨੂੰ ਕੌਡੀਆਂ ਦੇ ਭਾਅ ਸੌਂਪਣ ਦੀ ਅੰਨ੍ਹੇਵਾਹ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।

ਜਿਸ ਦਿਨ 30 ਮਈ ਨੂੰ ਦਿੱਲੀ ਵਿੱਚ ਮੋਦੀ ਸਰਕਾਰ ਦਾ ਸੌਂਹ ਚੁੱਕ ਪ੍ਰੋਗਰਾਮ ਹੋ ਰਿਹਾ ਸੀ ਉਸੇ ਦਿਨ ਉੱਤਰੀ ਰੇਲਵੇ ਦੀਆਂ 26 ਹਜ਼ਾਰ ਨੌਕਰੀਆਂ ਖ਼ਤਮ ਕਰਨ ਦਾ ਫ਼ਰਮਾਨ ਵੀ ਜਾਰੀ ਹੋ ਰਿਹਾ ਸੀ। ਇਸਦਾ ਫੈਸਲਾ ਤਾਂ ਮੋਦੀ ਸਰਕਾਰ ਨੇ ਆਪਣੀ ਪਿਛਲੀ ਪਾਰੀ ਵਿੱਚ ਹੀ ਕਰ ਲਿਆ ਸੀ। ਇਸ ਤਹਿਤ ਅਕਾਊਂਟਸ, ਇੰਜੀਨੀਅਰਿੰਗ, ਮਕੈਨੀਕਲ, ਐਸ.ਐਂਡ.ਟੀ., ਇਲੈਕਟ੍ਰੀਕਲ, ਮੈਡੀਕਲ, ਸਟੋਰ, ਸਿਕਿਉਰਿਟੀ ਅਤੇ ਕਮਰਸ਼ੀਅਲ ਆਦਿ ਵਿਭਾਗਾਂ ਨਾਲ਼ ਸਬੰਧਤ ਸਰਕਾਰੀ ਨੌਕਰੀਆਂ ਖ਼ਤਮ ਹੋਣਗੀਆਂ। ਇਹ ਕੰਮ ਨਿੱਜੀ ਕੰਪਨੀਆਂ ਰਾਹੀਂ ਕਰਵਾਏ ਜਾਣਗੇ। ਬਹੁਤ ਸਾਰੇ ਕੰਮ ਰੇਲਵੇ ਪਹਿਲਾਂ ਹੀ ਨਿੱਜੀ ਕੰਪਨੀਆਂ ਰਾਹੀਂ ਕੰਮ ਕਰਵਾ ਰਿਹਾ ਹੈ। ਬਹੁਤ ਸਾਰੇ ਕੰਮ ਠੇਕੇ ਉੱਤੇ ਬਹੁਤ ਘੱਟ ਤਨਖਾਹ ਦੇ ਕੇ ਕਰਵਾਏ ਜਾ ਰਹੇ ਹਨ। ਸਰਕਾਰ ਇਸੇ ਤਰ੍ਹਾਂ ਰੇਲਵੇ ਦੇ ਸਾਰੇ ਕੰਮ ਠੇਕਾ ਮਜ਼ਦੂਰਾਂ ਰਾਹੀਂ ਕਰਵਾਉਣਾ ਚਾਹੁੰਦੀ ਹੈ ਜਿਹਨਾਂ ਨੂੰ ਨਾ ਤਾਂ ਘੱਟੋ-ਘੱਟ ਤਨਖਾਹ ਦੇਣੀ ਪਵੇ ਅਤੇ ਨਾ ਹੀ ਹੋਰ ਸਹੂਲਤਾਂ ਦੇਣੀਆਂ ਪੈਣ ਜੋ ਰੇਲ ਕਾਮਿਆਂ ਨੇ ਲੰਮੇ ਸੰਘਰਸ਼ਾਂ ਰਾਹੀਂ ਹਾਸਿਲ ਕੀਤੀਆਂ ਸਨ।

ਹੁਣ ਮੋਦੀ ਸਰਕਾਰ 100 ਦਿਨ ਦਾ ‘ਐਕਸ਼ਨ ਪਲਾਨ’ ਲੈ ਕੇ ਆਈ ਹੈ। ਇਹ ਨਾ ਸੋਚਿਓ ਕਿ ਇਸ ‘ਐਕਸ਼ਨ ਪਲਾਨ’ ਨਾਲ਼ ਰੇਲਵੇ ਦੇ ਕਾਮਿਆਂ ਦੀਆਂ ਹਾਲਤਾਂ ਵਿੱਚ ਸੁਧਾਰ ਹੋਵੇਗਾ, ਉਹਨਾਂ ਦੇ ਤਨਖਾਹ-ਭੱਤੇ ਵਧਣਗੇ, ਕੰਮ ਹਾਲਤਾਂ ਵਿੱਚ ਸੁਧਾਰ ਹੋਵੇਗਾ, ਕਿ ਸਰਕਾਰ 2.6 ਲੱਖ ਖਾਲੀ ਅਸਾਮੀਆਂ ਭਰੇਗੀ। ਇਹ ਵੀ ਭਰਮ ਨਾ ਪਾਲ਼ਿਓ ਕਿ ਮੋਦੀ ਸਰਕਾਰ ਦੇ ਇਸ ‘ਐਕਸ਼ਨ ਪਲਾਨ’ ਨਾਲ਼ ਰੇਲ ਗੱਡੀਆਂ ਵਿੱਚ ਭੇਡ-ਬੱਕਰੀਆਂ ਵਾਂਗ ਸਫ਼ਰ ਕਰਨ ਲਈ ਮਜ਼ਬੂਰ ਆਮ ਲੋਕਾਂ ਦਾ ਸਫ਼ਰ ਅਰਾਮਦਾਇਕ ਤੇ ਸਸਤਾ ਹੋਵੇਗਾ, ਕਿ ਰੇਲਵੇ ਮਜ਼ਦੂਰਾਂ-ਮੁਲਾਜਮਾਂ ਅਤੇ ਆਮ ਲੋਕਾਂ ਦੇ ਜਾਨ-ਮਾਲ ਦੇ ਭਾਰੀ ਨੁਕਸਾਨ ਦਾ ਕਾਰਨ ਬਣਦੇ ਰੇਲ ਹਾਦਸਿਆਂ ਤੋਂ ਬਚਾਅ ਦੀ ਕੋਈ ਯੋਜਨਾ ਲਾਗੂ ਹੋਵੇਗੀ।

ਇਸ ‘ਐਕਸ਼ਨ ਪਲਾਨ’ ਵਿੱਚ ਇੱਕ ਵੱਡੀ ਯੋਜਨਾ ਰੇਲਵੇ ਦੇ ਕਾਰਖਾਨਿਆਂ-ਵਰਕਸ਼ਾਪਾਂ ਦੇ ਨਿਗਮੀਕਰਨ ਦੀ ਹੈ। ਰੇਲ ਬੋਰਡ ਵੱਲੋਂ ਤਿਆਰ ਦਸਤਾਵੇਜ ਮੁਤਾਬਿਕ ਰੇਲਵੇ ਦੇ 7 ਕਾਰਖਾਨਿਆਂ – ਪੰਜਾਬ ਦੇ ਕਪੂਰਥਲਾ ਵਿੱਚ ਰੇਲ ਕੋਚ ਫੈਕਟਰੀ, ਪਟਿਆਲਾ ਵਿੱਚ ਡੀਜਲ ਆਧੁਨਿਕੀਕਰਨ ਕਾਰਖਾਨਾ, ਉੱਤਰ ਪ੍ਰਦੇਸ਼ ਦੇ ਵਾਰਾਨਸੀ ਵਿੱਚ ਡੀਜਲ ਇੰਜਲ ਕਾਰਖਾਨਾ ਅਤੇ ਰਾਏਬਰੇਲੀ ਵਿੱਚ ਮਾਡਰਨ ਕੋਚ ਫੈਕਟਰੀ, ਪੱਛਮੀ ਬੰਗਾਲ ਵਿੱਚ ਚਿਤਰੰਜਨ ਲੋਕੋਮੋਟਿਵ ਵਰਕਜ਼, ਚੇਨਈ ਵਿੱਚ ਇੰਟੀਗ੍ਰਲ ਕੋਚ ਫੈਕਟਰੀ, ਬੰਗਲੋਰ ਵਿੱਚ ਵਹੀਲ ਐਕਸਲ ਪਲਾਂਟ ਅਤੇ ਇਹਨਾਂ 7 ਇਕਾਈਆਂ ਨਾਲ਼ ਸਬੰਧਤ ਸਾਰੀਆਂ ਵਰਕਸ਼ਾਪਾਂ ਨੂੰ ‘ਇੰਡੀਅਨ ਰੇਲਵੇ ਰੋਲਿੰਗ ਸਟਾਕ ਕੰਪਨੀ’ ਨਾਂ ਦੀ ਕੰਪਨੀ ਬਣਾ ਕੇ ਉਸ ਹਵਾਲੇ ਕੀਤਾ ਜਾਵੇਗਾ। ਇਹ ਹੋਰ ਕੁੱਝ ਨਹੀਂ, ਸਗੋਂ ਰੇਲਵੇ ਨੂੰ ਨਿੱਜੀ ਕੰਪਨੀਆਂ ਨੂੰ ਸੌਂਪਣ ਦੀ ਦਿਸ਼ਾ ਵਿੱਚ ਪਹਿਲਾ ਕਦਮ ਹੈ। ਮਹਾਂਨਗਰ ਟੈਲੀਫੋਨ ਨਿਗਮ ਲਿਮ. (ਐਚ.ਟੀ.ਐਨ.ਐਲ.) ਅਤੇ ਭਾਰਤ ਸੰਚਾਰ ਨਿਗਮ ਲਿਮ. (ਬੀ.ਐਸ.ਐਨ.ਐਨ.) ਨੂੰ ਜਿਸ ਤਰ੍ਹਾਂ ਬਰਬਾਦ ਕਰਕੇ ਕੌਡੀਆਂ ਭਾਅ ਵੇਚਣ ਦੀ ਤਿਆਰੀ ਚੱਲ ਰਹੀ ਹੈ, ਉਹੀ ਹਾਲ ਰੇਲਵੇ ਦਾ ਕੀਤਾ ਜਾ ਰਿਹਾ ਹੈ।

‘ਐਕਸ਼ਨ ਪਲਾਨ’ ਵਿੱਚ ਨਿੱਜੀ ਰੇਲ ਗੱਡੀਆਂ ਚਲਾਉਣ ਦੀ ਯੋਜਨਾ ਹੈ। 100 ਦਿਨਾਂ ਅੰਦਰ ਅਜਿਹੀਆਂ ਦੋ ਗੱਡੀਆਂ ਚੱਲਣ ਲੱਗ ਪੈਣਗੀਆਂ। ਇਸਤੋਂ ਬਾਅਦ ਇੱਕ-ਇੱਕ ਕਰਕੇ ਸਾਰੀਆਂ ਰੇਲ ਗੱਡੀਆਂ ਦੇਸੀ-ਵਿਦੇਸ਼ੀ ਕੰਪਨੀਆਂ ਨੂੰ ਸੌਂਪਣ ਦੀ ਤਿਆਰੀ ਕੀਤੀ ਗਈ ਹੈ।

ਮੋਦੀ ਸਰਕਾਰ ਦੇ 100 ਦਿਨ ਦੇ ‘ਐਕਸ਼ਨ ਪਲਾਨ’ ਤਹਿਤ 50 ਰੇਲਵੇ ਸਟੇਸ਼ਨਾਂ ਦੀ ਸੂਚੀ ਬਣਾ ਕੇ ਉਹਨਾਂ ਨੂੰ ਨਿੱਜੀ ਹੱਥਾਂ ਵਿੱਚ ਸੌਂਪ ਦੇਣ ਦਾ ਫੈਸਲਾ ਵੀ ਕਰ ਲਿਆ ਗਿਆ ਹੈ। ਭੋਪਾਲ ਦੇ ਹਬੀਬਗੰਜ ਸਟੇਸ਼ਨ ਨੂੰ ਦੋ ਸਾਲ ਪਹਿਲਾਂ ਹੀ ਬੰਸਲ ਗਰੁੱਪ ਨੂੰ ਦੇ ਦਿੱਤਾ ਗਿਆ ਹੈ। ਮੋਦੀ ਸਰਕਾਰ ਦੀ ਪਿਛਲੀ ਪਾਰੀ ਵਿੱਚ ਹੀ 23 ਸਟੇਸ਼ਨਾਂ ਦੀ ਬੋਲੀ ਲੱਗਣੀ ਤੈਅ ਹੋ ਚੁੱਕੀ ਸੀ। ਵਿਦੇਸ਼ੀ ਕੰਪਨੀਆਂ ਵੀ ਲੁੱਟ ਮਚਾ ਸਕਣ ਇਸ ਲਈ ਰੇਲਵੇ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ ਦਾ ਰਾਹ ਵੀ ਸੌਖਾ ਬਣਾਇਆ ਜਾ ਰਿਹਾ ਹੈ। ਇਹ ਵੀ ਖ਼ਬਰ ਹੈ ਕਿ ਮੋਦੀ ਸਰਕਾਰ ਨੇ ਨਿੱਜੀ ਕੰਪਨੀਆਂ ਨੂੰ ਸੌਂਪਣ ਲਈ 400 ਸਟੇਸ਼ਨਾਂ ਦੀ ਸੂਚੀ ਵੀ ਬਣਾ ਲਈ ਹੈ।

‘ਰੇਲਵੇ ਪੁਨਰਗਠਨ ਕਮੇਟੀ’ ਅਤੇ ‘ਨੀਤੀ ਆਯੋਗ’ ਨੇ ਜ਼ੋਰਦਾਰ ਸਿਫ਼ਾਰਿਸ਼ ਕੀਤੀ ਹੈ ਕਿ ਸਰਕਾਰ ਨੂੰ ਰੇਲਵੇ ਵਿੱਚ ਨਿੱਜੀ ਕੰਪਨੀਆਂ ਦੀ ਹਿੱਸੇਦਾਰੀ ਦਾ ਰਾਹ ਸਾਫ਼ ਕਰ ਦੇਣਾ ਚਾਹੀਦਾ ਹੈ। ਕਮੇਟੀ ਦਾ ਕਹਿਣਾ ਹੈ ਕਿ ਰੇਲਵੇ ਦੇ ‘ਨਾਨ-ਕੋਰ ਫੰਕਸ਼ਨ’ ਭਾਵ ਹਸਪਤਾਲਾਂ, ਸਕੂਲਾਂ, ਕਾਰਖਾਨਿਆਂ, ਵਰਕਸ਼ਾਪਾਂ, ਰੇਲਵੇ ਪੁਲਿਸ ਆਦਿ ਨੂੰ ਘੱਟੋ-ਘੱਟ ਅਗਲੇ 10 ਸਾਲ ਲਈ ਨਿੱਜੀ ਕੰਪਨੀਆਂ ਹਵਾਲੇ ਕਰ ਦਿੱਤਾ ਜਾਵੇ।

ਪਿਛਲੇ ਤਿੰਨ ਦਹਾਕਿਆਂ ਦੌਰਾਨ ਕੇਂਦਰ ਵਿੱਚ ਰਹੀਆਂ ਸਾਰੀਆਂ ਪਾਰਟੀਆਂ ਦੀਆਂ ਸਰਕਾਰਾਂ ਨੇ ਸਰਮਾਏਦਾਰਾਂ ਨੂੰ ਜਨਤਕ ਅਦਾਰਿਆਂ ਨੂੰ ਵਰਤ ਕੇ ਅਥਾਹ ਮੁਨਾਫ਼ਾ ਕਮਾਉਣ ਅਤੇ ਫਿਰ ਇਹਨਾਂ ਅਦਾਰਿਆਂ ਨੂੰ ਹੀ ਹੜੱਪ ਕਰ ਜਾਣ ਦੇ ਕੰਮ ਵਿੱਚ ਸਰਮਾਏਦਾਰਾਂ ਦੀ ਮਦਦ ਕੀਤੀ ਹੈ, ਪਰ ਭਾਜਪਾ ਦੀਆਂ ਸਰਕਾਰਾਂ ਇਹ ਖੇਡ ਸਭ ਤੋਂ ਬੇਸ਼ਰਮ ਢੰਗ ਨਾਲ਼ ਖੇਡ ਰਹੀਆਂ ਹਨ।

ਕਹਿਣ ਦੀ ਲੋੜ ਨਹੀਂ ਕਿ ਨਿੱਜੀ ਹੱਥਾਂ ਵਿੱਚ ਜਾਣ ਨਾਲ਼ ਰੇਲਵੇ ਦੇ ਮਜ਼ਦੂਰਾਂ-ਮੁਲਾਜਮਾਂ ਦੀ ਵੱਡੇ ਪੱਧਰ ਉੱਤੇ ਛਾਂਟੀ ਹੋਵੇਗੀ, ਨੌਕਰੀਆਂ ਦਾ ਠੇਕਾਕਰਨ ਹੋਰ ਵੱਧ ਹੋਵੇਗਾ। ਕੰਮ ਦੀਆਂ ਹਾਲਤਾਂ ਹੋਰ ਵਿਗੜਨਗੀਆਂ। ਕੰਮ ਦਾ ਬੋਝ ਹੋਰ ਵਧੇਗਾ। ਕਾਮਿਆਂ ਦੀ ਆਰਥਿਕ ਹਾਲਤ ਹੋਰ ਵਿਗੜੇਗੀ। ਪੈਨਸ਼ਨਰਾਂ ਦਾ ਭਵਿੱਖ ਵੀ ਦਾਅ ’ਤੇ ਲੱਗ ਜਾਵੇਗਾ।

ਮਜ਼ਦੂਰਾਂ-ਮੁਲਾਜਮਾਂ ਦੇ ਖੂਨ-ਪਸੀਨੇ ਦੀ ਹਰ ਬੂੰਦ ਨਿਚੋੜਕੇ ਸਰਮਾਏਦਾਰਾਂ ਦੀਆਂ ਤਿਜ਼ੌਰੀਆਂ ਭਰਨ ਲਈ ਮੋਦੀ ਸਰਕਾਰ ਨੇ ਕਿਰਤ ਕਨੂੰਨਾਂ ਵਿੱਚ ਬਦਲਾਅ ਕਰਨੇ ਸ਼ੁਰੂ ਕਰ ਦਿੱਤੇ ਹਨ। ਕਿਰਤ ਕਨੂੰਨਾਂ ਵਿੱਚ ਬਦਲਾਅ ਅਤੇ ਨਿੱਜੀਕਰਨ ਰੇਲਵੇ ਮਜ਼ਦੂਰਾਂ-ਮੁਲਾਜਮਾਂ ਲਈ ਇੱਕ ਵੱਡੀ ਚੁਣੌਤੀ ਹੈ।

ਰੇਲਵੇ ਦਾ ਨਿੱਜੀਕਰਨ ਦਾ ਆਮ ਲੋਕਾਂ ਦਾ ਵੀ ਵੱਡਾ ਨੁਕਸਾਨ ਕਰੇਗਾ। ਕਿਰਾਏ ਬਹੁਤ ਜਿਆਦਾ ਵਧਣਗੇ। ਪਲੇਟਫਾਰਮਾਂ ਉੱਤੇ ਪਾਣੀ, ਪਖਾਨੇ ਅਤੇ ਹੋਰ ਸਹੂਲਤਾਂ ਲਈ ਪੈਸੇ ਖਰਚਣੇ ਪੈਣਗੇ। ਰੇਲ ਹਾਦਸੇ ਵੀ ਵਧਣਗੇ।

ਜੇਕਰ ਰੇਲਵੇ ਦੇ ਨਿੱਜੀਕਰਨ ਲਈ ਪੱਬਾਂ ਭਾਰ ਮੋਦੀ ਸਰਕਾਰ ਦੇ ਬੁਲਡੋਜ਼ਰ ਨੂੰ ਰੋਕਣਾ ਹੈ ਤਾਂ ਰੇਲਵੇ ਦੇ ਸਾਰੇ ਮਜ਼ਦੂਰਾਂ-ਮੁਲਾਜਮਾਂ ਨੂੰ ਮਜ਼ਬੂਤ ਏਕਾ ਬਣਾ ਕੇ ਸੰਘਰਸ਼ ਦੇ ਮੈਦਾਨ ਵਿੱਚ ਨਿੱਤਰਣਾ ਪਵੇਗਾ। ਬੇਸ਼ੱਕ ਯੂਨੀਅਨਾਂ ਵਿੱਚ ਜਮਹੂਰੀਅਤ ਲਾਗੂ ਕਰਕੇ ਹੀ ਮਜ਼ਬੂਤ ਏਕਾ ਬਣਾਇਆ ਜਾ ਸਕਦਾ ਹੈ ਅਤੇ ਸਰਮਾਏਦਾਰੀ-ਸਰਕਾਰ ਦੇ ਲੋਕ-ਦੋਖੀ ਗਠਜੋੜ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ।

ਦੇਸ਼ ਦੇ ਸਭ ਤੋਂ ਵੱਡੇ ਜਨਤਕ ਅਦਾਰੇ ਨੂੰ ਬਰਬਾਦ ਕਰਕੇ ਮੁਨਾਫ਼ਾਖੋਰਾਂ ਹੱਥ ਦੇਣ ਖਿਲਾਫ਼ ਸੰਘਰਸ਼ ਸਿਰਫ਼ ਰੇਲਵੇ ਦੇ ਮਜ਼ਦੂਰਾਂ-ਮੁਲਾਜਮਾਂ ਦਾ ਮਸਲਾ ਨਹੀਂ ਹੈ। ਇਹ ਸਾਰੇ ਮਜ਼ਦੂਰਾਂ-ਕਿਰਤੀਆਂ ਤੇ ਇਨਸਾਫਪਸੰਦ ਲੋਕਾਂ ਦਾ ਮਸਲਾ ਹੈ। ਰੇਲਵੇ ਦੇ ਮਜ਼ਦੂਰਾਂ-ਮੁਲਾਜਮਾਂ ਨੂੰ ਆਪਣੇ ਸੰਘਰਸ਼ਾਂ ਨਾਲ਼ ਨਾ ਸਿਰਫ਼ ਜਨਤਕ ਖੇਤਰ ਦੇ ਹੋਰ ਮਜ਼ਦੂਰਾਂ-ਮੁਲਾਜਮਾਂ ਨੂੰ ਜੋੜਨਾ ਪਵੇਗਾ, ਸਗੋਂ ਦੇਸ਼ ਸਭਨਾਂ ਮਜ਼ਦੂਰਾਂ-ਕਿਰਤੀਆਂ ਤੇ ਇਨਸਾਫਪਸੰਦ ਲੋਕਾਂ ਵੀ ਆਪਣੇ ਸੰਘਰਸ਼ ਵਿੱਚ ਸ਼ਾਮਿਲ ਕਰਨ ਲਈ ਹੰਭਲਾ ਮਾਰਨਾ ਪਵੇਗਾ।

ਉਪਰੋਕਤ ਹਾਲਤਾਂ ਨੂੰ ਵੇਖਦੇ ਹੋਏ ਅਸੀਂ ਮੋਦੀ ਸਰਕਾਰ ਦੀ ਰੇਲਵੇ ਦੇ ਨਿੱਜੀਕਰਨ ਦੀ ਨੀਤੀ ਦਾ ਵਿਰੋਧ ਕਰਦੇ ਹਾਂ, ਇਸਨੂੰ ਰੱਦ ਕਰਨ ਦੀ ਮੰਗ ਕਰਦੇ ਹਾਂ, ਰੇਲਵੇ ਕਾਮਿਆਂ ਦੇ ਆਪਣੇ ਹੱਕਾਂ ਲਈ ਨਿੱਜੀਕਰਨ ਵਿਰੋਧੀ ਸੰਘਰਸ਼ ਦੀ ਹਿਮਾਇਤ ਕਰਦੇ ਹਾਂ। ਅਸੀਂ ਸਾਰੇ ਰੇਲਵੇ ਮਜ਼ਦੂਰਾਂ-ਮੁਲਾਜਮਾਂ, ਹੋਰ ਮਜ਼ਦੂਰਾਂ-ਕਿਰਤੀਆਂ, ਸਾਰੇ ਇਨਸਾਫ਼ਪਸੰਦ ਲੋਕਾਂ ਨੂੰ ਸੱਦਾ ਦਿੰਦੇ ਹਾਂ ਕਿ ਮੋਦੀ ਸਰਕਾਰ ਵੱਲੋਂ ਰੇਲਵੇ ਦੇ ਨਿੱਜੀਕਰਨ ਖਿਲਾਫ਼ ਸੰਘਰਸ਼ਾਂ ਦੇ ਪਿੜ ਮੱਲੋ, ਵਿਸ਼ਾਲ ਲੋਕ ਲਹਿਰ ਉਸਾਰੋ, ਮੋਦੀ ਸਰਕਾਰ ਦੇ ਰੇਲਵੇ ਮਜ਼ਦੂਰਾਂ-ਮੁਲਾਜਮਾਂ ਅਤੇ ਆਮ ਲੋਕਾਂ ਉੱਪਰ ਇਸ ਮਾਰੂ ਹਮਲੇ ਦਾ ਮੂੰਹ ਤੋੜ ਜਵਾਬ ਦਿਓ।

**ਜਾਰੀਕਰਤਾ ਜੱਥੇਬੰਦੀਆਂ-**<br>
**ਕਾਰਖਾਨਾ ਮਜ਼ਦੂਰ ਯੂਨੀਅਨ,**<br>
**ਨੌਜਵਾਨ ਭਾਰਤ ਸਭਾ, ਟੈਕਸਟਾਈਲ-**<br>
**ਹੌਜ਼ਰੀ ਕਾਮਗਾਰ ਯੂਨੀਅਨ**<br>
**ਸੰਪਰਕ** - 9888655663,<br>
9888401288, 8054939980

# ਇੱਕ ਪੈਰ ਇੱਥੇ, ਇੱਕ ਪੈਰ ਉਥੇ



ਹਰੀਪਾਲ
403-714-4816

ਮੰਨੀਏ ਜਾਂ ਨਾ ਮੰਨੀਏ ਅਸੀਂ ਕੈਨੇਡਾ ਦੇ ਵਾਸੀ ਹੋ ਕੇ ਵੀ, ਦੂਹਰੀ ਜਿਹੀ ਜ਼ਿੰਦਗੀ ਜੀਅ ਰਹੇ ਹਾਂ। ਕਦੇ ਸਾਡੀਆਂ ਸੋਚਾਂ ਦੇ ਘੋੜੇ ਇੰਡੀਆ ਪਹੁੰਚ ਜਾਂਦੇ ਹਨ, ਕਦੇ ਕੈਨੇਡਾ। ਅਸੀਂ ਆਉਂਦੇ ਹਾਂ ਘਰ ਦੀ ਗਰੀਬੀ ਕੱਟਣ ਲਈ ਜਾਂ ਮਾਂ ਬਾਪ ਦੇ ਕਰਜ਼ੇ ਲਾਹੁਣ ਲਈ ਪਰ ਕਰਜ਼ੇ ਵਗ਼ੈਰਾ ਲਾਹ ਕੇ ਅਸੀਂ ਇੱਕ ਹੋਰ ਹੀ ਚੱਕਰ ਵਿੱਚ ਫਸ ਜਾਂਦੇ ਹਾਂ, ਘਰ ਤਾਂ ਕੀ ਹਰ ਰਿਸ਼ਤੇਦਾਰ ਨੂੰ ਮੰਗਾਉਣ ਜਾਂ ਉਸ ਦੀ ਆਰਥਿਕ ਮਦਦ ਕਰਨ ਦਾ ਬੀੜਾ ਵੀ ਚੁੱਕਦੇ ਹਾਂ, ਘਰ ਨੂੰ ਢਾਹ ਕੇ ਉਸਦੀ ਜਗਾਹ ਕੋਠੀ ਪਾ ਦਿੰਦੇ ਹਾਂ। ਫਿਰ ਜਦੋਂ ਘਰ ਦੇ ਸਾਰੇ ਜੀਅ ਇੱਧਰ ਆ ਜਾਂਦੇ ਹਨ, ਫਿਰ ਉਸ ਕੋਠੀ ਦੀ ਸੰਭਾਲ਼ ਦਾ ਫਿਕਰ ਹੋ ਜਾਂਦਾ ਹੈ, ਫਿਰ ਕਿਸੇ ਰਿਸ਼ਤੇਦਾਰ ਨੂੰ ਕੋਠੀ ਅਤੇ ਜ਼ਮੀਨ ਵਗ਼ੈਰਾ ਸਾਂਭਣ ਦੀ ਡਿਊਟੀ ਲਾ ਦਿੰਦੇ ਹਾਂ, ਬੱਸ ਇੱਥੋਂ ਸਾਰਾ ਦੁਖਾਂਤ ਸ਼ੁਰੂ ਹੁੰਦਾ ਹੈ। ਜਿਹੜਾ ਸਾਡਾ ਪਰਿਵਾਰਕ ਮੈਂਬਰ ਜਾਂ ਰਿਸ਼ਤੇਦਾਰ ਘਰ ਜ਼ਮੀਨ ਸਾਂਭਦਾ ਹੈ, ਉਹੀ ਇੱਕ ਦਿਨ ਸਾਡਾ ਸਭ ਤੋਂ ਵੱਡਾ ਦੁਸ਼ਮਣ ਬਣ ਜਾਂਦਾ ਹੈ। ਸੈਂਕੜੇ ਹੀ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ, ਜਿੱਥੇ ਇਹਨਾਂ ਘਰ ਸਾਂਭਣ ਵਾਲ਼ਿਆਂ ਨੇ ਪਰਵਾਸੀਆਂ ਨੂੰ ਮੌਤ ਦਾ ਰਾਹ ਦਿਖਾਇਆ ਹੈ। ਭਾਣਜੇ ਨੇ ਮਾਮੀ ਦਾ ਗਲ਼ ਵੱਡ ਕੇ ਕਿਤੇ ਹੋਰ ਸਿੱਟ ਦੇਣਾ, ਭਰਾਵਾਂ ਵੱਲੋਂ ਸਕੇ ਭਾਈ ਦਾ ਕਤਲ ਕਰਨਾ, ਉਦੋਂ ਜਦੋਂ ਇਹੀ ਪਰਵਾਸੀ ਵਤਨ ਜਾ ਕੇ ਆਪਦੀ ਜਾਇਦਾਦ ਦਾ ਹਿੱਸਾ ਲੈਣ ਗਿਆ ਜਿਹੜੀ ਜਾਇਦਾਦ ਇਸੇ ਪਰਵਾਸੀ ਦੇ ਪੈਸਿਆਂ ਨਾਲ਼ ਬਣੀ ਸੀ। ਕੀ ਇਹਦੇ ਨਾਲ਼ੋਂ ਚੰਗਾ ਇਹੀ ਨਹੀਂ ਸੀ ਕਿ ਪਰਵਾਸੀ ਆਪਦੇ ਘਰਦਿਆਂ ਦੀ ਆਰਥਿਕ ਮਦਦ ਕਰਕੇ ਜਾਂ ਇੱਧਰ ਮੰਗਵਾ ਕੇ ਆਪਦਾ ਵੀ ਕੁੱਝ ਬਣਾ ਲੈਂਦਾ। ਮੈਂ ਇੱਕ ਅਜਿਹੇ ਮਿੱਤਰ ਨੂੰ ਜਾਣਦਾ ਹਾਂ ਜਦੋਂ ਉਹ ਪਿੰਡ ਕੋਠੀ ਪਾਉਣ ਲੱਗਿਆ, ਉਦੋਂ ਐਬਟਸਫੋਰਡ ਵਿੱਚ ਉਹ ਚਾਰ ਲੱਖ ਦਾ ਘਰ ਲੈ ਸਕਦਾ ਸੀ, ਪਰ ਉਸ ਦੀ ਕੋਠੀ ਤਾਂ ਅਜੇ ਵੀ ਕੰਪਲੀਟ ਨਹੀਂ ਹੋਈ ਤੇ ਐਬਟਸਫੋਰਡ ਵਿੱਚ ਉਸੇ ਘਰ ਦੀ ਕੀਮਤ ਅੱਠ ਲੱਖ ਹੋ ਗਈ। ਇੱਥੇ ਤਾਂ ਘਰ ਲੈਣਾ ਉਸਦੇ ਵੱਸ ਨਹੀਂ ਰਿਹਾ ਅਤੇ ਕੋਠੀ ਦੀ ਖਾਤਰ ਪਤਾ ਨਹੀਂ ਕਿੰਨੇ ਕੁ ਮਹਾਂਭਾਰਤ ਹੋਣੇ ਨੇ ਅਜੇ ਪਤਾ ਨਹੀਂ, ਕੋਠੀ ਤਾਂ ਖੂਹ 'ਚ ਇੱਟ ਹੈ ਪਰ ਇੱਥੇ ਉਸ ਦੇ ਬੱਚੇ ਪਤਾ ਨਹੀਂ ਕਿੰਨਾ ਚਿਰ ਲੋਕਾਂ ਦੀਆਂ ਬੇਸਮੈਂਟਾਂ ਵਿੱਚ ਸੜਨਗੇ। ਜਿਹਨਾਂ ਨੂੰ ਮੰਗਵਾਉਣ ਲਈ ਉਸ ਨੇ, ਉਸ ਦੀ ਜੀਵਨ ਸਾਥਣ ਨੇ ਵੱਡੀਆਂ-ਵੱਡੀਆਂ ਗਰੌਸਾਂ ਬਣਾ ਕੇ ਜਿਹੜਾ ਟੈਕਸ ਭਰਿਆ ਹੋਊ, ਕਿਸੇ ਦੇ ਯਾਦ ਚੇਤੇ ਵੀ ਨਹੀਂ ਰਹਿਣਾ ਸਗੋਂ ਉਲਟਾ ਜ਼ਖ਼ਮਾਂ ਤੇ ਲੂਣ ਛਿੜਕਣ ਲਈ ਕਹਿਣਗੇ ਕਿ ਸਾਡੀ ਤਾਂ ਕਿਸਮਤ ਵਿੱਚ ਹੀ ਲਿਖਿਆ ਸੀ ਬਾਹਰ ਦਾ ਦਾਣਾ ਪਾਣੀ ਚੁਗਣਾ। ਹਰ ਇੱਕ ਪਰਵਾਸੀ ਦੀ ਜ਼ਿੰਦਗੀ ਵਿੱਚ ਇੱਕ ਅਜਿਹਾ ਦਿਨ ਵੀ ਆਉਂਦਾ ਹੈ ਜਦ ਉਹ ਕੰਮ ਕਰਦਾ ਥੱਕ ਜਾਂਦਾ ਹੈ, ਫਿਰ ਉਹ ਸੋਚਦਾ ਹੈ ਕਿ ਚਲੋ ਪਿੰਡ ਚਲਦੇ ਹਾਂ ਤੇ ਜਾਇਦਾਦ ਦਾ ਵੰਡਾਰਾ ਕਰਵਾਕੇ, ਆਪਦਾ ਹਿੱਸਾ ਵੇਚ ਕੇ ਬਾਕੀ ਬਚਦੀ ਜ਼ਿੰਦਗੀ ਕੁੱਝ ਸੌਖੀ ਕੱਢ ਲਈਏ। ਇਸ ਮੋੜ 'ਤੇ ਆ ਕੇ ਰਿਸ਼ਤਿਆਂ ਦੀ ਪਹਿਚਾਣ ਸ਼ੁਰੂ ਹੁੰਦੀ ਹੈ। ਦੋ ਤਿੰਨ ਕੁ ਉਦਾਹਰਣਾਂ ਦਿੰਦਾ ਹਾਂ, ਸਾਰੇ ਤਾਂ ਇੱਕੋ ਜਿਹੇ ਨਹੀਂ ਹੁੰਦੇ। ਇੱਕ ਭਰਾਅ ਜ਼ਮੀਨ ਵਿੱਚੋਂ ਆਪਦਾ ਬਣਦਾ ਹਿੱਸਾ ਲੈਣ ਗਿਆ, ਏਅਰਪੋਰਟ ਤੇ ਉਤਰਿਆ ਤੇ ਆਪਦੀ ਪਤਨੀ ਨੂੰ ਫੋਨ ਕਰਦਾ ਹੈ ਕਿ ਮੈਂ ਰਾਜੀ ਖੁਸ਼ੀ ਪਹੁੰਚ ਗਿਆ ਹਾਂ ਤੇ ਇਹ ਵੀ ਦੱਸਦਾ ਹੈ ਕਿ ਉਸਦਾ ਭਾਈ ਉਸਨੂੰ ਲੈਣ ਆਇਆ ਹੈ ਬੱਸ ਇਸਤੋਂ ਬਾਅਦ ਉਸਦੀ ਕੋਈ ਉਘ-ਸੁਘ ਨਹੀਂ ਨਿਕਲ਼ਦੀ। ਇੱਕ ਪਰਵਾਸੀ ਦਾ ਪੁੱਤਰ ਬਾਪ ਦੀ ਜਾਇਦਾਦ ਵਿੱਚੋਂ ਹਿੱਸਾ ਲੈਣ ਜਾਂਦਾ ਹੈ, ਉਸਨੂੰ ਉਸਦੇ ਦੇਸ਼ ਰਹਿੰਦੇ ਚਾਚਿਆਂ ਨੇ ਇੰਨਾ ਡਰਾ ਦਿੱਤਾ ਕਿ ਉਹ ਇੰਡੀਆ ਜਾਣ ਦਾ ਨਾਂ ਵੀ ਨਹੀਂ ਲੈਂਦਾ। ਇੰਗਲੈਂਡ ਤੋਂ ਗਈ ਇੱਕ ਔਰਤ ਦਾ, ਉਸਦੀ ਨਣਦ ਦਾ ਮੁੰਡਾ ਉਸ ਨੂੰ ਮਾਰ ਕੇ ਉਸ ਦਾ ਗਲ਼ ਕਿਤੇ ਹੋਰ ਸੁੱਟ ਦਿੰਦਾ ਹੈ ਅਤੇ ਧੜ ਕਿਤੇ ਹੋਰ। ਇੱਕ ਹੋਰ ਪਰਵਾਸੀ ਜਦੋਂ ਆਪਦਾ ਹਿੱਸਾ ਲੈਣ ਜਾਂਦਾ ਹੈ ਤਾਂ, ਉਸਦਾ ਦੇਸ ਵਾਲ਼ਾ ਭਾਈ ਪਟਵਾਰੀ ਤੇ ਉਹ ਤਿੰਨੇ ਜਾਣੇ ਕੋਠੇ 'ਤੇ ਬੈਠ ਕੇ ਸ਼ਰਾਬ ਪੀਣ ਲੱਗ ਜਾਂਦੇ ਹਨ, ਮੰਜੇ ਦੇ ਨਾਲ਼ ਪਈ ਕਿਰਪਾਨ ਦੇਖ ਕੇ ਪਰਵਾਸੀ ਆਪਦੇ ਭਾਈ ਨੂੰ ਪੁੱਛਦਾ ਹੈ ਕਿ ਇਹ ਕਾਸਨੂੰ ਰੱਖੀ ਹੈ ਤਾਂ ਉਸਦਾ ਭਾਈ ਜਵਾਬ ਦਿੰਦਾ ਹੈ ਕਿ ਇਹ ਤਾਂ ਮਿਣਤੀ ਕਰਨ ਨੂੰ ਰੱਖੀ ਹੈ। ਪਰਵਾਸੀ ਇੰਨਾ ਡਰ ਜਾਂਦਾ ਹੈ ਕਿ ਬਹਾਨੇ ਨਾਲ਼ ਕੋਠੇ ਤੋਂ ਉਤਰ ਕੇ ਟੈਂਪੂ ਫੜ ਕੇ ਵਾਪਸ ਟਰਾਂਟੋ ਹੀ ਦਿਸਦਾ ਹੈ। ਇਹ ਤਾਂ ਸਿਰਫ ਕੁੱਝ ਕੁ ਉਦਾਹਰਣਾਂ ਹਨ, ਜੇ ਸਾਰੀਆਂ ਲਿਖਣੀਆਂ ਹੋਣ ਤਾਂ ਪੂਰਾ ਲੇਖ ਹੀ ਇਸ ਵਿਸ਼ੇ 'ਤੇ ਲਿਖਣਾ ਪਵੇਗਾ।

ਕਦੇ ਇੱਥੇ ਇੰਡੀਆ ਤੋਂ ਬਾਬੇ ਆ ਧਮਕਦੇ ਹਨ ਅਸੀਂ ਉਹਨਾਂ ਲਈ ਬਟੂਏ ਦਾ ਮੂੰਹ ਖੋਲ ਦਿੰਦੇ ਹਾਂ। ਆਪਦੀ ਹੱਡ ਭੰਨਵੀਂ ਕਮਾਈ, ਆਪਦਾ ਕੀਮਤੀ ਸਮਾਂ ਇਹਨਾਂ ਬਾਬਿਆਂ ਦੀ ਭੇਟ ਚੜ੍ਹਾ ਦਿੰਦੇ ਹਾਂ। ਇਸਦੀ ਜਗਾਹ ਜੇਕਰ ਉਹੀ ਸਮਾਂ ਸਾਡੇ ਮਾਪਿਆਂ ਨੂੰ ਦੇਈਏ ਜਿਹੜੇ ਕਿ ਸਾਡਾ ਰੱਬ ਹਨ, ਕਿੰਨੀ ਵਧੀਆ ਗੱਲ ਹੋਵੇਗੀ। ਨਹੀਂ ਸਾਨੂੰ ਸਾਡੇ ਮਾਂ ਬਾਪ ਤਾਂ, ਫਾਦਰ ਡੇਅ ਜਾਂ ਮਦਰ ਡੇਅ ਤੇ ਹੀ ਯਾਦ ਆਉਂਦੇ ਹਨ। ਉਸ ਦਿਨ ਅਸੀਂ ਸੀਨੀਅਰ ਹੋਮ ਜਾ ਕੇ, ਉਹਨਾਂ ਨਾਲ਼ ਫੋਟੋਆਂ ਖਿੱਚ ਕੇ ਫੇਸ ਬੁੱਕ ਤੇ ਪਾ ਕੇ ਆਪਦਾ ਫ਼ਰਜ਼ ਪੂਰਾ ਕਰ ਦਿੰਦੇ, ਬਾਕੀ ਸਾਰਾ ਸਾਲ ਚਾਹੇ ਅਸੀਂ ਉਹਨਾਂ ਦੀ ਸਿਆਣ ਨਾਂ ਹੀ ਕੱਢੀਏ। ਕਦੇ ਰਾਜਨੀਤਿਕ ਲੀਡਰ ਆ ਜਾਂਦੇ ਹਨ, ਅਸੀਂ ਉਹਨਾਂ ਨੂੰ ਮਿਲਣ ਲਈ ਵਹੀਰਾਂ ਘੱਤ ਲੈਂਦੇ ਹਾਂ। ਕਦੇ ਦੇਸੋਂ ਲੇਖਕ ਆ ਜਾਂਦੇ ਹਨ, ਅਸੀਂ ਫੇਰ ਭੱਜਦੇ ਹਾਂ ਉਹਨਾਂ ਦਾ ਸਵਾਗਤ ਕਰਨ ਲਈ। ਹੁਣ ਬਹੁਤੇ ਲੇਖਕਾਂ ਦੇ ਬੱਚੇ ਇੱਧਰ ਹਨ, ਉਹ ਤਾਂ ਆਪਦੇ ਬੱਚਿਆਂ ਨੂੰ ਮਿਲਣ ਲਈ ਜਾਂ ਦੇਸ ਦੀ ਗਰਮੀ ਤੋਂ ਬਚਣ ਲਈ ਆਉਂਦੇ ਹਨ, ਪਰ ਸਾਡੇ ਕੈਨੇਡਾ ਦੀਆਂ ਅਖਬਾਰਾਂ ਵਿੱਚ ਖਬਰਾਂ ਲਗਦੀਆਂ ਹਨ, ਫਲਾਣਾ ਲੇਖਕ ਕੈਨੇਡਾ ਦੇ ਦੌਰੇ ਜਿਵੇਂ ਕਿ ਉਹ ਇੱਥੇ ਸਾਹਿਤ ਸੱਭਿਆਚਾਰ ਨੂੰ ਪਰਫੁਲਤ ਕਰਨ ਲਈ ਆਏ ਹੋਣ ਜਾਂ ਫਿਰ ਉਹੀ ਸਾਡੇ ਇੱਥੋਂ ਦੇ ਮਿਹਨਤਕਸ਼ ਲੇਖਕਾਂ ਦੀ ਦੌੜ ਭੱਜ, ਡਿਨਰ ਸੈਲਫੀਆਂ ਦੀ ਸ਼ੁਰੂਆਤ ਹੋ ਜਾਂਦੀ ਹੈ, ਜ਼ਰਾ ਸੰਭਲ਼ੋ ਦੋਸਤੋ, ਇਹੀ ਸਮਾਂ ਆਪਦੇ ਮਾਂ ਬਾਪ, ਪਤਨੀ, ਬੱਚਿਆਂ ਨੂੰ ਦੇ ਦਿਓ ਉਹ ਕਿੰਨਾ ਖੁਸ਼ ਹੋਣ। ਪਰ ਪਹਿਲਾਂ ਅਸੀਂ ਇਹ ਤਾਂ ਤਸਲੀਮ ਕਰ ਲਈਏ ਕਿ ਅਸੀਂ ਕੈਨੇਡੀਅਨ ਹਾਂ ਸਾਡੀਆਂ ਇੱਥੇ ਜਿਹੜੀਆਂ ਸਮੱਸਿਆਵਾਂ ਹਨ, ਉਹ ਸਾਨੂੰ ਦਿਸਦੀਆਂ ਹਨ, ਬਾਹਰੋਂ ਆਏ ਲੇਖਕਾਂ ਨੂੰ ਨਹੀਂ ਦਿਸਦੀਆਂ। ਇੰਡੀਆ ਤੋਂ ਆਕੇ ਜੋ ਇੱਥੇ ਦਸੀਂ ਸਾਲੀਂ, ਇੱਥੋਂ ਦੀ ਬੁਢਾਪਾ ਪੈਨਸ਼ਨ ਲੈਣ ਦੇ ਕਾਬਲ ਹੋ ਗਿਆ ਉਸ ਨੂੰ ਵੀ ਨਹੀਂ ਦਿਸਦੀਆਂ। ਜੇ ਅਸੀਂ ਜਿਹਨਾਂ ਨੇ ਕੈਨੇਡਾ ਵਿੱਚ ਅੱਧੀ ਸਦੀ ਮੁੜਕਾ ਬਹਾਇਆ ਹੈ, ਸਾਨੂੰ ਪਤਾ ਹੈ ਕਿ ਬਰਾਇਨ ਮਰੂਨੀ ਦੇ ਕਾਰਜ ਕਾਲ ਦੇ ਸਮੇਂ, ਕੈਨੇਡਾ ਨੇ ਜਿਹੜਾ ਆਰਥਿਕਤਾ ਦਾ ਰਾਹ ਅਪਣਾਇਆ ਹੈ, ਜਿਸ ਨਾਲ਼ ਮਜਦੂਰਾਂ ਦੀ ਆਮਦਨ ਬੁਰੀ ਤਰ੍ਹਾਂ ਘਟੀ ਹੈ। ਡਾਲਰ ਦੀ ਖਰੀਦ ਸ਼ਕਤੀ ਦੇ ਹਿਸਾਬ ਨਾਲ਼ ਅਤੇ ਅਮੀਰਾਂ ਦੀ ਆਮਦਨ ਬੇਹੱਦ ਵਧੀ ਹੈ, ਸਾਡੀਆਂ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਘਰ ਲੈਣਾ ਇੱਕ ਦਿਨ ਸੁਪਨਾ ਬਣ ਕੇ ਰਹਿ ਜਾਵੇਗਾ। ਕਾਫੀ ਸਵਾਲ ਨੇ ਜਿਹਨਾਂ ਦੀ ਖਾਤਰ ਸਾਨੂੰ ਅਵੇਅਰ ਹੋਣਾ ਪਵੇਗਾ। ਅਸੀਂ ਕੈਨੇਡਾ ਵਿੱਚ ਡਾਲਰ ਨੂੰ 50 ਨਾਲ਼ ਗੁਣਾਂ ਕਰਕੇ ਨਹੀਂ ਜਿਉਂ ਸਕਦੇ। ਇੱਕ ਗੱਲ ਬੱਚਿਆਂ ਦੇ ਨਾਲ਼ ਰਹਿਣ ਦਾ ਅਤੇ ਬੱਚਿਆਂ ਨੂੰ ਨਾਲ਼ ਰੱਖਣ ਵਿੱਚ ਬਹੁਤ ਫ਼ਰਕ ਹੈ। ਜਿਹੜੀ ਸਿੰਗਲ ਮਾਮ 1300 ਡਾਲਰ ਕਿਰਾਇਆ ਦੇਣ ਲਈ ਦੋ ਦੋ ਸ਼ਿਫਟਾਂ ਕੰਮ ਕਰਦੀ ਹੈ, ਉਸਨੂੰ ਪਤਾ ਹੈ ਕੈਨੇਡੀਅਨ ਆਰਥਿਕਤਾ ਕਿੱਧਰ ਨੂੰ ਜਾ ਰਹੀ ਹੈ। ਜੇਕਰ ਪਿਛਲੇ 40 ਸਾਲਾਂ ਵਿੱਚ ਉਜਰਤਾਂ ਸਿਰਫ ਚਾਰ ਜਾਂ ਪੰਜ ਗੁਣਾਂ ਵਧਦੀਆਂ ਹਨ ਅਤੇ ਮਹਿੰਗਾਈ ਪੱਚੀ ਗੁਣਾਂ ਵਧਦੀ ਹੈ ਤਾਂ ਸਾਡੇ ਸਿਸਟਮ ਵਿੱਚ ਕਿਤੇ ਨਾ ਕਿਤੇ ਨੁਕਸ ਹੈ।

ਰਾਜਨੀਤਿਕ ਤੌਰ 'ਤੇ ਸਾਡੀ ਹਾਲਤ ਦੇਸੀ ਟੀ ਵੀ ਚੈਨਲਾਂ ਜਾਂ ਦੇਸੀ ਰੇਡੀਓ ਸਟੇਸ਼ਨਾਂ ਨੇ ਹੋਰ ਵੀ ਸੰਗੋੜ ਦਿੱਤੀ ਹੈ। ਅਸੀਂ ਵਹੀਰਾਂ ਘੱਤ ਕੇ ਕਦੇ ਕਾਂਗਰਸ ਨੂੰ ਜਤਾਉਣ ਚੱਲ ਪੈਂਦੇ, ਕਦੇ ਅਕਾਲੀ ਦਲ ਨੂੰ ਕਦੇ ਆਮ ਆਦਮੀ ਪਾਰਟੀ ਨੂੰ, ਅਸੀਂ ਐਨਾਂ ਜ਼ੋਰ ਕਦੇ ਕੈਨੇਡਾ ਦੀ ਸਿਆਸਤ ਨੂੰ ਸਮਝਣ ਲਈ ਨਹੀਂ ਲਾਇਆ। ਕੀ ਸਾਨੂੰ ਪਤਾ ਹੈ ਕਿ ਪਿਛਲੇ ਚਾਲ਼ੀ ਸਾਲਾਂ ਵਿੱਚ ਕਿਹੜੀਆਂ ਕਿਹੜੀਆਂ ਘਟਨਾਵਾਂ ਸਾਡੀ ਕਮਿਊਨਿਟੀ ਵਿੱਚ ਵਾਪਰੀਆਂ। ਜਿਹੜੇ ਸਾਡੇ ਲੋਕ ਕੈਨੇਡਾ ਵਿੱਚ ਸਰਗਰਮ ਹੋਏ ਉਹਨਾਂ ਨੇ ਕੈਨੇਡਾ ਵਿੱਚ ਬਜ਼ੁਰਗਾਂ ਦੀ ਹਾਲਤ ਸੁਧਾਰਨ ਲਈ ਇੱਕ ਨੌਨ-ਪਰਾਫਿਟ ਸੀਨੀਅਰ ਹੋਮ ਬਣਾ ਕੇ ਇੱਕ ਉਦਾਹਰਣ ਪੇਸ਼ ਕੀਤੀ, ਕੈਨੇਡੀਆਨ ਫਾਰਮ ਵਰਕਰ ਯੂਨੀਅਨ ਬਣਾ ਕੇ ਫਾਰਮ ਵਰਕਰਾਂ ਨੂੰ ਉਹਨਾਂ ਦੇ ਫਾਰਮ ਮਾਲਕਾਂ ਵੱਲ ਫਸੇ ਪੈਸੇ ਹੀ ਵਾਪਸ ਨਹੀਂ ਦਵਾਏ ਸਗੋਂ, ਫਾਰਮਾਂ ਵਿਚ ਵਾਸ਼ਰੂਮ ਬਣਾਏ ਅਤੇ ਫਾਰਮ ਵਰਕਰਾਂ ਲਈ ਸੱਟ ਲੱਗਣ ਤੇ ਕੰਪਨਸੇਸ਼ਨ ਵੀ ਲਾਗੂ ਕਰਵਾਇਆ, ਦਰਸ਼ਨ ਸਿੰਘ ਕੈਨੇਡੀਅਨ ਤਾਂ ਯਾਦ ਹੋਵੇਗਾ ਜਿਸਨੇ ਮਿੱਲਾਂ ਵਿੱਚ ਕੰਮ ਕਰਨ ਵਾਲ਼ੇ ਕਾਮਿਆਂ ਨੂੰ ਇਕੱਠੇ ਕਰਕੇ ਆਈ ਡਬਲਯੂ ਏ ਬਣਾਈ, ਜਿਹੜੀ ਕਿ ਨੌਰਥ ਅਮਰੀਕਾ ਦੀ ਇੱਕ ਬਹੁਤ ਹੀ ਪਾਵਰਫੁੱਲ ਯੂਨੀਅਨ ਬਣੀ, ਨਸਲਵਾਦ ਦੇ ਵਿਰੁੱਧ ਇੱਕ ਲੰਬੀ ਲੜਾਈ ਦਿੱਤੀ, ਬੀ ਸੀ ਸੰਘਰਸ਼ ਸੰਮਤੀ ਬਣਾ ਕੇ। ਸੋ ਕਿਸੇ ਵੀ ਬੇ-ਇਨਸਾਫੀ ਦੇ ਉਲਟ ਆਵਾਜ਼ ਬਲੰਦ ਕਰਨੀ ਸਾਡਾ ਫ਼ਰਜ ਬਣਦਾ ਹੈ। ਪੁਰਾਣੀਆਂ ਪੀੜ੍ਹੀਆਂ ਹਮੇਸਾਂ ਹੀ ਜੀਵਨ ਦੀਆਂ ਚੰਗੀਆਂ ਹਾਲਤਾਂ ਲਈ ਸੰਘਰਸ਼ ਕਰਦੀਆਂ ਆਈਆਂ ਹਨ ਤਾਂ ਕਿ ਆਉਣ ਵਾਲ਼ੀਆਂ ਪੀੜੀਆਂ ਸੁਖ ਦਾ ਸਾਹ ਲੈ ਸਕਣ।

ਮੈਂ ਇਹ ਨਹੀਂ ਕਹਿੰਦਾ ਕਿ ਪਿੱਛੇ ਵੱਲ ਨਾ ਝਾਕੋ। ਸਹੁਰੇ ਰਹਿੰਦੀ ਕੁੜੀ ਅਕਸਰ ਪੇਕਿਆਂ ਨੂੰ ਯਾਦ ਕਰਦੀ ਹੈ, ਪਰ ਜੇਕਰ ਕੋਈ ਕੁੜੀ ਸਿਰਫ ਪੇਕਿਆਂ ਦਾ ਹੀ ਕਰੀ ਜਾਵੇ ਤਾਂ ਨਾਂ ਉਹ ਸਹੁਰੇ ਖੁਸ਼ੀ ਰਹਿ ਸਕਦੀ ਹੈ, ਨਾ ਪੇਕੇ। ਸਾਨੂੰ ਪਤਾ ਹੈ ਕਿ ਸੰਸਾਰ ਨੂੰ ਅੱਜ ਤਬਾਹੀ ਦੇ ਕੰਡੇ, ਇਸ ਕਾਰਪੋਰੇਟ ਕਲਚਰ ਨੇ ਲਿਆ ਖੜਾ ਕਰ ਦਿੱਤਾ ਹੈ, ਅਸੀਂ ਜਿੱਥੇ ਵੀ ਹੋਈਏ ਇਸ ਕਾਰਪੋਰੇਟ ਕਲਚਰ ਦਾ ਵਿਰੋਧ ਕਰੀਏ। ਸਿਰਫ ਤੇ ਸਿਰਫ ਮੁਨਾਫੇ ਤੇ ਅਧਾਰਤ ਇਸ ਸਿਸਟਮ ਨੇ ਧਰਤੀ, ਹਵਾ ਤੇ ਪਾਣੀ ਦਾ ਫਾਹਾ ਵੱਡ ਦਿੱਤਾ ਹੈ। ਇਸ ਨੂੰ ਹੋਰ ਸਮਾਂ ਦੇਣਾ, ਇਸ ਧਰਤੀ ਤੋਂ ਮਨੁੱਖ ਜਾਤੀ ਦਾ ਹੀ ਨਹੀਂ ਸਗੋਂ ਸਭ ਤਰਾਂ ਦੇ ਜੀਅ ਜੰਤ ਬਨਸਪਤੀ ਦੀ ਮੌਤ ਤੇ ਦਸਖਤ ਕਰਨ ਦੇ ਬਰਾਬਰ ਹੈ। ਅਸੀਂ ਸਾਡੀਆਂ ਪਿਛਲੀਆਂ ਸਮੱਸਿਆਵਾਂ ਨੂੰ ਐਥੇ ਨਾਂ ਲੈਕੇ ਆਈਏ, ਜਦੋਂ ਅਸੀਂ ਪਿਛਲੀਆਂ ਸਮੱਸਿਆਵਾਂ ਇਥੇ ਲਿਆਂਦੀਆਂ, ਉਦੋਂ ਹੀ ਸਾਡੀ ਕਮਿਊਨੀਟੀ ਵਿੱਚ ਦੁਫਾੜਾਂ ਪਈਆਂ। ਪੰਜਾਬ ਦੇ ਕਾਲ਼ੇ ਦੌਰ ਵੇਲ਼ੇ ਵੈਨਕੂਵਰ ਵਿੱਚ ਕੀ ਨਹੀਂ ਹੋਇਆ। ਅਸੀਂ ਇੱਥੋਂ ਦੀਆਂ ਸਮੱਸਿਆਵਾਂ ਨਾ ਫੇਰ ਹੀ ਇੱਕ ਮਿੱਕ ਹੋ ਸਕਦੇ ਹਾਂ ਜੇਕਰ ਇਸ ਨਵੇਂ ਘਰ ਨੂੰ ਅਡੌਪਟ ਕਰ ਲਈਏ। ਜਦੋਂ ਲੋਕ ਇੰਡੀਆ ਜਾਂਦੇ ਹਨ, ਉਦੋਂ ਸਭ ਦੇ ਮੂੰਹ ਦਿੱਲੀ ਏਅਰਪੋਰਟ ਤੇ ਉਡੇ ਪਏ ਹੁੰਦੇ ਹਨ, ਸਟੈਂਪ ਲਾਉਣ ਵਾਲ਼ਾ ਅਫਸਰ ਇਉਂ ਦੇਖਦਾ ਹੈ ਜਿਵੇਂ ਕਸਾਈ ਬੱਕਰੇ ਨੂੰ। ਪਰ ਜਦ ਅਸੀਂ ਵਾਪਸ ਆਉਂਦੇ ਹਾਂ ਤਾਂ ਸਭ ਦੇ ਚੇਹਰੇ ਰਿਲੈਕਸ ਹੁੰਦੇ ਹਨ ਕਿਉਂਕਿ ਸਾਨੂੰ ਲਗਦਾ ਹੈ, ਸੁਖੀ ਸਾਂਦੀ ਘਰ ਵਾਪਸ ਆ ਗਏ ਹਾਂ। ਸਾਡੇ ਵਜੂਦ ਨੇ ਤਾਂ ਨਵੇਂ ਘਰ ਨੂੰ ਆਪਣਾ ਲਿਆ ਹੈ, ਪਰ ਫੇਰ ਵੀ ਅਸੀਂ ਪਤਾ ਨਹੀਂ ਕਿਉਂ ਜਦ ਗੱਲਾਂ ਕਰਦੇ ਹਾਂ ਫਿਰ ਉਹੀ ਭਗਵੰਤ ਮਾਨ ਬਾਦਲ ਕੈਪਟਨ ਤੱਕ ਸੀਮਤ ਹੋਕੇ ਰਹਿ ਜਾਂਦੇ ਹਾਂ। ਜਦ ਤੱਕ ਸਾਡੀਆਂ ਗੱਲਾਂ ਦਾ ਵਿਸ਼ਾ ਮਹਿੰਗਾਈ ਦੀ ਬਨਿਸਬਤ ਘਟ ਰਹੀਆਂ ਉਜਰਤਾਂ, ਸਾਡੀਆਂ ਸਰਕਾਰਾਂ ਵੱਲੋਂ ਕਾਰਪੋਰੇਸ਼ਨਾਂ ਨੂੰ ਗੱਫੇ ਤੇ ਆਮ ਲੋਕਾਂ ਨੂੰ ਧੱਕੇ, ਸਾਡੀਆਂ ਆਉਣ ਵਾਲ਼ੀਆਂ ਪੀੜ੍ਹੀਆਂ ਦੀਆਂ ਮੁਸ਼ਕਿਲਾਂ, ਬਜ਼ੁਰਗਾਂ ਦੀ ਹੋ ਰਹੀ ਤਰਸਯੋਗ ਹਾਲਤ, ਕੁੜੀਆਂ ਮੁੰਡਿਆਂ ਨਾਲ਼ ਅਸਾਵਾਂ ਵਿਹਾਰ, ਬੱਚਿਆਂ ਨੂੰ ਆਪਦੀ ਮਰਜੀ ਨਾਲ਼ ਆਪਦਾ ਜੀਵਨ ਜਿਉਣ ਦੀ ਅਜ਼ਾਦੀ, ਨਹੀ ਬਣਦੀਆਂ ਅਸੀਂ ਇਹਨਾਂ ਮੁਸ਼ਕਿਲਾਂ ਦਾ ਹੱਲ ਵੀ ਨਹੀਂ ਲੱਭ ਸਕਦੇ। ਮੈਂ ਦੇਖਦਾ ਹਾਂ ਸਭ ਲੋਕ ਆਪੋ ਆਪਦੇ ਦੇਸ਼ਾਂ ਦੇ ਅਜ਼ਾਦੀ ਦਿਨ ਮਨਾਉਂਦੇ ਹਨ ਪਰ ਜਿਨ੍ਹਾਂ ਕੋਲ਼ ਕੈਨੇਡੀਅਨ ਨਾਗਰਿਕਤਾ ਹੈ, ਉਹ ਵੀ ਪਿਛਲੇ ਦੇਸ਼ ਦਾ ਅਜ਼ਾਦੀ ਦਿਨ ਮਨਾਉਂਦੇ ਹਨ ਪਰ ਜਦ ਕੈਨੇਡਾ ਦਾ ਜਨਮ ਦਿਨ ਮਨਾਇਆ ਜਾਂਦਾ ਹੈ, ਫਿਰ ਉਹ ਲੋਕ ਦਿਖਾਈ ਨਹੀਂ ਦਿੰਦੇ ਹਾਲਾਂਕਿ ਉਹ ਨਾਗਰਿਕ ਕੈਨੇਡਾ ਦੇ ਹਨ। ਇਹ ਯਾਦ ਰੱਖਣ ਵਾਲ਼ੀ ਗੱਲ ਹੈ ਕਿ ਵਫਾ ਸਿਰਫ ਇੱਕ ਮੁਲਕ ਨਾਲ਼ ਹੀ ਹੋ ਸਕਦੀ ਹੈ। ਦੂਜੀ ਵੱਡੀ ਲੜਾਈ ਵੇਲ਼ੇ, ਜਪਾਨੀ ਲੋਕਾਂ ਨੂੰ ਘਰਾਂ 'ਚੋਂ ਕੱਢ ਕੇ ਕੈਂਪਾਂ ਵਿੱਚ ਬੰਦ ਕਰ ਦਿੱਤਾ ਗਿਆ ਸੀ। ਕੈਨੇਡਾ ਵਿੱਚ ਕਿਉਂਕਿ ਵਿੱਚ ਵਿੱਚ ਥੋੜ੍ਹੇ ਬਹੁਤੇ ਜਪਾਨੀ, ਜਪਾਨ ਲਈ ਸਾਹ ਭਰਦੇ ਸਨ ਪਰ ਸਜ਼ਾ ਸਾਰੇ ਜਪਾਨੀਆਂ ਨੂੰ ਮਿਲ਼ੀ ਸੀ। ਸੋ ਅਸੀਂ ਦੋ ਬੇੜੀਆਂ ਦੇ ਸਵਾਰ ਨਾ ਹੋਈਏ ਕਿਉਂਕਿ ਦੋ ਬੇੜੀਆਂ ਦਾ ਸਵਾਰ ਕਿਨਾਰੇ ਨਹੀਂ ਲੱਗਦਾ, ਇਹ ਮੁਲਕ ਸਾਡਾ ਹੈ, ਇਸ ਦੀ ਖਾਤਰ ਸਾਡਾ ਮੁੜਕਾ ਡੁਲਿਆ ਹੈ, ਸਾਡੇ ਬੱਚਿਆਂ ਦਾ ਭਵਿੱਖ ਇਸ ਨਾਲ਼ ਜੁੜਿਆ ਹੈ ਅਤੇ ਸਾਡਾ ਬੁਢਾਪਾ ਇਸ ਨਾਲ਼ ਜੜਿਆ ਹੈ। ਆਓ ਅਸੀਂ ਇਕੱਠੇ ਹੋਕੇ ਇਸ ਮੁਲਕ ਦੀਆਂ ਸਮੱਸਿਆਵਾਂ ਨਾਲ਼ ਜੂਝੀਏ, ਜ਼ਿੰਦਗੀ ਨੂੰ ਹੋਰ ਵਧੀਆ ਖੂਬਸੂਰਤ ਬਣਾਉਣ ਲਈ ਸੰਘਰਸ਼ ਕਰੀਏ।








# ਰੋਜ਼ ਥੀਏਟਰ ਵਿਚ ਚਾਰ ਘੰਟੇ ਲਗਾਤਾਰ ਚੱਲੀ ਪਾਤਰ ਦੀ ਸ਼ਾਇਰੀ ਤੇ ਸੁਰਾਂ ਦੀ ਸਰਗਮ

## ਸੁਰਜੀਤ ਪਾਤਰ ਤੇ ਵਰਿਆਮ ਸੰਧੂ ਨੂੰ ਗੋਲਡ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ




ਬਰੈਂਪਟਨ, (ਡਾ. ਝੰਡ) ਲੰਘੇ ਸ਼ਨੀਵਾਰ 17 ਅਗਸਤ ਨੂੰ ਬਰੈਂਪਟਨ ਦੇ ਰੋਜ਼ ਥੀਏਟਰ ਵਿਚ ਪੰਜਾਬੀ ਦੇ ਸਿਰਮੌਰ ਸ਼ਾਇਰ ਸੁਰਜੀਤ ਪਾਤਰ ਨਾਲ ਉਨ੍ਹਾਂ ਦੀ ਸ਼ਾਇਰੀ ਬਾਰੇ ਦਿਲਚਸਪ ਰੂ-ਬ-ਰੂ ਅਤੇ ਉਨ੍ਹਾਂ ਦੀਆਂ ਗ਼ਜ਼ਲਾਂ ਤੇ ਗੀਤਾਂ ਦਾ ਸੰਗੀਤਮਈ ਸਮਾਗ਼ਮ ਸ਼ਾਮ 6.00 ਵਜੇ ਤੋਂ ਰਾਤ ਦੇ 10.00 ਵਜੇ ਤੱਕ ਚੱਲਦਾ ਰਿਹਾ। ਇਸ ਦੌਰਾਨ ਪਾਤਰ ਦੀ ਸ਼ਖ਼ਸੀਅਤ ਦੀਆਂ ਵੱਖ-ਵੱਖ ਪਰਤਾਂ ਪੰਜਾਬੀ ਦੇ ਪ੍ਰਸਿਧ ਲੇਖਕ ਡਾ. ਵਰਿਆਮ ਸਿੰਘ ਸੰਧੂ ਵੱਲੋਂ ਕੀਤੇ ਗਏ ਰੌਚਕ ਸੁਆਲਾਂ ਅਤੇ ਪਾਤਰ ਵੱਲੋਂ ਦਿੱਤੇ ਗਏ ਉਨ੍ਹਾਂ ਦੇ ਖ਼ੂਬਸੂਰਤ ਜੁਆਬਾਂ ਨਾਲ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ ਗਈਆਂ। ਆਪਣੇ ਦਿਲਚਸਪ ਸੁਆਲਾਂ ਦੌਰਾਨ ਵਰਿਆਮ ਸੰਧੂ ਨੇ ਪਦਮਸ਼੍ਰੀ ਸੁਰਜੀਤ ਪਾਤਰ ਨੂੰ ਲੋਕ-ਮਨਾਂ ਦਾ ਸ਼ਾਇਰ ਤੇ ਪੰਜਾਬੀ ਸ਼ਾਇਰੀ ਦਾ ਮਾਊਂਟ ਐਵਰਿਸਟ ਵਰਗੇ ਵਿਸ਼ੇਸ਼ਣਾਂ ਨਾਲ ਸੰਬੋਧਨ ਕੀਤਾ ਅਤੇ ਉਨ੍ਹਾਂ ਨੇ ਪਾਤਰ ਹੋਰਾਂ ਨੂੰ ਉਨ੍ਹਾਂ ਦੇ ਬਚਪਨ, ਪੰਜਾਬ ਤੇ ਪਰਵਾਸ, ਸ਼ਾਇਰੀ ਦੀ ਪ੍ਰਕਿਰਿਆ ਤੇ ਪਿਛੋਕੜ, ਜਵਾਨੀ ਦੇ ਦਿਨਾਂ ਦੀਆਂ ਖ਼ੂਬਸੂਰਤ ਯਾਦਾਂ, ਵਿਵਾਹਿਤ-ਜੀਵਨ, ਗ਼ਜਲ਼ਾਂ ਤੇ ਗੀਤਾਂ ਵਿਚ ਬਿਰਖਾਂ ਦੇ ਬਾਰ-ਬਾਰ ਜ਼ਿਕਰ, ਆਦਿ ਬਾਰੇ ਕਈ ਸੁਆਲ ਕੀਤੇ ਜਿਨ੍ਹਾਂ ਦੇ ਜੁਆਬ ਪਾਤਰ ਵੱਲੋਂ ਆਪਣੀਆਂ ਗ਼ਜ਼ਲਾਂ ਦੇ ਕਈ ਸ਼ਿਅਰਾਂ ਅਤੇ ਗੀਤਾਂ ਦੇ ਹਵਾਲਿਆਂ ਨਾਲ ਕਲਾਤਮਿਕ ਅੰਦਾਜ਼ ਵਿਚ ਦਿੱਤੇ ਗਏ। ਸੁਆਲਾਂ-ਜੁਆਬਾਂ ਦੇ ਇਸ ਦਿਲਚਸਪ ਸਿਲਸਿਲੇ ਦੌਰਾਨ ਵਰਿਆਮ ਸੰਧੂ ਨੇ ਪ੍ਰੋਗਰਾਮ ਨੂੰ ਅੱਗੇ ਵਧਾਉਂਦਿਆਂ ਸੂਤਰਧਾਰ ਦੀ ਭੂਮਿਕਾ ਬਾਖ਼ੂਬੀ ਨਿਭਾਈ।

ਦਿਲਕਸ਼ ਜੁਆਬਾਂ ਵਿਚ ਪਾਤਰ ਨੇ ਸ਼ੁਰਆਤੀ ਦੌਰ ਵਿਚ ਲਿਖੀਆਂ ਆਪਣੀਆਂ ਗ਼ਜ਼ਲਾਂ ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ ਤੇ ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ ਆਦਿ ਦੇ ਪਿਛੋਕੜ ਬਾਰੇ ਦੱਸਦਿਆਂ ਕਿਹਾ ਕਿ ਇਨ੍ਹਾਂ ਵਿਚ ਬਿਰਖਾਂ ਦਾ ਜ਼ਿਕਰ ਸੁੱਤੇ-ਸਿੱਧ ਹੀ ਆ ਗਿਆ ਜਦੋਂ ਉਨ੍ਹਾਂ ਨੇ ਪੀ.ਏ.ਯੂ. ਵਿਚ ਰੁੱਖਾਂ ਹੇਠੋਂ ਲੰਘਦੀਆਂ ਕੁੜੀਆਂ ਦੇ ਝੁੰਡ ਨੂੰ ਤੱਕਿਆ ਅਤੇ ਲੁਧਿਆਣੇ ਦੀ ਪੁਰਾਣੀ ਕਚਹਿਰੀ ਨੇੜਿਉਂ ਲੰਘਦਿਆਂ ਉਨ੍ਹਾਂ ਦੀ ਨਜਰ ਉੱਥੇ ਕਚਹਿਰੀ ਵਿਚਲੇ ਉੱਚੇ-ਉੱਚੇ ਰੁੱਖਾਂ 'ਤੇ ਪਈ ਜੋ ਉਨ੍ਹਾਂ ਨੂੰ ਕਚਹਿਰੀ ਵਿਚ ਖੜ੍ਹੇ ਬੰਦਿਆਂ ਵਾਂਗ ਜਾਪੇ। ਉਨ੍ਹਾਂ ਸਰੋਤਿਆਂ ਨਾਲ ਆਪਣੀਆਂ ਗ਼ਜ਼ਲਾਂ ਦੇ ਕਈ ਸ਼ਿਅਰ ਸਾਂਝੇ ਕੀਤੇ ਜਿਨ੍ਹਾਂ ਵਿਚੋਂ ਲੋਕਾਂ ਨੂੰ ਜਦ ਯਾਦ ਕੀਤਾ, ਮੈਂ ਇਕੱਲਾ ਰਹਿ ਗਿਆ, ਸਤਿਗੁਰਾਂ ਨੂੰ ਯਾਦ ਕੀਤਾਂ, ਮੈਂ ਸਵਾ ਲੱਖ ਹੋ ਗਿਆ, ਖੋਲ੍ਹ ਦੇਂਦਾ ਦਿਲ ਜੇ ਸ਼ਬਦਾਂ ਵਿਚ ਯਾਰਾਂ ਦੇ ਨਾਲ, ਖੋਲ੍ਹਣਾ ਪੈਂਦਾ ਨਾ ਫਿਰ ਇਹ ਅੱਜ ਔਜ਼ਾਰਾਂ ਦੇ ਨਾਲ ਅਤੇ ਮੇਰੇ ਅੰਦਰ ਵੀ ਚੱਲਦੀ ਏ ਇਕ ਗੁਫ਼ਤਗੂ, ਜਿੱਥੇ ਪੁਰਖ਼ੇ ਤੇ ਵਾਰਿਸ ਹੋਵਣ ਰੂ-ਬਰੂ ਆਦਿ ਨੂੰ ਸਰੋਤਿਆਂ ਦੀਆਂ ਭਰਪੂਰ ਤਾੜੀਆਂ ਮਿਲੀਆਂ। ਸਰੋਤਿਆਂ ਦੀ ਫ਼ਰਮਾਇਸ਼ ਤੇ ਉਨ੍ਹਾਂ ਨੇ ਆਪਣੀਆਂ ਕੁਝ ਗ਼ਜਲਾਂ ਤਰੰਨਮ ਵਿਚ ਗਾਈਆਂ। ਇਸ ਦੌਰਾਨ ਬਚਪਨ ਵਿਚ ਬਾਪ ਦੇ ਸੱਤ-ਸਮੁੰਦਰ ਪਾਰ ਜਾਣ ਸਮੇਂ ਦਰਵਾਜ਼ੇ ਵਿਚ ਗੜਵੀ ਵਿਚ ਪਾਣੀ ਲੈ ਕੇ ਖੜੀ ਵੱਡੀ ਭੇਣ ਦੇ ਉਸ ਕੁੰਭਵਿਚ ਬਾਪ ਵੱਲੋਂ ਉਸ ਦੇ ਵਿਚ ਸੁੱਟੇ ਗਏ ਸਿੱਕੇ ਅਤੇ 1996 ਦੀ ਕੋਲੰਬੀਆ ਦੀ ਫੇਰੀ ਦੌਰਾਨ ਸਪੈਨਿਸ਼ ਲੋਕਾਂ ਦੇ ਵੱਡੇ ਇਕੱਠ ਵਿਚ ਸੁਣਾਈ ਗਈ ਕਵਿਤਾ ਮਾਂ ਜਿਸ ਦਾ ਸਪੈਨਿਸ਼ ਭਾਸ਼ਾ ਵਿਚ ਨਾਲ਼ੋ-ਨਾਲ਼ ਤਰਜਮਾ ਕੀਤਾ ਗਿਆ ਸੀ, ਤੋਂ ਪ੍ਰਭਾਵਿਤ ਹੋਏ ਇਕ ਬੱਚੇ ਉੱਪਰ ਲਿਖੀ ਕਵਿਤਾ ਜਾਗੂਗਰ ਦੇ ਜ਼ਿਕਰ ਨੇ ਸਰੋਤਿਆਂ ਨੂੰ ਭਾਵੁਕ ਕਰ ਕੀਤਾ।

ਸਮਾਗ਼ਮ ਵਿਚ ਸੁਰਜੀਤ ਪਾਤਰ ਦੀ ਸ਼ਾਇਰੀ ਨੂੰ ਉਨ੍ਹਾਂ ਦੇ ਛੋਟੇ ਭਰਾ ਉਪਕਾਰ ਸਿੰਘ, ਹੋਣਹਾਰ ਸਪੁੱਤਰ ਮਨਰਾਜ ਪਾਤਰ ਅਤੇ ਮੋਹਸਿਨ ਸ਼ੌਕਤ ਅਲੀ ਨੇ ਆਪਣੀਆਂ ਸੁਰੀਲੀਆਂ ਆਵਾਜ਼ਾਂ ਵਿਚ ਮਾਸਟਰ ਨਦੀਮ ਅਲੀ ਦੇ ਮਿਊਜ਼ਿਕ ਗਰੁੱਪ ਦੀ ਸੰਗਤ ਨਾਲ ਆਪੋ ਆਪਣੇ ਵਿਲੱਖਣ ਅੰਦਾਜ਼ ਵਿਚ ਗਾਇਆ ਜਿਸ ਨੂੰ ਖਚਾ-ਖੱਚ ਭਰੇ ਹਾਲ ਵਿਚ ਸਰੋਤਿਆਂ ਨੇ ਖ਼ੂਬ ਮਾਣਿਆਂ ਅਤੇ ਆਪਣੀਆਂ ਜ਼ੋਰਦਾਰ ਤਾੜੀਆਂ ਨਾਲ ਉਨ੍ਹਾਂ ਨੂੰ ਭਰਪੂਰ ਦਾਦ ਦਿੱਤੀ। ਤਿੰਨਾਂ ਗਾਇਕਾਂ ਵੱਲੋਂ ਪਾਤਰ ਦੀਆਂ ਵੱਖ-ਵੱਖ ਗ਼ਜ਼ਲਾਂ ਦੀ ਗਾਇਕੀ ਦੇ ਦੌਰ ਤੋਂ ਬਾਅਦ ਉਸ ਦੇ ਗੀਤਾਂ ਦਾ ਦੌਰ ਸ਼ੁਰੂ ਹੋਇਆ ਜਿਸ ਵਿਚ ਮਨਰਾਜ ਪਾਤਰ ਦੇ ਗਾਏ ਗੀਤ ਅੱਜ ਮੇਰੇ ਕੋਲੋਂ ਕੱਚ ਦਾ ਗਲਾਸ ਟੁੱਟਿਆ ਨੇ ਸਰੋਤਿਆਂ ਦੀ ਵਿਸ਼ੇਸ਼ ਵਾਹ-ਵਾਹ ਖੱਟੀ।

ਇਸ ਸ਼ੁਭ ਅਵਸਰ ਤੇ 'ਵਿਸ਼ਵ ਪੰਜਾਬੀ ਕਾਨਫਰੰਸ (ਰਜਿ.) ਟੋਰਾਂਟੋ' ਅਤੇ ਆਰ.ਬੀ.ਸੀ. ਦੇ ਅਵਾਰਡ ਜੇਤੂ ਸੀਨੀਅਰ ਮੌਰਟਗੇਜ ਸਪੈਸ਼ਲਿਸਟ ਸਰਬਜੀਤ ਸਿੰਘ ਵੱਲੋਂ ਸਾਂਝੇ ਤੌਰ 'ਤੇ ਸੁਰਜੀਤ ਪਾਤਰ ਨੂੰ ਉਨ੍ਹਾਂ ਦੀਆਂ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਪ੍ਰਤੀ ਸੇਵਾਵਾਂ ਸਦਕਾ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਸਨਮਾਨਿਤ ਕਰਨ ਵਾਲਿਆਂ ਵਿਚ ਕਾਨਫ਼ਰੰਸ ਦੇ ਚੇਅਰਮੈਨ ਗਿਆਨ ਸਿੰਘ ਕੰਗ, ਪ੍ਰਧਾਨ ਕਮਲਜੀਤ ਸਿੰਘ ਲਾਲੀ ਕਿੰਗ, ਜਨਰਲ ਸਕੱਤਰ ਪ੍ਰੋ. ਜਗੀਰ ਸਿੰਘ ਕਾਹਲੋਂ, ਸਰਬਜੀਤ ਸਿੰਘ, ਡਾ. ਗੁਰਚਰਨ ਸਿੰਘ ਅਤੇ ਕਈ ਹੋਰ ਸ਼ਾਮਲ ਸਨ। ਇਸ ਦੇ ਨਾਲ ਹੀ ਪੰਜਾਬੀ ਦੇ ਸਿਰਮੌਰ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਨੂੰ ਵਿਸ਼ਵ ਪੰਜਾਬੀ ਕਾਨਫ਼ਰੰਸ (ਰਜਿ.) ਦੇ ਉਪਰੋਕਤ ਅਹੁਦੇਦਾਰਾਂ ਅਤੇ ਕਰਾਊਨ ਇਮੀਗ੍ਰੇਸ਼ਨ ਦੇ ਸੰਚਾਲਕ ਰਾਜਪਾਲ ਹੋਠੀ ਅਤੇ ਉਨ੍ਹਾਂ ਦੀ ਟੀਮ ਵੱਲੋਂ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਜਿਸ ਵਿਚ ਉਨ੍ਹਾਂ ਤੋਂ ਇਲਾਵਾ ਨਵਪਾਲ ਹੋਠੀ, ਬਵਨੀਤ ਅਮਲੋਹ, ਦਿਲਪ੍ਰੀਤ ਜੌਹਲ ਅਤੇ ਡਾ. ਸੁਖਦੇਵ ਸਿੰਘ ਝੰਡ ਸ਼ਾਮਲ ਸਨ। ਸ਼ਾਇਰੀ ਦੀ ਇਸ ਸੁਰਮਈ ਸ਼ਾਮ ਦੇ ਆਯੋਜਿਕ ਟੋਰਾਂਟੋ ਦੇ ਜਾਣੇ-ਪਛਾਣੇ ਮੀਡੀਆਕਾਰ ਪ੍ਰਾਈਮ ਏਸ਼ੀਆ ਟੀ.ਵੀ. ਦੇ ਹਰਮਨ-ਪਿਆਰੇ ਪ੍ਰੋਗਰਾਮ ਸੀਰਤ ਦੇ ਸੰਚਾਲਕ ਸੁਪਨ ਸੰਧੂ ਸਨ ਜਿਨ੍ਹਾਂ ਨੇ ਰਾਜਬੀਰ ਦੇ ਨਾਲ ਮੰਚ-ਸੰਚਾਲਨ ਦੀ ਭੂਮਿਕਾ ਬਾਖ਼ੂਬੀ ਨਿਭਾਈ।


ਮੈਟਰੋ ਇਮੀਗ੍ਰੇਸ਼ਨ




1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਉਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ।ਸਾਡੇ ਨਾਲ ਸਬੰਧਤ ਦਫਤਰ ਲੁਧਿਆਣੇ ਅਤੇ ਜਲੰਧਰ ਵੀ ਹੈ।
2. ਪੇਰੈਂਟਸ ਜਾਂ ਗ੍ਰੈਂਡ-ਪੇਰੈਂਟਸ ਦੇ ਸੁਪਰਵੀਜ਼ਾ ਕੇਸ
3. ਵਿਜਟਰ ਟੂ ਕੈਨੇਡਾ (ਐਫਡੇਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੈਸ ਐਂਟਰੀ ਵੀਜਾ
5. ਪੀ ਆਰ ਲਈ ਐਲ.ਆਈ.ਐਮ.ਏ.
6. ਹਰ ਕਿਸਮ ਦੇ ਰਫੀਊਜਲ ਦੇ ਕੇਸ ਜਿਵੇਂ ਸਪਾਉਸਲ, ਇਨਸਫੀਸ਼ੈਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਉਜਲ ਆਦਿ ਦੇ ਕੇਸਾਂ ਲਈ ਆਈ.ਏ.ਡੀ. ਨੂੰ ਅਪੀਲ ਕੇਸ
7. ਸੈਲਫ ਇੰਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ.ਐਨ.ਪੀ ਮੈਨਟਿਬਾ, ਐਲਬਰਟਾ, ਸਸਕੇਚ, ਪੀ ਈ ਆਈ, ਇਨਵੈਸਟਰ, ਪੀ ਐਨ ਪੀ ਬਿਜਨਸ।
9. ਕਮਸ਼ਿਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੈਂਟਸ ਜਾਂ ਗਰੈਂਡ ਪੇਰੈਂਟਸ)
11. ਪੀ.ਆਰ. ਕਾਰਡ ਰਿਨੀਊਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕਿਸ਼ਨ
13. ਸਿਟੀਜ਼ਨਸ਼ਿਪ ਐਪਲੀਕੇਸ਼ਨ
14. ਯੂ.ਐਸ. ਵਿਜਿਟਰ ਵੀਜਾ
15. ਵਿਜਿਟਰ, ਵਰਕ, ਸਟੂਡੈਂਟ ਵੀਜਾ ਐਕਟੈਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ,ਵਰਕਰ, ਕੈਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ.ਆਰ.ਧੀ.ਐਸ ਤੋਂ ਐਲ.ਐਮ.ਆਈ.ਏ. ਫਾਰ ਵਰਕ ਪਰਿਮਟ
18. ਸੀ.ਏ.ਆਈ.ਪੀ.ਸੀ..ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਊਜ਼ੀਲੈਂਡ ਜਾਂ ਕੇਨੇਡਾ ਲਈ ਸਟੂਡੈਂਟ ਵੀਜਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ

Suresh Gupta
Certified Immigration Practitioner (RCIC) Member ICCRC
905-913-7700
info@metroimmigration.com
www.metroimmigration.com
12-2355 Derry Road East, Mississauga, Ont. L5S 1V6



STARLINE Painting Ltd.
STARLINE PAINTING LTD.
RESIDENTIAL • COMMERCIAL • INDUSTRIAL
• Hotel • Motel • Exterior & Interior
• Office Painting • Drywall Fixing
• Spray Painting
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

Call Sukhi for FREE Estimate
7 Days A Week
100% Satisfaction Guarantee
416.230.4000 • 647.409.1092
www.starlinepainting.com



MAROK LAW OFFICE
Always Taking You Forward

• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

### ਮਹਿਲਕਲਾਂ ਲੋਕ ਸੰਘਰਸ਼ ਦੇ ਇਤਿਹਾਸ ਦੇ ਬਾਈ ਵਰ੍ਹੇ

# ਲੋਕ ਆਗੂ ਮਨਜੀਤ ਧਨੇਰ ਦੀ ਉਮਰ ਕੈਦ ਸਜ਼ਾ ਖਤਮ ਕਰਾਉਣਾ ਵੱਡੀ ਚੁਣੌਤੀ : ਗੁਰਬਿੰਦਰ ਕਲਾਲਾ



ਅੱਜ ਤੋਂ 2 ਸਾਲ ਪਹਿਲਾਂ ਮਹਿਲਕਲਾਂ ਦੀ ਧਰਤੀ ਉੱਤੇ ਕਿਰਨਜੀਤ ਕੌਰ ਸਮੂਹਿਕ ਜਬਰ ਜਿਨਾਹ ਅਤੇ ਕਤਲ ਕਾਂਡ ਨੂੰ ਵਾਪਰਿਆਂ ਭਲੇ ਹੀ ਲੰਬਾ ਅਰਸਾ ਬੀਤ ਗਿਆ ਹੈ। ਪਰ ਲੋਕ ਮਨਾਂ ਅੰਦਰ ਇਸ ਦਰਦਨਾਕ ਵਰਤਾਰੇ ਦੀ ਚੀਸ ਮੱਠੀ ਨਹੀਂ ਪਈ। ਸਗੋਂ ਲੋਕਾਂ ਅੰਦਰ ਗੁੱਸੇ ਦੀ ਜਵਾਲਾ ਲਟ-ਲਟ ਕਰਕੇ ਬਲ ਰਹੀ ਹੈ। ਇਸ ਗੱਲ ਦਾ ਗਵਾਹ ਅੱਜ ਦਾ ਹਜ਼ਾਰਾਂ ਮਰਦ-ਔਰਤਾਂ ਦਾ ਮਹਿਲਕਲਾਂ ਦੀ ਧਰਤੀ ਉੱਤੇ ਜੁੜਿਆ ਹਾਕਮਾਂ ਨੂੰ ਵੰਗਾਰਦਾ ਜਾਬਰ ਦੇ ਢਿੱਡੀਂ ਹੌਲ ਪਾਉਂਦਾ ਇਕੱਠ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਐਕਸ਼ਨ ਕਮੇਟੀ ਮਹਿਲਕਲਾ ਦੇ ਕਨਵੀਨਰ ਸਾਥੀ ਗੁਰਬਿੰਦਰ ਸਿੰਘ ਕਲਾਲਾ, ਨਰਾਇਣ ਦੱਤ ਅਤੇ ਮਨਜੀਤ ਧਨੇਰ ਨੇ ਆਪਣੇ ਜੋਸ਼ੀਲੇ ਜਬਤਬੱਧ ਵਿਚਾਰਾਂ ਰਾਹੀਂ ਕੀਤਾ। ਐਕਸ਼ਨ ਕਮੇਟੀ ਆਗੂਆਂ ਨੇ ਕਿਹਾ ਕਿ 29 ਜੁਲਾਈ 1997 ਨੂੰ ਮਹਿਲਕਲਾਂ ਵਿਖੇ ਵਿਦਿਆਰਥਣ ਕਿਰਨਜੀਤ ਕੌਰ ਨੂੰ ਪਿੰਡ ਦੇ ਸਿਆਸੀ ਸ਼ਹਿ ਪ੍ਰਾਪਤ ਗੁੰਡਿਆਂ ਵੱਲੋਂ ਅਗਵਾ/ਸਮੂਹਿਕ ਜਬਰਜਿਨਾਹ ਤੋਂ ਬਾਅਦ ਕਤਲ ਕਰ ਦਿੱਤਾ ਗਿਆ ਸੀ। ਦੋਸ਼ੀਆਂ ਨੂੰ ਲੋਕ ਤਾਕਤ ਦੇ ਲੰਮੇ ਸੰਘਰਸ਼ ਆਸਰੇ ਸਖਤ ਸਜ਼ਾਵਾਂ ਦਿਵਾਈਆਂ ਗਈਆਂ ਸਨ। ਔਰਤ ਮੁਕਤੀ ਲਈ 'ਸੰਘਰਸ਼ ਦਾ ਚਿੰਨ' ਬਣੀ ਕਿਰਨਜੀਤ ਕੌਰ ਦੀ ਯਾਦ ਨੂੰ ਅੱਜ ਵੀ 'ਔਰਤ ਮੁਕਤੀ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਇਹ ਸੰਘਰਸ਼ ਲੋਕਾਂ ਨੂੰ ਹਰ ਸਾਲ ਲੋਕ ਪੱਖੀ ਨਵਾਂ ਜਮਹੂਰੀ ਸਮਾਜ ਦੀ ਸਿਰਜਣ ਲਈ ਜੂਝਣ ਦਾ ਸੰਦੇਸ਼ ਦਿੰਦਾ ਹੈ। ਕਿਉਂਕਿ ਔਰਤਾਂ ਉੱਪਰ ਹੁੰਦੇ ਜਬਰ ਦੀ ਜੰਮਣ ਭੋਇੰ ਲੁਟੇਰਾ ਤੇ ਜਾਬਰ ਢਾਂਚਾ ਹੈ। ਇਸ ਸਮੇਂ ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਦੇਸ਼ ਦੇ ਹਾਕਮ ਦੇਸੀ ਬਦੇਸੀ ਕਾਰਪੋਰੇਟ ਜਗਤ ਪੱਖੀ ਵਿਕਾਸ ਮਾਡਲ ਨੂੰ ਬੇਰੋਕ ਅੱਗੇ ਵਧਾਉਣ ਲਈ ਲੋਕਾਂ ਉਪਰ ਲੁੱਟ, ਜਬਰ ਤੇ ਦਾਬਾ ਪਾ ਰਹੇ ਹਨ। ਖਾਸ ਕਰ ਔਰਤਾਂ ਉੱਪਰ ਜਬਰ ਸਾਰੇ ਹੱਦਾਂ ਬੰਨੇ ਪਾਰ ਕਰ ਰਿਹਾ ਹੀ ਕਿਉਂਕਿ ਔਰਤਾਂ ਉੱਪਰ ਜਬਰ ਅਤੇ ਦਾਬਾ ਇਸ ਰਾਜਕੀ ਪ੍ਰਬੰਧ ਦੀ ਪੈਦਾਵਾਰ ਹੈ ਜੋ ਸਮੇਂ-ਸਮੇਂ ਬਦਲਦੀਆਂ ਰਹੀਆਂ ਸਰਕਾਰਾਂ ਦੇ ਬਾਵਜੂਦ ਵੀ ਜਾਰੀ ਹੈ। ਹਾਕਮ ਫਿਰਕੂ ਫਾਸ਼ੀਵਾਦੀ ਹਾਕਮ ਨਵਉਦਾਰਵਾਦੀ ਨੀਤੀਆਂ ਨੂੰ ਹੋਰ ਵੱਧ ਸਖਤੀ ਨਾਲ ਲਾਗੂ ਕਰਨ ਲਈ ਜਿੱਥੇ ਲੋਕਾਂ ਉੱਤੇ ਮਹਿੰਗਾਈ, ਟੈਕਸਾਂ ਆਦਿ ਦਾ ਬੋਝ ਪਾ ਰਹੇ ਹਨ ਉੱਥੇ ਉਹ ਕਾਲੇ ਕਾਨੂੰਨਾਂ ਨੂੰ ਹੋਰ ਵੱਧ ਜਾਬਰ ਬਣਾਕੇ ਲੋਕਾਂ ਦੀ ਜੁਬਾਨਬੰਦੀ ਕਰਨ ਦੇ ਵੀ ਰਾਹ ਪਏ ਹੋਏ ਹਨ। ਆਰ.ਐਮ.ਪੀ.ਆਈ ਦੇ ਸੂਬਾ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਅੱਜ ਔਰਤ ਸਮੇਤ ਦੇਸ਼ ਦਾ ਹਰ ਕਿਰਤੀ ਤਬਕਾ ਘੋਰ ਤੰਗੀਆਂ-ਤੁਰਸ਼ੀਆਂ 'ਚ ਕਰਾਹ ਰਿਹਾ ਹੈ ਤੇ ਗੁਲਾਮੀ ਦੀ ਜੂਨ ਭੋਗ ਰਿਹਾ ਹੈ। ਇਸ ਗੁਲਾਮੀ ਤੋਂ ਮੁਕਤੀ ਲਈ ਕਿਰਤੀ ਲੋਕਾਂ ਨੂੰ ਮਹਿਲਕਲਾਂ ਦੇ ਇਸ ਸਾਂਝੇ ਲੋਕ ਘੋਲ ਤੋਂ ਪ੍ਰੇਰਨਾ ਹਾਸਲ ਕਰਦਿਆਂ ਲੋਕ ਜੱਦੋਜਹਿਦ ਨੂੰ ਚੇਤੰਨ ਤੇ ਲਾਮਬੰਦ ਕੀਤਾ ਜਾਣਾ ਅਤੀ ਜਰੂਰੀ ਹੈ। ਸੀਪੀਆਈ ਦੇ ਸੂਬਾ ਸਕੱਤਰ ਬੰਤ ਬਰਾੜ ਨੇ ਬੋਲਦਿਆਂ ਕਿਹਾ ਕਿ ਔਰਤ ਜਮਾਤ ਉੱਪਰ ਹਰ ਤਰਾਂ ਦਾ ਹਮਲਾ ਸਾਮਰਾਜੀ-ਸਰਮਾਏਦਾਰਾ ਪ੍ਰਬੰਧ ਦੁਆਰਾ ਕੀਤੀ ਜਾਂਦੀ ਹਰ ਤਰ੍ਹਾਂ ਦੀ ਲੁੱਟ ਦਾ ਇਕ ਅੰਗ ਹੈ। ਇਸ ਤੋਂ ਮੁਕਤੀ ਲਈ ਜ਼ਰੂਰੀ ਹੈ ਕਿ ਜਮਾਤੀ ਜੱਦੋਜਹਿਦ ਨੂੰ ਹੋਰ ਵੱਧ ਤੇਜ਼ ਕੀਤਾ ਜਾਵੇ। ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਕਿਹਾ ਕਿ ਸੂਬੇ ਦਾ ਦਰਮਿਆਨਾ ਤੇ ਗਰੀਬ ਕਿਸਾਨ ਕਰਜ਼ੇ, ਖੁਦਕਸ਼ੀਆਂ, ਬੇਰੁਜ਼ਗਾਰੀ, ਬਿਮਾਰੀਆਂ, ਅਨਪੜ੍ਹਤਾ ਤੇ ਮਾਨਸਿਕ ਪ੍ਰੇਸ਼ਾਨੀਆਂ 'ਚ ਦਿਨ ਕੱਟ ਰਿਹਾ ਹੈ। ਕਿਸਾਨਾਂ ਦੀ ਮੁਕਤੀ ਲਈ ਕਿਸਾਨ ਲਹਿਰ ਨੂੰ ਮੁਲਕ ਪੱਧਰ ਤੇ ਮਜਬੂਤ ਕਰਦਿਆਂ ਮਹਿਲਕਲਾਂ ਦੇ ਸਾਂਝੇ ਵਿਸ਼ਾਲ ਸੰਗਰਾਮ ਦੀ ਤਰ੍ਹਾਂ ਹੀ ਮੁਲਕ ਪੱਧਰੇ ਖੇਤੀ ਸੰਕਟ (ਪੇਂਡੂ ਸੱਭਿਅਤਾ) ਨੂੰ ਸੰਬੋਧਿਤ ਹੋਣ ਦੀ ਲੋੜ ਹੈ। ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਨੇ ਨੇਤਾ ਆਮ ਆਦਮੀ ਪਾਰਟੀ ਦੇ ਬੁਲਾਰੇ ਹਰਪਾਲ ਚੀਮਾ ਨੇ ਪੰਜਾਬ ਦੇ ਖਾਸ ਕਰ ਮਹਿਲਕਲਾਂ-ਬਰਨਾਲਾ ਇਲਾਕੇ ਦੇ ਅਣਖੀਲੇ ਲੋਕਾਂ ਨੂੰ ਸਲਾਮ ਕਹਿੰਦਿਆਂ ਕਿਹਾ ਕਿ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਲਗਾਤਾਰ ਸਾਂਝੀ ਜਾਬਰਾਂ ਜਰਵਾਣਿਆਂ ਖਿਲਾਫ ਸੰਘਰਸ਼ ਜਾਰੀ ਰੱਖਣਾ ਕੋਈ ਛੋਟੀ ਪ੍ਰਾਪਤੀ ਨਹੀਂ ਹੈ ਇਹ ਆਪਣੇ ਆਪ ਵਿੱਚ ਇੱਕ ਇਤਿਹਾਸ ਹੈ। ਹਰਪਾਲ ਚੀਮਾ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ ਕਿ ਕਿੱਡੀ ਸਰਮ ਦੀ ਗੱਲ ਹੇ ਕਿ ਕਿਰਨਜੀਤ ਦੇ ਕਾਤਲ ਸਜ਼ਾ ਕੱਟਕੇ ਘਰ ਆ ਗਏ ਪਰ ਕਿਰਨਜੀਤ ਦੀ ਰਾਖੀ ਲਈ ਜੱਦੋਜਹਿਦ ਕਰਨ ਵਾਲੇ ਲੋਕ ਆਗੂ ਮਨਜੀਤ ਧਨੇਰ ਉੱਪਰ ਉਮਰ ਕੈਦ ਸਜ਼ਾ ਤਲਵਾਰ ਲਮਕ ਰਹੀ ਹੈ। ਇਸ ਨੂੰ ਪ੍ਰਬੰਧ ਦੀ ਵੱਡੀ ਨਾਕਾਮੀ ਮੰਨਣਾ ਚਾਹੀਦਾ ਹੈ। ਡੀਐੱਫਐਫ ਦੇ ਸੂਬਾ ਆਗੂ ਜਗਰਾਜ ਸਿੰਘ ਟੱਲੇਵਾਲ ਨੇ ਸਿੱਖਿਆ ਦਾ ਬਜਾਰੀਕਰਨ, ਵਪਾਰੀਕਰਨ ਤੇ ਭਗਵਾਂਕਰਨ ਕਰਨ ਵਾਲੀਆਂ ਸਰਕਾਰੀ ਨੀਤੀਆਂ ਦਾ ਵਿਰੋਧ ਕੀਤਾ, ਨਾਲ ਹੀ ਸਮਾਜ ਜਬਰ ਵਿਰੱਧ ਮਹਿਲਕਲਾਂ ਦੀ ਧਰਤੀ ਉੱਤੇ ਚੱਲ ਰਹੀ ਜੱਦੋਜਹਿਦ ਵਿੱਚ ਲਗਾਤਾਰ ਯੋਗਦਾਨ ਪਾਉਂਦੇ ਰਹਿਣ ਦਾ ਵਾਅਦਾ ਕੀਤਾ। ਅਧਿਆਪਕ ਦਲ ਪੰਜਾਬ ਦੇ ਆਗੂ ਬਲਦੇਵ ਸਿੰਘਨੇ ਸਮਾਜਿਕ ਜਬਰ ਖਾਸ ਕਰ ਔਰਤਾਂ ਉੱਤੇ ਜਬਰ ਦੇ ਵਰਤਾਰੇ ਉੱਪਰ ਚਿੰਤਾ ਪ੍ਰਗਟ ਕਰਦਿਆਂ ਇਸ ਵਰਤਾਰੇ ਨੂੰ ਨੱਥ ਪਾਉਣ ਲਈ ਮਹਿਲਕਲਾਂ ਵਾਂਗ ਸਾਂਝੇ ਵਿਸ਼ਾਲ ਸੰਘਰਸ਼ਾਂ ਦੀ ਲੋੜ 'ਤੇ ਜ਼ੋਰ ਦਿੱਤਾ। ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਨੇ ਕਿਹਾ ਕਿ ਜਦੋਂ ਸਰਕਾਰ ਕਿਰਤੀ ਲੋਕਾਂ ਨੂੰ ਸਸਤੀਆਂ ਸਿਹਤ ਸਹੂਲਤਾਂ ਪ੍ਰਦਾਨ ਕਰਦੇ ਗਰੀਬ ਮੱਧਵਰਗੀ ਪੇਂਡੂ ਡਾਕਟਰਾਂ ਨੂੰ ਨਵੀਆਂ ਨੀਤੀਆਂ ਰਾਹੀਂ ਉਜਾੜਨ ਦੇ ਰਾਹ ਪਈ ਹੋਈ ਹੈ ਤਾਂ ਸਮਾਜਿਕ ਜਬਰ ਵੀ ਸਾਰੇ ਹੱਦਾਂ ਬੰਨੇ ਪਾਰ ਕਰ ਰਿਹਾ ਹੈ। ਇਸ ਲਈ ਸਾਂਝੇ ਸੰਘਰਸ਼ਾਂ ਨੂੰ ਸਹੀ ਬੁਨਿਆਦ ਰਾਹੀਂ ਅੱਗੇ ਵਧਾਇਆ ਜਾਵੇ। ਟੀ.ਐੱਸ.ਯੂ. ਦੇ ਸਰਕਲ ਆਗੂ ਦਰਸ਼ਨ ਸਿੰਘ ਨੇ ਨਿੱਜੀਕਰਨ, ਨਿਗਮੀਕਰਨ ਦੀਆਂ ਨੀਤੀਆਂ ਵਿਰੱਧ ਆਪਣੀ ਤਬਕਾਤੀ ਮੰਗਾਂ ਲਈ ਚੱਲ ਰਹੇ ਸੰਘਰਸ਼ ਦੀ ਗੱਲ ਕਰਦਿਆਂ ਕਿਹਾ ਕਿ ਹਾਕਮਾਂ ਦਾ ਇਹ ਹੱਲੇ ਦਾ ਮੂੰਹ ਤੋੜ ਜਵਾਬ ਦੇਣ ਲਈ ਸੰਘਰਸ਼ਾਂ ਦਾ ਘੇਰਾ ਵਿਸ਼ਾਲ ਕਰਦਿਆਂ ਇਸ ਨੂੰ ਤੇਜ਼ ਕਰਨਾ ਪਵੇਗਾ। ਐਕਸ਼ਨ ਕਮੇਟੀ ਵੱਲੋਂ ਇਸ ਵਾਰ ਲੋਕਤਾ ਦੀ ਆਵਾਜ਼ ਪੰਜਾਬੀ ਟ੍ਰਿਬਿਊਨ ਦੇ ਬਠਿੰਡਾ ਤੋਂ ਪ੍ਰਤੀਨਿਧ 'ਚਰਨਜੀਤ ਭੁੱਲਰ' ਨੂੰ ਐਕਸ਼ਨ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਸਮੁੱਚੀ ਐਕਸ਼ਨ ਕਮੇਟੀ ਵੱਲੋਂ ਤੇ ਇਸ ਸੰਘਰਸ਼ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੀਆਂ ਔਰਤ ਆਗੂਆਂ ਤੇ ਐਕਸ਼ਨ ਕਮੇਟੀ ਦੇ ਕਨਵੀਨਰ ਰਹੇ ਮਰਹੂਮ ਆਗੂ ਸਾਥੀ ਭਗਵੰਤ ਸਿੰਘ ਦੀ ਜੀਵਨ ਸਾਥਣ ਭੈਣ ਪ੍ਰੇਮਪਾਲ ਕੌਰ, ਪਰਮਜੀਤ ਕੌਰ ਮਹਿਲਕਲ਼ਾਂ (ਕਿਰਨਜੀਤ ਦੀ ਮਾਤਾ) ਅਤੇ ਇਨਕਲਾਬੀ ਨੌਜਵਾਨ ਵਿਦਿਆਰਥੀ ਮੰਚ ਦੀ ਕਾਰਕੁੰਨ ਗਗਨ ਅਜ਼ਾਦ ਦੇ ਸਹਿਯੋਗ ਨਾਲ ਦਿੱਤਾ ਗਿਆ। ਚਰਨਜੀਤ ਭੁੱਲਰ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਔਰਤ ਜਮਾਤ ਦੀ ਮੁਕਤੀ ਲਈ ਉਨ੍ਹਾਂ ਨੂੰ ਖੁਦ ਆਪਣੇ ਹੱਕਾਂ ਲਈ ਸਭ ਤਰਾਂ ਦੀਆਂ ਰੁਕਾਵਟਾਂ ਤੋੜਕੇ ਅੱਗੇ ਆਉਣਾ ਚਾਹੀਦਾ ਹੈ। ਕਲਮਾਂ ਦੇ ਸਨਮਾਨ ਬਾਰੇ ਗੱਲ ਕਰਦਿਆਂ ਚਰਨਜੀਤ ਭੁੱਲਰ ਕਿ ਕਲਮ ਲੋਕਾਂ ਦੇ ਸੰਘਰਸ਼ਾਂ ਦੀ ਖੁਰਾਕ ਬਣ ਸਕਦੀ ਹੈ, ਬਸ਼ਰਤੇ ਕਲਮ ਨੂੰ ਆਪਣੇ ਫਰਜ਼ਾਂ ਦੀ ਪਛਾਣ ਹੋਵੇ। ਇਸ ਸਮੇਂ ਐਕਸ਼ਨ ਕਮੇਟੀ ਵੱਲੋਂ ਮਨਜੀਤ ਧਨੇਰ ਦੀ ਸਜ਼ਾ ਰੱਦ ਕਰਨ, ਵਿੱਦਿਆ ਦਾ ਭਗਵਾਂਕਰਨ/ਬਜ਼ਾਰੀਕਰਨ/ਵਿਸ਼ਵ ਵਪਾਰ ਸੰਸਥਾ ਦੇ ਹਵਾਲੇ ਕਰਨ ਵਿਰੱਧ, ਔਰਤਾਂ ਖਾਸ ਕਰ ਦਲਿਤ ਪ੍ਰੀਵਾਰ ਦੀਆਂ ਔਰਤਾਂ ਉਪਰ ਜਬਰ ਨੂੰ ਠੱਲਣ, ਭੀੜ ਤੰਤਰ ਵੱਲੋਂ ਘੱਟਗਿਣਤੀ ਮੁਸਲਮਾਨਾਂ ਅਤੇ ਦਲਿਤਾਂ ਨੂੰ ਜਬਰ ਦਾ ਨਿਸ਼ਾਨਾ ਬਣਾਉਣ ਖਿਲਾਫ, ਨਸ਼ਾਖੋਰੀ ਤੇ ਲੱਚਰ-ਲੋਟੂ ਸੱਭਿਆਚਾਰ ਬੰਦ ਕਰਨ, ਜਲਿਆਂਵਾਲਾ ਬਾਗ ਦੀ ਸ਼ਹੀਦੀ ਵਿਰਾਸਤ ਨਾਲ ਛੇੜਛਾੜ ਬੰਦ ਕਰਨ, ਸ਼ਹੀਦ ਭਗਤ ਹੋਰਾਂ ਦੇ ਤੂੜੀ ਬਜਾਰ ਫਿਰੋਜ਼ਪੁਰ ਵਿਚਲੇ ਗੁਪਤ ਟਿਕਾਣੇ ਨੂੰ ਸ਼ਹੀਦੀ ਵਿਰਾਸਤ ਵਜੋਂ ਸਾਂਭਣ, ਗੁਰੂ ਨਾਨਕ ਦੇਵ ਜੀ ਦੇ ਫਲਸਫੇ ਨੂੰ ਬੁਲੰਦ ਕਰਨ, ਸੰਘਰਸ਼ ਕਰਨ ਵਾਲੇ ਤਬਕਿਆਂ ਉੱਪਰ ਪੰਜਾਬ ਸਰਕਾਰ ਵੱਲੋਂ ਮੜੀ ਅਣਐਲਾਨੀ ਐਮਰਜੈਂਸੀ ਵਿਰੁੱਧ, ਦਰਜ ਝੂਠੇ ਪੁਲਿਸ ਕੇਸ ਵਾਪਸ ਲੈਣ, ਕਿਰਤ ਕਾਨੂੰਨਾਂ ਵਿਰੁੱਧ ਕੀਤੀਆਂ ਜਾ ਰਹੀਆਂ ਕਿਰਤੀਆਂ ਵਿਰੋਧੀ ਸੋਧਾਂ ਵਾਪਸ ਲੈਣ, ਵੱਖ-ਵੱਖ ਤਬਕਿਆਂ ਦੇ ਚੱਲ ਰਹੇ ਹੱਕੀ ਅਤੇ ਜਾਇਜ ਸੰਘਰਸ਼ਾਂ ਦੀ ਡਟਵੀਂ ਹਮਾਇਤ ਕਰਨ ਦੇ ਕੁਲਵੰਤ ਰਾਏ ਵੱਲੋਂ ਪੇਸ਼ ਮਤੇ ਪਾਸ ਕੀਤੇ ਗਏ। ਕੋਰਿਉਗ੍ਰਾਫੀਆਂ 'ਗੋਰੇ ਕਾਲੇ ਅਤੇ ਮੈਂ ਭਾਰਤ ਹਾਂ' ਆਜ਼ਾਦ ਰੰਗ ਮੰਚ ਬਰਨਾਲਾ (ਨਿਰਦੇਸ਼ਕ ਰਣਜੀਤ ਭੋਤਨਾ) ਵੱਲੋਂ ਪੇਸ਼ ਕੀਤੀਆਂ ਗਈਆਂ। ਸ਼ਰਧਾਂਜਲੀ ਗੀਤ ਅਜਮੇਰ ਅਕਲੀਆ ਨੇ ਪੇਸ਼ ਕੀਤਾ। ਸਰਕਾਰੀ ਹਾਈ ਸਕੂਲ ਮਹਿਲਖੁਰਦ ਅਤੇ ਸ਼ਹੀਦ ਭਗਤ ਸਿੰਘ ਕਲਾਬ ਕੁਰੜ ਦੇ ਵਿਦਿਆਰਥੀਆਂ ਨੇ ਵੀ ਕੋਰਿਓਗ੍ਰਾਫੀਆਂ ਪੇਸ਼ ਕੀਤੀਆਂ। ਐਕਸ਼ਨ ਕਮੇਟੀ ਮਹਿਲਕਲਾਂ ਤੋਂ ਇਲਾਵਾ ਬੀਕੇਯੂ ਡਕੌਂਦਾ ਅਤੇ ਇਨਕਲਾਬੀ ਨੌਜਵਾਨ ਵਿਦਿਆਰਥੀ ਮੰਚ ਵੱਲੋਂ ਨਿਭਾਈ ਗਈ ਸ਼ਾਨਦਾਰ ਭੂਮਿਕਾ ਦੀ ਸ਼ਲਾਘਾ ਕੀਤੀ ਗਈ। ਬਹੁਤ ਸਾਰੇ ਕਲਾਕਰਾਂ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਇਸ ਸਮੇਂ ਗੁਰਦੇਵ ਸਹਿਜੜਾ, ਅਮਰਜੀਤ ਕੁੱਕੂ, ਮਲਕੀਤ ਸਿੰਘ ਵਜੀਦਕੇ, ਪ੍ਰੇਮ ਕੁਮਾਰ, ਜਰਨੈਲ ਸਿੰਘ, ਪ੍ਰੀਤਮ ਦਰਦੀ, ਸੁਰਿੰਦਰ ਸਿੰਘ ਜਲਾਲਦੀਵਾਲ, ਗੁਰਦੇਵ ਸਿੰਘ ਮਹਿਲਖੁਰਦ, ਜਗਮੋਹਣ ਸਿੰਘ ਪਟਿਆਲਾ, ਗੁਰਜੰਟ ਸਿੰਘ, ਜਗਰਾਜ ਹਰਦਾਸਪੁਰਾ, ਗੁਰਦੇਵ ਮਾਂਗੇਵਾਲ, ਦਰਸ਼ਨ ਸਿੰਘ ਉਗੋਕੇ, ਸਾਹਿਬ ਸਿੰਘ ਬਡਬਰ, ਡਾ. ਰਜਿੰਦਰਪਾਲ, ਗੁਰਦੀਪ ਰਾਮਪੁਰਾ, ਗੁਰਮੇਲ ਠੁੱਲੀਵਾਲ, ਰਾਜੀਵ ਕੁਮਾਰ, ਰਜਿੰਦਰ ਭਦੌੜ, ਮੇਘ ਰਾਜ ਮਿੱਤਰ ਆਦਿ ਆਗੂ ਹਾਜ਼ਰ ਸਨ। ਅਗਾਂਹਵਧੂ ਕਿਤਾਬਾਂ ਦੀਆਂ ਡੇਢ ਦਰਜਨ ਦੇ ਕਰੀਬ ਸਟਾਲਾਂ ਲੱਗੀਆਂ ਹੋਈਆਂ ਸਨ। ਮਹਿਲਕਲਾਂ ਲੋਕ ਸੰਘਰਸ਼ ਦੇ 22 ਸਾਲਾ ਇਤਿਹਾਸ ਨੂੰ ਦਰਸਾਉਂਦੀ ਪ੍ਰਦਰਸ਼ਨੀ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀ ਰਹੀ। ਸਟੇਜ ਸਕੱਤਰ ਦੀ ਅਹਿਮ ਭੂਮਿਕਾ ਗੁਰਮੀਤ ਸੁਖਪੁਰ ਅਤੇ ਮਾ. ਗੁਰਦੇਵ ਸਿੰਘ ਸਹਿਜੜਾ ਨੇ ਬਾਖੂਬੀ ਨਿਭਾਈ।





**ਨਰਾਇਣ ਦੱਤ 842751177**







# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਰਚਾਇਆ ਡਾ. ਮਨਜੀਤ ਸਿੰਘ ਬੱਲ ਨਾਲ ਰੌਚਕ ਰੂ-ਬ-ਰੂ









ਬਰੈਂਪਟਨ, (ਡਾ. ਝੰਡ) - ਲੰਘੇ ਮੰਗਲਵਾਰ 6 ਅਗਸਤ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮੈਂਬਰਾਂ ਵੱਲੋਂ ਪੰਜਾਬ ਤੋਂ ਆਏ ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਡਾ. ਮਨਜੀਤ ਸਿੰਘ ਬੱਲ ਨਾਲ 'ਸ਼ੇਰਗਿੱਲ ਲਾਅ ਫ਼ਰਮ' ਦੇ ਮੀਟਿੰਗ-ਹਾਲ ਵਿਚ ਬੜੇ ਹੀ ਰੌਚਕ ਰੂ-ਬ-ਰੂ ਦਾ ਆਯੋਜਨ ਕੀਤਾ ਗਿਆ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਮੰਚ-ਸੰਚਾਲਕ ਮਲੂਕ ਸਿੰਘ ਨੇ ਡਾ. ਮਨਜੀਤ ਸਿੰਘ ਬੱਲ, ਉਨ੍ਹਾਂ ਦੀ ਸੁਪਤਨੀ ਇੰਦਰਜੀਤ ਕੌਰ ਅਤੇ ਇਸ ਮੌਕੇ ਆਏ ਸਮੂਹ-ਮਹਿਮਾਨਾਂ ਨੂੰ ਨਿੱਘੀ 'ਜੀ-ਆਇਆਂ'ਕਹੀ। ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਆਏ ਮਹਿਮਾਨਾਂ ਦਾ ਬੜੇ ਭਾਵਪੂਰਤ ਸ਼ਬਦਾਂ ਨਾਲ ਸੁਆਗ਼ਤ ਕੀਤਾ ਗਿਆ। ਸਭਾ ਦੇ ਸਰਗ਼ਰਮ ਮੈਂਬਰ ਪੱਛਮੀ ਪਾਕਿਸਤਾਨ ਦੇ ਸ਼ਾਇਰ ਜਨਾਬ ਮਕਸੂਦ ਚੌਧਰੀ ਨੇ ਆਪਣੇ ਦਿਲਚਸਪ ਕਾਵਿ-ਟੋਟਕਿਆਂ ਨਾਲ ਆਏ ਮਹਿਮਾਨਾਂ ਦਾ ਨਿੱਘਾ ਸੁਆਗ਼ਤ ਕੀਤਾ ਓਕਵਿਲ ਸ਼ਹਿਰ ਤੋਂ ਉਚੇਚੇ ਤੌਰ 'ਤੇ ਆਏ ਡਾ. ਪਰਗਟ ਸਿੰਘ ਬੱਗਾ ਨੇ ਆਪਣੇ ਵਿਲੱਖਣ ਅੰਦਾਜ਼ ਵਿਚ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦਾ ਮਹੀਨੇਵਾਰ ਅਤੇ ਅਜਿਹੇ ਖ਼ਾਸ ਸਮਾਗ਼ਮ ਕਰਾਉਣ ਲਈ ਧੰਨਵਾਦ ਕੀਤਾ।

ਉਪਰੰਤ, ਮੰਚ-ਸੰਚਾਲਕ ਨੇ ਡਾ. ਸੁਖਦੇਵ ਸਿੰਘ ਝੰਡ ਨੂੰ ਅਗਲੇਰੀ ਕਾਰਵਾਈ ਲਈ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਜਿਨ੍ਹਾਂ ਨੇ ਡਾ. ਮਨਜੀਤ ਸਿੰਘ ਬੱਲ ਬਾਰੇ ਹਾਜ਼ਰੀਨ ਨੂੰ ਮੁਢਲੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡਾ. ਬੱਲ ਜਿੱਥੇ ਆਪਣੇ ਡਾਕਟਰੀ ਪੇਸ਼ੇ ਦੇ ਇਕ ਮਸ਼ਹੂਰ ਪਥਾਲੌਜਿਸਟ ਹਨ, ਉੱਥੇ ਉਹ ਇਕ ਵਧੀਆ ਕਹਾਣੀਕਾਰ ਅਤੇ ਵਾਰਤਕ-ਲੇਖਕ ਵੀ ਹਨ। ਇਸ ਦੇ ਨਾਲ਼ ਹੀ ਉਹ ਸੰਗੀਤ ਨੂੰ ਵੀ ਪੂਰੀ ਤਰ੍ਹਾਂ ਪ੍ਰਨਾਏ ਹੋਏ ਹਨ ਅਤੇ ਉਨ੍ਹਾਂ ਨੇ ਦੋ ਫ਼ਿਲਮਾਂ 'ਮੁਸ਼ੱਰਤ ਸਰਹੱਦੋਂ ਪਾਰ' ਅਤੇ 'ਝਾਂਜਰ ਵਿਦ ਓਟੀਓਸਰਾਕੋਮਾ' ਵੀ ਬਣਾਈਆਂ ਹਨ ਜਿਨ੍ਹਾਂ ਵਿਚ ਗੀਤ ਉਨ੍ਹਾਂ ਦੇ ਆਪਣੇ ਹੀ ਲਿਖੇ ਹੋਏ ਹਨ।

ਡਾ. ਬੱਲ ਨੇ ਆਪਣੇ ਬਾਰੇ ਗੱਲ ਕਰਦਿਆਂ ਹੋਇਆਂ ਦੱਸਿਆ ਉਹ ਅੰਮ੍ਰਿਤਸਰ ਜ਼ਿਲੇ ਦੇ ਪਿੰਡ 'ਬੱਲ ਕਲਾਂ' ਦੇ ਜੰਮ-ਪਲ ਹਨ ਅਤੇ ਉਨ੍ਹਾਂ ਸਰਕਾਰੀ ਮੈਡੀਕਲ ਕਾਲਜ ਤੋਂ ਐੱਮ.ਬੀ.ਬੀ.ਐੱਸ. ਅਤੇ ਐੱਮ.ਡੀ. ਕਰਨ ਤੋਂ ਬਾਅਦ ਕੁਝ ਕੁ ਪੇਂਡੂ-ਇਲਾਕਿਆਂ ਵਿਚ ਡਾਕਟਰੀ-ਸੇਵਾ ਨਿਭਾਉਣ ਤੋਂ ਬਾਦ ਇਸ ਮੈਡੀਕਲ ਕਾਲਜ ਅਤੇ ਇਸ ਦੇ ਨਾਲ ਜੁੜੇ ਗੁਰੂ ਨਾਨਕ ਦੇਵ ਹਸਪਤਾਲ ਵਿਚ ਕਈ ਸਾਲ ਨੌਕਰੀ ਕੀਤੀ। ਕੁਝ ਸਾਲਾਂ ਬਾਅਦ ਪ੍ਰਮੋਸ਼ਨ ਮਿਲਣ 'ਤੇ ਉਹ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਵਿਖੇ ਪ੍ਰੋਫ਼ੈਸਰ ਤੇ ਮੁਖੀ ਵਜੋਂ ਤਾਇਨਾਤ ਹੋ ਗਏ। ਉੱਥੇ ਹੀ ਉਨ੍ਹਾਂ ਨੇ ਡਾਕਟਰੀ ਪੇਸ਼ੇ ਅਤੇ ਪੰਜਾਬੀ ਸਾਹਿਤ ਨਾਲ ਸਬੰਧਿਤ 13 ਪੁਸਤਕਾਂ ਲਿਖੀਆਂ ਅਤੇ ਛਪਵਾਈਆਂ ਜਿਨ੍ਹਾਂ ਵਿਚ 'ਸਿਹਤ ਸੇਵਾਵਾਂ ਅਤੇ ਚੇਤਨਤਾ' (ਪੰਜਾਬੀ ਯੂਨੀਵਰਸਿਟੀ ਪਟਿਆਲਾ), 'ਰੋਗਾਂ ਦੀ ਉਤਪਤੀ ਕਿਵੇਂ ਤੇ ਕਿਉਂ', 'ਸਿਹਤ ਦੀ ਸੰਭਾਲ ਕਿਵੇਂ ਕਰੀਏ', 'ਡੱਬੀਆਂ ਵਾਲਾ ਖੇਸ' (ਕਹਾਣੀਆਂ), ਆਪ ਕਾ ਸਵਾਸਥ (ਹਿੰਦੀ),'ਸ਼ੇਖ ਬ੍ਰਹਮ' (ਹਿੰਦੀ), 'ਕਾਰਵਾਂ ਚੱਲਦਾ ਰਹੇ', 'ਮਾਈ ਕਸ਼ਮੀਰ ਵਿਜ਼ਿਟ' (ਅੰਗਰੇਜ਼ੀ) ਤੇ 'ਸਿਲਵਰ ਜੁਬਿਲੀ ਆਫ਼ ਪੈੱਨ-ਫ਼ਰੈਂਡਸ਼ਿਪ' (ਅੰਗਰੇਜ਼ੀ) ਆਦਿ ਪ੍ਰਮੁੱਖ ਹਨ। ਸਰਕਾਰੀ ਮੈਡੀਕਲ ਕਾਲਜ ਪਟਿਆਲਾ ਤੋਂ ਸੇਵਾ-ਮੁਕਤੀ ਤੋਂ ਬਾਅਦ ਉਹ ਅੱਜ ਕੱਲ੍ਹ ਹਿਮਾਚਲ ਪ੍ਰਦੇਸ਼ ਦੇ ਸ਼ਹਿਰ ਸੋਲਨ ਦੇ ਨੇੜੇ ਇਕ ਪ੍ਰਾਈਵੇਟ ਕਾਲਜ ਵਿਚ ਪ੍ਰੋ. ਤੇ ਮੁਖੀ ਵਜੋਂ ਸੇਵਾਵਾਂ ਨਿਭਾਅ ਰਹੇ ਹਨ।

ਸਮਾਗ਼ਮ ਵਿਚ ਉਨ੍ਹਾਂ ਦੀ ਨਵੀਂ ਪੁਸਤਕ 'ਕੁਦਰਤ ਦੀ ਕਾਇਨਾਤ' ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮੈਂਬਰਾਂ ਅਤੇ ਹੋਰ ਪਤਵੰਤੇ ਸੱਜਣਾਂ ਵੱਲੋਂ ਲੋਕ-ਅਰਪਿਤ ਕੀਤੀ ਗਈ। ਇਸ ਦੌਰਾਨ ਉਨ੍ਹਾਂ ਪਾਕਿਸਤਾਨ ਦੀਆਂ ਆਪਣੀਆਂ ਦੋ ਫੇਰੀਆਂ ਦਾ ਵੀ ਬਾਖ਼ੂਬੀ ਜ਼ਿਕਰ ਕੀਤਾ ਜਿੱਥੇ ਉਹ ਕਾਨਫ਼ਰੰਸਾਂ ਵਿਚ ਡਾਕਟਰੀ ਨਾਲ ਸਬੰਧਿਤ ਪੇਪਰ ਪੜ੍ਹਨ ਗਏ ਅਤੇ ਉੱਥੇ ਉਨ੍ਹਾਂ ਨੇ ਸਾਹਿਤਕ-ਮਹਿਫ਼ਲਾਂ ਤੇ ਨਿੱਘੀਆਂ ਦੋਸਤੀਆਂ ਦਾ ਵੀ ਆਨੰਦ ਲਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਪਹਿਲੀ ਫਿਲਮ 'ਮੁਸ਼ੱਰਤ ਸਰਹੱਦੋਂ ਪਾਰ' ਬਣਾਉਣ ਲਈ ਮੁੱਢਲਾ ਵਿਚਾਰ ਅਤੇ ਮਸਾਲਾ ਵੀ ਉਨ੍ਹਾਂ ਨੂੰ ਉੱਥੋਂ ਹੀ ਮਿਲਿਆ। ਉਨ੍ਹਾਂ ਬੰਸਰੀ 'ਤੇ ਪੁਰਾਣੀ ਫ਼ਿਲਮ 'ਖ਼ਾਨਦਾਨ' ਦੇ ਮਸ਼ਹੂਰ ਗੀਤ 'ਤੁਮ੍ਹੀਂ ਮੇਰੇ ਮੰਦਰ, ਤੁਮ੍ਹੀਂ ਮੇਰੀ ਪੂਜਾ, ਤੁਮ੍ਹੀਂ ਦੇਵਤਾ ਹੋ, ਤੁਮ੍ਹੀਂ ਦੇਵਤਾ ਹੋ' ਦੀ ਬਹੁਤ ਹੀ ਸੁਰੀਲੀ ਧੁੰਨ ਪੇਸ਼ ਕੀਤੀ ਜਿਸ ਨੂੰ ਹਾਜ਼ਰੀਨ ਨੇ ਖ਼ੂਬ ਪਸੰਦ ਕੀਤਾ। ਇਸ ਦੌਰਾਨ ਡਾ. ਸੁਖਦੇਵ ਸਿੰਘ ਝੰਡ ਵੱਲੋਂ ਆਪਣੀ ਸਵੈ-ਜੀਵਨੀ ਦੀ ਪੁਸਤਕ ਪੱਤੇ ਤੇ ਪਰਛਾਵੇਂ : ਚੌਹਾਨ ਤੋਂ ਬਰੈਂਪਟਨ ਡਾ. ਬੱਲ ਨੂੰ ਭੇਂਟ ਕੀਤੀ ਗਈ।

ਚੱਲ ਰਹੇ ਸਮਾਗ਼ਮ ਦੌਰਾਨ ਇਕਬਾਲ ਬਰਾੜ ਅਤੇ ਡਾ. ਜਰਨੈਲ ਸਿੰਘ ਨੇ ਵੀ ਆਪਣੀਆਂ ਸੁਰੀਲੀਆਂ ਆਵਾਜ਼ਾਂ ਵਿਚ ਗੀਤ ਸੁਣਾਏ। ਕਰਨ ਅਜਾਇਬ ਸਿੰਘ ਸੰਘਾ ਨੇ ਕਸ਼ਮੀਰ ਸਮੱਸਿਆ ਬਾਰੇ ਬੜੀ ਹੀ ਭਾਵੁਕ ਕਵਿਤਾ ਪੇਸ਼ ਕੀਤੀ ਅਤੇ ਹਰਜਿੰਦਰ ਸਿੰਘ ਭਸੀਨ ਨੇ ਵੀ ਇਕ ਕਵਿਤਾ ਵੀ ਸੁਣਾਈ। ਅਗਲਾ ਦਿਨ ਕੰਮ ਵਾਲਾ ਹੋਣ ਕਾਰਨ ਕਵੀ-ਦਰਬਾਰ ਨੂੰ ਸੀਮਤ ਹੀ ਰੱਖਿਆ ਗਿਆ। ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਹੋਇਆਂ ਡਾ. ਮਨਜੀਤ ਸਿੰਘ ਬੱਲ ਦੀਆਂ ਮੈਡੀਸਨ ਦੇ ਨਾਲ ਨਾਲ਼ ਮਿਊਜ਼ਿਕ ਅਤੇ ਸਾਹਿਤਕ ਖ਼ੇਤਰਾਂ ਨਾਲ ਜੁੜੀਆਂ ਦਿਲਚਸਪੀਆਂ ਦੀ ਖ਼ੂਬ ਸਰਾਹਨਾ ਕੀਤੀ। ਉਨ੍ਹਾਂ ਡਾ. ਬੱਲ ਦੀ ਫ਼ਿਲਮ 'ਝਾਂਜਰ ਵਿਚ ਓਸਟੀਓਸਰਾਕੋਮਾ' ਦੀ ਖ਼ਾਸ ਤੌਰ 'ਤੇ ਪ੍ਰਸੰ ਕੀਤੀ ਜਿਹੜੀ ਕਿ ਦੋ ਕੁ ਸਾਲ ਪਹਿਲਾਂ ਇੱਥੇ ਬਰੈਂਪਟਨ ਵਿਚ ਬਹੁਤ ਸਾਰੇ ਦਰਸ਼ਕਾਂ ਦੇ ਇਕੱਠ ਵਿਚ ਵਿਖਾਈ ਗਈ ਸੀ। ਇਸ ਮੌਕੇ ਹਾਜ਼ਰੀਨ ਵਿਚ ਪਰਮਜੀਤ ਸਿੰਘ ਢਿੱਲੋਂ, ਡਾ. ਜਗਮੋਹਨ ਸਿੰਘ ਸੰਘਾ, ਹਰਜਸਪ੍ਰੀਤ ਗਿੱਲ, ਗਿਆਨ ਸਿੰਘ ਦਰਦੀ, ਡਾ. ਹਰਦੀਪ ਸਿੰਘ ਅਟਵਾਲ, ਡਾ. ਤੇਜਵੰਤ ਥਿੰਦ, ਪਲਵਿੰਦਰ ਸਿੰਘ ਅਹੀਰ, ਦਰਸ਼ਨ ਸਿੰਘ ਦਰਸ਼ਨ, ਜਸਵਿੰਦਰ ਸਿੰਘ ਅਤੇ ਡਾ. ਬੱਲ ਦੇ ਕਈ ਦੋਸਤ ਸ਼ਾਮਲ ਸਨ।

## ਕਸ਼ਮੀਰ ਮੁੱਦੇ 'ਤੇ ਸੈਮੀਨਾਰ


ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ 1 ਸਤੰਬਰ ਦਿਨ ਐਤਵਾਰ ਨੂੰ 2.00 ਤੋਂ 5.00 ਵਜੇ ਤੱਕ ਕੋਸੋ ਹਾਲ ਕੈਲਗਰੀ ਵਿਖੇ ਕਸ਼ਮੀਰ ਮੁੱਦੇ 'ਤੇ ਸੈਮੀਨਾਰ ਕੀਤਾ ਜਾ ਰਿਹਾ ਹੈ। ਜਿਸ ਵਿਚ 'ਸਿੱਖ ਵਿਰਸਾ', ਕਸ਼ਮੀਰੀ ਜਮਹੂਰੀ ਜਥੇਬੰਦੀਆਂ ਅਤੇ ਪਾਕਿਸਤਾਨੀ ਜਥੇਬੰਦੀਆਂ ਦੇ ਬੁਲਾਰੇ ਕਸ਼ਮੀਰ ਮੁੱਦੇ 'ਤੇ ਆਪਣੇ ਵਿਚਾਰ ਪੇਸ਼ ਕਰਨਗੇ। ਵਧੇਰੇ ਜਾਣਕਾਰੀ ਲਈ ਮਾ. ਭਜਨ ਨਾਲ 403-455-4220 'ਤੇ ਸੰਪਰਕ ਕਰੋ।



HOMELIFE
HIGHER STANDARDS
HOMELIFE SILVERCITY REALTY INC.
BROKERAGE Independently Owned & Operated
Harbans Singh
Sales Representative
416-817-7142
905-913-8500
dharbans@hotmail.com
11775 Bramalea Rd., Unit #201, Brampton L6R3S7

Punjab Insurance Inc.
Call For Free Quote...
Super-Visa Insurance
For best service and expert advice
• Visitor Visa/Travel insurance
• Life and Mortgage Insurance
• Disability Insurance
• Critical illness Insurance
• RESP (education plan), RRSP
• Medical & Dental plans

Hardeep Atwal
Insurance Advisor
416-209-6363
e-mail: weprotecturfamily@gmail.com

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis

Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

RushLube Inc.
Complete Truck Repairs & Truck Wash with Drive Thru Truck Services
Jaskaranjit Singh (Jas)

TEL: 905 - 453 - 6344
FAX: 905 - 456 - 2065
EMAIL: rushlube@hotmail.com
32 Rutherford Road South
Brampton, ON, L6W 3J1

# ਲੋਕਾਂ ਦੇ ਪੈਸੇ ਦੀ ਦੁਰਵਰਤੋਂ

ਡਾ ਬਲਜਿੰਦਰ ਸਿੰਘ ਸੇਖੋਂ
001 905 781 1197

17 ਜੁਲਾਈ 2019 ਨੂੰ ਓਨਟਾਰੀਓ ਸਰਕਾਰ ਨੇ ਚੁੱਪਕੇ ਜਿਹੇ ਕਰਿਸਲਰ ਕੰਪਨੀ ਨੂੰ ਉਧਾਰ ਦਿੱਤਾ 44 ਕਰੋੜ 50 ਲੱਖ ਡਾਲਰ ਵੱਟੇ ਖਾਤੇ ਪਾ ਦਿੱਤਾ ਜਾਂ ਕਹਿ ਲਓ ਮਰ ਗਿਆ ਕਰਜ਼ਾ ਕਹਿ ਕੇ ਖਤਮ ਕਰ ਦਿੱਤਾ। ਇਹ ਓਹੀ ਸਰਕਾਰ ਹੈ ਜਿਸ ਨੇ ਸੂਬੇ ਸਿਰ ਚੜ੍ਹਿਆ ਕਰਜ਼ਾ ਲਾਹੁਣਾ ਹੈ, ਦੇ ਨਾਂ ਤੇ ਵਿਦਿਆ, ਸਿਹਤ ਸੇਵਾਵਾਂ ਅਤੇ ਹੋਰ ਜ਼ਰੂਰੀ ਸੇਵਾਵਾਂ ਦੇ ਫੰਡਾਂ ਵਿਚ ਵੱਡੀਆਂ ਕਟੋਤੀਆਂ ਕੀਤੀਆਂ ਹਨ। ਇਸ ਤੋਂ ਪਹਿਲਾਂ ਕਨੇਡਾ ਦੀ ਕੇਂਦਰ ਸਰਕਾਰ ਨੇ ਇਸੇ ਕੰਪਨੀ ਨੂੰ ਉਧਾਰ ਦਿੱਤੇ ਡਾਲਰਾਂ ਵਿਚੋਂ 2 ਅਰਬ 60 ਕਰੋੜ ਤੇ ਲਕੀਰ ਮਾਰ ਦਿੱਤੀ ਸੀ। ਓਨਟਾਰੀਓ ਦੇ ਵਿੱਤ ਮੰਤਰੀ ਰੌਡ ਫਲਿਪ ਅਨੁਸਾਰ ਕੇਂਦਰ ਦੇ ਇਸ ਫੈਸਲੇ ਤੋਂ ਬਾਅਦ ਓਨਟਾਰੀਓ ਕੋਲ ਕੋਈ ਕਾਨੂੰਨੀ ਰਾਹ ਇਹ ਕਰਜ਼ਾ ਵਸੂਲਣ ਦਾ ਰਹਿ ਨਹੀਂ ਸੀ ਗਿਆ। ਕੰਪਨੀ ਜਿਸ ਨੂੰ ਡੁਬਦੀ ਨੂੰ ਫੀਏਟ ਨੇ ਅਪਣੇ ਫਾਇਦੇ ਲਈ ਸਹਾਰਾ ਦਿੱਤਾ ਸੀ ਤੇ ਜਿਸ ਦਾ ਨਾਂ ਹੁਣ ਫੀਏਟ ਕਰਿਸਲਰ ਰੱਖ ਲਿਆ, ਦਾ ਕਹਿਣਾ ਹੈ ਕਿ ਸਾਡੇ ਹਿੱਸੇ ਦਾ 1 ਅਰਬ ਡਾਲਰ ਅਸੀਂ ਕਿਸ਼ਤਾਂ ਵਿਚ ਸਣੇ ਵਿਆਜ ਮੋੜ ਦਿੱਤਾ। ਪਰ ਕੰਪਨੀ ਦਾ ਦੂਜਾ ਹਿੱਸਾ ਜਿਸ ਦਾ ਨਾ ਓਲਡ ਕਾਰਸੋ ਸੀ, ਦਾ ਦਵਾਲਾ ਨਿਕਲ ਗਿਆ ਸੀ, ਉਸ ਕੋਲ ਪੈਸੇ ਨਹੀਂ ਸਨ, ਉਹ ਹੁਣ ਵਸੂਲੇ ਨਹੀਂ ਜਾ ਸਕਦੇ। ਕਮਾਲ ਨਹੀਂ ?




ਕੰਪਨੀ ਚੱਲ ਰਹੀ ਹੈ, ਕਰਜ਼ਾ ਮੁਕਰਨ ਲਈ ਉਸ ਦਾ ਇੱਕ ਹਿੱਸਾ ਅੱਡ ਕਰ ਕੇ ਦਵਾਲਾ ਕੱਢ ਤਾ, ਆਮ ਬੰਦੇ ਨੂੰ ਇਸ ਤੇ ਗੁੱਸਾ ਹੀ ਆਉਂਦਾ ਹੈ ਕਿ ਇਹ ਕਿਹੜਾ ਕਾਨੂੰਨ ਹੋਇਆ ? ਉਸ ਹੀ ਕੰਪਨੀ ਦੇ ਮੈਨੇਜਰ ਅੱਜ ਮੁਨਾਫਿਆਂ ਦੇ ਨਾਂ ਤੇ ਵੱਡੇ ਬੋਨਸ ਲੈ ਰਹੇ ਹਨ, ਤੇ ਲੋਕਾਂ ਦੇ ਟੈਕਸ ਦਾ ਪੈਸਾ ਜੋ ਕਿਸੇ ਚੰਗੇ ਕੰਮ ਤੇ ਲਾਇਆ ਜਾ ਸਕਦਾ ਸੀ, ਵੱਟੇ ਖਾਤੇ ? ਇਹ ਕੰਪਨੀ ਇਸ ਸਾਲ ਅਪਣੇ ਮੁਖੀ ਮਾਈਕ ਮੈਨਲੇ ਨੂੰ 1 ਕਰੋੜ 40 ਲੱਖ ਡਾਲਰ ਤਨਖਾਹ ਅਤੇ ਭੱਤਿਆਂ ਦੇ ਰੂਪ ਵਿਚ ਦੇ ਰਹੀ ਹੈ। ਇਸ ਨੂੰ ਸਾਲ 2018 ਵਿਚ ਟੈਕਸਾਂ ਤੋਂ ਪਹਿਲਾਂ 8 ਅਰਬ 16 ਕਰੋੜ ਦਾ ਮੁਨਾਫਾ ਹੋਇਆ ਜੋ ਟੈਕਸ ਅਤੇ ਵਿਆਜ ਦੇ ਕੇ ਵੀ ਸ਼ੁੱਧ ਮੁਨਾਫਾ 4 ਅਰਬ 8 ਕਰੋੜ ਰਹਿ ਗਿਆ। ਇਸ ਮੁਨਾਫੇ ਤੋਂ ਖੁਸ਼ ਹੋ ਕੇ ਕੰਪਨੀ ਅਪਣੇ ਹਰ ਮੁਲਾਜ਼ਮ ਨੂੰ ਔਸਤ 6000 ਡਾਲਰ ਬੋਨਸ ਦੇਵੇਗੀ। ਇਸ ਤੋਂ ਇਲਾਵਾ ਅਮਰੀਕਾ ਨੇ ਵੀ ਕਰਿਸਲਰ ਕੰਪਨੀ ਨੂੰ ਬਚਾਉਣ ਦੇ ਨਾਂ ਤੇ ਇਸ ਦੇ 4 ਅਰਬ ਡਾਲਰ ਦਾ ਹਿੱਸਾ (ਸ਼ੇਅਰ) ਖਰੀਦਿਆ ਤੇ ਆਖਿਰ ਫੀਏਟ ਨੂੰ 1 ਅਰਬ 30 ਕਰੋੜ ਦੇ ਘਾਟੇ ਵਿਚ ਵੇਚਿਆ। ਕੀ ਸਰਕਾਰਾਂ ਕੋਲ ਕੋਈ ਕਾਨੂੰਨ ਨਹੀਂ ਜੋ ਇਨ੍ਹਾਂ ਕੰਪਨੀਆਂ ਨੂੰ ਮਜ਼ਬੂਰ ਕਰੇ ਕਿ ਘੱਟੋ ਘੱਟ ਹੌਲੀ ਹੌਲੀ ਹੀ ਸਹੀ, ਸ਼ੁੱਧ ਮੁਨਾਫੇ ਵਿਚੋਂ ਹਰ ਸਾਲ ਕੁਝ ਕੁ ਰਕਮ ਕੱਢ ਕੇ ਲੋਕਾਂ ਦੇ ਟੈਕਸਾਂ ਦਾ ਪੈਸਾ ਜੋ ਲੋੜ ਵੇਲੇ ਤੁਹਾਨੂੰ ਦਿੱਤਾ ਗਿਆ ਸੀ, ਉਹ ਤਾਂ ਮੋੜ ਦਿਓ। ਇਹ ਹੈ ਲੋਕਾਂ ਦੇ ਟੈਕਸਾਂ ਦੀ ਸਹੀ ਵਰਤੋਂ।

ਜਦ 2008 ਵਿਚ ਮੰਦਵਾੜਾ ਆਇਆ ਤਾਂ ਕਾਰਾਂ ਬਣਾਉਣ ਵਾਲੀਆਂ ਤਿੰਨ ਵੱਡੀਆਂ ਕੰਪਨੀਆਂ, ਜਨਰਲ ਮੋਟਰਜ਼, ਫੋਰਡ ਮੋਟਰ ਕੰਪਨੀ ਅਤੇ ਕਰਿਸਲਰ, ਨੇ ਕਿਹਾ ਕਿ ਜੇਕਰ ਸਾਡੀ ਮਦਦ ਨਾ ਕੀਤੀ ਗਈ ਤਾਂ 10 ਲੱਖ ਲੋਕ ਜੋ ਇਨ੍ਹਾਂ ਕੰਪਨੀਆਂ ਵਿਚ ਕੰਮ ਕਰ ਰਹੇ ਸਨ ਉਹ ਬੇਰੁਜ਼ਗਾਰ ਹੋ ਜਾਣਗੇ ਤੇ ਹੋਰ ਵੀ ਵਿਤੀ ਮੁਸ਼ਕਲਾਂ ਸਮਾਜ ਨੂੰ ਝਲਣੀਆਂ ਪੈਣਗੀਆਂ। ਕਾਰਾਂ ਦੀ ਵਿਕਰੀ ਵਿਚ ਖੜੋਤ ਆਉਣ ਕਾਰਨ ਉਨ੍ਹਾਂ ਅਮਰੀਕਨ ਸਰਕਾਰ ਕੋਲੋਂ ਖਰੀਦੇ ਸਮਾਨ ਦੇ ਪੈਸੇ ਦੇਣ ਅਤੇ ਕਾਮਿਆਂ ਨੂੰ ਤਨਖਾਹਾਂ ਦੇਣ ਲਈ ਫੌਰੀ ਤੌਰ ਤੇ ਅਮਰੀਕਾ ਦੀ ਕਾਂਗਰਸ (ਅਮਰੀਕਾ ਦੀ ਪਾਰਲੀਮੈਂਟ) ਕੋਲ ਸਹਾਇਤਾ ਲਈ ਫਰਿਆਦ ਕੀਤੀ। ਫਰਿਆਦ ਕਰਨ ਤਿੰਨੋ ਕੰਪਨੀਆਂ ਦੇ ਵੱਡੇ ਸਾਹਿਬ 19 ਨਵੰਬਰ 2008 ਨੂੰ ਆਪੋ ਆਪਣੇ ਪ੍ਰਾਈਵੇਟ ਹਵਾਈ ਜਹਾਜ਼ਾਂ ਰਾਹੀਂ ਉੱਥੇ ਪਹੁੰਚੇ। ਆਮ ਲੋਕਾਂ ਨੇ ਇਸ ਦਾ ਬੜਾ ਬੁਰਾ ਮਨਾਇਆ ਕਿ ਆਏ ਮੰਗਣ ਨੇ ਤੇ ਉਹ ਵੀ ਇੱਕ ਨਹੀਂ ਤਿੰਨ ਹਵਾਈ ਜਹਾਜ਼ਾਂ ਤੇ ਚੜ੍ਹਕੇ। ਇਸ ਤੇ ਕਾਂਗਰਸ ਨੂੰ ਇਹ ਚਿੱਠੀ ਲਿਖਣੀ ਪਈ ਕਿ ਜਦ ਸਾਡੇ ਕੋਲ ਆਉਣਾ ਹੈ, ਅਪਣੇ ਪ੍ਰਾਈਵੇਟ ਹਵਾਈ ਜਹਾਜ਼ ਘਰ ਛੱਡ ਕੇ ਆਇਆ ਕਰੋ। ਆਖਿਰ ਅਮਰੀਕਾ ਦੀ ਸਰਕਾਰ ਨੇ ਇਨ੍ਹਾਂ ਤਿੰਨਾ ਕੰਪਨੀਆਂ ਨੂੰ ਸਹਾਰਾ ਦੇਣ ਲਈ ਇਨ੍ਹਾਂ ਦੇ 80 ਅਰਬ 70 ਕਰੋੜ ਡਾਲਰ ਦੇ ਸ਼ੇਅਰ ਖਰੀਦੇ ਜਾਂ ਕਹਿ ਲਓ ਕਿ ਇਨ੍ਹਾਂ ਕੰਪਨੀਆਂ ਨੂੰ ਕੰਮ ਚਲਾਉਣ ਲਈ ਉਧਾਰ ਦਿੱਤਾ ਤੇ ਆਖਿਰ ਇਹ ਸ਼ੇਅਰ ਵੇਚਣ ਉਪਰੰਤ ਅਮਰੀਕਨ ਸਰਕਾਰ ਨੂੰ 10 ਅਰਬ 20 ਕਰੋੜ ਦਾ ਕੁੱਲ ਘਾਟਾ ਪਿਆ। ਕਨੇਡਾ ਦੀ ਸਰਕਾਰ ਨੇ ਕਰਿਸਲਰ ਤੇ ਫੋਰਡ ਨੂੰ ਬਚਾਉਂਦਿਆਂ 13 ਅਰਬ 70 ਕਰੋੜ ਡਾਲਰ ਖਰਚੇ ਜਾਂ ਕਹਿ ਲਓ ਉਨ੍ਹਾਂ ਦੇ ਸ਼ੇਅਰ ਖਰੀਦੇ ਤੇ ਆਖਿਰ ਇਸ ਵਿਚ 3 ਅਰਬ 50 ਕਰੋੜ ਦੇ ਘਾਟੇ ਵਿਚ ਵੇਚਿਆ।

ਇਹ ਕਿਹਾ ਜਾਂਦਾ ਹੈ ਕਿ ਸਾਮਰਾਜਵਾਦ (ਕੈਪੀਟੇਲਿਜ਼ਮ) ਵਿਚ ਜੋ ਕੰਮਜ਼ੋਰ ਜਾਂ ਬੇਕਾਰ ਹਨ, ਅਪਣੇ ਆਪ ਹੀ ਛਾਂਟੇ ਜਾਂਦੇ ਹਨ। ਪਰ ਇਹ ਕੀ ਜਦ ਇਸ ਤਰ੍ਹਾਂ ਦੀਆਂ ਕੰਪਨੀਆਂ ਦੀ ਅਪਣੀਆਂ ਗਲਤੀਆਂ ਕਾਰਨ ਛਾਂਟੀ ਹੋਣ ਲੱਗੀ ਤਾਂ ਸਰਕਾਰਾਂ ਨੇ ਲੋਕਾਂ ਦੇ ਟੈਕਸਾਂ ਦਾ ਪੈਸਾ ਪਾਣੀ ਵਾਂਗ ਵਹਾ ਕੇ ਇਨ੍ਹਾਂ ਨੂੰ ਬਚਾ ਲਿਆ, ਇਹ ਕਹਿ ਕੇ ਕਿ ਜੇਕਰ ਇਹ ਡਿਗ ਪਈਆਂ ਤਾਂ ਸੰਸਾਰ ਵਿਚ ਮੰਦੀ ਆ ਜਾਊ। ਮੰਦੀ ਤਾਂ ਫਿਰ ਵੀ ਆਈ, ਪਰ ਲੋਕਾਂ ਦੀਆਂ ਸਹੂਲਤਾਂ ਲਈ ਖਰਚੇ ਜਾਣ ਵਾਲੇ ਅਰਬਾਂ ਡਾਲਰ ਇਨ੍ਹਾਂ ਕੰਪਨੀਆਂ ਵਿਚ ਮਰ ਖਪ ਗਏ। ਅਮਰੀਕਾ ਦੇ ਉਸ ਵੇਲੇ ਦੇ ਵਿੱਤ ਮੰਤਰੀ ਨੇ 18 ਸਤੰਬਰ 2008 ਨੂੰ ਸੈਨੇਟ ਅਤੇ ਕਾਂਗਰਸ ਵਿਚਲੀਆਂ ਦੋਨੋ ਪਾਰਟੀਆਂ ਦੇ ਲੀਡਰਾਂ ਦੀ ਮੀਟਿੰਗ ਸਪੀਕਰ ਨੈਂਸੀ ਪੈਲੋਸੀ ਦੇ ਦਫਤਰ ਵਿਚ ਸੱਦੀ ਤੇ ਕਿਹਾ ਕਿ ਅਮਰੀਕਨ ਵਿਤੀ ਸੰਸਥਾਂਵਾਂ ਨੂੰ ਸਥਿਰ ਰੱਖਣ ਲਈ ਸਰਕਾਰ ਨੂੰ 700 ਅਰਬ ਡਾਲਰ ਚਾਹੀਦੇ ਹਨ ਉਹ ਵੀ 3 ਦਿਨਾਂ ਦੇ ਅੰਦਰ ਅੰਦਰ, ਨਹੀਂ ਤਾਂ ਵੱਡਾ ਮੰਦਵਾੜਾ ਨਹੀਂ ਰੋਕਿਆ ਜਾ ਸਕਦਾ। ਪਹਿਲਾਂ ਪਹਿਲ ਕੁਝ ਲੀਡਰਾਂ ਨੇ ਇਸ ਦਾ ਵਿਰੋਧ ਕੀਤਾ ਪਰ ਆਖਿਰ ਵੱਡੀ ਮੁਸੀਬਤ ਵੇਖਦੇ ਹੋਏ ਸਾਰੇ ਲੀਡਰ ਮੰਨ ਗਏ ਅਤੇ 3 ਅਕਤੂਬਰ ਨੂੰ ਸਰਕਾਰ ਨੂੰ ਇਕ ਕਾਨੂੰਨ ਰਾਹੀਂ ਅਜਿਹਾ ਕਰਨ ਦਾ ਅਧਿਕਾਰ ਦੇ ਦਿੱਤਾ। ਕਿਹਾ ਜਾਂਦਾ ਹੈ ਕਿ ਅਸਲ ਵਿਚ ਇਸ 700 ਅਰਬ ਨਾਲ ਵੀ ਨਹੀਂ ਸਰਿਆ ਤੇ ਅਮਰੀਕਨ ਸਰਕਾਰ ਨੇ ਇਸ ਤੇ ਕਈ ਖਰਬ ਡਾਲਰ ਖਰਚੇ।

ਹਾਲ ਭਾਰਤ ਦਾ ਵੀ ਇਹੋ ਹੀ ਹੈ। ਉਥੇ ਅੱਜ ਕਲ੍ਹ ਵੱਡੇ ਅਮੀਰਾਂ ਨੇ ਸਰਕਾਰੀ ਬੈਂਕਾਂ ਨੂੰ ਲੁੱਟਣ ਦੇ ਢੰਗ ਤਰੀਕੇ ਸਿੱਖ ਲਏ ਹਨ। ਆਮ ਵਿਅੱਕਤੀ ਨੂੰ ਕਿਸੇ ਸਹੀ ਕੰਮ ਕਰਨ ਲਈ ਕਰਜ਼ਾ ਲੈਣਾ ਔਖਾ ਹੈ ਪਰ ਕਿਸੇ ਸਹੀ ਪੁੱਛ ਗਿੱਛ ਦੀ ਕਮੀ ਕਾਰਨ ਕੁਝ ਵਿਅੱਕਤੀਆਂ ਵਲੋਂ ਬੈਂਕਾਂ ਵਿਚੋਂ ਵੱਡੇ ਵੱਡੇ ਕਰਜ਼ੇ ਕਢਾਏ ਜਾ ਰਹੇ ਹਨ ਅਤੇ ਮੋੜਨ ਵੇਲੇ ਹੱਥ ਖੜ੍ਹੇ ਕੀਤੇ ਜਾ ਰਹੇ ਹਨ। ਬੀਤੇ ਸਾਲ ਦਸੰਬਰ 2018 ਵਿਚ ਭਾਰਤ ਸਰਕਾਰ ਨੂੰ ਅਹਿਸਾਸ ਹੋਇਆ ਕਿ ਬੈਂਕਾਂ ਦੇ ਡੁੱਬੇ ਕਰਜ਼ਿਆਂ ਕਾਰਨ ਬੈਂਕਾਂ ਕੋਲ ਨਵੇਂ ਪ੍ਰੋਜੈਕਟ ਲਾਉਣ ਨੂੰ ਕਰਜ਼ੇ ਦੇਣ ਲਈ ਪੈਸੇ ਨਹੀਂ ਹਨ। ਇਸ ਨੂੰ ਅਪਣੇ ਵਲੋਂ ਠੀਕ ਕਰਨ ਲਈ ਸਰਕਾਰ ਨੇ ਦਸੰਬਰ 2018 ਵਿਚ 830 ਅਰਬ ਰੁਪੈ ਬੈਂਕਾਂ ਨੂੰ ਦੇਣ ਦਾ ਫੈਸਲਾ ਕੀਤਾ ਤਾਂ ਜੋ ਚੋਣਾਂ ਵੇਲੇ ਨਵੇਂ ਨਵੇਂ ਪ੍ਰਜੈਕਟਾਂ ਦਾ ਐਲਾਨ ਕੀਤਾ ਜਾ ਸਕੇ, ਬੇਸ਼ਕ ਭਾਰਤੀ ਜਨਤਾ ਪਾਰਟੀ ਨੂੰ ਇਸ ਦੀ ਲੋੜ ਹੀ ਨਾ ਪਈ ਕਿਉਂਕਿ ਉਸ ਨੇ ਪਾਕਿਸਤਾਨ ਤੋਂ ਆ ਰਹੇ ਅੱਤਵਾਦ ਤੇ ਉਸ ਦੇ ਸਾਹਮਣੇ ਮੁਕਾਬਲਾ ਕਰ ਸਕਣ ਵਾਲੀ ਇੱਕੋ ਇੱਕ ਤਾਕਤ ਅਪਣੀ ਪਾਰਟੀ ਨੂੰ ਵਿਖਾ ਕੇ ਹੀ ਚੋਣਾ ਜਿੱਤ ਲਈਆਂ। ਅੰਕੜਿਆਂ ਮੁਤਬਿਕ ਭਾਰਤ ਦੇ ਬੈਂਕਾਂ ਦੇ ਡੁਬਣ ਨੇੜੇ ਵਾਲੇ ਕਰਜ਼ੇ ਦੀ ਕੁਲ ਕਰਜ਼ੇ ਨਾਲ ਅਨੁਪਾਤ ਦੁਨੀਆਂ ਭਰ ਵਿਚ ਜੋ 2018 ਵਿਚ ਸਿਰਫ ਇਟਲੀ ਤੋਂ ਹੀ ਦੂਸਰੇ ਨੰਬਰ ਤੇ ਸੀ, 2019 ਵਿਚ ਪਹਿਲੇ ਨੰਬਰ ਤੇ ਆ ਗਿਆ ਹੈ। ਭਾਰਤ ਦੇ ਸਰਕਾਰੀ ਬੈਂਕਾਂ ਦੁਆਰਾ ਦਿੱਤੇ ਗਏ ਕੁਲ ਕਰਜ਼ੇ ਵਿਚੋਂ 10.3× ਦੀਆਂ ਕਿਸ਼ਤਾਂ ਸਹੀ ਤਰੀਕੇ ਨਾਲ ਨਹੀਂ ਭਰੀਆਂ ਜਾ ਰਹੀਆਂ ਇਹ ਦੁਨੀਆਂ ਵਿਚ ਸਭ ਤੋਂ ਮਾੜੀ ਕਾਰਗੁਜਾਰੀ ਹੈ। ਇਟਲੀ ਜੋ ਦੂਜੇ ਨੰਬਰ ਤੇ ਹੈ ਵਿਚ ਇਹ 9.9×, ਚੀਨ ਵਿਚ 1.9, ਅਮਰੀਕਾ ਵਿਚ 0.9 ਅਤੇ ਕਨੇਡਾ ਵਿਚ 0.4% ਹੈ। ਭਾਰਤ ਵਿਚ ਤਾਂ ਸਗੋਂ ਬੈਂਕਾਂ ਦੇ ਹਿਸਾਬ ਕਿਤਾਬ ਲਈ ਸਖਤ ਕਾਨੂੰਨ ਹਨ। ਜੇ ਕਿਤੇ ਸ਼ਾਮ ਤੱਕ ਹਿਸਾਬ ਵਿਚ ਇੱਕ ਪੈਸੇ ਦਾ ਵੀ ਫਰਕ ਰਹਿ ਜਾਂਦੈ ਤਾ ਉਸ ਦੇ ਹੱਲ ਹੋਣ ਤੱਕ ਸਾਰਾ ਸਟਾਫ ਬੈਠਾਂ ਰਹਿੰਦੈ। ਫਿਰ ਇਨ੍ਹਾਂ ਕਾਨੂੰਨਾਂ ਦਾ ਪਾਲਣ ਨਾ ਕਰਨ ਤੇ ਵੱਡੇ ਸਾਹਿਬਾਂ ਨੂੰ ਸਜ਼ਾਵਾਂ ਕਿਉਂ ਨਹੀਂ ਹੋ ਰਹੀਆਂ। ਸਟੇਟ ਬੈਂਕ ਆਫ ਇੰਡੀਆ ਦੀ 28 ਜੂਨ 2019 ਦੀ 10 ਵੱਡੇ ਡੀਫਾਲਟਰਾਂ ਦੀ ਲਿਸਟ ਵਿਚ ਮਾੜੇ ਕਰਜ਼ੇ 1500 ਕਰੋੜ ਸਨ, ਪਹਿਲੇ ਤਿੰਨ ਵੱਡੇ ਡੀਫਾਲਟਰ ਸਨ:

1. ਗੋਡਰੇਜ ਕੋਲੀਸੀਅਮ: ਕਪਿਲ ਪੁਰੀ ਅਤੇ ਉਸ ਦੀ ਪਤਨੀ ਕਵਿਤਾ ਪੁਰੀ 347 ਕਰੋੜ ਫਲੈਟ, ਕਲੋਨੀਆਂ ਬਣਾਉਣ ਵਾਲੇ
2. ਕੇਲਿਕਸ ਕੈਮੀਕਲ ਅਤੇ ਐਂਪ; ਦਵਾਈਆਂ ਦੀ ਕੰਪਨੀ: ਸਮੀਤੇਸ਼ ਸ਼ਾਹ, ਭਾਰਤ ਮਹਿਤਾ ਅਤੇ ਰਾਜਤ ਡੋਸ਼ੀ: 327 ਕਰੋੜ,
3. ਲੋਹਾ ਇਸਪਾਤ ਲਿਮਟਡ, ਮੇਨੇਜਿੰਗ ਡਾਇਰੈਕਟਰ ਰਾਜੇਸ਼ ਪੋਡਾਰ 287 ਕਰੋੜ

ਇਸ ਤੋਂ ਪਹਿਲਾਂ ਜੋ ਵੱਡੇ ਕਰਜ਼ੇ ਮੁਕੱਦਮਿਆਂ ਦੇ ਦੌਰ ਵਿਚ ਹਨ:

ਵਿਜੇ ਮਾਲੀਆ ਦਾ ਕਰਜ਼ਾ 5000 ਕਰੋੜ ਸੀ ਜੋ ਵਿਆਜ ਸਮੇਤ 12000 ਕਰੋੜ ਹੋ ਚੁੱਕਿਆ ਹੈ, ਅਜਕਲ੍ਹ ਇੰਗਲੈਂਡ ਵਿਚ ਜਮਾਨਤ ਤੇ ਹੈ। ਉਸ ਦਾ ਸ਼ਰਾਬ ਬਣਾਉਣ ਆਦਿ ਦਾ ਵੱਡਾ ਕਾਰੋਬਾਰ ਸੀ ਅਤੇ ਆਖਿਰ ਕਿੰਗਫਿਸ਼ਰ ਹਵਾਈ ਕੰਪਨੀ ਦੇ ਫੇਲ੍ਹ ਹੋਣ ਤੇ ਕਰਜ਼ਾ ਨਾ ਮੋੜ ਸਕਣ ਦੀ ਗੱਲ ਕਰ ਰਿਹਾ ਹੈ। ਭਾਰਤ ਵਿਚ ਉਸ ਤੇ ਕਰਜ਼ਾ ਨਾ ਮੋੜਨ ਲਈ ਮੁਕੱਦਮੇ ਚੱਲ ਰਹੇ ਹਨ। ਚਲੋ ਇਸ ਨੇ ਤਾਂ ਕੋਈ ਕੰਪਨੀ ਚਲਾਈ ਜੋ ਫੇਲ੍ਹ ਹੋ ਗਈ ਪਰ ਹੀਰਿਆਂ ਦੇ ਵਪਾਰੀ, ਨੀਰਵ ਮੋਦੀ, ਮੇਹੁਲ ਚੌਕਸੀ, ਜਤਿਨ ਮਹਿਤਾ ਨਾਂ ਹਨ ਜਿਨ੍ਹਾਂ ਇਹ ਹੀਰਿਆਂ ਦਾ ਵਪਾਰ ਕਰਨ ਦੇ ਨਾਂ ਤੇ ਕਰੋੜਾਂ ਦੇ ਕਰਜ਼ੇ ਲਏ ਅਤੇ ਮੁੱਖ ਤੌਰ ਤੇ ਕਿਹਾ ਗਿਆ ਕਿ ਇਸ ਵਪਾਰ ਦੇ ਸਿਰੇ ਚੜ੍ਹਨ ਤੇ ਮੁਨਾਫਾ ਹੋਵੇਗਾ ਤੇ ਕਰਜ਼ਾ ਵਾਪਿਸ ਕਰ ਦਿੱਤਾ ਜਾਵੇਗਾ। ਕੋਈ ਕਿਸੇ ਦੀ ਜਾਇਦਾਦ ਕਰਜ਼ਾ ਦੇਣ ਵੇਲੇ ਗਹਿਣੇ ਨਹੀਂ ਰੱਖੀ ਗਈ, ਬੱਸ ਵਪਾਰ ਲਈ ਕਰਜ਼ਾ। ਨੀਰਵ ਮੋਦੀ ਸਿਰ 11356 ਕਰੋੜ, ਪੰਜਾਬ ਨੈਸ਼ਨਲ ਬੈਂਕ ਦਾ ਕਰਜ਼ਾ ਹੈ, ਉਹ ਇੰਗਲੈਂਡ ਦੀ ਜੇਲ੍ਹ ਵਿਚ ਹੈ ਅਤੇ ਭਾਰਤ ਵਾਪਿਸ ਭੇਜਣ ਦਾ ਮੁਕੱਦਮਾ ਚੱਲ ਰਿਹਾ ਹੈ। ਮੇਹੁਲ ਚੌਕਸੀ ਹੁਣ ਕਰੈਬੀਅਨ ਵਿਚਲੇ ਐਂਟੀਗੁਆ ਦਾ ਵਸਨੀਕ ਬਣਿਆ ਹੋਇਆ ਹੈ। ਉਸ ਤੇ ਨੀਰਵ ਮੋਦੀ ਨਾਲ ਰਲ ਕੇ ਪੰਜਾਬ ਨੈਸ਼ਨਲ ਬੈਂਕ ਦੇ 13,400 ਕਰੋੜ ਦਾ ਘਪਲਾ ਕਰਨ ਦਾ ਮੁਕੱਦਮਾ ਚੱਲ ਰਿਹਾ ਹੈ ਤਾਂ ਜੋ ਉਸ ਨੂੰ ਭਾਰਤ ਭੇਜਿਆ ਜਾਵੇ। ਜਤਿਨ ਮਹਿਤਾ ਸਿਰ 6500 ਕਰੋੜ ਦਾ ਕਰਜ਼ਾ ਹੈ, ਉਹ ਗੁਜਰਾਤ ਤੋਂ ਹੀਰਿਆਂ ਦਾ ਵਪਾਰੀ ਹੈ, ਹੁਣ ਸੇਂਟ ਕਿਟਸ ਐਂਡ ਨੇਵਿਸ ਦੇਸ਼ ਜਿਸ ਨਾਲ ਭਾਰਤ ਦੀ ਕੋਈ ਵਾਪਿਸੀ ਸੰਧੀ ਨਹੀਂ ਵਿਚ ਰਹਿ ਰਿਹਾ ਹੈ ਉਸ ਦੇ ਪ੍ਰੀਵਾਰ ਦੀਆਂ ਅਡਾਨੀ ਅਭਾਨੀ ਦੇ ਪ੍ਰੀਵਾਰਾਂ ਨਾਲ ਰਿਸ਼ਤੇਦਾਰੀਆਂ ਹਨ। ਕੀ ਐਡੇ ਵੱਡੇ ਕਰਜ਼ੇ ਬਿਨਾ ਕਿਸੇ ਲੈਣ ਦੇਣ ਦੇ ਮਨਜ਼ੂਰ ਹੋ ਗਏ। ਸਾਰੇ ਕਾਗਜ਼ ਪੱਤਰ ਠੀਕ ਹਨ, ਦੇ ਪੱਕਾ ਕਰਨ ਦੀ ਜਿਮੇਵਾਰੀ ਕਿਨ੍ਹਾਂ ਦੀ ਹੈ। ਕੀ ਉਨ੍ਹਾਂ ਖਿਲਾਫ, ਅਜਿਹੀ ਕਾਰਵਾਈ ਹੋ ਰਹੀ ਹੈ, ਕਿ ਦੂਸਰਿਆਂ ਨੂੰ ਕੰਨ ਹੋ ਜਾਣ ? ਇਹ ਅਜਿਹੇ ਸੁਆਲ ਹਨ ਜੋ ਲੋਕਾਂ ਵਲੋਂ ਪੁੱਛਣੇ ਬਣਦੇ ਹਨ। ਅਸਲ ਵਿਚ ਜਿਨੀ ਦੇਰ ਕਨੂੰਨ ਭੰਗ ਕਰਕੇ ਕਰਜ਼ੇ ਦੇਣ ਵਾਲਿਆਂ ਖਿਲਾਫ਼ ਸਖਤ ਕਰਵਾਈਆਂ ਨਹੀਂ ਹੁੰਦੀਆਂ ਤੇ ਅਜਿਹੇ ਦੋਸ਼ੀਆਂ ਦੇ ਬੱਚ ਕੇ ਨਿਕਲਣ ਦੇ ਰਾਹ ਬੰਦ ਨਹੀਂ ਕੀਤੇ ਜਾਂਦੇ, ਲੋਕਾਂ ਦਾ ਪੈਸਾ ਕੁਝ ਕੁ ਠੱਗ ਲੁਟਦੇ ਰਹਿਣਗੇ। ਇਸ ਦੇ ਨਾਲ ਹੀ ਇਹ ਰਕਮਾਂ ਜੋ ਕਿਸੇ ਨਾ ਕਿਸੇ ਤਰੀਕੇ ਲੋਕਾਂ ਦੀਆਂ ਸਹੂਲਤਾਂ ਪੈਦਾ ਕਰਨ ਲਈ ਖਰਚੀਆਂ ਜਾ ਸਕਦੀਆਂ ਹਨ, ਕੁਝ ਲੁਟੇਰਿਆਂ ਦੀਆਂ ਐਸ਼ੋ ਇਸ਼ਰਤਾਂ ਦਾ ਸਾਧਨ ਬਣ ਕੇ ਰਹਿ ਰਹੀਆਂ ਹਨ।














Punjabi Rang Radio
CHKT 1430AM
11pm to 12am Every Friday
Producer/ Host
Chamkaur Singh Cell 416 662 1313
Email punjabirang13@hotmail.com

Veerpal Brar, RIBO
[Broker]
veerpal@custominsure.ca
CUSTOM INSURANCE
INSURANCE BROKERS
A DIVISION OF ORACLE RMS
Tel: (416) 816-4595 ext 103
Direct: (416) 712-3737
Fax: (416) 710-8976
Unit 8 - 670 Rexdale Blvd, Etobicoke, ON, M9W 0B5
AUTO | HOME | COMMERCIAL | LIFE

# HANDS OFF KASHMIR

**EAST INDIAN DEFENSE COMMITTEE (statement August 15th,2019)**




On Aug.5th,2019, the ruling RSS-BJP combine bare its fangs against Kashmiri People. In an unprecedented attack on the sovereignty of Kashmiri people, they, through a presidential order, abrogated articles 370 and 35A of the constitution of India. By this they cleared their way to direct occupation of Kashmiri Nation. This is to advance their notorious agenda of a "Hindu Nation". Historically, both these articles 370 & 35A became the treaty and a condition for Kashmir's accession (not merger) with union of India. Further, they carved the land of Kashmiri Nation in to twounion territories namely Jammu & Kashmir and Ladakh.

To aid their misdeed they have added 80,000 more occupying troops bringing the total of occupying army to 850,000 troops. The articles 370 & 35A guaranteed autonomy to Kashmir in all matters except defense, communication and external affairs. It also guaranteed that Kashmir will have its own constitution, its own flag, its own prime-minister and its own President (Sadr-E-Riyasat). Its also a historical fact that the plebiscite promised to Kashmiri people, in consent with UNO, by the Indian state has never been honoured by the Indian state.

The occupying Indian forces has not ceased their oppression on Kashmiri people since 1947. Particularly in last 30 years it has been accelerated. There are reported 70,000 killings 12,000 disappearances of Kashmiri People and resistance fighters. Rapes of Kashmiri women, Injuries to its youth, mass human graves and incarceration at a mass scale is on top of the killings. It clearly shows the real nature of Indian state which rules India, in fact is a jail of nationalities. North eastern Indian states, tribal lands of central India and minorities are facing such occupation at the hands of Indian state every day since 1947. This also exposes the sham of "largest democracy of the world". This is now a very dangerous situation for other states and people at large. By doing it to Kashmiri people Indian state has paved the way to do it to other occupied states and peole. It's a greatest threat to the federal structure of Indian Constitution.

East Indian Defense Committee and the progressive & democratic people of Canada stand with the Kashmiri People. We express our solidarity to the people of Kashmir and their struggle for Independence.

- We condemn, most vociferously, the occupation of Kashmiri people By Indian State
- We demand unconditional& immediate restoration of Articles 370 and 35A
- We demand that the occupying army of Indian state must withdraw immediately
- We support the right of Kashmiri People for their self determination up-to secession
- Victory to the fighting people of Kashmir

CONTACT: HARBHAJAN CHEEMA 604-377-2415
IQBAL PUREWAL 604-720-1652

# Conditions of brampton civic hospital





These are some photos of crumbling chairs of emergency and urgent care unit of Brampton hospital where patients sit on it to wait for hours to see the doctor or nurse . Recently, Brampton residents called a public meeting related to the Brampton hospital's sick service . They asked the Brampton politicians to participate but none of them showed. Mostly they use their puppet media to tell the public that they are working very hard. There are always complaints from the public against the poor hospital service such as long waiting lines to see the doctor., hallway service, shortage of staff, doctors,nurses,needy equipments ,machines .... lookalike there is no government control on this hospital. Brampton is a city of more than 6,00,000 people with five MP , five MPP and a municipality. Is there any authority available to talk about it. This time does not looks any politician available. There are some people such as Harbans Singh,Gadri having good approaches and trying to raise these issues but politicians are still ignoring their voter's facing problems.

**Kuldip Boparai ,**
**Brampton Canada**

# ਪੰਜਾਬ ਵਿੱਚ ਹੜ੍ਹਾਂ ਵਰਗੀ ਹਾਲਤ

## ਪੰਜਾਬ ਸਮੇਤ ਹਰਿਆਣਾ ਤੇ ਰਾਜਸਥਾਨ ਸਰਕਾਰ ਤੋਂ ਵੀ ਕੀਤੀ ਮੁਆਵਜੇ ਤੇ ਰਾਹਤ ਫੰਡਾਂ ਦੀ ਮੰਗ



ਪਿਛਲੇ 48 ਘੰਟਿਆਂ ਤੋਂ ਲਗਾਤਾਰ ਪੈ ਰਹੇ ਮੀਂਹ ਨੇ ਪੰਜਾਬ ਸੂਬੇ ਵਿੱਚ ਹੜਾਂ ਵਰਗੀ ਹਾਲਤ ਬਣਾ ਦਿੱਤੀ ਹੈ। ਇਸ ਨਾਲ ਹੁਣ ਤੱਕ ਪੰਜ ਮੌਤਾਂ ਵੀ ਹੋ ਚੁੱਕੀਆਂ ਹਨ। ਸੈਂਕੜੇ ਪਿੰਡਾਂ ਦੇ ਲੋਕਾਂ ਨੂੰ ਆਵਦੇ ਪਿੰਡ, ਜਮੀਨਾਂ, ਡੰਗਰ ਵੱਛਾ ਛੱਡਣ ਲਈ ਮਜਬੂਰ ਹੋਣਾ ਪਿਆ ਹੈ। ਮਿਹਨਤ ਨਾਲ ਪਾਲੀ ਕਿਸਾਨਾਂ ਦੀ ਹਜਾਰਾਂ ਏਕੜ ਫਸਲ ਪਾਣੀ ਚ ਡੁਬਕੇ ਬਰਬਾਦ ਹੋ ਗਈ ਹੈ। ਅਨੰਦਪੁਰ ਸਾਹਬ ਨੇੜੇ ਦੇ ਡੇਢ ਦਰਜਨ ਪਿੰਡ ਪਾਣੀ ਵਿੱਚ ਡੁੱਬੇ ਹੋਏ ਹਨ- ਹਰ ਕਿਸਮ ਦੀ ਆਵਾਜਾਈ ਬਿਲਕੁਲ ਬੰਦ ਹੋ ਗਈ ਹੈ। ਆਸ ਪਾਸ ਨਾਲ ਸੰਪਰਕ ਕੱਟਿਆ ਗਿਆ ਹੈ। ਪਰ ਹਾਲੇ ਵੀ ਹਾਲਾਤ ਸਾਜਗਾਰ ਨਜਰੀਂ ਨਹੀਂ ਪੈ ਰਹੇ, ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ ਹਾਲੇ ਵੀ ਵਧਣਾ ਜਾਰੀ ਹੈ। ਸਤਲੁਜ ਦਰਿਆ ਦਾ ਪਾਣੀ ਵੀ ਖਤਰੇ ਦੇ ਨਿਸ਼ਾਨ ਨੂੰ ਟੱਪ ਗਿਆ ਹੈ। ਦਰਿਆ ਸਤਲੁਜ ਦੇ ਨੇੜਲੇ 250 ਤੋਂ ਜਿਆਦਾ ਪਿੰਡ ਖਾਲੀ ਹੋ ਗਏ ਹਨ। ਬਿਆਸ ਦਰਿਆ ਵਿੱਚ ਵੀ ਹੜ ਆਏ ਹੋਏ ਹਨ। ਜਿਲਾ ਗੁਰਦਾਸ ਪੁਰ, ਫਿਰੋਜਪੁਰ, ਨਵਾਂ ਸ਼ਹਿਰ, ਰੋਪੜ, ਜਲੰਧਰ, ਮੋਗਾ ਅਤੇ ਹੋਰ ਕਈ ਜਿਲਿਆਂ ਵਿੱਚ ਪਾਣੀ ਆਉਣ ਕਰਕੇ ਕਈ ਪਿੰਡ ਖਾਲੀ ਹੋਏ ਹਨ। ਪਟਿਆਲੇ ਜਿਲੇ ਦੇ ਨਾਲ ਦੇ ਲੰਘਦੇ ਨਾਲਿਆਂ, ਨਹਿਰਾਂ ਵਿੱਚੋਂ ਵੀ ਪਾਣੀ ਦਾ ਪੱਧਰ ਵਧਣ ਕਾਰਨ ਸਹਿਮ ਦਾ ਮਹੌਲ ਬਣਿਆ ਹੋਇਆ ਹੈ। ਘੱਗਰ ਦਰਿਆ ਦਾ ਪਾਣੀ ਵੀ ਖਤਰੇ ਦੇ ਨਿਸ਼ਾਨ ਦੇ ਨੇੜੇ ਤੇੜੇ ਵਹਿ ਰਿਹਾ ਹੈ।

ਐਸੀ ਹਾਲਤ ਵਿੱਚ ਜਦੋਂ ਲੋਕੀਂ ਜਿਉਣ-ਮਰਨ ਦੀ ਹਾਲਤ ਚ ਫਸੇ ਹੋਏ ਹਨ ਤਾਂ ਸਰਕਾਰਾਂ ਅਤੇ ਪ੍ਰਸ਼ਾਸ਼ਨ ਦਾ ਢਿੱਲਮੱਠ ਵਾਲਾ ਰਵੱਈਆ ਇਹਨਾਂ ਹਾਲਤਾਂ ਨੂੰ ਹੋਰ ਜਿਆਦਾ ਖਤਰਨਾਕ ਤੇ ਨਾਜੁਕ ਬਣਾ ਰਿਹਾ ਹੈ। ਜਿਸਦਾ ਹਰਜਾਨਾ ਲੋਕਾਂ ਨੂੰ ਆਵਦੀ ਜਾਂ ਆਵਦੇ ਪਿਆਰਿਆਂ ਦੀ ਜਾਨ ਵਾਰਕੇ ਤਾਰਨਾ ਪੈਣਾ ਹੈ। ਲੋਕਾਂ ਨੂੰ ਹੜ ਪ੍ਰਭਾਵਿਤ ਇਲਾਕਿਆਂ ਚੋਂ ਸੁਰੱਖਿਅਤ ਕੱਢਣ ਦੇ ਢੁੱਕਵੇਂ ਸਰਕਾਰੀ ਪ੍ਰਬੰਧ ਦਾ ਇੰਤਜਾਮ ਨਹੀਂ। ਲੋਕਾਂ ਨੂੰ ਆਪੋ ਆਪਣੇ ਸਾਧਨਾਂ ਤੇ ਪਿੰਡ ਛੱਡਕੇ ਜਾਣ ਦੇ ਹੁਕਮ ਚਾੜੇ ਜਾ ਰਹੇ ਹਨ। ਸਰਕਾਰ ਤੇ ਪ੍ਰਸ਼ਾਸ਼ਨ ਸ਼ਰੇਆਮ ਆਵਦੀਆਂ ਜਿੰਮੇਵਾਰੀਆਂ ਤੋਂ ਭੱਜ ਰਿਹਾ ਨਜਰੀਂ ਪੈਂਦਾ ਹੈ। ਨੌਭਾਸ ਸਰਕਾਰ ਦੇ ਇਸ ਰਵੱਈਏ ਦੀ ਸਖਤ ਨਿਖੇਧੀ ਕਰਦੀ ਹੈ।

ਨੌਜਵਾਨ ਭਾਰਤ ਸਭਾ ਦੀ ਪੰਜਾਬ ਕਮੇਟੀ (9888808188) ਲੋਕਾਂ ਨੂੰ ਹੜ ਪ੍ਰਭਾਵਿਤ ਖੇਤਰਾਂ ਚੋਂ ਸੁਰੱਖਿਅਤ ਕੱਢਣ ਦੇ ਢੁਕਵੇਂ ਇੰਤਜਾਮ ਕਰਨ ਦੀ ਮੰਗ ਕਰਦੀ ਹੈ। ਇਸਤੋਂ ਇਲਾਵਾ ਲੋਕਾਂ ਦੇ ਹੋਏ ਕੁੱਲ ਜਾਨੀ ਮਾਲੀ ਨੁਕਸਾਨ ਲਈ ਪੰਜਾਬ ਸਰਕਾਰ ਸਮੇਤ ਪੰਜਾਬ ਦਾ ਪਾਣੀ ਵੰਡਾਉਂਦੇ ਸੂਬੇ ਹਰਿਆਣਾ ਅਤੇ ਰਾਜਸਥਾਨ ਦੀ ਸਰਕਾਰ ਤੇ ਕੇਂਦਰ ਸਰਕਾਰ ਤੋਂ ਮੁਆਵਜੇ ਦੀ ਮੰਗ ਕਰਦੇ ਹਾਂ। ਸੂਬੇ ਚ ਆਏ ਇਹਨਾਂ ਹੜਾਂ ਵਿੱਚ ਕਿਸਾਨਾਂ ਦਾ ਨੁਕਸਾਨ ਵੱਡੇ ਪੱਧਰ ਤੇ ਹੋਇਆ ਹੈ। ਹਜਾਰਾਂ ਏਕੜ ਜਮੀਨਾਂ ਪਾਣੀ ਵਿੱਚ ਡੁੱਬ ਗਈਆਂ ਹਨ। ਨੌਜਵਾਨ ਭਾਰਤ ਸਭਾ ਹੜ ਪੀੜਿਤ ਕਿਸਾਨਾਂ ਲਈ ਪੰਜਾਬ ਦੀ ਸੂਬਾ ਸਰਕਾਰ ਸਮੇਤ, ਭਾਜਪਾ ਦੀ ਹਰਿਆਣਾ ਤੇ ਰਾਜਸਥਾਨ ਸਰਕਾਰ ਤੇ ਕੇਂਦਰ ਸਰਕਾਰ ਤੋਂ ਢੁਕਵੇਂ ਮੁਆਵਜੇ ਦੀ ਮੰਗ ਕਰਦੀ ਹੈ।

# ਸੰਤ ਰਵੀਦਾਸ ਮੰਦਿਰ ਨੂੰ ਢਾਹੁਣ ਦਾ ਮਾਮਲਾ, ਗੰਭੀਰ ਮਾਇਨੇ

ਦਿੱਲੀ ਜਹਾਂਪਨਾਹ ਸਿਟੀ ਫਾਰੇਸਟ ਵਿਖੇ ਤਿੰਨ ਕਮਰਿਆਂ ਦੇ ਦਹਾਕਿਆਂ ਪੁਰਾਣੇ ਸੰਤ ਰਵੀਦਾਸ ਮੰਦਿਰ ਨੂੰ ਸੁਪਰੀਮ ਕੋਰਟ ਦੇ 9 ਅਗਸਤ ਦੇ ਹੁਕਮਾਂ ਤਹਿਤ ਡੀਡੀਏ ਵੱਲੋਂ ਜਬਰੀ ਢਾਹੁਣ ਨਾਲ ਦਲਿਤ ਭਾਈਚਾਰੇ ਦੀ ਆਸਥਾ ਨੂੰ ਵੱਡਾ ਸਦਮਾ ਪੁੱਜਾ ਹੈ। ਇਹ ਸਦਮਾ ਭਾਰੀ ਰੋਸ/ਗੁੱਸੇ 'ਚ ਤਬਦੀਲ ਹੋ ਗਿਆ ਹੈ। 12 ਅਗਸਤ ਨੂੰ ਬਹੁਤੇ ਥਾਈਂ ਪ੍ਰਦਰਸ਼ਨ ਹੋਣ ਤੋਂ ਬਾਅਦ 13 ਅਗਸਤ ਨੂੰ ਭਾਰਤ ਬੰਦ ਦਾ ਸੱਦਾ ਦਿੱਤਾ ਗਿਆ। ਇਸ ਬੰਦ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਸੰਤ ਰਵੀਦਾਸ ਦੇ ਮੰਦਿਰ ਨੂੰ ਤੋੜਨ ਦੇ ਫੈਸਲੇ ਨੂੰ ਮੰਦਭਾਗਾ ਕਰਾਰ ਦਿੰਦਿਆਂ ਇਨਕਲਾਬੀ ਕੇਂਦਰ, ਪੰਜਾਬ ਦੇ ਆਗੂਆਂ ਪ੍ਰਧਾਨ ਸਾਥੀ ਨਰਾਇਣ ਦੱਤ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਇਹ ਵਿਵਾਦਤ ਫੈਸਲਾ ਦਲਿਤ ਭਾਈਚਾਰੇ ਦੀ ਧਾਰਮਿਕ ਆਸਥਾ ਨੂੰ ਭਾਰੀ ਠੇਸ ਪਹੁੰਚਾਉਣ ਵਾਲਾ ਹੈ। ਮੋਦੀ-ਸ਼ਾਹ ਹਕੂਮਤ ਦੀ ਪਿਠਭੂਮੀ ਆਰ.ਐਸ.ਐਸ ਦੀ ਹਿੰਦੂਤਵੀ ਵਿਚਾਰਧਾਰਾ ਜਬਰੀ ਸਾਰੇ ਘੱਟ ਗਿਣਤੀ ਧਰਮਾਂ/ਕੌਮਾਂ 'ਤੇ ਠੋਸਣ ਦੀ ਸੋਚੀ ਸਮਝੀ ਸਕੀਮ ਦਾ ਸਿੱਟਾ ਹੈ। ਅਜਿਹਾ ਹੀ ਦੋ ਸਾਲ ਪਹਿਲਾਂ ਭੀਮਾ ਕੋਰੇ ਗਾਉਂ ਘਟਨਾ ਵੇਲੇ ਵਾਪਰਿਆ ਸੀ। ਕਸ਼ਮੀਰ ਵਿੱਚੋਂ ਧਾਰਾ 370 ਖਤਮ ਕਰਕੇ ਜੰਮੂ-ਕਸ਼ਮੀਰ ਦੇ ਰਾਜ ਦੇ ਦਰਜੇ ਦਾ ਹੀ ਭੋਗ ਪਾ ਦੇਣਾ ਵੀ ਹਿਟਲਰਸ਼ਾਹੀ ਮੋਦੀ-ਸ਼ਾਹ ਹਕੂਮਤ ਦਾ ਕੌਮਾਂ ਦੇ ਸਵੈਨਿਰਣੇ ਦੇ ਹੱਕ ਨੂੰ ਪੈਰਾਂ ਹੇਠ ਰੋਲਕੇ ਇੱਕ ਕੌਮ-ਇੱਕ ਰਾਸ਼ਟਰ ਬਨਾਉਣ ਦੀ ਵਿਉਂਤਬੱਧ ਸਕੀਮ ਦਾ ਫੈਸਲਾ ਸੀ/ਹੈ। ਆਗੂਆਂ ਕਿਹਾ ਕਿ ਇੱਕ ਪਾਸੇ ਮੁਲਕ ਦੇ ਹਾਕਮ ਦੇਸੀ-ਬਦੇਸ਼ੀ ਲੁਟੇਰਿਆਂ ਨੂੰ ਕੁਦਰਤੀ ਮਾਲ ਖਜਾਨੇ ਜਲ, ਜੰਗਲ ਜ਼ਮੀਨ ਦੇਵੇਂ ਹੱਥੀਂ ਕੌਡੀਆਂ ਦੇ ਭਾਅ ਲੁਟਾਕੇ ਲੱਖਾਂ ਆਦਿ ਵਾਸੀ ਕਬੀਲਿਆਂ ਦਾ ਉਜਾੜਾ ਕਰ ਰਹੇ ਹਨ। ਹਜ਼ਾਰਾਂ/ਲੱਖਾਂ ਏਕੜ ਸਰਕਾਰੀ ਜ਼ਮੀਨ ਉੱਪਰ ਥਾਂ-ਥਾਂ ਤੇ ਉੱਚ ਸ਼੍ਰੇਣੀਆਂ ਨੇ ਧਾਰਮਿਕ ਆਸਥਾ ਦੇ ਨਾਂ ਥੱਲੇ ਨਜਾਇਜ਼ ਕਬਜਾ ਕੀਤਾ ਹੋਇਆ ਹੈ। ਦੂਜੇ ਪਾਸੇ ਇੱਕ ਤਿੰਨ ਕਮਰਿਆਂ ਦਾ ਸੰਤ ਰਵੀਦਾਸ ਨਾਲ ਸਬੰਧਤ ਮੰਦਿਰ ਹੇਠਲ਼ੀ ਅਦਾਲਤ ਤੋਂ ਲੈਕੇ ਸੁਪਰੀਮ ਕੋਰਟ ਤੱਕ ਨੂੰ ਬਹੁਤ ਵੱਡਾ ਨਜਾਇਜ਼ ਕਬਜ਼ਾ ਦਿਸਿਆ। ਜਿਸ ਨੂੰ ਢਾਹੁਣ ਲਈ ਹਜ਼ਾਰਾਂ ਪੁਲਿਸ ਫੋਰਸ ਤਾਇਨਾਤ ਕਰਕੇ ਚੰਦ ਮਿੰਟਾਂ 'ਚ ਹੀ ਡੀਡੀਏ ਦੇ ਅਧਿਕਾਰੀਆਂ ਨੇ ਨਸ਼ਟ ਕਰ ਦਿੱਤਾ। ਜਦਕਿ ਸੰਤ ਰਵੀਦਾਸ ਨਾਲ ਜੁੜੀਆਂ ਥਾਵਾਂ ਦੀ ਖੋਜ ਕਰ ਕਰ ਰਹੇ ਸਤਵਿੰਦਰ ਸਿੰਘ ਹੀਰਾ ਅਨੁਸਾਰ ਦਿੱਲੀ ਵਿੱਚ ਲੋਧੀ ਵੰਸ਼ ਦੇ ਸਲਤਨਤ ਰਹੇ ਸਿਕੰਦਰ ਲੋਧੀ ਨੇ ਸੰਤ ਰਵੀਦਾਸ ਤੋਂ ਨਾਮਦਾਨ ਲੈਣ ਤੋਂ ਬਾਅਦ ਉਨ੍ਹਾਂ ਨੂੰ ਤੁਗਲਕਾਬਾਦ ਵਿੱਚ 12 ਬੀਘਾ ਜ਼ਮੀਨ ਦਾਨ ਕੀਤੀ ਸੀ, ਜਿਸ 'ਤੇ ਇਹ ਮੰਦਿਰ ਬਣਾਇਆ ਗਿਆ ਸੀ। ਮੰਦਿਰ ਵਾਲੀ ਥਾਂ ਤੋ 100 ਮੀ. ਦੂਰ ਪੂਰਬ ਵੱਲ ਜਿਹੜੀ ਸੜਕ ਹੈ, ਉਸ ਦਾ ਨਾਮ ਗੁਰੂ ਰਵੀਦਾਸ ਮਾਰਗ ਅਤੇ ਸੱਜੇ ਪਾਸੇ ਬਣੇ ਬੱਸ ਸਟੈਂਡ ਦਾ ਨਾਮ ਵੀ ਸੰਤ ਰਵੀਦਾਸ ਮੰਦਿਰ ਦੇ ਨਾਮ 'ਤੇ ਹੀ ਹੈ। ਇਸ ਲਈ ਕੇਂਦਰੀ ਹਕੂਮਤੀ ਗੱਦੀ 'ਤੇ ਮਨੂੰਵਾਦੀ ਸੋਚ ਵਾਲੀ ਕਾਬਜ ਜਮਾਤ ਦਾ ਦਲਿਤਾਂ ਅਤੇ ਘੱਟ ਗਿਣਤੀਆਂ ਪ੍ਰਤੀ ਸੋਚੀ ਸਮਝੀ ਸਕੀਮ ਤਹਿਤ ਉਨ੍ਹਾਂ ਦੇ ਹੱਕਾਂ ਹਿੱਤਾਂ/ਧਾਰਮਿਕ ਆਸਥਾਵਾਂ ਨੂੰ ਦਰੜਣ/ਮਸਲਣ ਦਾ ਸਿੱਟਾ ਹੈ। ਕੇਂਦਰੀ ਹਕੂਮਤ ਦੇ ਦਲਿਤਾਂ ਪ੍ਰਤੀ ਧਾਰਨ ਕੀਤੇ ਧੱਕੜ/ਜਾਬਰ ਰਵੱਈਏ ਨੂੰ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ। ਇਨਕਲਾਬੀ ਜਮਹੂਰੀ ਇਨਸਾਫਪਸੰਦ ਸ਼ਕਤੀਆਂ ਨੇ 13 ਅਗਸਤ ਦੇ ਬੰਦ ਦੇ ਸੱਦੇ ਵਿੱਚ ਜਿਸ ਢੰਗ ਨਾਲ ਸ਼ਮੂਲੀਅਤ ਕੀਤੀ ਹੈ, ਇਹ ਹਾਂ ਪੱਖੀ ਵਰਤਾਰਾ ਹੈ ਅਤੇ ਇਹ ਜਾਰੀ ਰਹਿਣਾ ਚਾਹੀਦਾ ਹੈ।

# ਘਰਾਂ ਵਿਚ ਕੈਦ ਕਸ਼ਮੀਰ (ਸਫ਼ਾ 1 ਦੀ ਬਾਕੀ)

ਅੱਗੇ ਬੋਲਣ ਲਈ ਤਿਆਰ ਨਹੀਂ ਸੀ। ਹਰ ਬੋਲਣ ਵਾਲੇ ਨੂੰ ਸਰਕਾਰੀ ਜਬਰ ਦਾ ਖ਼ਤਰਾ ਸੀ।

ਕਈ ਲੋਕਾਂ ਨੇ ਸਾਨੂੰ ਦੱਸਿਆ ਕਿ ਦੇਰ-ਸਵੇਰ (ਜਦੋਂ ਪਾਬੰਦੀਆਂ ਹਟਾ ਲਈਆਂ ਜਾਣਗੀਆਂ) ਵੱਡੇ ਵੱਡੇ ਵਿਰੋਧ ਮੁਜ਼ਾਹਰੇ ਸ਼ੁਰੂ ਹੋ ਜਾਣਗੇ। ਲੋਕਾਂ ਨੂੰ ਸ਼ਾਂਤਮਈ ਮੁਜ਼ਾਹਰਿਆਂ ਉੱਪਰ ਜਬਰ ਅਤੇ ਹਿੰਸਾ ਦਾ ਅੰਦੇਸ਼ਾ ਹੈ।

**ਜੰਮੂ-ਕਸ਼ਮੀਰ ਨਾਲ ਸਰਕਾਰ ਦੇ ਸਲੂਕ ਬਾਰੇ ਪ੍ਰਤੀਕਰਮ**

ਜਦੋਂ ਸਾਡਾ ਹਵਾਈ ਜਹਾਜ਼ ਸ੍ਰੀਨਗਰ ਵਿਚ ਉੱਤਰਿਆ ਅਤੇ ਮੁਸਾਫ਼ਰਾਂ ਨੂੰ ਦੱਸਿਆ ਗਿਆ ਕਿ ਉਹ ਆਪਣੇ ਮੋਬਾਈਲ ਫ਼ੋਨ ਚਾਲੂ ਕਰ ਸਕਦੇ ਹਨ ਤਾਂ ਸਾਰੇ ਹੀ ਮੁਸਾਫ਼ਰ (ਇਹਨਾਂ ਵਿਚ ਜ਼ਿਆਦਾਤਰ ਕਸ਼ਮੀਰੀ ਸਨ) ਮਜ਼ਾਕ ਉਡਾਉਂਦੇ ਹੋਏ ਹੱਸ ਪਏ। ਲੋਕ ਕਹਿ ਰਹੇ ਸਨ ਕਿ "ਕੀ ਮਜ਼ਾਕ ਹੈ"। 5 ਅਗਸਤ ਤੋਂ ਹੀ ਮੋਬਾਈਲ ਅਤੇ ਲੈਂਡਲਾਈਨ ਸੇਵਾਵਾਂ ਪੂਰੀ ਤਰ੍ਹਾਂ ਬੰਦ ਕਰ ਦਿੱਤੀਆਂ ਗਈਆਂ ਸਨ।

ਸ੍ਰੀਨਗਰ ਵਿਚ ਪਹੁੰਚਣ ਤੋਂ ਬਾਦ ਸਾਨੂੰ ਇਕ ਪਾਰਕ ਵਿਚ ਕੁਛ ਛੋਟੇ-ਛੋਟੇ ਬੱਚੇ ਅਲੱਗ-ਅਲੱਗ ਕਿਰਦਾਰ ਵਾਲੀ ਖੇਡ ਖੇਡਦੇ ਹੋਏ ਮਿਲੇ। ਉੱਥੇ ਅਸੀਂ ਸੁਣਿਆ 'ਇਬਲੀਸ ਮੋਦੀ'। 'ਇਬਲੀਸ' ਮਾਇਨੇ 'ਸ਼ੈਤਾਨ'।

ਭਾਰਤ ਸਰਕਾਰ ਦੇ ਫ਼ੈਸਲੇ ਦੇ ਬਾਰੇ ਲੋਕਾਂ ਤੋਂ ਜੋ ਸਭ ਤੋਂ ਜ਼ਿਆਦਾ ਸ਼ਬਦ ਸੁਣਨ ਨੂੰ ਮਿਲੇ ਉਹ ਸਨ 'ਜ਼ੁਲਮ', 'ਜ਼ਿਆਦਤੀ' ਅਤੇ 'ਧੋਖਾ'। ਸਫ਼ਕਦਲ (ਡਾਊਨ ਟਾਊਨ, ਸ੍ਰੀਨਗਰ) ਵਿਚ ਇਕ ਆਦਮੀ ਨੇ ਦੱਸਿਆ ਕਿ "ਸਰਕਾਰ ਨੇ ਅਸਾਂ ਕਸ਼ਮੀਰੀਆਂ ਨਾਲ ਗ਼ੁਲਾਮਾਂ ਵਾਲਾ ਵਰਤਾਓ ਕੀਤਾ ਹੈ। ਸਾਨੂੰ ਕੈਦ ਕਰਕੇ ਸਾਡੀ ਜ਼ਿੰਦਗੀ ਅਤੇ ਭਵਿੱਖ ਦੇ ਬਾਰੇ ਫ਼ੈਸਲਾ ਲੈ ਲਿਆ ਗਿਆ। ਇੱਥੇ ਸਾਨੂੰ ਬੰਦੀ ਬਣਾ ਕੇ, ਸਾਡੇ ਸਿਰ ਉੱਪਰ ਬੰਦੂਕ ਤਾਣ ਕੇ ਅਤੇ ਸਾਡੀ ਸੰਘੀ ਘੁੱਟ ਕੇ ਜ਼ਬਰੀ ਸਾਡੇ ਮੂੰਹ ਵਿਚ ਕੁਛ ਤੁੰਨ ਦੇਣ ਵਰਗੀ ਹਾਲਤ ਹੈ।"

ਅਸੀਂ ਸ੍ਰੀਨਗਰ ਦੀਆਂ ਗਲੀਆਂ ਤੋਂ ਲੈ ਕੇ ਹਰ ਕਸਬੇ ਅਤੇ ਪਿੰਡ ਵਿਚ ਜਿੱਥੇ ਵੀ ਗਏ ਸਾਨੂੰ ਆਮ ਲੋਕਾਂ ਨੇ, ਇੱਥੋਂ ਤਕ ਕਿ ਸਕੂਲ ਦੇ ਬੱਚਿਆਂ ਤੱਕ ਨੇ ਵੀ ਕਸ਼ਮੀਰ ਮਸਲੇ ਦੇ ਇਤਿਹਾਸ ਦੇ ਬਾਰੇ ਵਿਸਤਾਰ ਨਾਲ ਸਮਝਾਇਆ। ਉਹ ਭਾਰਤੀ ਮੀਡੀਆ ਵੱਲੋਂ ਇਤਿਹਾਸ ਨੂੰ ਪੂਰੀ ਤਰ੍ਹਾਂ ਤੋੜਨ-ਮਰੋੜਨ ਤੋਂ ਬਹੁਤ ਖ਼ਫ਼ਾ ਸਨ। ਜ਼ਿਆਦਾਤਰ ਨੇ ਕਿਹਾ ਕਿ "ਧਾਰਾ 370 ਭਾਰਤੀ ਅਤੇ ਕਸ਼ਮੀਰੀ ਆਗੂਆਂ ਦਰਮਿਆਨ ਦਾ ਇਕਰਾਰ ਸੀ। ਜੇ ਇਹ ਇਕਰਾਰ ਨਾ ਹੋਇਆ ਹੁੰਦਾ ਤਾਂ ਕਸ਼ਮੀਰ ਭਾਰਤ ਨਾਲ ਰਲੇਵਾਂ ਨਾ ਕਰਦਾ। ਧਾਰਾ 370 ਨੂੰ ਖ਼ਤਮ ਕਰਨ ਤੋਂ ਬਾਦ ਭਾਰਤ ਦੇ ਕਸ਼ਮੀਰ ਉੱਪਰ ਦਾਅਵੇ ਦਾ ਕੋਈ ਅਧਾਰ ਨਹੀਂ ਰਹਿ ਗਿਆ ਹੈ।" ਲਾਲ ਚੌਕ ਲਾਗੇ ਜਹਾਂਗੀਰ ਚੌਕ ਇਲਾਕੇ ਵਿਚ ਇਕ ਆਦਮੀ ਨੇ ਧਾਰਾ 370 ਨੂੰ ਕਸ਼ਮੀਰ ਅਤੇ ਭਾਰਤ ਦਰਮਿਆਨ ਵਿਆਹ ਬੰਧਨ ਦੀ ਰਜ਼ਾਮੰਦੀ ਦਾ ਮੰਗਲਸੂਤਰ ਕਿਹਾ। (ਧਾਰਾ 370 ਅਤੇ 35ਏ ਨੂੰ ਖ਼ਤਮ ਕਰਨ ਦੇ ਬਾਰੇ ਲੋਕਾਂ ਦੇ ਹੋਰ ਪ੍ਰਤੀਕਰਮ ਅੱਗੇ ਦਿੱਤੇ ਗਏ ਹਨ।)

ਭਾਰਤੀ ਮੀਡੀਆ ਦੇ ਬਾਰੇ ਚਾਰ-ਚੁਫੇਰੇ ਨਾਰਾਜ਼ਗੀ ਹੈ। ਲੋਕ ਆਪਣੇ ਘਰਾਂ ਵਿਚ ਕੈਦ ਹਨ, ਉਹ ਇਕ ਦੂਸਰੇ ਨਾਲ ਗੱਲ ਨਹੀਂ ਕਰ ਸਕਦੇ, ਉਹ ਸੋਸ਼ਲ ਮੀਡੀਆ ਉੱਪਰ ਆਪਣੀ ਗੱਲ ਨਹੀਂ ਕਹਿ ਸਕਦੇ ਅਤੇ ਕਿਸੇ ਵੀ ਤਰ੍ਹਾਂ ਆਪਣੀ ਆਵਾਜ਼ ਨਹੀਂ ਉਠਾ ਸਕਦੇ। ਉਹ ਆਪਣੇ ਘਰਾਂ ਵਿਚ ਭਾਰਤੀ ਟੀਵੀ ਚੈਨਲ ਦੇਖ ਰਹੇ ਹਨ ਜਿਹਨਾਂ ਵਿਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਕਸ਼ਮੀਰ ਭਾਰਤ ਸਰਕਾਰ ਦੇ ਫ਼ੈਸਲੇ ਦਾ ਸਵਾਗਤ ਕਰਦਾ ਹੈ। ਉਹ ਆਪਣੀ ਆਵਾਜ਼ ਮਿਟਾ ਦਿੱਤੇ ਜਾਣ ਦੇ ਖ਼ਿਲਾਫ਼ ਗੁੱਸੇ ਨਾਲ ਖੌਲ ਰਹੇ ਹਨ। ਇਕ ਨੌਜਵਾਨ ਨੇ ਕਿਹਾ ਕਿ "ਕਿਸ ਕੀ ਸ਼ਾਦੀ ਹੈ ਔਰ ਕੌਣ ਨਾਚ ਰਹਾ ਹੈ?! ਜੇ ਇਹ ਫ਼ੈਸਲਾ ਸਾਡੇ ਫ਼ਾਇਦੇ ਅਤੇ ਵਿਕਾਸ ਦੇ ਲਈ ਹੈ ਤਾਂ ਸਾਨੂੰ ਕਿਉਂ ਨਹੀਂ ਪੁੱਛਿਆ ਜਾ ਰਿਹਾ ਕਿ ਅਸੀਂ ਇਸ ਦੇ ਬਾਰੇ ਕੀ ਸੋਚਦੇ ਹਾਂ?"

**ਧਾਰਾ 370 ਨੂੰ ਖ਼ਤਮ ਕੀਤੇ ਜਾਣ ਬਾਰੇ ਪ੍ਰਤੀਕਰਮ**

ਆਨੰਤਨਾਗ ਜ਼ਿਲ੍ਹੇ ਦੇ ਗੁਰੀ ਪਿੰਡ ਵਿਚ ਇਕ ਵਿਅਕਤੀ ਨੇ ਕਿਹਾ, "ਸਾਡਾ ਉਹਨਾਂ ਨਾਲ ਰਿਸ਼ਤਾ ਧਾਰਾ 370 ਅਤੇ 35ਏ ਜ਼ਰੀਏ ਸੀ। ਹੁਣ ਉਹਨਾਂ ਨੇ ਆਪਣੇ ਹੀ ਪੈਰ ਉੱਪਰ ਕੁਹਾੜਾ ਮਾਰ ਲਿਆ ਹੈ। ਹੁਣ ਅਸੀਂ ਆਜ਼ਾਦ ਹੋ ਗਏ ਹਾਂ।" ਇਸੇ ਵਿਅਕਤੀ ਨੇ ਪਹਿਲਾਂ ਨਾਅਰਾ ਲਗਾਇਆ 'ਹਮੇਂ ਚਾਹੀਏ ਆਜ਼ਾਦੀ' ਅਤੇ ਉਸ ਤੋਂ ਬਾਦ ਦੂਸਰਾ ਨਾਅਰਾ ਲਗਾਇਆ 'ਧਾਰਾ 370 ਅਤੇ 35ਏ ਨੂੰ ਬਹਾਲ ਕਰੋ।'

ਕਈ ਲੋਕਾਂ ਨੇ ਧਾਰਾ 370 ਅਤੇ 35ਏ ਨੂੰ ਕਸ਼ਮੀਰੀਆਂ ਦੀ ਪਛਾਣ ਦੱਸਿਆ। ਉਹ ਮੰਨਦੇ ਹਨ ਕਿ ਧਾਰਾ 370 ਨੂੰ ਖ਼ਤਮ ਕਰਕੇ ਕਸ਼ਮੀਰੀਆਂ ਦੇ ਸਵੈਮਾਣ ਅਤੇ ਉਹਨਾਂ ਦੀ ਪਛਾਣ ਉੱਪਰ ਹਮਲਾ ਕੀਤਾ ਗਿਆ ਹੈ। ਉਹਨਾਂ ਨੂੰ ਜ਼ਲੀਲ ਕੀਤਾ ਗਿਆ ਹੈ।

ਸਾਰੇ ਕਸ਼ਮੀਰੀ ਧਾਰਾ 370 ਨੂੰ ਮੁੜ ਬਹਾਲ ਕਰਨ ਦੀ ਮੰਗ ਨਹੀਂ ਕਰ ਰਹੇ ਹਨ। ਬਹੁਤ ਸਾਰੇ ਲੋਕਾਂ ਨੇ ਕਿਹਾ ਕਿ ਸੰਸਦੀ ਪਾਰਟੀਆਂ ਹੀ ਹਨ ਜੋ ਲੋਕਾਂ ਨੂੰ ਕਹਿੰਦੀਆਂ ਸਨ ਕਿ ਭਰੋਸਾ ਰੱਖੋ, ਭਾਰਤ ਧਾਰਾ 370 ਦੇ ਇਕਰਾਰ ਦਾ ਸਨਮਾਨ ਕਰੇਗਾ। ਧਾਰਾ 370 ਦੇ ਖ਼ਾਤਮੇ ਨੇ 'ਭਾਰਤ ਪੱਖੀ ਪਾਰਟੀਆਂ' ਨੂੰ ਹੋਰ ਵੀ ਬਦਨਾਮ ਕਰ ਦਿੱਤਾ ਹੈ। ਉਹਨਾਂ ਨੂੰ ਲੱਗਦਾ ਹੈ ਕਿ ਕਸ਼ਮੀਰ ਦੀ ਭਾਰਤ ਤੋਂ 'ਆਜ਼ਾਦੀ' ਦੀ ਗੱਲ ਕਰਨ ਵਾਲੇ ਲੋਕ ਸਹੀ ਸਨ। ਬਾਤਮਾਲੂ ਵਿਚ ਇਕ ਵਿਅਕਤੀ ਨੇ ਕਿਹਾ ਕਿ "ਜੋ ਇੰਡੀਆ ਦੇ ਸੋਹਲੇ ਗਾਉਂਦੇ ਹਨ, ਉਹ ਤਾਂ ਇਹਨਾਂ ਦੇ ਆਪਣੇ ਬੰਦੇ ਹਨ, ਉਹ ਵੀ ਬੰਦ ਹਨ।" ਇਕ ਕਸ਼ਮੀਰੀ ਪੱਤਰਕਾਰ ਨੇ ਕਿਹਾ ਕਿ "ਮੁੱਖਧਾਰਾ ਦੀਆਂ ਪਾਰਟੀਆਂ ਨਾਲ ਜਿਸ ਤਰ੍ਹਾਂ ਦਾ ਵਰਤਾਓ ਕੀਤਾ ਜਾ ਰਿਹਾ ਹੈ ਉਸ ਤੋਂ ਬਹੁਤ ਸਾਰੇ ਲੋਕ ਖ਼ੁਸ਼ ਹਨ। ਇਹ ਪਾਰਟੀਆਂ ਭਾਰਤ ਦੀ ਤਰਫ਼ਦਾਰੀ ਕਰਦੀਆਂ ਹਨ ਅਤੇ ਹੁਣ ਜ਼ਲੀਲ ਹੋ ਰਹੀਆਂ ਹਨ।"

ਲੋਕਾਂ ਦੀ ਇਕ ਟੇਕ ਇਹ ਵੀ ਹੈ ਕਿ "ਮੋਦੀ ਨੇ ਭਾਰਤ ਦੇ ਆਪਣੇ ਕਾਨੂੰਨ ਅਤੇ ਸੰਵਿਧਾਨ ਨੂੰ ਤਹਿਸ-ਨਹਿਸ ਕਰ ਦਿੱਤਾ ਹੈ।" ਜੋ ਲੋਕ ਇਹ ਕਹਿ ਰਹੇ ਸਨ ਉਹਨਾਂ ਦਾ ਮੰਨਣਾ ਸੀ ਕਿ ਧਾਰਾ 370 ਜਿੰਨੀ ਕਸ਼ਮੀਰੀਆਂ ਲਈ ਜ਼ਰੂਰੀ ਸੀ ਉਸ ਤੋਂ ਕਿਤੇ ਜ਼ਿਆਦਾ ਭਾਰਤ ਦੇ ਲਈ ਜ਼ਰੂਰੀ ਸੀ ਤਾਂ ਜੁ ਉਹ ਕਸ਼ਮੀਰ ਉੱਪਰ ਆਪਣੇ ਦਾਅਵੇ ਨੂੰ ਕਾਨੂੰਨੀ ਜਾਮਾ ਪਹਿਨਾ ਸਕਣ। ਮੋਦੀ ਸਰਕਾਰ ਨੇ ਸਿਰਫ਼ ਕਸ਼ਮੀਰ ਨੂੰ ਹੀ ਤਬਾਹ ਨਹੀਂ ਕੀਤਾ ਹੈ ਸਗੋਂ ਆਪਣੇ ਹੀ ਮੁਲਕ ਦੇ ਸੰਵਿਧਾਨ ਅਤੇ ਕਾਨੂੰਨ ਦੀਆਂ ਧੱਜੀਆਂ ਉਡਾ ਦਿੱਤੀਆਂ ਹਨ।

ਸ੍ਰੀਨਗਰ ਦੇ ਜਹਾਂਗੀਰ ਚੌਕ ਦੇ ਇਕ ਹੌਜ਼ਰੀ ਵਪਾਰੀ ਨੇ ਕਿਹਾ, "ਕਾਂਗਰਸ ਨੇ ਪਿੱਠ ਵਿਚ ਛੁਰਾ ਮਾਰਿਆ ਸੀ, ਭਾਜਪਾ ਨੇ ਸਾਹਮਣਿਓਂ ਛੁਰਾ ਖੋਭ ਦਿੱਤਾ ਹੈ। ਉਹਨਾਂ ਨੇ ਸਾਡੇ ਖ਼ਿਲਾਫ਼ ਕੁਛ ਨਹੀਂ ਕੀਤਾ ਹੈ ਸਗੋਂ ਆਪਣੇ ਹੀ ਸੰਵਿਧਾਨ ਦਾ ਗਲ਼ਾ ਘੁੱਟ ਦਿੱਤਾ ਹੈ। ਇਹ ਹਿੰਦੂ ਰਾਸ਼ਟਰ ਦੀ ਦਿਸ਼ਾ ਵਿਚ ਪਹਿਲਾ ਕਦਮ ਹੈ।"

ਕੁਛ ਮਾਇਨਿਆਂ 'ਚ ਲੋਕ ਧਾਰਾ 370 ਨੂੰ ਖ਼ਤਮ ਕਰਨ ਦੇ ਮੁਕਾਬਲੇ 35ਏ ਨੂੰ ਖ਼ਤਮ ਕੀਤੇ ਜਾਣ ਨੂੰ ਲੈ ਕੇ ਜ਼ਿਆਦਾ ਫ਼ਿਕਰਮੰਦ ਸਨ। ਬਥੇਰੇ ਲੋਕਾਂ ਦਾ ਮੰਨਣਾ ਸੀ ਕਿ ਧਾਰਾ 370 ਤਾਂ ਸਿਰਫ਼ ਨਾਮਨਿਹਾਦ ਹੀ ਸੀ, ਸੁਤੰਤਰਤਾ ਤਾਂ ਪਹਿਲਾਂ ਹੀ ਖ਼ਤਮ ਹੋ ਚੁੱਕੀ ਸੀ। ਲੋਕਾਂ ਵਿਚ ਡਰ ਸੀ ਕਿ 35ਏ ਹਟਾਏ ਜਾਣ ਨਾਲ "ਰਿਆਸਤ ਦੀ ਜ਼ਮੀਨ ਕੌਡੀਆਂ ਦੇ ਭਾਅ ਨਿਵੇਸ਼ਕਾਰਾਂ ਨੂੰ ਵੇਚ ਦਿੱਤੀ ਜਾਵੇਗੀ। ਅੰਬਾਨੀ ਅਤੇ ਪਤੰਜਲੀ ਵਰਗੇ ਲੋਕ ਆਸਾਨੀ ਨਾਲ ਹੀ ਇੱਥੇ ਆ ਜਾਣਗੇ। ਕਸ਼ਮੀਰ ਦੀ ਜ਼ਮੀਨ ਅਤੇ ਵਸੀਲਿਆਂ ਨੂੰ ਹੜੱਪ ਲਿਆ ਜਾਵੇਗਾ। ਅੱਜ ਦੀ ਤਰੀਕ 'ਚ ਕਸ਼ਮੀਰ ਵਿਚ ਸਿੱਖਿਆ ਅਤੇ ਰੋਜ਼ਗਾਰ ਦਾ ਪੱਧਰ ਬਾਕੀ ਰਾਜਾਂ ਨਾਲੋਂ ਬਿਹਤਰ ਹੈ। ਲੇਕਿਨ ਭਲਕ ਨੂੰ ਕਸ਼ਮੀਰੀਆਂ ਨੂੰ ਸਰਕਾਰੀ ਨੌਕਰੀਆਂ ਦੇ ਲਈ ਦੂਸਰੇ ਰਾਜਾਂ ਦੇ ਲੋਕਾਂ ਨਾਲ ਮੁਕਾਬਲਾ ਕਰਨਾ ਪਵੇਗਾ। ਇਕ ਪੀੜ੍ਹੀ ਤੋਂ ਬਾਦ ਜ਼ਿਆਦਾਤਰ ਕਸ਼ਮੀਰੀਆਂ ਦੇ ਕੋਲ ਨੌਕਰੀਆਂ ਨਹੀਂ ਹੋਣਗੀਆਂ ਜਾਂ ਫਿਰ ਉਹ ਦੂਸਰੇ ਰਾਜਾਂ ਵਿਚ ਜਾਣ ਲਈ ਮਜਬੂਰ ਹੋ ਜਾਣਗੇ।"

**"ਹਾਲਾਤ ਆਮ" ਹਨ ਜਾਂ ਕਬਰਾਂ ਵਰਗੀ ਸ਼ਾਂਤੀ ਹੈ?**

ਕੀ ਕਸ਼ਮੀਰ ਦੇ ਹਾਲਾਤ ਆਮ ਅਤੇ ਸ਼ਾਂਤਮਈ ਹਨ? ਜਿਵੇਂ ਕਿ ਦੱਸਿਆ ਜਾ ਰਿਹਾ ਹੈ। ਨਹੀਂ, ਬਿਲਕੁਲ ਨਹੀਂ।

1. ਸੋਪੋਰ ਵਿਚ ਇਕ ਨੌਜਵਾਨ ਨੇ ਸਾਨੂੰ ਕਿਹਾ, "ਇਹ ਬੰਦੂਕ ਦੀ ਨੋਕ ਉੱਪਰ ਖ਼ਾਮੋਸ਼ੀ ਹੈ, ਕਬਰਸਤਾਨ ਦੀ ਖ਼ਾਮੋਸ਼ੀ"।

2. ਉੱਥੋਂ ਦੇ ਅਖ਼ਬਾਰ ਗਰੇਟਰ ਕਸ਼ਮੀਰ ਦੇ ਮੁੱਖ ਪੰਨੇ ਉੱਪਰ ਕੁਝ ਖ਼ਬਰਾਂ ਸਨ ਅਤੇ ਪਿਛਲੇ ਪੰਨੇ ਉੱਪਰ ਖੇਡ ਸੰਬੰਧੀ ਖ਼ਬਰਾਂ, ਵਿਚਕਾਰਲੇ ਸਾਰੇ ਪੰਨੇ ਵਿਆਹਾਂ ਅਤੇ ਹੋਰ ਸਮਾਰੋਹਾਂ ਨੂੰ ਮੁਅੱਤਲ ਕਰ ਦੇਣ ਦੀਆਂ ਸੂਚਨਾਵਾਂ ਨਾਲ ਭਰੇ ਪਏ ਸਨ।

3. ਸਰਕਾਰ ਦਾ ਦਾਅਵਾ ਹੈ ਕਿ ਸਿਰਫ਼ ਧਾਰਾ 144 ਲਗਾਈ ਗਈ ਹੈ, ਕਰਫ਼ਿਊ ਨਹੀਂ। ਲੇਕਿਨ ਪੁਲਿਸ ਦੀਆਂ ਗੱਡੀਆਂ ਪੂਰੇ ਸ੍ਰੀਨਗਰ ਸ਼ਹਿਰ ਵਿਚ ਗਸ਼ਤ ਕਰਕੇ ਲੋਕਾਂ ਨੂੰ ਚੇਤਾਵਨੀ ਦੇ ਰਹੀਆਂ ਸਨ ਕਿ "ਘਰ ਵਿਚ ਮਹਿਫ਼ੂਜ਼ ਰਹੋ, ਕਰਫ਼ਿਊ ਵਿਚ ਬਾਹਰ ਨਾ ਘੁੰਮੋ", ਅਤੇ ਦੁਕਾਨਦਾਰਾਂ ਨੂੰ ਦੁਕਾਨਾਂ ਬੰਦ ਕਰਨ ਲਈ ਕਹਿ ਰਹੀਆਂ ਸਨ। ਬਾਹਰ ਘੁੰਮਣ ਵਾਲਿਆਂ ਤੋਂ ਕਰਫ਼ਿਊ ਪਾਸ ਮੰਗੇ ਜਾ ਰਹੇ ਸਨ।

4. ਪੂਰੇ ਕਸ਼ਮੀਰ ਵਿਚ ਕਰਫ਼ਿਊ ਹੈ। ਇੱਥੋਂ ਤਕ ਕਿ ਈਦ ਦੇ ਦਿਨ ਵੀ ਸੜਕਾਂ ਅਤੇ ਬਾਜ਼ਾਰ ਸੁੰਨ-ਮ-ਸਾਨ ਸਨ। ਸ੍ਰੀਨਗਰ ਵਿਚ ਥਾਂ-ਥਾਂ ਕੰਡੇਦਾਰ ਤਾਰ ਅਤੇ ਵੱਡੀ ਤਾਦਾਦ ਵਿਚ ਨੀਮ-ਫ਼ੌਜੀ ਤਾਕਤਾਂ ਦੀ ਮੌਜੂਦਗੀ ਹੋਣ ਕਾਰਨ ਆਉਣ-ਜਾਣ ਵਿਚ ਰੁਕਾਵਟ ਆ ਰਹੀ ਸੀ। ਈਦ ਦੇ ਦਿਨ ਵੀ ਇਹੀ ਹਾਲ ਰਿਹਾ। ਕਈ ਪਿੰਡਾਂ ਵਿਚ ਨੀਮ-ਫ਼ੌਜ ਨੇ ਅਜ਼ਾਨ ਉੱਪਰ ਰੋਕ ਲਗਾ ਦਿੱਤੀ ਸੀ ਅਤੇ ਈਦ ਉੱਪਰ ਮਸਜਿਦ ਵਿਚ ਸਮੂਹਿਕ ਰੂਪ 'ਚ ਨਮਾਜ਼ ਪੜ੍ਹਨ ਦੀ ਬਜਾਏ ਲੋਕਾਂ ਨੂੰ ਮਜਬੂਰੀ ਵਸ ਘਰਾਂ ਵਿਚ ਹੀ ਨਮਾਜ਼ ਪੜ੍ਹਨੀ ਪਈ।

5. ਅਨੰਤਨਾਗ, ਸ਼ੋਪੀਆਂ ਅਤੇ ਪੰਪੋਰ (ਦੱਖਣੀ ਕਸ਼ਮੀਰ) ਵਿਚ ਸਾਨੂੰ ਸਿਰਫ਼ ਬਹੁਤ ਛੋਟੇ ਬੱਚੇ ਹੀ ਈਦ ਦੇ ਮੌਕੇ ਤਿਓਹਾਰ ਵਾਲੇ ਕੱਪੜੇ ਪਹਿਨੀਂ ਨਜ਼ਰ ਆਏ। ਇਵੇਂ ਜਾਪਦਾ ਸੀ ਜਿਵੇਂ ਸਾਰੇ ਲੋਕ ਸ਼ੋਕ ਮਨਾ ਰਹੇ ਹੋਣ। ਅਨੰਤਨਾਗ ਦੇ ਗੁਰੀ ਵਿਚ ਇਕ ਔਰਤ ਨੇ ਕਿਹਾ ਕਿ "ਸਾਨੂੰ ਇਵੇਂ ਲੱਗ ਰਿਹਾ ਹੈ ਜਿਵੇਂ ਅਸੀਂ ਜੇਲ੍ਹ ਵਿਚ ਹੋਈਏ।" ਨਾਗਬਲ (ਸ਼ੋਪੀਆਂ) ਵਿਚ ਕੁਛ ਲੜਕੀਆਂ ਨੇ ਕਿਹਾ ਕਿ ਜਦੋਂ ਸਾਡੇ ਭਾਈ ਪੁਲਿਸ ਜਾਂ ਫ਼ੌਜ ਦੀ ਹਿਰਾਸਤ ਵਿਚ ਹਨ, ਤਾਂ ਅਸੀਂ ਈਦ ਕਿਵੇਂ ਮਨਾਈਏ?

6. ਈਦ ਤੋਂ ਇਕ ਦਿਨ ਪਹਿਲਾਂ 11 ਅਗਸਤ ਨੂੰ ਸ਼ੋਪੀਆਂ ਵਿਚ ਇਕ ਔਰਤ ਨੇ ਦੱਸਿਆ ਕਿ ਉਹ ਕਰਫ਼ਿਊ ਵਿਚ ਥੋੜ੍ਹੀ ਦੇਰ ਲਈ ਢਿੱਲ ਮਿਲਣ 'ਤੇ ਬਾਜ਼ਾਰ ਵਿਚ ਈਦ ਦਾ ਕੁਛ ਸਮਾਨ ਖ਼ਰੀਦਣ ਆਈ ਹੈ। "ਪਿਛਲੇ ਸੱਤ ਦਿਨਾਂ ਤੋਂ ਅਸੀਂ ਆਪਣੇ ਘਰਾਂ ਵਿਚ ਕੈਦ ਸੀ, ਅਤੇ ਮੇਰੇ ਪਿੰਡ ਲਾਂਗਟ ਵਿਚ ਅੱਜ ਵੀ ਦੁਕਾਨਾਂ ਬੰਦ ਹਨ ਇਸ ਲਈ ਈਦ ਦੀ ਖ਼ਰੀਦਦਕਾਰੀ ਕਰਨ ਸੋਪੋਰ ਸ਼ਹਿਰ ਆਈ ਹਾਂ ਅਤੇ ਇੱਥੇ ਮੇਰੀ ਬੇਟੀ ਨਰਸਿੰਗ ਦੀ ਵਿਦਿਆਰਥਣ ਹੈ ਉਸ ਦੀ ਸੁੱਖ-ਸਾਂਦ ਵੀ ਪੁੱਛਦੀ ਜਾਵਾਂਗੀ" ਉਸ ਨੇ ਕਿਹਾ।

7. ਬਾਂਦੀਪੁਰਾ ਲਾਗੇ ਵਤਪੁਰਾ ਵਿਚ ਬੇਕਰੀ ਵਿਚ ਇਕ ਨੌਜਵਾਨ ਨੇ ਦੱਸਿਆ ਕਿ "ਇੱਥੇ ਮੋਦੀ ਦਾ ਨਹੀਂ, ਫ਼ੌਜ ਦਾ ਰਾਜ ਹੈ"। ਉਸ ਦੇ ਦੋਸਤ ਨੇ ਅੱਗੇ ਕਿਹਾ ਕਿ "ਅਸੀਂ ਸਹਿਮੇ ਹੋਏ ਰਹਿੰਦੇ ਹਾਂ ਕਿਉਂਕਿ ਨੇੜਲੇ ਫ਼ੌਜੀ ਕੈਂਪ ਵੱਲੋਂ ਐਸੇ ਸਖ਼ਤ ਕਾਇਦੇ-ਕਾਨੂੰਨ ਥੋਪੇ ਜਾਂਦੇ ਹਨ ਜਿਹਨਾਂ ਨੂੰ ਪੂਰਾ ਕਰ ਸਕਣਾ ਲਗਭਗ ਅਸੰਭਵ ਹੁੰਦਾ ਹੈ। ਉਹ ਕਹਿੰਦੇ ਹਨ ਕਿ ਘਰ ਤੋਂ ਬਾਹਰ ਜਾਣਾ ਹੈ ਤਾਂ ਅੱਧੇ ਘੰਟੇ ਵਿਚ ਹੀ ਵਾਪਸ ਮੁੜਨਾ ਹੋਵੇਗਾ। ਲੇਕਿਨ ਜੇ ਮੇਰਾ ਬੱਚਾ ਬੀਮਾਰ ਹੈ ਅਤੇ ਉਸ ਨੂੰ ਹਸਪਤਾਲ ਲਿਜਾਣਾ ਹੈ ਤਾਂ ਅੱਧਾ ਘੰਟਾ ਤੋਂ ਜ਼ਿਆਦਾ ਵੀ ਲੱਗ ਸਕਦਾ ਹੈ। ਜੇ ਕੋਈ ਨੇੜੇ ਦੇ ਪਿੰਡ ਵਿਚ ਆਪਣੀ ਧੀ ਨੂੰ ਮਿਲਣ ਜਾਵੇਗਾ ਤਾਂ ਵੀ ਅੱਧੇ ਘੰਟੇ ਤੋਂ ਜ਼ਿਆਦਾ ਹੀ ਲੱਗੇਗਾ। ਲੇਕਿਨ ਜੇ ਥੋੜ੍ਹੀ ਵੀ ਦੇਰ ਹੋ ਜਾਵੇ ਤਾਂ ਸਾਨੂੰ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਹੈ"। ਸੀ.ਆਰ.ਪੀ.ਐੱਫ. ਹਰ ਥਾਂ ਹੈ, ਕਸ਼ਮੀਰ ਵਿਚ ਲਗਭਗ ਹਰ ਘਰ ਦੇ ਬਾਹਰ। ਜ਼ਾਹਿਰ ਹੈ ਉਹ ਉੱਥੇ ਕਸ਼ਮੀਰੀਆਂ ਨੂੰ ਸੁਰੱਖਿਆ ਨਹੀਂ ਦੇ ਰਹੇ ਹਨ ਸਗੋਂ ਉਹਨਾਂ ਦੀ ਮੌਜੂਦਗੀ ਉੱਥੇ ਭੈਅ ਪੈਦਾ ਕਰਦੀ ਹੈ।

8. ਭੇਡਾਂ ਦੇ ਵਪਾਰੀ ਅਤੇ ਚਰਵਾਹੇ ਉੱਥੇ ਅਣਵਿਕੀਆਂ ਭੇਡਾਂ ਅਤੇ ਬੱਕਰੀਆਂ ਸਮੇਤ ਨਜ਼ਰ ਆਏ। ਜਿਹਨਾਂ ਪਸ਼ੂਆਂ ਉੱਪਰ ਸਾਰਾ ਸਾਲ ਨਿਵੇਸ਼ ਕੀਤਾ ਗਿਆ ਉਹ ਹੁਣ ਵਿਕ ਨਹੀਂ ਰਹੇ। ਉਹਨਾਂ ਦੇ ਲਈ ਇਸ ਦਾ ਅਰਥ ਭਾਰੀ ਆਰਥਕ ਨੁਕਸਾਨ ਹੈ। ਦੂਸਰੇ ਪਾਸੇ ਜੋ ਲੋਕ ਕੰਮ ਉੱਪਰ ਨਹੀਂ ਜਾ ਪਾ ਰਹੇ, ਉਹਨਾਂ ਦੀ ਕਮਾਈ ਬੰਦ ਹੈ ਅਤੇ ਉਹ ਈਦ ਉੱਪਰ ਕੁਰਬਾਨੀ ਦੇ ਲਈ ਜਾਨਵਰ ਨਹੀਂ ਖ਼ਰੀਦ ਸਕਦੇ।

9. ਬਿਜਨੌਰ (ਯੂ.ਪੀ.) ਦੇ ਇਕ ਦੁਕਾਨਦਾਰ ਨੇ ਸਾਨੂੰ ਆਪਣੀਆਂ ਅਣਵਿਕੀਆਂ ਮਿਠਾਈਆਂ ਦਾ ਢੇਰ ਦਿਖਾਇਆ ਜੋ ਖ਼ਰਾਬ ਹੋ ਰਹੀਆਂ ਸਨ ਕਿਉਂਕਿ ਲੋਕਾਂ ਕੋਲ ਮਿਠਾਈਆਂ ਖ਼ਰੀਦਣ ਲਈ ਪੈਸੇ ਨਹੀਂ ਹਨ।

10. ਸ੍ਰੀਨਗਰ ਵਿਚ ਦਮੇ ਤੋਂ ਪੀੜਤ ਇਕ ਆਟੋ ਡਰਾਈਵਰ ਨੇ ਸਾਨੂੰ ਆਪਣੀਆਂ ਦਵਾਈਆਂ, ਸਾਲਬੂਟਾਮੋਲ ਅਤੇ ਐਸਥਾਲਿਨ, ਦੀ ਆਖ਼ਰੀ ਖ਼ੁਰਾਕ ਦਿਖਾਉਂਦੇ ਹੋਏ ਦੱਸਿਆ ਕਿ ਉਹ ਕਈ ਦਿਨਾਂ ਤੋਂ ਦਵਾ ਖ਼ਰੀਦਣ ਦੇ ਲਈ ਭਟਕ ਰਿਹਾ ਹੈ ਪਰ ਉਸ ਦੇ ਇਲਾਕੇ ਵਿਚ ਕੈਮਿਸਟ ਦੀਆਂ ਦੁਕਾਨਾਂ ਅਤੇ ਹਸਪਤਾਲਾਂ ਵਿਚ ਇਸ ਦਾ ਸਟਾਕ ਖ਼ਤਮ ਹੋ ਚੁੱਕਾ ਹੈ ਅਤੇ ਉਹ ਵੱਡੇ ਹਸਪਤਾਲ ਵਿਚ ਜਾ ਨਹੀਂ ਸਕਦਾ ਕਿਉਂਕਿ ਰਸਤੇ ਵਿਚ ਸੀ.ਆਰ.ਪੀ.ਐੱਫ. ਵਾਲੇ ਰੋਕਦੇ ਹਨ। ਉਸ ਨੇ ਐਸਥਾਲੀਨ ਇਨਹੇਲਰ ਦਾ ਇਕ ਖਾਲੀ ਮਰੋੜਿਆ ਹੋਇਆ ਕਵਰ ਦਿਖਾਉਂਦੇ ਹੋਏ ਕਿਹਾ ਕਿ ਉਸ ਕਵਰ ਨੂੰ ਜਦੋਂ ਉਸ ਨੇ ਸੀ.ਪੀ.ਆਰ.ਐੱਫ. ਦੇ ਜਵਾਨ ਨੂੰ ਦਿਖਾ ਕੇ ਦਵਾਈ ਖ਼ਰੀਦਣ ਦੇ ਲਈ ਅੱਗੇ ਜਾਣ ਦੀ ਇਜਾਜ਼ਤ ਦੇਣ ਦੀ ਗੁਜ਼ਾਰਿਸ਼ ਕੀਤੀ ਤਾਂ ਉਸ ਨੇ ਉਹ ਕਵਰ ਆਪਣੇ ਬੂਟਾਂ ਹੇਠ ਦਰੜ ਦਿੱਤਾ। "ਉਸ ਨੂੰ ਦਰੜ ਕਿਉਂ ਦਿੱਤਾ? ਕਿਉਂਕਿ ਉਹ ਮੈਨੂੰ ਨਫ਼ਰਤ ਕਰਦਾ ਹੈ" ਆਟੋ ਡਰਾਈਵਰ ਦਾ ਕਹਿਣਾ ਸੀ।

**ਵਿਰੋਧ, ਜਬਰ ਅਤੇ ਵਹਿਸ਼ਤ**

1. ਨੌਂ ਅਗਸਤ ਨੂੰ ਸ੍ਰੀਨਗਰ ਦੇ ਸ਼ਾਓਰਾ ਵਿਚ 10000 ਦੇ ਕਰੀਬ ਲੋਕ ਵਿਰੋਧ ਕਰਨ ਲਈ ਜੁੜੇ। ਫ਼ੌਜੀ ਦਸਤਿਆਂ ਵੱਲੋਂ ਉਹਨਾਂ ਉੱਪਰ ਪੈਲੇਟ ਗੰਨਾਂ ਨਾਲ ਫ਼ਾਇਰ ਕੀਤੇ ਗਏ ਜਿਸ ਵਿਚ ਕਈ ਲੋਕ ਜ਼ਖ਼ਮੀ ਹੋਏ। ਅਸੀਂ 10 ਅਗਸਤ ਨੂੰ ਸ਼ਾਓਰਾ ਜਾਣ ਦੀ ਕੋਸ਼ਿਸ਼ ਕੀਤੀ ਲੇਕਿਨ ਸੀ.ਆਰ.ਪੀ.ਐੱਫ. ਦੇ ਨਾਕੇ ਉੱਪਰ ਸਾਨੂੰ ਰੋਕ ਦਿੱਤਾ ਗਿਆ। ਉਸ ਦਿਨ ਵੀ ਅਸੀਂ ਦੇਖਿਆ ਬਹੁਤ ਸਾਰੇ ਨੌਜਵਾਨ ਮੁਜ਼ਾਹਰਾਕਾਰੀਆਂ ਨੇ ਸੜਕ ਉੱਪਰ ਰਸਤਾ ਬੰਦ ਕੀਤਾ ਹੋਇਆ ਸੀ।

2. ਸ੍ਰੀਨਗਰ ਦੇ ਐੱਸ.ਐੱਮ.ਐੱਚ.ਐੱਸ. ਹਸਪਤਾਲ ਵਿਚ ਪੈਲਟ ਗੰਨਾਂ ਨਾਲ ਜ਼ਖ਼ਮੀ ਦੋ ਜਣਿਆਂ ਨਾਲ ਸਾਡੀ ਮੁਲਾਕਾਤ ਹੋਈ। ਦੋ ਨੌਜਵਾਨਾਂ ਵਕਰ ਅਹਿਮਦ ਅਤੇ ਵਾਹਿਦ ਦੇ ਚਿਹਰੇ, ਬਾਹਾਂ ਅਤੇ ਸਰੀਰ ਦੇ ਉੱਪਰਲੇ ਹਿੱਸੇ ਵਿਚ ਥਾਂ-ਥਾਂ ਛਰਿਆਂ ਦੇ ਨਿਸ਼ਾਨ ਸਨ। ਉਹਨਾਂ ਦੀਆਂ ਅੱਖਾਂ ਵਿਚ ਲਹੂ ਭਰਿਆ ਹੋਇਆ ਸੀ, ਉਹ ਅੰਨ੍ਹੇ ਹੋ ਚੁੱਕੇ ਸਨ। ਵਕਰ ਨੂੰ ਕੈਥੇਟਰ ਲਗਾਇਆ ਹੋਇਆ ਸੀ ਜਿਸ ਵਿਚ ਸਰੀਰ ਦੇ ਅੰਦਰੂਨੀ ਹਿੱਸਿਆਂ ਵਿੱਚੋਂ ਨਿਕਲ ਰਹੇ ਲਹੂ ਨਾਲ ਉਸ ਦਾ ਪੇਸ਼ਾਬ ਲਾਲ ਹੋ ਗਿਆ ਸੀ। ਦੁੱਖ ਅਤੇ ਗੁੱਸੇ ਵਿਚ ਰੋਂਦੇ ਹੋਏ ਉਸ ਦੇ ਪਰਿਵਾਰ ਦੇ ਜੀਆਂ ਨੇ ਦੱਸਿਆ ਕਿ ਇਹ ਲੜਕੇ ਪਥਰਾਓ ਵਗ਼ੈਰਾ ਨਹੀਂ, ਸਿਰਫ਼ ਸ਼ਾਂਤਮਈ ਵਿਰੋਧ ਕਰ ਰਹੇ ਸਨ।

3. ਸਮੀਰ ਅਹਿਮਦ (ਉਮਰ ਤਕਰੀਬਨ 20-25 ਸਾਲ) ਰਾਈਜ਼ਿੰਗ ਕਸ਼ਮੀਰ ਅਖ਼ਬਾਰ ਵਿਚ ਗ੍ਰਾਫ਼ਿਕ ਡਿਜ਼ਾਈਨਰ ਹੈ। ਉਸ ਨੇ 6 ਅਗਸਤ ਨੂੰ ਆਪਣੇ ਘਰ ਦੇ ਨੇੜੇ ਮਾਂਦਰਬਾਗ਼ ਇਲਾਕੇ ਵਿਚ ਇਕ ਬਜ਼ੁਰਗ ਨੂੰ ਰਸਤੇ ਵਿਚ ਨਾ ਜਾਣ ਦੇਣ 'ਤੇ ਸੀ.ਆਰ.ਪੀ.ਐੱਫ. ਵਾਲਿਆਂ ਨੂੰ ਟੋਕ ਦਿੱਤਾ। ਬਾਦ ਵਿਚ ਉਸੇ ਦਿਨ ਜਦੋਂ ਸਮੀਰ ਅਹਿਮਦ ਆਪਣੇ ਘਰ ਦਾ ਦਰਵਾਜ਼ਾ ਖੋਲ੍ਹ ਰਿਹਾ ਸੀ ਤਾਂ ਅਚਾਨਕ ਸੀ.ਆਰ.ਪੀ.ਐੱਫ. ਵਾਲਿਆਂ ਨੇ ਉਸ ਉੱਪਰ ਪੈਲਟ ਗੰਨਾਂ ਨਾਲ ਫ਼ਾਇਰ ਕਰ ਦਿੱਤਾ। ਉਸ ਦੀ ਬਾਂਹ ਵਿਚ, ਚਿਹਰੇ ਉੱਪਰ ਅਤੇ ਅੱਖ ਦੇ ਕੋਲ ਕੁਲ ਮਿਲਾ ਕੇ ਪੈਲਟ ਨਾਲ 172 ਜ਼ਖ਼ਮ ਹੋ ਗਏ। ਬਚਾਓ ਇਹ ਰਿਹਾ ਕਿ ਉਸ ਦੀਆਂ ਅੱਖਾਂ ਦੀ ਰੋਸ਼ਨੀ ਨਹੀਂ ਗਈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੈਲਟ ਗੰਨ ਨਾਲ ਜਾਣ-ਬੁੱਝ ਕੇ ਚਿਹਰੇ ਅਤੇ ਅੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਅਤੇ ਨਿਹੱਥੇ ਸ਼ਾਂਤਮਈ ਨਾਗਰਿਕ ਚਾਹੇ ਉਹ ਆਪਣੇ ਘਰ ਦੇ ਦਰਵਾਜ਼ੇ ਉੱਪਰ ਹੀ ਕਿਉਂ ਨਾ ਖੜ੍ਹੇ ਹੋਣ, ਨਿਸ਼ਾਨਾ ਬਣ ਸਕਦੇ ਹਨ।

4. ਸਿਆਸੀ ਪਾਰਟੀਆਂ ਦੇ ਘੱਟੋਘੱਟ 600 ਆਗੂ ਅਤੇ ਸਮਾਜੀ ਕਾਰਕੁਨ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ। ਇਸ ਦੀ ਕੋਈ ਜਾਣਕਾਰੀ ਨਹੀਂ ਹੈ ਕਿ ਉਹਨਾਂ ਨੂੰ ਕਿਨ੍ਹਾਂ ਧਾਰਾਵਾਂ ਜਾਂ ਜੁਰਮਾਂ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਹਨਾਂ ਨੂੰ ਕਿੱਥੇ ਲਿਜਾ ਕੇ ਬੰਦ ਕੀਤਾ ਗਿਆ ਹੈ।

5. ਇਸ ਤੋਂ ਇਲਾਵਾ ਬਹੁਤ ਵੱਡੀ ਤਾਦਾਦ ਵਿਚ ਆਗੂਆਂ ਨੂੰ ਘਰਾਂ ਵਿਚ ਨਜ਼ਰਬੰਦ ਕੀਤਾ ਗਿਆ ਹੈ - ਇਹ ਦੱਸ ਸਕਣਾ ਮੁਸ਼ਕਲ ਹੈ ਕਿ ਕੁਲ ਕਿੰਨੇ ਨਜ਼ਰਬੰਦ ਹਨ। ਅਸੀਂ ਸੀ.ਪੀ.ਐੱਮ. ਦੇ ਵਿਧਾਇਕ ਮੁਹੰਮਦ ਯੂਸਫ਼ ਤਾਰੀਗਾਮੀ ਨਾਲ ਮੁਲਾਕਾਤ ਕਰਨ ਦੀ ਕੋਸ਼ਿਸ਼ ਕੀਤੀ, ਲੇਕਿਨ ਸਾਨੂੰ ਸ੍ਰੀਨਗਰ ਵਿਚ ਉਹਨਾਂ ਦੇ ਘਰ ਦੇ ਬਾਹਰ ਹੀ ਰੋਕ ਦਿੱਤਾ ਗਿਆ ਜਿੱਥੇ ਉਹਨਾਂ ਨੂੰ ਨਜ਼ਰਬੰਦ ਕੀਤਾ ਹੋਇਆ ਹੈ।

6. ਹਰੇਕ ਪਿੰਡ ਵਿਚ ਅਤੇ ਸ੍ਰੀਨਗਰ ਦੇ ਮੁੱਖ ਇਲਾਕਿਆਂ ਵਿਚ ਅਸੀਂ ਜਿੱਥੇ ਜਿੱਥੇ ਵੀ ਗਏ, ਅਸੀਂ ਦੇਖਿਆ ਕਿ ਛੋਟੀ ਉਮਰ ਦੇ ਸਕੂਲ ਜਾਣ ਵਾਲੇ ਲੜਕਿਆਂ ਨੂੰ ਪੁਲਿਸ, ਫ਼ੌਜ ਜਾਂ ਨੀਮ-ਫ਼ੌਜ ਵਾਲੇ ਚੁੱਕ ਕੇ ਲੈ ਗਏ ਹਨ ਅਤੇ ਉਹ ਗ਼ੈਰਕਾਨੂੰਨੀ ਹਿਰਾਸਤ ਵਿਚ ਹਨ। ਪੰਪੋਰ ਵਿਚ ਸਾਨੂੰ ਐਸਾ ਹੀ ਇਕ ਲੜਕਾ ਮਿਲਿਆ ਜੋ 5 ਤੋਂ ਲੈ ਕੇ 11 ਅਗਸਤ ਦਰਮਿਆਨ ਥਾਣੇ ਵਿਚ ਬੰਦ ਰਿਹਾ ਸੀ। ਉੱਥੇ ਉਸ ਦੀ ਕੁੱਟਮਾਰ ਕੀਤੀ ਗਈ। ਉਸ ਨੇ ਦੱਸਿਆ ਕਿ ਉਸ ਦੇ ਨਾਲ ਨੇੜੇ-ਤੇੜੇ ਦੇ ਪਿੰਡਾਂ ਦੇ ਉਸ ਤੋਂ ਵੀ ਘੱਟ ਉਮਰ ਦੇ ਲੜਕੇ ਵੀ ਬੰਦ ਕੀਤੇ ਹੋਏ ਸਨ।

7. ਅੱਧੀ ਰਾਤ ਨੂੰ ਛਾਪੇ ਮਾਰਕੇ ਸੈਂਕੜੇ ਲੜਕਿਆਂ ਅਤੇ ਅੱਲੜ੍ਹ ਵਰੇਸ ਬੱਚਿਆਂ ਨੂੰ ਚੁੱਕ ਲਿਆ ਗਿਆ। ਐਸੀ ਛਾਪੇਮਾਰੀ ਦਾ ਇੱਕੋਇਕ ਮਨੋਰਥ ਡਰ ਪੈਦਾ ਕਰਨਾ ਹੀ ਹੋ ਸਕਦਾ ਹੈ। ਔਰਤਾਂ ਅਤੇ ਲੜਕੀਆਂ ਨੇ ਦੱਸਿਆ ਕਿ ਉਹਨਾਂ ਦੇ ਨਾਲ ਇਹਨਾਂ ਛਾਪੇਮਾਰੀਆਂ ਦੌਰਾਨ ਜਿਨਸੀ ਛੇੜਖ਼ਾਨੀ ਵੀ ਕੀਤੀ ਗਈ। ਉਹਨਾਂ ਦੇ ਮਾਪੇ ਬੱਚਿਆਂ ਦੀ 'ਗ੍ਰਿਫ਼ਤਾਰੀ' (ਅਗਵਾ) ਬਾਰੇ ਗੱਲ ਕਰਨ ਤੋਂ ਵੀ ਡਰ ਰਹੇ ਸਨ। ਉਹਨਾਂ ਨੂੰ ਡਰ ਸੀ ਕਿ ਕਿਤੇ ਪਬਲਿਕ ਸਕਿਉਰਿਟੀ ਐਕਟ ਦੇ ਤਹਿਤ ਕੇਸ ਨਾ ਪਾ ਦਿੱਤਾ ਜਾਵੇ। ਉਹ ਇਸ ਲਈ ਵੀ ਸਹਿਮੇ ਹੋਏ ਸਨ ਕਿ ਬੋਲਣ ਨਾਲ ਕਿਤੇ ਬੱਚੇ 'ਲਾਪਤਾ' ਹੀ ਨਾ ਕਰ ਦਿੱਤੇ ਜਾਣ - ਜਿਸ ਦਾ ਭਾਵ ਹੁੰਦਾ ਹੈ ਹਿਰਾਸਤ ਵਿਚ ਮੌਤ ਅਤੇ ਫਿਰ ਕਿਸੇ ਸਮੂਹਿਕ ਕਬਰਸਤਾਨ ਵਿਚ ਦਫ਼ਨਾ ਦਿੱਤਾ ਜਾਣਾ, ਜਿਸ ਦਾ ਕਿ ਕਸ਼ਮੀਰ ਵਿਚ ਕਾਫ਼ੀ ਕੌੜਾ ਇਤਿਹਾਸ ਹੈ। ਇਸੇ ਤਰ੍ਹਾਂ ਗ੍ਰਿਫ਼ਤਾਰ ਕੀਤੇ ਗਏ ਇਕ ਲੜਕੇ ਦੇ ਗੁਆਂਢੀ ਨੇ ਸਾਨੂੰ ਕਿਹਾ, "ਇਹਨਾਂ ਗ੍ਰਿਫ਼ਤਾਰੀਆਂ ਦਾ ਕਿਤੇ ਕੋਈ ਰਿਕਾਰਡ ਨਹੀਂ ਹੈ। ਇਹ ਗ਼ੈਰਕਾਨੂੰਨੀ ਹਿਰਾਸਤ ਹੈ। ਇਸ ਲਈ ਜੇ ਕੋਈ ਲੜਕਾ "ਲਾਪਤਾ" ਹੋ ਜਾਂਦਾ ਹੈ, ਯਾਨੀ ਹਿਰਾਸਤ ਵਿਚ ਮਾਰ ਦਿੱਤਾ ਜਾਂਦਾ ਹੈ, ਤਾਂ ਪੁਲਿਸ/ਫ਼ੌਜ ਸੌਖਿਆਂ ਹੀ ਕਹਿ ਸਕਦੀ ਹੈ ਕਿ ਉਹਨਾਂ ਨੇ ਤਾਂ ਕਦੇ ਉਸ ਨੂੰ ਗ੍ਰਿਫ਼ਤਾਰ ਹੀ ਨਹੀਂ ਕੀਤਾ ਸੀ।"

8. ਲੇਕਿਨ ਹੋ ਰਹੇ ਵਿਰੋਧ ਦੇ ਰੁਕਣ ਦੀ ਕੋਈ ਸੰਭਾਵਨਾ ਨਹੀਂ ਹੈ। ਸੋਪੋਰ ਵਿਚ ਇਕ ਨੌਜਵਾਨ ਨੇ ਕਿਹਾ, "ਉਹ ਜਿੰਨਾ ਜ਼ੁਲਮ ਕਰਨਗੇ, ਅਸੀਂ ਉਨਾ ਹੀ ਜ਼ੋਰ ਨਾਲ ਉੱਠਾਂਗੇ"। ਵੱਖ-ਵੱਖ ਥਾਵਾਂ ਉੱਪਰ ਇਕ ਹੀ ਗੱਲ ਵਾਰ-ਵਾਰ ਸੁਣਨ ਨੂੰ ਮਿਲੀ, "ਕੋਈ ਚਿੰਤਾ ਦੀ ਗੱਲ ਨਹੀਂ ਕਿ ਆਗੂ ਜੇਲ੍ਹ ਵਿਚ ਡੱਕ ਦਿੱਤੇ ਗਏ ਹਨ। ਸਾਨੂੰ ਆਗੂਆਂ ਦੀ ਜ਼ਰੂਰਤ ਨਹੀਂ ਹੈ। ਜਦੋਂ ਤਕ ਇਕ ਵੀ ਕਸ਼ਮੀਰੀ ਬੱਚਾ ਜ਼ਿੰਦਾ ਹੈ ਟਾਕਰਾ ਜਾਰੀ ਰਹੇਗਾ।"

**ਮੀਡੀਆ ਉੱਪਰ ਪਾਬੰਦੀ**

1. ਇਕ ਪੱਤਰਕਾਰ ਨੇ ਸਾਨੂੰ ਦੱਸਿਆ ਕਿ ਏਨਾ ਕੁਛ ਹੋਣ ਤੋਂ ਬਾਦ ਵੀ ਅਖ਼ਬਾਰ ਛਪ ਰਹੇ ਹਨ। ਇੰਟਰਨੈੱਟ ਉੱਪਰ ਨਾ ਹੋਣ ਕਾਰਨ ਏਜੰਸੀਆਂ ਤੋਂ ਖ਼ਬਰਾਂ ਨਹੀਂ ਮਿਲ ਰਹੀਆਂ ਅਤੇ ਅਸੀਂ ਐਨਡੀਟੀਵੀ ਦੇਖ ਕੇ ਜੰਮੂ-ਕਸ਼ਮੀਰ ਦੇ ਬਾਰੇ ਸੰਸਦ ਵਿਚ ਹੋਣ ਵਾਲੀਆਂ ਕਾਰਵਾਈਆਂ ਦੀ ਰਿਪੋਰਟ ਕਰਨ ਤੱਕ ਸੀਮਤ ਹੋ ਕੇ ਰਹਿ ਗਏ ਹਾਂ। ਇਹ ਅਣਐਲਾਨੀ ਸੈਂਸਰਸ਼ਿਪ ਹੈ। ਜੇ ਸਰਕਾਰ ਪੁਲਿਸ ਨੂੰ ਇੰਟਰਨੈੱਟ ਅਤੇ ਫ਼ੋਨ ਦੀ ਸਹੂਲਤ ਦੇ ਸਕਦੀ ਹੈ ਅਤੇ ਮੀਡੀਆ ਨੂੰ ਨਹੀਂ ਤਾਂ ਇਸ ਦਾ ਹੋਰ ਕੀ ਮਤਲਬ ਹੋ ਸਕਦਾ ਹੈ?"

2. ਕਸ਼ਮੀਰੀ ਟੀਵੀ ਚੈਨਲ ਪੂਰੀ ਤਰ੍ਹਾਂ

ਬੰਦ ਹਨ।

3. ਜੋ ਕਸ਼ਮੀਰੀ ਅਖ਼ਬਾਰਾਂ ਉੱਥੇ ਦੇ ਵਿਰੋਧ ਪ੍ਰਦਰਸ਼ਨਾਂ ਦੀ ਥੋੜ੍ਹੀ ਜਹੀ ਜਾਣਕਾਰੀ ਦਿੰਦੀਆਂ ਹਨ, ਜਿਵੇਂ ਕਿ ਸ਼ਾਓਰਾ ਦੀ ਘਟਨਾ ਦੇ ਬਾਰੇ ਹੋਇਆ, ਤਾਂ ਉਹਨਾਂ ਨੂੰ ਪ੍ਰਸ਼ਾਸਨ ਦੇ ਗੁੱਸੇ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ।

4. ਕੌਮਾਂਤਰੀ ਪ੍ਰੈੱਸ ਰਿਪੋਰਟਰਾਂ ਨੇ ਸਾਨੂੰ ਦੱਸਿਆ ਕਿ ਅਧਿਕਾਰੀਆਂ ਨੇ ਉਹਨਾਂ ਦੇ ਆਉਣ-ਜਾਣ ਉੱਪਰ ਹੀ ਪਾਬੰਦੀ ਲਗਾਈ ਹੋਈ ਹੈ। ਇੰਟਰਨੈੱਟ ਨਾ ਹੋਣ ਕਾਰਨ ਉਹ ਆਪਣੇ ਸਦਰ ਮੁਕਾਮਾਂ ਨਾਲ ਵੀ ਸੰਪਰਕ ਨਹੀਂ ਕਰ ਪਾ ਰਹੇ।

5. ਜਦੋਂ ਅਸੀਂ 13 ਅਗਸਤ ਨੂੰ ਸ੍ਰੀਨਗਰ ਦੇ ਪ੍ਰੈੱਸ ਐਨਕਲੇਵ ਵਿਚ ਪਹੁੰਚੇ, ਉੱਥੇ ਅਖ਼ਬਾਰਾਂ ਦੇ ਦਫ਼ਤਰ ਬੰਦ ਮਿਲੇ ਅਤੇ ਇੱਕਾ-ਦੁੱਕਾ ਪੱਤਰਕਾਰਾਂ ਅਤੇ ਕੁਛ ਸੀ.ਆਈ.ਡੀ. ਵਾਲਿਆਂ ਤੋਂ ਬਿਨਾਂ ਪੂਰਾ ਇਲਾਕਾ ਸੁੰਨਾ ਨਜ਼ਰ ਆ ਰਿਹਾ ਸੀ। ਉਹਨਾਂ ਵਿੱਚੋਂ ਇਕ ਪੱਤਰਕਾਰ ਨੇ ਦੱਸਿਆ ਕਿ ਉੱਥੇ ਕੋਈ ਵੀ ਅਖ਼ਬਾਰ ਘੱਟੋਘੱਟ 17 ਅਗਸਤ ਤੋਂ ਪਹਿਲਾਂ ਨਹੀਂ ਛਪ ਸਕਦਾ ਕਿਉਂਕਿ ਉਹਨਾਂ ਕੋਲ ਨਿਊਜ਼ ਪ੍ਰਿੰਟ ਦਾ ਕੋਟਾ ਖ਼ਤਮ ਹੋ ਚੁੱਕਾ ਹੈ ਜੋ ਕਿ ਦਿੱਲੀ ਤੋਂ ਆਉਂਦਾ ਹੈ।

6. ਜਿਵੇਂ ਕਿ ਉੱਪਰ ਜ਼ਿਕਰ ਕੀਤਾ ਗਿਆ ਹੈ ਕਿ ਇਕ ਅਖ਼ਬਾਰ ਵਿਚ ਕੰਮ ਕਰਨ ਵਾਲੇ ਗ੍ਰਾਫ਼ਿਕ ਡਿਜ਼ਾਈਨਰ ਨੂੰ ਬਗ਼ੈਰ ਕਿਸੇ ਭੜਕਾਹਟ ਦੇ ਸੀ.ਆਰ.ਪੀ.ਐੱਫ. ਵੱਲੋਂ ਪੈਲਟ ਗੰਨਾਂ ਨਾਲ ਜ਼ਖ਼ਮੀ ਕਰ ਦਿੱਤਾ ਗਿਆ।

**ਕੀ ਕਸ਼ਮੀਰ ਵਿਚ ਵਿਕਾਸ ਨਹੀਂ ਹੋਇਆ?**

ਟਾਈਮਜ਼ ਆਫ਼ ਇੰਡੀਆ ਦੇ ਓਪ-ਐੱਡ ਕਾਲਮ ਵਿਚ (9 ਅਗਸਤ 2019) ਸਾਬਕਾ ਬਦੇਸ਼ ਸਕੱਤਰ ਅਤੇ ਸਾਬਕਾ ਸਫ਼ੀਰ ਨਿਰੂਪਮਾ ਰਾਓ ਨੇ ਲਿਖਿਆ ਹੈ ਕਿ "ਇਸ ਲੇਖਕਾ ਨੂੰ ਇਕ ਨੌਜਵਾਨ ਕਸ਼ਮੀਰੀ ਨੇ ਕੁਛ ਮਹੀਨੇ ਪਹਿਲਾਂ ਦੱਸਿਆ ਸੀ ਕਿ ਉਸ ਦੀ ਸਰਜ਼ਮੀਨ ਹੁਣ ਵੀ "ਪੱਥਰ ਯੁਗ" ਵਿਚ ਰਹਿ ਰਹੀ ਹੈ: ਅਰਥਾਤ ਆਰਥਕ ਵਿਕਾਸ ਦੇ ਮਾਮਲੇ ਵਿਚ ਕਸ਼ਮੀਰ ਬਾਕੀ ਭਾਰਤ ਨਾਲੋਂ ਦੋ ਸੌ ਸਾਲ ਫਾਡੀ ਹੈ।"

ਅਸੀਂ ਸਭ ਜਗ੍ਹਾ ਐਸਾ "ਪਿਛੜਿਆ ਹੋਇਆ" "ਪੱਥਰ ਯੁਗ" ਵਾਲਾ ਕਸ਼ਮੀਰ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ। ਸਾਨੂੰ ਕਿਤੇ ਨਜ਼ਰ ਨਹੀਂ ਆਇਆ।

1. ਹਰੇਕ ਕਸ਼ਮੀਰੀ ਪਿੰਡ ਵਿਚ ਸਾਨੂੰ ਐਸੇ ਲੜਕੇ ਤੇ ਲੜਕੀਆਂ ਮਿਲੇ ਜੋ ਕਾਲਜ ਜਾਂ ਯੂਨੀਵਰਸਿਟੀ ਜਾਂਦੇ ਹਨ, ਕਸ਼ਮੀਰੀ, ਹਿੰਦੀ ਅਤੇ ਅੰਗਰੇਜ਼ੀ ਵਿਚ ਬਾਖ਼ੂਬੀ ਗੱਲ ਕਰ ਸਕਦੇ ਹਨ, ਅਤੇ ਪੂਰੀ ਤੱਥਪੂਰਨ ਸ਼ੁੱਧਤਾ ਅਤੇ ਵਿਦਵਤਾ ਨਾਲ ਕਸ਼ਮੀਰ ਮਸਲੇ ਉੱਪਰ ਸੰਵਿਧਾਨਕ ਅਤੇ ਕੌਮਾਂਤਰੀ ਕਾਨੂੰਨ ਦੇ ਨੁਕਤਿਆਂ ਨੂੰ ਬਿਆਨ ਕਰਦੇ ਹੋਏ ਬਹਿਸ ਕਰ ਸਕਦੇ ਹਨ। ਸਾਡੀ ਟੀਮ ਦੇ ਚਾਰੇ ਮੈਂਬਰ ਉੱਤਰ ਭਾਰਤੀ ਰਾਜਾਂ ਦੇ ਪਿੰਡਾਂ ਤੋਂ ਭਲੀਭਾਂਤ ਵਾਕਫ਼ ਹਨ। ਐਸੀ ਉੱਚ ਪੱਧਰੀ ਸਿੱਖਿਆ ਦਾ ਬਿਹਾਰ, ਯੂ.ਪੀ., ਐੱਮ.ਪੀ., ਜਾਂ ਝਾਰਖੰਡ ਦੇ ਪਿੰਡਾਂ ਵਿਚ ਮਿਲ ਸਕਣਾ ਬਹੁਤ ਹੀ ਦੁਰਲੱਭ ਹੈ।

2. ਦਿਹਾਤੀ ਕਸ਼ਮੀਰ ਵਿਚ ਸਾਰੇ ਘਰ ਪੱਕੇ ਬਣੇ ਹੋਏ ਹਨ। ਬਿਹਾਰ, ਯੂ.ਪੀ. ਜਾਂ ਝਾਰਖੰਡ ਵਰਗੀਆਂ ਝੌਂਪੜੀਆਂ ਸਾਨੂੰ ਕਿਤੇ ਦੇਖਣ ਨੂੰ ਨਹੀਂ ਮਿਲੀਆਂ।

3. ਬੇਸ਼ੱਕ ਕਸ਼ਮੀਰ ਵਿਚ ਵੀ ਗ਼ਰੀਬ ਹਨ ਲੇਕਿਨ ਕਈ ਉੱਤਰ ਭਾਰਤੀ ਰਾਜਾਂ ਵਰਗੀ ਮੰਦਹਾਲੀ, ਭੁੱਖਮਰੀ ਅਤੇ ਘੋਰ ਗ਼ਰੀਬੀ ਦੇ ਹਾਲਾਤ ਦਿਹਾਤੀ ਕਸ਼ਮੀਰ ਵਿਚ ਬਿਲਕੁਲ ਨਹੀਂ ਹਨ।

4. ਕਈ ਥਾਵਾਂ ਉੱਪਰ ਉੱਤਰੀ ਭਾਰਤ ਅਤੇ ਪੱਛਮੀ ਬੰਗਾਲ ਤੋਂ ਆਏ ਪ੍ਰਵਾਸੀ ਮਜ਼ਦੂਰਾਂ ਨਾਲ ਵੀ ਸਾਡੀ ਮੁਲਾਕਾਤ ਹੋਈ। ਉਹਨਾਂ ਨੇ ਦੱਸਿਆ ਕਿ ਉਹ ਇਥੇ ਕਿਸੇ ਵੀ ਤਰ੍ਹਾਂ ਦੀ ਜਨੂੰਨੀ ਹਿੰਸਾ - ਜਿਸ ਤਰ੍ਹਾਂ ਦੀ ਮਹਾਂਰਾਸ਼ਟਰ ਅਤੇ ਗੁਜਰਾਤ ਵਰਗੇ ਰਾਜਾਂ ਵਿਚ ਉਹਨਾਂ ਨੂੰ ਝੱਲਣੀ ਪੈਂਦੀ ਹੈ - ਤੋਂ ਪੂਰੀ ਤਰ੍ਹਾਂ ਮਹਿਫ਼ੂਜ਼ ਅਤੇ ਆਜ਼ਾਦ ਹਨ। ਦਿਹਾੜੀ ਦੇ ਮਾਮਲੇ ਵਿਚ ਉਹਨਾਂ ਪ੍ਰਵਾਸੀ ਮਜ਼ਦੂਰਾਂ ਨੇ ਕਿਹਾ ਕਿ "ਕਸ਼ਮੀਰ ਤਾਂ ਸਾਡੇ ਲਈ ਦੁਬਈ ਬਰਾਬਰ ਹੈ। ਇਥੇ ਅਸੀਂ 600 ਤੋਂ 800 ਰੁਪਏ ਰੋਜ਼ਾਨਾ ਕਮਾ ਲੈਂਦੇ ਹਾਂ। ਜੋ ਕਿ ਕਿਸੇ ਵੀ ਰਾਜ ਨਾਲੋਂ ਤਿੰਨ ਤੋਂ ਚਾਰ ਗੁਣਾਂ ਜ਼ਿਆਦਾ ਹੈ।"

5. ਕਸ਼ਮੀਰ ਫ਼ਿਰਕੂ ਤਣਾਓ ਅਤੇ ਹਜੂਮੀ ਹੱਤਿਆਵਾਂ ਵਰਗੀਆਂ ਪ੍ਰਵਿਰਤੀਆਂ ਤੋਂ ਵੀ ਪੂਰੀ ਤਰ੍ਹਾਂ ਮੁਕਤ ਹੈ। ਅਸੀਂ ਕਸ਼ਮੀਰੀ ਪੰਡਤਾਂ ਨਾਲ ਵੀ ਮੁਲਾਕਾਤ ਕੀਤੀ। ਉਹਨਾਂ ਦਾ ਕਹਿਣਾ ਸੀ ਕਿ ਉਹ ਕਸ਼ਮੀਰ ਵਿਚ ਮਹਿਫ਼ੂਜ਼ ਹਨ ਅਤੇ ਇਹ ਕਿ ਕਸ਼ਮੀਰੀ ਹਮੇਸ਼ਾ ਆਪਣੇ ਤਿਓਹਾਰ ਮਿਲ-ਜੁਲ ਕੇ ਮਨਾਉਂਦੇ ਹਨ। ਇਕ ਕਸ਼ਮੀਰੀ ਪੰਡਤ ਲੜਕੇ ਨੇ ਕਿਹਾ ਕਿ "ਇਹੀ ਤਾਂ ਸਾਡੀ ਕਸ਼ਮੀਰੀਅਤ ਹੈ।"

6. ਕਸ਼ਮੀਰ ਵਿਚ ਔਰਤਾਂ ਦੇ "ਪਿਛੜੀਆਂ" ਹੋਣ ਦੀ ਮਿੱਥ ਤਾਂ ਸ਼ਾਇਦ ਸਭ ਤੋਂ ਵੱਡਾ ਝੂਠ ਹੈ। ਕਸ਼ਮੀਰ ਵਿਚ ਲੜਕੀਆਂ ਵਿਚ ਸਿੱਖਿਆ ਦਾ ਪੱਧਰ ਉੱਚਾ ਹੈ। ਇਸ ਦੇ ਬਾਵਜੂਦ ਵੀ ਕਿ ਉਹਨਾਂ ਨੂੰ ਵੀ ਆਪਣੇ ਸਮਾਜਾਂ ਵਿਚ ਮਰਦਪ੍ਰਧਾਨ ਸੱਤਾ ਅਤੇ ਜਿਨਸੀ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਗੱਲ ਨੂੰ ਬਿਹਤਰ ਸਮਝ ਸਕਦੀਆਂ ਹਨ ਅਤੇ ਸਵੈਵਿਸ਼ਵਾਸ ਨਾਲ ਭਰਪੂਰ ਹਨ। ਲੇਕਿਨ ਭਾਜਪਾ ਕਿਸ ਮੂੰਹ ਨਾਲ ਕਸ਼ਮੀਰ ਨੂੰ ਨਾਰੀਵਾਦ ਦੇ ਉਪਦੇਸ਼ ਦੇ ਰਹੀ ਹੈ, ਜਿਸ ਦਾ ਹਰਿਆਣੇ ਦਾ ਮੁੱਖ ਮੰਤਰੀ ਅਤੇ ਮੁਜ਼ੱਫਰਨਗਰ ਦਾ ਵਿਧਾਇਕ "ਕਸ਼ਮੀਰ ਤੋਂ ਨੂੰਹਾਂ ਲਿਆਉਣ" ਦੀਆਂ ਗੱਲਾਂ ਕਰ ਰਹੇ ਹਨ ਜਿਵੇਂ ਕਿ ਕਸ਼ਮੀਰ ਦੀਆਂ ਔਰਤਾਂ ਐਸੀ ਜਾਇਦਾਦ ਹੋਣ ਜਿਸ ਨੂੰ ਲੁੱਟਿਆ ਜਾਣਾ ਹੈ? ਕਸ਼ਮੀਰ ਦੀਆਂ ਲੜਕੀਆਂ ਅਤੇ ਔਰਤਾਂ ਨੇ ਸਾਨੂੰ ਸਾਫ਼-ਸਾਫ਼ ਕਿਹਾ "ਅਸੀਂ ਆਪਣੀ ਲੜਾਈ ਲੜਨ ਦੇ ਸਮਰੱਥ ਹਾਂ। ਅਸੀਂ ਨਹੀਂ ਚਾਹੁੰਦੇ ਕਿ ਸਾਡੇ ਉੱਪਰ ਜਬਰ ਢਾਹੁਣ ਵਾਲੇ ਸਾਡੇ ਮੁਕਤੀਦਾਤਾ ਹੋਣ ਦੇ ਦਾਅਵੇ ਕਰਨ।"

**ਉਪਰੋਕਤ ਤੱਥਾਂ ਦੀ ਰੋਸ਼ਨੀ ਵਿਚ ਸਾਡਾ ਕਹਿਣਾ ਹੈ:**

1. ਧਾਰਾ 370 ਅਤੇ ਧਾਰਾ 35ਏ ਨੂੰ ਖ਼ਤਮ ਕਰਨ ਦੇ ਭਾਰਤ ਸਰਕਾਰ ਦੇ ਫ਼ੈਸਲੇ, ਜਿਸ ਤਰੀਕੇ ਨਾਲ ਇਹ ਫ਼ੈਸਲਾ ਲਿਆ ਗਿਆ, ਦੇ ਖ਼ਿਲਾਫ਼ ਕਸ਼ਮੀਰ ਵਿਚ ਡੂੰਘੀ ਬੇਚੈਨੀ ਅਤੇ ਗੁੱਸਾ ਫੈਲਿਆ ਹੋਇਆ ਹੈ।

2. ਇਸ ਬੇਚੈਨੀ ਨੂੰ ਦਬਾਉਣ ਲਈ ਸਰਕਾਰ ਨੇ ਕਸ਼ਮੀਰ ਵਿਚ ਕਰਫ਼ਿਊ ਵਰਗੇ ਹਾਲਾਤ ਬਣਾ ਦਿੱਤੇ ਹਨ। ਥੋੜ੍ਹੇ ਜਹੇ ਏ.ਟੀ.ਐੱਮ., ਕੁਛ ਕੈਮਿਸਟਾਂ ਦੀਆਂ ਦੁਕਾਨਾਂ ਅਤੇ ਪੁਲਿਸ ਥਾਣਿਆਂ ਨੂੰ ਛੱਡ ਕੇ ਬਾਕੀ ਕਸ਼ਮੀਰ ਪੂਰੀ ਤਰ੍ਹਾਂ ਬੰਦ ਹੈ।

3. ਜਨਜੀਵਨ ਉੱਪਰ ਪਾਬੰਦੀਆਂ ਅਤੇ ਕਰਫ਼ਿਊ ਵਰਗੇ ਹਾਲਾਤ ਨਾਲ ਕਸ਼ਮੀਰ ਦੀ ਆਰਥਕ ਜ਼ਿੰਦਗੀ ਵੀ ਲੀਹੋਂ ਲਹਿ ਗਈ ਹੈ। ਉਹ ਵੀ ਐਸੇ ਵਕਤ ਜਦੋਂ ਈਦ ਦਾ ਤਿਓਹਾਰ ਹੈ ਜਿਸ ਨੂੰ ਖ਼ੁਸ਼ਹਾਲੀ ਅਤੇ ਖ਼ੁਸ਼ੀ ਨਾਲ ਜੋੜ ਕੇ ਦੇਖਿਆ ਜਾਂਦਾ ਹੈ।

4. ਉੱਥੇ ਲੋਕ ਸਰਕਾਰ, ਪੁਲਿਸ ਜਾਂ ਫ਼ੌਜ ਦੇ ਜਬਰ ਦੇ ਖ਼ੌਫ਼ ਦੇ ਸਾਏ ਹੇਠ ਜੀਅ ਰਹੇ ਹਨ। ਗ਼ੈਰਰਸਮੀ ਗੱਲਬਾਤ ਵਿਚ ਲੋਕਾਂ ਨੇ ਖੁੱਲ੍ਹ ਕੇ ਆਪਣਾ ਗੁੱਸਾ ਜ਼ਾਹਿਰ ਕੀਤਾ ਲੇਕਿਨ ਕੈਮਰੇ ਅੱਗੇ ਆ ਕੇ ਬੋਲਣ ਤੋਂ ਡਰਦੇ ਰਹੇ।

5. ਕਸ਼ਮੀਰ ਵਿਚ ਹਾਲਾਤ ਤੇਜ਼ੀ ਨਾਲ ਆਮ ਹੋਣ ਦੇ ਭਾਰਤੀ ਮੀਡੀਆ ਦੇ ਦਾਅਵੇ ਪੂਰੀ ਤਰ੍ਹਾਂ ਗੁੰਮਰਾਹਕੁਨ ਪ੍ਰਚਾਰ ਹੈ। ਐਸੀਆਂ ਤਮਾਮ ਰਿਪੋਰਟਾਂ ਕੇਂਦਰੀ ਸ੍ਰੀਨਗਰ ਦੇ ਇਕ ਨਿੱਕੇ ਜਹੇ ਇਲਾਕੇ ਤੋਂ ਬਣਾਈਆਂ ਗਈਆਂ ਹਨ।

6. ਮੌਜੂਦਾ ਹਾਲਾਤ ਵਿਚ ਕਸ਼ਮੀਰ ਵਿਚ ਕਿਸੇ ਤਰ੍ਹਾਂ ਦੇ ਵਿਰੋਧ ਪ੍ਰਦਰਸ਼ਨ, ਉਹ ਚਾਹੇ ਕਿੰਨੇ ਵੀ ਸ਼ਾਂਤਮਈ ਕਿਉਂ ਨਾ ਹੋਣ, ਕਰਨ ਦੀ ਕੋਈ ਸਪੇਸ ਨਹੀਂ ਹੈ। ਲੇਕਿਨ ਅੱਜ ਨਹੀਂ ਤਾਂ ਭਲਕ, ਲੋਕਾਂ ਦਾ ਵਿਰੋਧ ਉੱਥੇ ਫੁੱਟੇਗਾ ਜ਼ਰੂਰ।

**ਭਾਜਪਾ ਦੇ ਬੁਲਾਰੇ ਦੀ "ਚੇਤਾਵਨੀ"**

ਕਸ਼ਮੀਰ ਮਾਮਲਿਆਂ ਬਾਰੇ ਭਾਜਪਾ ਦਾ ਬੁਲਾਰਾ ਅਸ਼ਵਨੀ ਕੁਮਾਰ ਚਿੰਗੂ ਸਾਨੂੰ 'ਰਾਈਜ਼ਿੰਗ ਕਸ਼ਮੀਰ' ਅਖ਼ਬਾਰ ਦੇ ਦਫ਼ਤਰ ਵਿਚ ਮਿਲ ਗਿਆ। ਗੱਲਬਾਤ ਦੀ ਸ਼ੁਰੂਆਤ ਸੁਹਿਰਦਤਾ ਨਾਲ ਹੋਈ। ਉਸ ਨੇ ਦੱਸਿਆ ਕਿ ਉਹ ਜੰਮੂ ਤੋਂ ਕਸ਼ਮੀਰ ਇਸ ਲਈ ਆਇਆ ਹੈ ਤਾਂ ਜੁ ਇਥੇ ਲੋਕਾਂ ਨੂੰ ਧਾਰਾ 370 ਨੂੰ ਖ਼ਤਮ ਕਰਨ ਦੇ ਹੱਕ ਵਿਚ ਤਿਆਰ ਕੀਤਾ ਜਾ ਸਕੇ। ਉਸ ਦੀ ਪ੍ਰਮੁੱਖ ਦਲੀਲ ਸੀ ਕਿਉਂਕਿ ਭਾਜਪਾ ਨੂੰ ਜੰਮੂ-ਕਸ਼ਮੀਰ ਵਿਚ 46ਫ਼ੀ ਸਦੀ ਵੋਟ ਮਿਲੇ ਹਨ ਅਤੇ ਸੰਸਦ ਵਿਚ ਸਪਸ਼ਟ ਤੌਰ 'ਤੇ ਬਹੁਮਤ ਮਿਲਿਆ ਹੈ, ਹੁਣ ਉਹਨਾਂ ਦਾ ਇਹ ਹੱਕ ਹੀ ਨਹੀਂ ਸਗੋਂ ਫ਼ਰਜ਼ ਵੀ ਹੈ ਕਿ ਉਹ ਧਾਰਾ 370 ਨੂੰ ਖ਼ਤਮ ਕਰਨ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ। ਉਸ ਦਾ ਕਹਿਣਾ ਸੀ ਕਿ "46ਫ਼ੀ ਸਦੀ ਵੋਟ ਸ਼ੇਅਰ - ਇਹ ਸਾਡਾ ਲਾਇਸੰਸ ਹੈ"।

ਉਸ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਸਿਰਫ਼ ਤਿੰਨ ਲੋਕ ਸਭਾ ਸੀਟਾਂ (ਜੰਮੂ, ਊਧਮਪੁਰ ਅਤੇ ਲਦਾਖ) ਜਿੱਤ ਕੇ ਹੀ ਜੋ 46ਫ਼ੀ ਸਦੀ ਵੋਟ ਸ਼ੇਅਰ ਉਹਨਾਂ ਨੂੰ ਮਿਲਿਆ ਹੈ, ਉਸ ਦੇ ਪਿੱਛੇ ਦਰਅਸਲ ਮੁੱਖ ਕਾਰਨ ਇਹ ਹੈ ਕਿ ਬਾਕੀ ਤਿੰਨ ਲੋਕ ਸਭਾ ਸੀਟਾਂ (ਸ੍ਰੀਨਗਰ, ਅਨੰਤਨਾਗ ਅਤੇ ਬਾਰਾਮੂਲਾ) ਵਿਚ ਪਈਆਂ ਵੋਟਾਂ ਦੀ ਫ਼ੀ ਸਦੀ ਪੂਰੇ ਭਾਰਤ ਵਿਚ ਸਭ ਤੋਂ ਘੱਟ ਰਹੀ ਸੀ।

ਤਾਂ ਕੀ ਕਿਸੇ ਸਰਕਾਰ ਨੂੰ ਇਕ ਬਦਨਾਮ ਫ਼ੈਸਲਾ ਕਸ਼ਮੀਰ ਦੇ ਲੋਕਾਂ ਉੱਪਰ ਬੰਦੂਕ ਦੀ ਨੋਕ 'ਤੇ ਥੋਪਣਾ ਚਾਹੀਦਾ ਹੈ ਜਿਸ ਨੇ ਉਸ ਫ਼ੈਸਲੇ ਦੇ ਹੱਕ ਵਿਚ ਵੋਟ ਹੀ ਨਹੀਂ ਪਾਈ? ਇਸ 'ਤੇ ਚਿੰਗੂ ਜੀ ਭੜਕ ਉੱਠੇ ਅਤੇ ਬੋਲੇ, "ਜਦ ਬਿਹਾਰ ਵਿਚ ਨਿਤੀਸ਼ ਕੁਮਾਰ ਨੇ ਸ਼ਰਾਬਬੰਦੀ ਲਾਗੂ ਕੀਤੀ ਸੀ ਤਾਂ ਕੀ ਉਹ ਬਿਹਾਰ ਦੇ ਸ਼ਰਾਬੀਆਂ ਦੀ ਮਨਜ਼ੂਰੀ ਜਾਂ ਸਹਿਮਤੀ ਲੈਣ ਗਏ ਸਨ? ਇੱਥੇ ਵੀ ਉਹੀ ਕੀਤਾ ਗਿਆ ਹੈ?" ਇਸ ਤਰ੍ਹਾਂ ਦੀ ਤੁਲਨਾ ਨਾਲ ਕਸ਼ਮੀਰੀ ਲੋਕਾਂ ਪ੍ਰਤੀ ਉਸ ਦੀ ਨਫ਼ਰਤ ਬਹੁਤ ਸਾਫ਼ ਨਜ਼ਰ ਆ ਰਹੀ ਸੀ।

ਅਸੀਂ ਤਾਂ ਤੱਥਾਂ ਅਤੇ ਦਲੀਲਾਂ ਨਾਲ ਉਸ ਨੂੰ ਮੁਖ਼ਾਤਿਬ ਹੁੰਦੇ ਰਹੇ ਲੇਕਿਨ ਗੱਲਬਾਤ ਖ਼ਤਮ ਹੋਣ ਤਕ ਉਹ ਹੋਰ ਚਿੜਚਿੜੇ ਹੁੰਦੇ ਗਏ। ਉਹ ਅਚਾਨਕ ਉੱਠੇ ਅਤੇ ਜੀਆਂ ਡਰੇਜ਼ ਵੱਲ ਉਂਗਲੀ ਕਰਕੇ ਕਹਿਣ ਲੱਗੇ "ਅਸੀਂ ਤੇਰੇ ਵਰਗੇ ਦੇਸ਼ਧ੍ਰੋਹੀਆਂ ਨੂੰ ਇਥੇ ਕੰਮ ਨਹੀਂ ਕਰਨ ਦਿਆਂਗੇ। ਇਹ ਮੇਰੀ ਚੇਤਾਵਨੀ ਹੈ।"

**ਸਿੱਟਾ:**

ਪੂਰਾ ਜੰਮੂ-ਕਸ਼ਮੀਰ ਇਸ ਵਕਤ ਫ਼ੌਜ ਦੇ ਕੰਟਰੋਲ ਹੇਠ ਇਕ ਜੇਲ੍ਹ ਬਣਿਆ ਹੋਇਆ ਹੈ। ਮੋਦੀ ਸਰਕਾਰ ਵੱਲੋਂ ਜੰਮੂ-ਕਸ਼ਮੀਰ ਦੇ ਬਾਰੇ ਲਿਆ ਗਿਆ ਫ਼ੈਸਲਾ ਅਨੈਤਿਕ, ਗ਼ੈਰਸੰਵਿਧਾਨਕ ਅਤੇ ਗ਼ੈਰਕਾਨੂੰਨੀ ਹੈ। ਅਤੇ ਮੋਦੀ ਸਰਕਾਰ ਵੱਲੋਂ ਕਸ਼ਮੀਰੀਆਂ ਨੂੰ ਬੰਧਕ ਬਣਾਉਣ, ਅਤੇ ਕਿਸੇ ਵੀ ਸੰਭਾਵੀ ਵਿਰੋਧ ਪ੍ਰਦਰਸ਼ਨ ਨੂੰ ਦਬਾਉਣ ਲਈ ਜੋ ਤਰੀਕੇ ਅਖ਼ਤਿਆਰ ਕੀਤੇ ਜਾ ਰਹੇ ਹਨ ਉਹ ਵੀ ਸਮੁੱਚਤਾ 'ਚ ਅਨੈਤਿਕ, ਸੰਵਿਧਾਨਕ ਅਤੇ ਗ਼ੈਰਕਾਨੂੰਨੀ ਹਨ। ਇਸ ਲਈ,

1. ਅਸੀਂ ਮੰਗ ਕਰਦੇ ਹਾਂ ਕਿ ਧਾਰਾ 370 ਅਤੇ ਧਾਰਾ 35ਏ ਨੂੰ ਤੁਰੰਤ ਬਹਾਲ ਕੀਤਾ ਜਾਵੇ।

2. ਜੰਮੂ-ਕਸ਼ਮੀਰ ਦੇ ਦਰਜੇ ਅਤੇ ਭਵਿੱਖ ਦੇ ਬਾਰੇ ਉੱਥੇ ਦੇ ਲੋਕਾਂ ਦੀ ਇੱਛਾ ਤੋਂ ਬਗ਼ੈਰ ਕੋਈ ਵੀ ਫ਼ੈਸਲਾ ਹਰਗਿਜ਼ ਨਾ ਲਿਆ ਜਾਵੇ।

3. ਉੱਥੇ ਲੈਂਡਲਾਈਨ ਫ਼ੋਨ, ਮੋਬਾਈਲ ਫ਼ੋਨ ਅਤੇ ਇੰਟਰਨੈੱਟ ਆਦਿ ਸੰਚਾਰ ਮਾਧਿਅਮ ਤੁਰੰਤ ਬਹਾਲ ਕੀਤੇ ਜਾਣ।

4. ਸਾਡੀ ਮੰਗ ਹੈ ਕਿ ਜੰਮੂ-ਕਸ਼ਮੀਰ ਵਿਚ ਬੋਲਣ, ਵਿਚਾਰ ਪ੍ਰਗਟਾਵੇ ਅਤੇ ਵਿਰੋਧ ਕਰਨ ਦੀ ਆਜ਼ਾਦੀ ਉੱਪਰ ਲਗਾਈ ਪਾਬੰਦੀ ਤੁਰੰਤ ਹਟਾਈ ਜਾਵੇ। ਜੰਮੂ-ਕਸ਼ਮੀਰ ਦੇ ਲੋਕ ਬਹੁਤ ਪ੍ਰੇਸ਼ਾਨ ਹਨ ਅਤੇ ਉਹਨਾਂ ਨੂੰ ਆਪਣੀ ਪ੍ਰੇਸ਼ਾਨੀ ਦਾ ਪ੍ਰਗਟਾਵਾ ਮੀਡੀਆ, ਸੋਸ਼ਲ ਮੀਡੀਆ, ਜਨਤਕ ਇਕੱਠਾਂ ਅਤੇ ਹੋਰ ਸ਼ਾਂਤਮਈ ਤਰੀਕਿਆਂ ਰਾਹੀਂ ਕਰਨ ਦੀ ਆਜ਼ਾਦੀ ਦਿੱਤੀ ਜਾਵੇ।

5. ਸਾਡੀ ਮੰਗ ਹੈ ਕਿ ਉੱਥੇ ਪੱਤਰਕਾਰਾਂ/ ਮੀਡੀਆ ਉੱਪਰ ਲਗਾਈਆਂ ਪਾਬੰਦੀਆਂ ਤੁਰੰਤ ਹਟਾਈਆਂ ਜਾਣ।

# 'ਗੁਰਦਾਸਪੁਰ ਕਿਸ ਮੁਲਕ ਵਿੱਚ ਜਾਵੇਗਾ: ਪਾਕਿਸਤਾਨ ਵਿੱਚ ਜਾਂ ਹਿੰਦੋਸਤਾਨ ਵਿੱਚ, ਇਸ ਬਾਰੇ ਕਾਫੀ ਉਲਝਣ ਸੀ

"ਮੈਨੂੰ ਲਗਦਾ ਹੈ ਕਿ 14 ਅਗਸਤ ਨੂੰ ਸ਼ੁਕਰਵਾਰ ਸੀ (ਸ਼ੁਕਰਵਾਰ ਅਸਲ ਵਿਚ 15 ਅਗਸਤ ਨੂੰ ਸੀ- ਲੇਖਕ) ? ਇਹ ਰਮਜ਼ਾਨ ਦਾ ਮਹੀਨਾ ਸੀ ਤੇ ਮੈਂ ਨੇੜੇ ਦੇ ਪਿੰਡ ਦੀ ਇੱਕ ਵੱਡੀ ਮਸੀਤ ਵਿਚ ਇਬਾਦਤ ਕਰਨ ਗਿਆ। ਉਥੇ ਕਈ ਪਿੰਡਾਂ ਤੋਂ ਲੋਕ ਆਉਂਦੇ ਸਨ। ਮੈਨੂੰ ਤਕਰੀਰ ਕਰਨ ਲਈ ਕਿਹਾ ਗਿਆ ਤਾਂਕਿ ਜੋ ਕੁੱਝ ਬੀਤ ਰਿਹਾ ਸੀ ਮੈਂ ਉਸ ਦਾ ਵੇਰਵਾ ਦੇਵਾਂ। ਮੈਂ ਉਨ੍ਹਾਂ ਨੂੰ ਕਿਹਾ ਕਿ ਘਬਰਾਉਣ ਵਾਲੀ ਕੋਈ ਗੱਲ ਨਹੀਂ ਹੈ। ਸਾਡੇ ਇਲਾਕਿਆਂ ਦੇ ਤਿੰਨੇ ਭਾਈਚਾਰਿਆਂ ਵਿੱਚ ਸਮਝੌਤਾ ਹੋ ਗਿਆ ਸੀ ਕਿ ਕੋਈ ਕਿਸੇ ਉਪਰ ਹਮਲਾ ਨਹੀਂ ਕਰੇਗਾ। ਬ੍ਰਾਹਮਣਾਂ ਦਾ ਇੱਕ ਪਿੰਡ ਹੁੰਦਾ ਸੀ- ਰੇਹਲ । ਉਸ ਪਿੰਡ ਦੇ ਬ੍ਰਾਹਮਣ ਆਪਣੀ ਵਿਦਵਤਾ ਅਤੇ ਭਗਤੀ-ਭਾਵ ਲਈ ਕਾਫ਼ੀ ਜਾਣੇ ਜਾਂਦੇ ਸਨ। ਉਨ੍ਹਾਂ ਨੇ ਲੋਕਾਂ ਅਤੇ ਜਾਨਵਰਾਂ ਦੋਹਾਂ ਲਈ ਮੁਫ਼ਤ ਵਿਚ ਕਈ ਸਹੂਲਤਾਂ ਮੁਹੱਈਆ ਕਰਵਾਈਆਂ ਸਨ ਅਤੇ ਤਿੰਨੋਂ ਭਾਈਚਾਰੇ ਦੇ ਲੋਕ ਉਨ੍ਹਾਂ ਦੀ ਕਾਫ਼ੀ ਇਜ਼ੱਤ ਕਰਦੇ ਸਨ। ਉਨ੍ਹਾਂ ਵਿਚੋਂ ਇਕ ਸਨ- ਰਾਮਸਰਨ ਸ਼ਰਮਾ, ਜਿਨ੍ਹਾਂ ਨੇ ਫ਼ਾਰਸੀ ਦੀ ਵਿਆਕਰਣ ਦੇ ਪਾਠਾਂ ਦੀ ਇੱਕ ਕਿਤਾਬ ਲਿਖੀ ਸੀ, ਜਿਸ ਦਾ ਸਕੂਲਾਂ ਅਤੇ ਕਾਲਜਾਂ ਵਿਚ ਇਸਤੇਮਾਲ ਕੀਤਾ ਜਾਂਦਾ ਸੀ। ਬਾਅਦ ਵਿਚ ਜਦੋਂ ਪਕਿਸਤਾਨ ਬਣ ਗਿਆ, ਕਿਸੇ ਮੁਸਲਮਾਨ ਨੇ ਆਪਣਾ ਨਾਂ ਲਿਖ ਕੇ ਇਹੀ ਕਿਤਾਬ ਬਤੌਰ ਲੇਖਕ ਛਪਵਾਈ। ਮੈਂ ਮਾਸਟਰ ਸ਼ਰਮਾ ਤੋਂ ਫ਼ਾਰਸੀ ਸਿੱਖੀ। ਉਹ ਸੱਚ-ਮੁੱਚ ਇੱਕ ਗਿਆਨੀ ਇਨਸਾਨ ਸਨ।'

'ਗੁਰਦਾਸਪੁਰ ਕਿਸ ਮੁਲਕ ਵਿੱਚ ਜਾਵੇਗਾ: ਪਾਕਿਸਤਾਨ ਵਿੱਚ ਜਾਂ ਹਿੰਦੋਸਤਾਨ ਵਿੱਚ, ਇਸ ਬਾਰੇ ਕਾਫੀ ਉਲਝਣ ਸੀ। ਰੈਡਕਲਿਫ ਫੈਸਲੇ ਨੇ ਗੁਰਦਾਸਪੁਰ ਦੀ ਵੰਡ ਕਰ ਦਿੱਤੀ, ਹਾਲਾਂਕਿ ਇਸ ਵਿਚ ਬਹੁਗਿਣਤੀ ਮੁਸਲਮਾਨਾਂ ਦੀ ਸੀ, ਪਰ ਸ਼ਕਰਗੜ ਤਹਿਸੀਲ ਪਾਕਿਸਤਾਨ ਵਿੱਚ ਸ਼ਾਮਲ ਕਰ ਦਿੱਤੀ ਗਈ। ਉਸ ਵਕਤ ਵੱਡੇ ਪੱਧਰ 'ਤੇ ਮਾਰ-ਕਾਟ ਫੈਲ ਗਈ। ਬ੍ਰਾਹਮਣ ਮੇਰੇ ਵਾਲਿਦ ਕੋਲ ਆਏ ਅਤੇ ਮਦਦ ਲਈ ਅਰਜ਼ੋਈ ਕੀਤੀ। ਉਹ ਰੋਣ ਲੱਗ ਪਏ ਅਤੇ ਸਾਡੇ ਬਜ਼ੁਰਗਾਂ ਨੂੰ ਵੀ ਰੋਣਾ ਆ ਗਿਆ, ਕਿਉਂਕਿ ਸਾਡੇ ਉਨ੍ਹਾਂ ਦੇ ਨਾਲ ਰਿਸ਼ਤੇ ਬਹੁਤ ਕਰੀਬੀ ਸਨ। ਦੋਨੋ ਪਰਿਵਾਰਾਂ ਦੀਆਂ ਔਰਤਾਂ ਵੀ ਰੋਣ ਲਗ ਪਈਆਂ। ਉਨ੍ਹਾਂ ਨੇ ਆਪਣੀ ਰੱਖਿਆ ਲਈ ਗਹਿਣਿਆਂ ਦੀ ਪੇਸ਼ਕਸ਼ ਕੀਤੀ, ਪਰ ਸਾਡੇ ਵਾਲਿਦ ਨੇ ਉਨ੍ਹਾਂ ਨੂੰ ਬੇਫ਼ਿਕਰ ਰਹਿਣ ਨੂੰ ਕਿਹਾ। ਉਨ੍ਹਾਂ ਨੇ ਆਪਣੀਆਂ ਸੱਤ ਮੁਟਿਆਰ ਕੁੜੀਆਂ, ਜੋ ਸਾਰੀਆਂ ਹੀ ਖ਼ੂਬਸੂਰਤ, ਪੜ੍ਹੀਆਂ-ਲਿਖੀਆਂ ਅਤੇ ਸੁਚੱਜੀਆਂ ਸਨ, ਸਾਡੀ ਹਿਫ਼ਾਜ਼ਤ ਵਿਚ ਰੱਖਣ ਦਾ ਫ਼ੈਸਲਾ ਕੀਤਾ ਜਦ ਕਿ ਅਸੀਂ ਲਗਭਗ ਵੀਹ ਨੌਜਵਾਨਾਂ ਅਤੇ ਵਧੇਰੀ ਉਮਰ ਦੇ ਆਦਮੀਆਂ ਨੇ ਦੂਜੀਆਂ ਔਰਤਾਂ ਅਤੇ ਬੰਦਿਆਂ ਨੂੰ ਦਰਿਆ 'ਤੇ ਲੈ ਆਂਦਾ ਤਾਂਕਿ ਉਨ੍ਹਾਂ ਦੇ ਲਈ ਦਰਿਆ ਦੇ ਪਰਲੇ ਪਾਰ ਜਾਣ ਦਾ ਕੋਈ ਉਪਾਅ ਕੀਤਾ ਜਾ ਸਕੇ। ਰਾਵੀ ਦਰਿਆ ਦਾ ਪਾਣੀ ਉਸ ਵਕਤ ਬਹੁਤ ਉੱਚਾ ਵਗ ਰਿਹਾ ਸੀ, ਪਰ ਦੋਨੋ ਤਰਫ਼ ਕਿਸ਼ਤੀਆਂ ਦੀ ਆਵਾਜਾਈ ਤੇਜ਼ੀ ਨਾਲ ਚਲ ਰਹੀ ਸੀ। ਕਿਸ਼ਤੀਆਂ ਦੇ ਮਾਲਕ ਦਰਿਆ ਪਾਰ ਕਰਾਉਣ ਦੇ ਲਈ ਬੇਹਦ ਜ਼ਿਆਦਾ ਕੀਮਤ ਵਸੂਲ ਕਰ ਰਹੇ ਸਨ। ਸਾਡੇ ਪਾਸੇ ਵਾਲੇ ਦੇ ਕੰਢੇ 'ਤੇ ਇੱਕ ਕਿਸ਼ਤੀ ਜਿਨ੍ਹਾਂ ਮੁਸਲਮਾਨਾਂ ਨੂੰ ਲੈ ਕੇ ਆਈ ਉਹ ਬੁਰੀ ਤਰ੍ਹਾਂ ਜ਼ਖ਼ਮੀ ਸਨ, ਦੋ ਔਰਤਾਂ ਦੇ ਸੀਨੇ ਵੱਢ ਦਿੱਤੇ ਗਏ ਸਨ ਅਤੇ ਉਹ ਅਕਿਹ ਦਰਦ ਵਿੱਚ ਸਨ। ਜਦ ਉਨ੍ਹਾਂ ਦੇ ਆਦਮੀਆਂ ਨੂੰ ਪਤਾ ਲੱਗਿਆ ਕਿ ਅਸੀਂ ਹਿੰਦੂਆਂ ਨੂੰ ਦੂਜੇ ਪਾਸੇ ਹਿਫ਼ਾਜ਼ਤ ਨਾਲ ਲੈ ਜਾਣਾ ਚਾਹੁੰਦੇ ਹਾਂ ਤਾਂ ਉਨ੍ਹਾਂ ਨੂੰ ਬੜਾ ਗੁੱਸਾ ਚੜ੍ਹਿਆ ਤੇ ਉਨ੍ਹਾਂ ਨੇ ਸਾਡੇ ਸ਼ਰਨਾਰਥੀਆਂ ਉਪਰ ਹਮਲਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਅਸੀਂ ਅਜਿਹੇ ਜ਼ੁਲਮ ਦੇ ਖਿਲਾਫ਼ ਉਨ੍ਹਾਂ ਵਿਚਕਾਰ ਇੱਕ ਕੰਧ ਬਣ ਕੇ ਖੜ੍ਹੇ ਹੋ ਗਏ। ਅਸੀਂ ਉਨ੍ਹਾਂ ਨੂੰ ਕਿਹਾ ਕਿ ਸਾਡੀ ਸ਼ਰਣ ਆਏ ਹਿੰਦੂਆਂ ਉੱਪਰ ਉਨ੍ਹਾਂ ਜ਼ੁਲਮਾਂ ਦਾ ਇਲਜ਼ਾਮ ਨਹੀਂ ਲਗਾਇਆ ਜਾ ਸਕਦਾ ਜੋ ਪਰਲੇ ਪਾਰ ਹੋਰ ਹਿੰਦੂਆਂ ਨੇ ਕੀਤੇ। ਸਾਡੇ ਹਥਿਆਰ ਵੀ ਜ਼ਿਆਦਾ ਸਨ ਇਸ ਲਈ ਕੋਈ ਗੜਬੜ ਨਹੀਂ ਹੋਈ ਤੇ ਬ੍ਰਾਹਮਣ ਸੁੱਖੀ-ਸਾਂਦੀਂ ਪਰਲੇ ਪਾਰ ਲੈ ਜਾਂਦੇ ਗਏ।

'ਬ੍ਰਾਹਮਣ ਕੁੜੀਆਂ ਸਾਡੇ ਕੋਲ ਸੱਤ ਮਹੀਨੇ ਰਹੀਆਂ। ਹਾਲਾਂਕਿ ਉਹ ਨਿਮਰਤਾ ਨਾਲ ਸਭ ਦੀ ਇੱਜ਼ਤ ਕਰਦੀਆਂ ਸਨ, ਉਨ੍ਹਾਂ ਨੇ ਸਾਡਾ ਖਾਣਾ ਖਾਣ ਅਤੇ ਭਾਂਡਿਆਂ ਦਾ ਇਸਤੇਮਾਲ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਲਈ ਸਾਨੂੰ ਉਨ੍ਹਾਂ ਦੇ ਲਈ ਅਲਗ ਰਸੋਈ ਅਤੇ ਹੋਰ ਸਹੂਲਤਾਂ ਦਾ ਪ੍ਰਬੰਦ ਕਰਨਾ ਪਿਆ ਇਥੋਂ ਤੱਕ ਕਿ ਉਨ੍ਹਾਂ ਨੇ ਪੂਜਾ ਕਰਨ ਲਈ ਸਾਡੇ ਵੇਹੜੇ ਵਿਚ ਇੱਕ ਛੋਟਾ ਜਿਹਾ ਮਿੱਟੀ ਦਾ ਮੰਦਰ ਵੀ ਬਣਾਇਆ ਅਤੇ ਤੇਲ ਉਧਾਰ ਲੈ ਕੇ ਦੀਵੇ ਜਗਾਏ, ਜਿਵੇਂ ਕਿ ਉਨ੍ਹਾਂ ਦਾ ਰਿਵਾਜ਼ ਸੀ। ਇੱਕ ਦਿਨ ਭਾਰਤੀ ਫੌਜ ਉਨ੍ਹਾਂ ਨੂੰ ਲੱਭਦੀ ਹੋਈ ਆਈ। ਕਿਸੇ ਨੇ ਉਨ੍ਹਾਂ ਨੂੰ ਗਲਤ ਖ਼ਬਰ ਦਿੱਤੀ ਸੀ ਕਿ ਅਸੀਂ ਉਨ੍ਹਾਂ ਕੁੜੀਆਂ ਨੂੰ ਉਨ੍ਹਾਂ ਦੀ ਮਰਜ਼ੀ ਦੇ ਖ਼ਿਲਾਫ਼ ਰੱਖਿਆ ਸੀ। ਇਸ ਲਈ ਫੌਜ ਨੇ ਸਾਡੇ ਘਰ ਨੂੰ ਘੇਰਾ ਪਾ ਲਿਆ ਅਤੇ ਬਰੇਨ ਗੰਨਾਂ ਤੇ ਹੋਰ ਹੱਥਿਆਰ ਸਾਡੇ ਵੱਲ ਤਾਣ ਦਿੱਤੇ। ਉਨ੍ਹਾਂ ਵਿੱਚ ਇੱਕ ਕੈਪਟੇਨ ਸੀ ਜਿਸ ਨੂੰ ਮੈਂ ਪੁੱਛਿਆ, "ਤੁਹਾਨੂੰ ਕੀ ਤਕਲੀਫ ਹੈ? ਸਾਡੇ ਵੱਲ ਬੰਦੂਕਾਂ ਕਿਉਂ ਤਾਣੀਆਂ ਹਨ?" ਉਸ ਨੇ ਜਵਾਬ ਦਿੱਤਾ, "ਅਸੀਂ ਸੁਣਿਆ ਹੈ ਕਿ ਤੁਸੀ ਆਪਣੇ ਘਰ ਵਿੱਚ ਹਿੰਦੂ ਕੁੜੀਆਂ ਕੈਦ ਕਰ ਕੇ ਰੱਖੀਆਂ ਹਨ।" ਤਾਂ ਮੈਂ ਉਨ੍ਹਾਂ ਨੂੰ ਕਿਹਾ ਕਿ ਉਹ ਖ਼ੁਦ ਉਨ੍ਹਾਂ ਕੁੜੀਆਂ ਨਾਲ ਗੱਲ ਕਰ ਲੈਣ। ਉਸੇ ਵਕਤ ਉਨ੍ਹਾਂ ਕੁੜੀਆਂ ਦੇ ਦੋ ਹਿੰਦੂ ਆਦਮੀ ਰਿਸ਼ਤੇਦਾਰ ਜੋ ਲੁਕੇ ਹੋਏ ਸਨ, ਨਿਕਲ ਕੇ ਬਾਹਰ ਆਏ ਤੇ ਸਾਡੇ ਦਰ 'ਤੇ ਆ ਗਏ। ਉਹ ਸਾਡੇ ਬਜ਼ੁਰਗਾਂ ਨੂੰ ਮਿਲ ਕੇ ਰੋਣ ਲਗੇ ਅਤੇ ਸਾਡੇ ਬਜ਼ੁਰਗਾਂ ਦੀ ਅੱਖਾਂ ਵਿਚ ਵੀ ਅਥਰੂ ਆ ਗਏ। ਜਦੋਂ ਕੁੜੀਆਂ ਨੇ ਭਰੋਸਾ ਦਵਾਇਆ ਕਿ ਉਨ੍ਹਾਂ ਦੇ ਨਾਲ ਬਹੁਤ ਚੰਗਾ ਸਲੂਕ ਕੀਤਾ ਗਿਆ ਸੀ ਫੌਜੀ ਕੈਪਟਨ ਬੇਹਦ ਸ਼ਰਮਿੰਦਾ ਹੋਇਆ ਤੇ ਉਸਨੇ ਮਾਫ਼ੀ ਮੰਗੀ । ਅਸੀਂ ਉਨ੍ਹਾਂ ਦੇ ਗਹਿਣੇ ਵਾਪਸ ਕੀਤੇ ਜੋ ਉਨ੍ਹਾਂ ਦੇ ਬਜ਼ੁਰਗਾਂ ਨੇ ਮੇਰੇ ਵਾਲਿਦ ਦੇ ਕੋਲ ਜਮਾ ਕੀਤੇ ਸੀ। ਫਿਰ ਉਹ ਚਲੇ ਗਏ। ਉਹ ਸੱਚ-ਮੁੱਚ ਬਹੁਤ ਬੁਰੇ ਦਿਨ ਸਨ।"

\- ਚੌਧਰੀ ਅਨਵਰ ਅਜ਼ੀਜ਼

## ਕਸ਼ਮੀਰ ਨੂੰ ਸਵੈ ਨਿਰਣੇ ਦੇ ਹੱਕ 'ਚ ਕਾਨਫਰੰਸ ਤੇ ਰੋਸ ਮਾਰਚ ਸੂਬੇ ਭਰ 'ਚ 1 ਤੋਂ 15 ਸਤੰਬਰ

ਦੇਸ਼ ਪੱਧਰ 'ਤੇ ਜਮਹੂਰੀ ਜਥੇਬੰਦੀਆਂ ਤੇ ਅਧਾਰਿਤ ਉਸਰੇ 'ਹਿੰਦੂਤਵੀ ਫਾਸੀਵਾਦ ਵਿਰੋਧੀ ਫੋਰਮ' ਵਲੋਂ ਕਸ਼ਮੀਰੀ ਲੋਕਾਂ ਨੂੰ ਸਵੈਨਿਰਣੇ ਦੇ ਹਕ 'ਚ 1 ਤੋਂ 15 ਸਤੰਬਰ ਤੱਕ ਸੂਬੇ ਭਰ 'ਚ ਕਾਨਫਰੰਸਾਂ ਤੇ ਰੋਸ ਮਾਰਚ ਕੀਤੇ ਜਾਣਗੇ।


ਇਹ ਫੈਸਲਾ ਫੋਰਮ ਦੀ ਪੰਜਾਬ ਕਮੇਟੀ ਦੀ ਮੀਟਿੰਗ 'ਚ ਕੀਤਾ ਗਿਆ। ਇਫਟ ਦੇ ਸੂਬਾਈ ਆਗੂ ਕੁਲਵਿੰਦਰ ਵੜੈਚ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕਤਰ ਅਤੇ ਫੋਰਮ ਦੀ ਕਮੇਟੀ ਦੇ ਮੈਂਬਰ ਕੰਵਲਜੀਤ ਖੰਨਾ ਨੇ ਦਸਿਆ ਕਿ ਮੀਟਿੰਗ ਵਿਚ ਲੋਕ ਮੋਰਚਾ ਦੇ ਆਗੂ ਸਤਵੰਤ ਸਿੰਘ ਲਵਲੀ, ਇਨਕਲਾਬੀ ਜਮਹੂਰੀ ਮੋਰਚਾ ਦੇ ਆਗੂ ਨਰਿੰਦਰ ਨਿੰਦੀ ਸ਼ਾਮਲ ਹੋਏ। ਮੀਟਿੰਗ ਵਿਚ ਮੋਦੀ ਹਕੂਮਤ ਦੇ ਕਸ਼ਮੀਰੀ ਲੋਕਾਂ ਉਪਰ ਵਿੱਢੇ ਫਾਸ਼ੀ ਹਮਲੇ ਨੂੰ ਹਿਟਲਰਸ਼ਾਹੀ ਕਰਾਰ ਦਿੰਦਿਆਂ ਜੋਰਦਾਰ ਮੰਗ ਕੀਤੀ ਗਈ ਕਿ ਧਾਰਾ 370 ਅਤੇ ਧਾਰਾ 35-ਏ ਮੁੜ ਬਹਾਲ ਕੀਤੀ ਜਾਵੇ, ਕਸ਼ਮੀਰ ਨੂੰ ਦੋ ਹਿਸਿਆ 'ਚ ਵੰਡ ਕੇ ਕੇਂਦਰ ਸ਼ਾਸਤ ਪ੍ਰਦੇਸ਼ ਬਨਾਉਣ ਦੇ ਇੱਕਪਾਸੜ ਫੈਸਲੇ ਨੂੰ ਤੁਰੰਤ ਰੱਦ ਕੀਤਾ ਜਾਵੇ। ਕਸ਼ਮੀਰ ਚੋਂ ਭਾਰਤੀ ਫੌਜਾਂ ਬਾਹਰ ਕੱਢੀਆਂ ਜਾਣ, ਕਸ਼ਮੀਰ ਦੇ ਰਾਜਾ ਹਰੀ ਸਿੰਘ ਨਾਲ ਹੋਏ ਇਤਿਹਾਸਕ ਸਮਝੌਤੇ ਮੁਤਾਬਕ ਕਸ਼ਮੀਰ 'ਚ ਰਾਇਸ਼ੁਮਾਰੀ ਕਰਵਾ ਕੇ ਕਸ਼ਮੀਰੀ ਲੋਕਾਂ ਨੂੰ ਆਪਣੀ ਹੋਣੀ ਖੁਦ ਨਿਰਧਾਰਤ ਕਰਨ ਦਾ ਜਮਹੂਰੀ ਹੱਕ ਪ੍ਰਦਾਨ ਕੀਤਾ ਜਾਵੇ। ਗ੍ਰਿਫਤਾਰ ਕੀਤੇ, ਘਰਾਂ 'ਚ ਨਜ਼ਰਬੰਦ ਕੀਤੇ ਸਮੂਹ ਸਮੂਹ ਨੇਤਾ ਤੇ ਵਰਕਰ ਤੁਰੰਤ ਰਿਹਾ ਕੀਤੇ ਜਾਣ. ਕਸ਼ਮੀਰ ਦੇ ਵਿਸ਼ੇਸ਼ ਅਧਿਕਾਰ ਬਹਾਲ ਕੀਤੇ ਜਾਣ।

ਮੀਟਿੰਗ ਨੇ ਮੋਦੀ ਹਕੂਮਤ ਨੂੰ ਚਿਤਾਵਨੀ ਦਿਤੀ ਕਿ ਇਸ ਬਹੁਕੌਮੀ ਦੇਸ਼ ਅੰਦਰ ਕਿਸੇ ਵੀ ਕੌਮ ਦੀ ਰਜਾ ਦੇ ਉਲਟ ਜਾ ਕੇ ਧੱਕੇ ਨਾਲ ... ਕਰਨ ਦੀ ਤਾਨਾਸ਼ਾਹੀ ਨੀਤੀ ਦਾ ਖਾਮਿਆਜਾ ਮੋਦੀ ਹਕੂਮਤ ਨੂੰ ਭੁਗਤਣਾ ਹੀ ਪਵੇਗਾ। ਮੀਟਿੰਗ ਨੇ ਕਸ਼ਮੀਰੀ ਮੁਦੇ 'ਤੇ ਕਾਂਗਰਸ ਪਾਰਟੀ ਦੀ ਸਮੇਤ ਅਕਾਲੀ ਦਲ, ਬਸਪਾ, ਆਮ ਆਦਮੀ ਪਾਰਟੀ ਦੀ ਦੋਗਲੀ ਨੀਤੀ ਦੀ ਡਟਵੀਂ ਨਿਖੇਧੀ ਕਰਦੀ ਹੈ। ਉਨ੍ਹਾਂ ਦਸਿਆ ਕਿ ਫੋਰਸ ਵਲੋਂ ਪੂਰੇ ਸੂਬੇ ਭਰ 'ਚ 1 ਸਤੰਬਰ ਤੋਂ 15 ਸਤੰਬਰ ਤਕ ਜ਼ਮੀਨੀ ਪੱਧਰ 'ਤੇ ਜੋਰਦਾਰ ਪ੍ਰਚਾਰ ਮੁਹਿੰਮ ਚਲਾਉਣ ਉਪਰੰਤ ਵਿਸ਼ਾਲ ਕਾਨਫਰੰਸਾਂ ਤੇ ਰੋਸ ਮਾਰਚ ਜਥੇਬੰਦ ਕੀਤੇ ਜਾਣਗੇ। ਇਸ ਸਮੇਂ ਹੋਰਨਾਂ ਜਨਤਕ ਜਥੇਬੰਦੀਆਂ ਦੇ ਨੁਮਾਇੰਦੇ ਵੀ ਮੀਟਿੰਗ 'ਚ ਸ਼ਾਮਲ ਸਨ।

# ਇਲਹਾਕ ਤੋਂ ਮੁਕੰਮਲ ਕਬਜ਼ੇ ਤੱਕ ਕਸ਼ਮੀਰੀਆਂ ਦੇ ਸੰਤਾਪ ਦੀ ਦਾਸਤਾਂ



ਬੂਟਾ ਸਿੰਘ ਨਵਾਂਸ਼ਹਿਰ
94634-74342





5 ਅਗਸਤ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਅਚਾਨਕ ਰਾਜ ਸਭਾ ਵਿਚ ਧਾਰਾ 370 ਦਾ ਭੋਗ ਪਾਉਣ ਲਈ "ਜੰਮੂ-ਕਸ਼ਮੀਰ ਪੁਨਰਗਠਨ ਬਿੱਲ 2019" ਪੇਸ਼ ਕੀਤੇ ਜਾਣ ਨਾਲ ਭਗਵੇਂ ਬਰਗੇਡ ਦੀ ਅਸਲ ਸਾਜ਼ਿਸ਼ ਸਾਹਮਣੇ ਆ ਗਈ। ਹੋਕਰੇ 'ਕਸ਼ਮੀਰੀਅਤ, ਜਮਹੂਰੀਅਤ, ਇਨਸਾਨੀਅਤ' ਦੇ ਮਾਰੇ ਗਏ, ਅੰਦਰਖਾਤੇ ਸਾਜ਼ਿਸ਼ ਉਹਨਾਂ ਦੀ ਸਰਜ਼ਮੀਨ ਨੂੰ ਖੁੱਲ੍ਹੀ ਜੇਲ੍ਹ ਵਿਚ ਬਦਲ ਕੇ ਜੰਮੂ-ਕਸ਼ਮੀਰ ਦੀ ਹਸਤੀ ਨੂੰ ਮਿਟਾਉਣ ਅਤੇ ਉਹਨਾਂ ਦਾ ਸਭ ਕੁਛ ਹੜੱਪਣ ਦੀ ਬਣਾਈ ਗਈ। ਓੜਕ ਆਰ.ਐੱਸ.ਐੱਸ. ਦੇ ਮਨਸੂਬੇ ਅਨੁਸਾਰ ਜੰਮ-ਕਸ਼ਮੀਰ ਦੇ ਦੋ ਟੋਟੇ ਕਰਕੇ ਲਦਾਖ਼ ਨੂੰ ਬਿਨਾ ਵਿਧਾਨ ਸਭਾ ਵਾਲਾ ਅਤੇ ਜੰਮੂ-ਕਸ਼ਮੀਰ ਨੂੰ ਵਿਧਾਨ ਸਭਾ ਵਾਲਾ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਕੇ ਉਸ ਦੀ ਨਿਆਰੀ ਪਛਾਣ ਖ਼ਤਮ ਕਰ ਦਿੱਤੀ ਗਈ। ਰਾਸ਼ਟਰਪਤੀ ਕੋਵਿੰਦ ਵੱਲੋਂ ਰਸਮੀਂ ਮਨਜ਼ੂਰੀ ਦਿੱਤੇ ਜਾਣ ਤੋਂ ਬਾਦ ਭਗਵੇਂ ਬਰਗੇਡ ਦਾ ਕਸ਼ਮੀਰ ਬਾਰੇ ਵਿਚਾਰਧਾਰਕ ਏਜੰਡਾ ਕਾਨੂੰਨ ਬਣ ਗਿਆ। ਸੰਵਿਧਾਨਕ ਤੌਰ 'ਤੇ ਕਸ਼ਮੀਰ ਉੱਪਰ ਭਾਰਤ ਦਾ ਬਸਤੀਵਾਦੀ ਕਬਜ਼ਾ ਮੁਕੰਮਲ ਹੋ ਗਿਆ। ਗ੍ਰਹਿ ਮੰਤਰੀ ਮੁਤਾਬਿਕ ਜੇ ਕਸ਼ਮੀਰ ਵਿਚ ਹਾਲਤ ਆਮ ਹੋ ਜਾਂਦੀ ਹੈ ਤਾਂ ਜੰਮੂ-ਕਸ਼ਮੀਰ ਦਾ ਮੁਕੰਮਲ ਰਾਜ ਦਾ ਦਰਜਾ ਬਹਾਲ ਕਰ ਦਿੱਤਾ ਜਾਵੇਗਾ। ਇਹ ਕਦੋਂ ਤਕ ਯੂ.ਟੀ (ਕੇਂਦਰ ਸ਼ਾਸਤ ਇਲਾਕਾ) ਯਾਨੀ ਕੇਂਦਰ ਦੀ ਸਿੱਧੀ ਬਸਤੀ ਰਹੇਗਾ ਇਹ ਭਾਜਪਾ-ਆਰ.ਐੱਸ.ਐੱਸ. ਦੀ ਮਰਜ਼ੀ ਉੱਪਰ ਨਿਰਭਰ ਕਰੇਗਾ। ਇਹ ਤੈਅ ਹੈ ਕਿ ਉਹ ਆਪਣੀ ਸਹੂਲਤ ਅਨੁਸਾਰ 'ਆਮ ਹਾਲਤ' ਦਾ ਐਲਾਨ ਕਰਨਗੇ।


1953 'ਚ ਕਸ਼ਮੀਰੀ ਅਵਾਮ ਦੀ ਸਵੈਨਿਰਣੇ ਦੀ ਤਾਂਘ ਉੱਪਰ ਠੰਡਾ ਛਿੜਕਣ ਲਈ ਧਾਰਾ 370 ਰਾਹੀਂ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦਿੱਤਾ ਗਿਆ ਸੀ। ਧਾਰਾ 35ਏ ਰਾਹੀਂ ਸਥਾਈ ਨਾਗਰਿਕਤਾ ਦੇਣ ਦਾ ਫ਼ੈਸਲਾ ਕਰਨ ਦਾ ਵਿਸ਼ੇਸ਼ ਹੱਕ ਜੰਮੂ-ਕਸ਼ਮੀਰ ਰਾਜ ਕੋਲ ਸੀ। 35ਏ ਤਹਿਤ ਜੰਮੂ-ਕਸ਼ਮੀਰ ਵਿਚ ਕਸ਼ਮੀਰੀ ਲੋਕਾਂ ਦੀ ਜ਼ਮੀਨ, ਨੌਕਰੀਆਂ ਅਤੇ ਆਰਥਕ ਹਿਤ ਸੁਰੱਖਿਅਤ ਸਨ। ਰਵਾਇਤੀ ਮੁੱਖਧਾਰਾ ਹੁਕਮਰਾਨਾਂ ਦੀ ਸੋਚ ਇਹ ਸੀ ਕਿ ਵਿਸ਼ੇਸ਼ ਦਰਜਾ ਇਸ ਆਜ਼ਾਦ ਰਿਆਸਤ ਦਾ ਭਾਰਤ ਨਾਲ ਮੁਕੰਮਲ ਰਲੇਵਾਂ ਕਰਨ ਦਾ ਸਾਧਨ ਹੈ, ਆਰ.ਐੱਸ.ਐੱਸ. ਵਿਸ਼ੇਸ਼ ਦਰਜੇ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਆਪਣੇ ਪ੍ਰੋਜੈਕਟ ਦੇ ਰਾਹ ਵਿਚ ਮੁੱਖ ਅੜਿੱਕਾ ਸਮਝਦਾ ਸੀ। ਭਾਵੇਂ ਭਾਰਤੀ ਹੁਕਮਰਾਨਾਂ ਵੱਲੋਂ ਬਹੁਤ ਸਾਰੀਆਂ ਚੋਰ ਮੋਰੀਆਂ ਰਾਹੀਂ ਬਾਹਰਲੇ ਲੋਕਾਂ ਨੂੰ ਉੱਥੇ ਵਸਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਲੇਕਿਨ ਸਥਾਈ ਨਾਗਰਿਕਤਾ ਦਾ ਹੱਕ ਬਾਹਰਲਿਆਂ ਦੇ ਉੱਥੇ ਜ਼ਮੀਨ ਖ਼ਰੀਦਣ ਅਤੇ ਇੰਞ ਵਸੋਂ ਬਣਤਰ ਨੂੰ ਬਦਲਣ ਦੇ ਭਾਰਤੀ ਹੁਕਮਰਾਨ ਜਮਾਤ, ਖ਼ਾਸ ਕਰਕੇ ਆਰ.ਐੱਸ.ਐੱਸ. ਦੇ ਪ੍ਰੋਜੈਕਟ ਵਿਚ ਸਭ ਤੋਂ ਵੱਡੀ ਰੁਕਾਵਟ ਸੀ।

'ਕਸ਼ਮੀਰ ਮਸਲੇ' ਬਾਰੇ ਆਰ.ਐੱਸ.ਐੱਸ. ਸਮੇਤ ਸਮੁੱਚੇ ਸੰਘ ਪਰਿਵਾਰ ਦੀ ਪੁਜੀਸ਼ਨ ਸ਼ੁਰੂ ਤੋਂ ਹੀ ਖ਼ਾਸ ਤੌਰ 'ਤੇ ਹਮਲਾਵਰ ਰਹੀ ਹੈ। ਜਦੋਂ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦਿੱਤਾ ਗਿਆ ਉਦੋਂ ਤੋਂ ਹੀ ਸੰਘ ਦੇ ਇਕ ਮੁੱਖ ਆਗੂ ਸ਼ਿਆਮਾ ਪ੍ਰਸਾਦ ਮੁਖਰਜੀ ਨੇ ਨਾਅਰਾ ਦਿੱਤਾ ਸੀ: 'ਇਕ ਦੇਸ਼ ਵਿਚ ਦੋ ਵਿਧਾਨ, ਦੋ ਪ੍ਰਧਾਨ, ਦੋ ਨਿਸ਼ਾਨ ਨਹੀਂ ਹੋ ਸਕਦੇ'। ਇਹ ਕਸ਼ਮੀਰੀਆਂ ਦੇ ਸਵੈਨਿਰਣੇ ਦੇ ਹੱਕ ਨੂੰ ਫ਼ੌਜੀ ਤਾਕਤ ਨਾਲ ਕੁਚਲ ਦੇਣ ਦਾ ਮਨਸੂਬਾ ਸੀ। 1953 'ਚ ਉਸ ਨੇ ਧਾਰਾ 370 ਅਤੇ ਧਾਰਾ 35ਏ ਨੂੰ ਖ਼ਤਮ ਕਰਨ ਲਈ ਇਕ ਅੰਦੋਲਨ ਵੀ ਛੇੜਿਆ। ਉਦੋਂ ਤੋਂ ਹੀ ਇਹ ਸਵਾਲ ਆਰ.ਐੱਸ.ਐੱਸ. ਦੇ ਵਿਚਾਰਧਾਰਕ ਏਜੰਡੇ ਦਾ ਮਹੱਤਵਪੂਰਨ ਹਿੱਸਾ ਬਣ ਗਿਆ। ਉਹ ਇਸ ਮਨਸੂਬੇ ਨੂੰ ਅੰਜਾਮ ਦੇਣ ਲਈ ਢੁਕਵੇਂ ਮੌਕੇ ਦੀ ਤਾਕ ਵਿਚ ਸਨ।

2014 'ਚ ਭਾਰੀ ਬਹੁਮੱਤ ਨਾਲ ਸੰਘ ਦੀ ਸਰਕਾਰ ਬਣਦੇ ਸਾਰ ਭਗਵੀਂ ਲੀਡਰਸ਼ਿਪ ਵੱਲੋਂ ਵਿਸ਼ੇਸ਼ ਦਰਜੇ ਨੂੰ ਖ਼ਤਮ ਕੀਤੇ ਜਾਣ ਲਈ ਮਾਹੌਲ ਬਣਾਉਣਾ ਸ਼ੁਰੂ ਕਰ ਦਿੱਤਾ ਗਿਆ। ਇਹ ਵੱਖਰੀ ਗੱਲ ਹੈ ਕਿ ਅਵਾਮ ਨੂੰ ਧੋਖਾ ਦੇ ਕੇ ਸੱਤਾ ਹਥਿਆਉਣ ਲਈ ਅਤੇ ਜੰਮੂ-ਕਸ਼ਮੀਰ ਵਿਚ ਪੀ.ਡੀ.ਪੀ. ਨਾਲ ਗੱਠਜੋੜ ਸਰਕਾਰ ਬਣਾ ਕੇ ਵਾਦੀ ਵਿਚ ਡੂੰਘੀ ਘੁਸਪੈਠ ਕਰਨ ਲਈ ਇਸ ਨੇ ਇਸ ਮੁੱਦੇ ਦਾ ਜ਼ਿਕਰ ਵਕਤੀ ਤੌਰ 'ਤੇ ਬੰਦ ਕਰ ਦਿੱਤਾ। ਸਾਰੇ ਜੋੜ-ਤੋੜ ਮੁਕੰਮਲ ਕਰਕੇ ਅਤੇ ਸਮੁੱਚੀ ਹਾਲਤ ਉੱਪਰ ਡੂੰਘੀ ਪਕੜ ਬਣਾ ਕੇ ਗੱਠਜੋੜ ਸਰਕਾਰ ਤੋੜ ਦਿੱਤੀ ਗਈ ਅਤੇ ਗਵਰਨਰੀ

# ਉਹ ਕਸ਼ਮੀਰਨ ਸਦਾ ਜਾਗਦੀ ਰਹੇ

- ਡਾ. ਕੁਲਦੀਪ ਸਿੰਘ



'ਇਤਿਹਾਸ ਬੜਾ ਜ਼ਾਲਮ ਹੁੰਦਾ ਹੈ। ਇਹ ਸਦੀਆਂ, ਦਹਾਕਿਆਂ ਅਤੇ ਵਰ੍ਹਿਆਂ ਬਾਅਦ ਵੀ ਇਥੋਂ ਤੱਕ ਦੇਵਤਿਆਂ ਨੂੰ ਕਬਰਾਂ ਵਿਚੋਂ ਪੁੱਟ ਕੇ ਉਨ੍ਹਾਂ ਦਾ ਹਿਸਾਬ ਕਿਤਾਬ ਮੰਗ ਸਕਦਾ ਹੈ।' ਇਹ ਸ਼ਬਦ ਐਂਗਲਜ਼ ਨੇ ਇਤਿਹਾਸ ਦੇ ਪ੍ਰਸੰਗ ਵਿਚ ਕਹੇ ਸਨ। ਮੈਨੂੰ ਵਰ੍ਹਾ 1994 ਦੀ ਇਕ ਘਟਨਾ ਯਾਦ ਆ ਰਹੀ ਹੈ ਜਦੋਂ ਯੂ.ਐਨ.ਓ. ਵਿਚ ਵੱਖ-ਵੱਖ ਮੁਲਕਾਂ ਵਿਚਲੇ ਆਪਸੀ ਵਾਦ-ਵਿਵਾਦਾਂ ਬਾਰੇ ਅਤੇ ਉਨ੍ਹਾਂ ਦੇ ਫੈਸਲਿਆਂ ਸੰਬਧੀ ਜੰਮੂ ਵਿਖੇ ਹੋਏ ਸੈਮੀਨਾਰ ਵਿਚ ਸ਼ਿਰਕਤ ਕਰਨ ਦਾ ਮੌਕਾ ਮਿਲਿਆ ਸੀ। ਇਹ ਸੱਬਬ ਇਸ ਕਰਕੇ ਬਣ ਗਿਆ ਸੀ ਕਿ ਇਸ ਸੈਮੀਨਾਰ ਵਿਚ ਪ੍ਰੋ. ਰਣਧੀਰ ਸਿੰਘ, ਪ੍ਰੋ. ਪ੍ਰੀਤਮ ਗਿੱਲ, ਪ੍ਰੋ. ਹਰਕ੍ਰਿਸ਼ਨ ਮਹਿਤਾ ਆਦਿ ਵੀ ਚੰਡੀਗੜ੍ਹ ਤੋਂ ਡਾ. ਪ੍ਰਮੋਦ ਕੁਮਾਰ ਦੀ ਅਗਵਾਈ ਵਿਚ ਗਏ ਸੀ। ਇਸ ਸੈਮੀਨਾਰ ਦੇ ਦੂਸਰੇ ਦਿਨ ਕਸ਼ਮੀਰ ਯੂਨੀਵਰਸਿਟੀ ਦੀ ਇਕ ਮਹਿਲਾ ਪ੍ਰੋਫੈਸਰ ਨੂੰ ਗਵਰਨਰ, ਮੁੱਖ ਮੰਤਰੀ ਅਤੇ ਯੂ.ਐਨ.ਓ. ਦੇ ਨੁਮਾਇੰਦਿਆਂ ਦੀ ਹਾਜ਼ਰੀ ਵਿਚ ਬੋਲਣ ਦਾ ਮੌਕਾ ਮਿਲਿਆ, ਉਹ ਏਨੀ ਜਜ਼ਬਾਤੀ ਤੇ ਭਾਵਕ ਹੋ ਕੇ ਕਸ਼ਮੀਰੀਆਂ ਦੀ ਗਾਥਾ ਸੁਣਾਉਣ ਲੱਗੀ ਕਿ ਕਿਸ ਤਰ੍ਹਾਂ ਇਸ ਖਿੱਤੇ ਵਿਚ ਜ਼ਿਆਦਤੀਆਂ ਹੋ ਰਹੀਆਂ ਹਨ ਅਤੇ ਕਿਸ ਕਿਸਮ ਨਾਲ ਦਹਿਸ਼ਤ ਦਾ ਵਾਤਾਵਰਣ ਉਸਾਰਿਆ ਹੋਇਆ ਹੈ ਅਤੇ ਸ਼ਾਂਤੀ ਦਾ ਸ਼ਬਦ ਸਾਡੇ ਜ਼ਹਿਨ ਵਿਚੋਂ ਖਾਰਜ ਹੋ ਚੁੱਕਾ ਹੈ। ਇਨ੍ਹਾਂ ਜ਼ਿਆਦਤੀਆਂ ਨੇ ਦਹਾਕਿਆਂ ਤੋਂ ਸਾਨੂੰ ਇਕ ਪ੍ਰਯੋਗਸ਼ਾਲਾ ਦੇ ਤੌਰ 'ਤੇ ਸਮੇਂ ਦੀਆਂ ਹਕੂਮਤਾਂ ਵਲੋਂ ਤਜਰਬਿਆਂ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ। ਦੂਰ-ਦੁਰੇਡੇ ਦੇਸ਼ ਦੀ ਰਾਜਨੀਤੀ ਅਤੇ ਦਿੱਲੀ ਦੀ ਸੱਤਾ ਲਈ ਅਸੀਂ ਅੱਤਵਾਦ ਵਰਗੇ ਸ਼ਬਦ ਨਾਲ ਸੰਬੋਧਤ ਕੀਤੇ ਜਾ ਰਹੇ ਹਾਂ। ਉਸ ਨੇ ਕਿਹਾ ਕਿ ਅਸੀਂ ਅਮਨ, ਸ਼ਾਂਤੀ ਅਤੇ ਅਜਿਹੇ ਸਭਿਆਚਾਰਕ, ਰਾਜਨੀਤਕ ਅਤੇ ਆਰਥਿਕ ਮਾਹੌਲ ਵਿਚ ਜਿਉਂਣਾ ਚਾਹੁੰਦੇ ਹਾਂ ਜਿਸ ਵਿਚ ਆਜ਼ਾਦ ਫਿਜ਼ਾ ਹੋਵੇ, ਉਸ 'ਤੇ ਇਨ੍ਹਾਂ ਸ਼ਬਦਾਂ ਨੇ ਇਕ ਵਾਰੀ ਤਾਂ ਸਭ ਨੂੰ ਅੰਦਰੋਂ ਝੰਜੋੜ ਕੇ ਰੱਖ ਦਿੱਤਾ।

ਰਾਤ ਨੂੰ ਜਿਸ ਸਥਾਨ 'ਤੇ ਸਾਡੀ ਰਿਹਾਇਸ਼ ਕੀਤੀ ਗਈ ਸੀ ਤੇ ਨਾਲ ਹੀ ਇਹ ਪ੍ਰਬੰਧਕ ਵਲੋਂ ਚਿਤਾਵਨੀ ਵੀ ਦਿੱਤੀ ਗਈ ਸੀ ਕਿ ਕਿਸੇ ਨੇ ਵੀ ਰਾਤ ਨੂੰ ਦਰਵਾਜ਼ਾ ਨਹੀਂ ਖੋਲ੍ਹਣਾ ਅਤੇ ਨਾ ਹੀ ਬਾਹਰ ਜਾਣਾ ਹੈ। ਪ੍ਰੰਤੂ ਰਾਤ ਦੇ ਕਰੀਬ ਸਾਢੇ ਗਿਆਰਾਂ ਵਜੇ ਉਹ ਕਸ਼ਮੀਰਨ ਪ੍ਰੋਫੈਸਰ ਜਿਸ ਨੇ ਸੈਮੀਨਾਰ ਵਿਚ ਵਿਚਾਰ ਵਟਾਂਦਰੇ ਦੌਰਾਨ ਆਪਣੇ ਵਿਚਾਰ ਰੱਖੇ ਸੀ ਮੇਰਾ ਦਰਵਾਜ਼ਾ ਖੜਕਾਇਆ। ਇਕ ਵਾਰੀ ਤਾਂ ਮੈਂ ਤਹਿਕ ਗਿਆ ਪ੍ਰੰਤੂ ਡਰਦਿਆਂ ਦਰਵਾਜ਼ਾ ਖੋਲ੍ਹ ਦਿੱਤਾ। ਜਦੋਂ ਦੇਖਿਆ ਤਾਂ ਉਹ ਕਸ਼ਮੀਰਨ ਪ੍ਰੋਫੈਸਰ ਕੁਝ ਕਹਿਣਾ ਚਾਹੁੰਦੀ ਸੀ। ਉਹ ਅੰਦਰ ਆਈ ਤੇ ਮੈਂ ਅਚਨਚੇਤ ਪੁੱਛ ਲਿਆ ਤੂੰ ਐਨੀ ਪ੍ਰੇਸ਼ਾਨ ਕਿਉਂ ਦਿਖਾਈ ਦੇ ਰਹੀ ਐਂ ਤਾਂ ਉਸ ਨੇ ਕਿਹਾ ਕਿ ਮੈਨੂੰ ਨੀਂਦ ਨਹੀਂ ਆ ਰਹੀ, ਕਿਉਂਕਿ ਜੋ ਕੁਝ ਮੈਂ ਅੱਜ ਬੋਲੀ ਹਾਂ ਜਦੋਂ ਮੈਂ ਵਾਪਸ ਆਪਣੀ ਯੂਨੀਵਰਸਿਟੀ ਜਾਵਾਂਗੀ ਸ਼ਾਇਦ ਮੈਨੂੰ ਮੇਰੀ ਨੌਕਰੀ ਉਪਰ ਵੀ ਕੋਈ ਸਮੱਸਿਆ ਆ ਜਾਵੇ ਅਤੇ ਮੇਰੇ ਵਲੋਂ ਇਸ ਕਿਸਮ ਦੇ ਬੋਲੇ ਲ਼ਫ਼ਜ਼ ਮੇਰੇ ਲਈ ਕਈ ਕਿਸਮ ਦੀਆਂ ਸਮੱਸਿਆਵਾਂ ਸਹੇੜ ਸਕਦੇ ਹਨ। ਅਚਾਨਕ ਮੇਰੇ ਕੋਲੋਂ ਇਹ ਅਲਫਾਜ਼ ਕਹੇ ਗਏ ਕਿ ਤੈਨੂੰ ਅੱਜ ਪੂਰੀ ਤਰ੍ਹਾਂ ਸ਼ਾਂਤੀ ਨਾਲ ਸੌਂ ਜਾਣਾ ਚਾਹੀਦਾ ਹੈ। ਪਤਾ ਨਹੀਂ ਕਦੋਂ ਦੀ ਤੇਰੇ ਮਨ ਵਿਚ ਇਹ ਬੇਚੈਨੀ ਲੱਗੀ ਹੋਈ ਸੀ ਅਤੇ ਇਸ ਬੇਚੈਨੀ ਨੇ ਪਤਾ ਨਹੀਂ ਕਿੰਨੇ ਸਮੇਂ ਤੋਂ ਤੈਨੂੰ ਪ੍ਰੇਸ਼ਾਨ ਕੀਤਾ ਹੋਇਆ ਸੀ। ਜੋ ਕੁਝ ਤੂੰ ਅੱਜ ਆਪਣੇ ਦਿਲ ਤੋਂ ਕਿਹਾ ਹੈ ਮੈਨੂੰ ਜਾਪਦਾ ਹੈ ਕਿ ਤੇਰੇ ਮਨ ਤੋਂ ਬੋਝ ਹਲਕਾ ਹੋ ਗਿਆ ਹੈ। ਤੇਰੀ ਤਾਂ ਬੇਚੈਨੀ ਦੂਰ ਹੋਣੀ ਚਾਹੀਦੀ ਹੈ। ਮੈਨੂੰ ਉਹਦੇ ਚਿਹਰੇ ਤੋਂ ਇਨ੍ਹਾਂ ਲ਼ਫ਼ਜ਼ਾਂ ਨਾਲ ਬੇਚੈਨੀ ਘਟਦੀ ਜਾਪੀ ਤੇ ਉਹ ਪੂਰੀ ਤਰ੍ਹਾਂ ਮੁੜ ਹੌਸਲੇ ਵਿਚ ਆ ਗਈ ਅਤੇ ਉਸ ਨੇ ਕਿਹਾ ਕਿ ਮੈਂ ਸੱਚੀ ਦਹਾਕਿਆਂ ਤੋਂ ਇਹ ਲ਼ਫ਼ਜ਼ ਕਹਿਣਾ ਚਾਹੁੰਦੀ ਸੀ ਅੱਜ ਅਜਿਹੇ ਪਲੇਟਫਾਰਮ 'ਤੇ ਕਹਿ ਕੇ ਹੁਣ ਮੈਨੂੰ ਲੱਗਦਾ ਹੈ ਕਿ ਮੈਂ ਆਪਣਾ ਕਰਜ਼ ਉਤਾਰ ਦਿੱਤਾ ਹੈ।

ਉਸ ਦੇ ਜਾਣ ਤੋਂ ਬਾਅਦ ਮੇਰੇ ਮਨ ਵਿਚ ਦਹਾਕਿਆਂ ਤੋਂ ਇਹ ਲ਼ਫ਼ਜ਼ ਲਗਾਤਾਰ ਛਾਏ ਰਹੇ ਅਤੇ ਜਦੋਂ ਵੀ ਕਸ਼ਮੀਰ ਦੇ ਮਸਲੇ 'ਤੇ ਮੈਂ ਕੋਈ ਖ਼ਬਰ ਪੜ੍ਹਦਾ ਹਾਂ ਜਾਂ ਅਜੋਕੀਆਂ ਵਾਪਰ ਰਹੀਆਂ ਰਾਜਨੀਤਕ ਪ੍ਰਕਿਰਿਆਵਾਂ ਨੂੰ ਦੇਖਦਾ ਹਾਂ ਤਾਂ ਮੇਰੇ ਮਨ 'ਚੋਂ ਆਪ ਮੁਹਾਰੇ ਇਹ ਲ਼ਫ਼ਜ਼ ਨਿਕਲ ਜਾਂਦੇ ਨੇ ਜਾਂ ਮੇਰੇ ਚੇਤੇ ਵਿਚ ਘਰ ਕਰੀਂ ਬੈਠੇ ਨੇ ਕਿ ਉਹ ਕਸ਼ਮੀਰਨ ਸਦਾ ਜਾਗਦੀ ਰਹੇ।

98151-15429

## ਧਾਰਾ 370 ਅਤੇ ਧਾਰਾ 35 ਏ ਨੂੰ ਤੁਰੰਤ ਬਹਾਲ ਕੀਤਾ ਜਾਵੇ

ਧਾਰਾ 370 ਅਤੇ ਧਾਰਾ 35 ਏ ਨੂੰ ਬਹਾਲ ਕਰੋ!
ਕਸ਼ਮੀਰ ਵਿਚ ਸਾਰੇ ਵਿਰੋਧੀ ਨੇਤਾਵਾਂ ਨੂੰ ਰਿਹਾ ਕਰੋ!
ਕਸ਼ਮੀਰ ਅਤੇ ਦੇਸ਼ ਦੇ ਸੰਵਿਧਾਨ ਨਾਲ ਨਾ ਖੇਡੋ!

ਨਵੀਂ ਦਿੱਲੀ : ਰਾਸ਼ਟਰਪਤੀ ਦੇ ਆਦੇਸ਼ ਦੁਆਰਾ ਧਾਰਾ 370 ਨੂੰ ਰੱਦ ਕਰਨਾ ਅਤੇ ਜੰਮੂ-ਕਸ਼ਮੀਰ ਰਾਜ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ - ਲੱਦਾਖ ਅਤੇ ਜੰਮੂ-ਕਸ਼ਮੀਰ ਵਿੱਚ ਵੰਡਣਾ - ਭਾਰਤੀ ਸੰਵਿਧਾਨ ਦੇ ਵਿਰੁੱਧ ਬਗਾਵਤ ਵਰਗੀ ਕਾਰਵਾਈ ਤੋਂ ਘੱਟ ਨਹੀਂ ਹੈ। ਮੋਦੀ ਸਰਕਾਰ ਆਪਣੇ ਲੁਕਵੇਂ, ਸਾਜਿਸ਼ਾਂ ਅਤੇ ਗੈਰਕਾਨੂੰਨੀ ਤਰੀਕਿਆਂ ਨਾਲ ਸੰਵਿਧਾਨ ਅਤੇ ਕਸ਼ਮੀਰ ਨੂੰ ਬਾਕੀ ਭਾਰਤ ਨਾਲ ਜੋੜਨ ਵਾਲੇ ਮਹੱਤਵਪੂਰਨ ਇਤਿਹਾਸਕ ਪੁਲ ਨੂੰ ਸਾੜ ਰਹੀ ਹੈ।

ਇਸ ਤਖਤਾਪਲਟ ਦੀ ਤਿਆਰੀ ਵਿੱਚ, ਮੋਦੀ ਸਰਕਾਰ ਨੇ ਪਿਛਲੇ ਇੱਕ ਹਫ਼ਤੇ ਤੋਂ ਕਸ਼ਮੀਰ ਦਾ ਘੇਰਾਬੰਦੀ ਕਰ ਲਿਆ ਸੀ। ਦੁਨੀਆ ਦੇ ਇਸ ਸਭ ਤੋਂ ਵੱਧ ਮਿਲਟਰੀਅਲ ਖੇਤਰ ਵਿਚ, 35,000 ਫੌਜੀ ਬਲਾਂ ਨੂੰ ਭੇਜਿਆ ਗਿਆ ਸੀ। ਸੈਲਾਨੀਆਂ ਅਤੇ ਸ਼ਰਧਾਲੂਆਂ ਨੂੰ ਵਾਦੀ ਛੱਡਣ ਦੀ ਚੇਤਾਵਨੀ ਦਿੱਤੀ ਗਈ, ਜਦੋਂਕਿ ਕਸ਼ਮੀਰੀ ਲੋਕਾਂ ਨੇ ਉਥੇ ਉਨ੍ਹਾਂ ਦੇ ਸਵਾਗਤ ਲਈ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ। ਉਸ ਤੋਂ ਬਾਅਦ, ਹੁਣ ਵਿਰੋਧੀ ਧਿਰ ਦੇ ਨੇਤਾਵਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ, ਇੰਟਰਨੈਟ ਬੰਦ ਕਰ ਦਿੱਤਾ ਗਿਆ ਹੈ, ਪੈਟਰੋਲ ਬੰਦ ਹੈ, ਅਤੇ ਥਾਣੇ ਨੂੰ ਸੀਆਰਪੀਐਫ ਦੇ ਹਵਾਲੇ ਕਰ ਦਿੱਤਾ ਗਿਆ ਹੈ।

ਸੰਵਿਧਾਨ ਦੇ ਅਨੁਸਾਰ, ਜੰਮੂ-ਕਸ਼ਮੀਰ ਦੀਆਂ ਸੀਮਾਵਾਂ ਦਾ ਪੁਨਰ ਗਠਨ ਕਰਨ ਜਾਂ ਉਥੇ ਰਾਜ ਸਰਕਾਰ ਦੀ ਸਹਿਮਤੀ ਤੋਂ ਬਿਨਾਂ ਧਾਰਾ 370 ਅਤੇ ਧਾਰਾ 35 ਏ ਬਾਰੇ ਕੋਈ ਫੈਸਲਾ ਨਹੀਂ ਲਿਆ ਜਾ ਸਕਦਾ। 2018 ਵਿੱਚ, ਜੰਮੂ-ਕਸ਼ਮੀਰ ਵਿਧਾਨ ਸਭਾ ਤੋਂ ਬਿਨਾਂ, ਕਿਸੇ ਵੀ ਦਾਅਵੇਦਾਰ ਨੂੰ ਸਰਕਾਰ ਬਣਾਉਣ ਦਾ ਮੌਕਾ ਦਿੱਤਾ ਗਿਆ , ਇਸ ਨੂੰ ਗ਼ੈਰਕਾਨੂੰਨੀ ਢੰਗ ਨਾਲ ਭੰਗ ਕਰ ਦਿੱਤਾ ਗਿਆ ਸੀ। ਫਿਰ ਕੇਂਦਰ ਸਰਕਾਰ ਨੇ ਜੰਮੂ-ਕਸ਼ਮੀਰ ਵਿੱਚ ਸੰਸਦੀ ਚੋਣਾਂ ਦੇ ਨਾਲ ਵਿਧਾਨ ਸਭਾ ਚੋਣਾਂ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਇਸ ਲਈ ਰਾਸ਼ਟਰਪਤੀ ਦੁਆਰਾ ਜਾਰੀ ਇਹ ਆਦੇਸ਼ ਪੂਰੀ ਤਰ੍ਹਾਂ ਤਖਤਾ ਪਲਟਣਾ ਹੈ।

ਜਿਵੇਂ ਨੋਟਬੰਦੀ ਨੇ ਭ੍ਰਿਸ਼ਟਾਚਾਰ ਅਤੇ ਕਾਲੇ ਧਨ ਨੂੰ ਘੱਟ ਨਹੀਂ ਕੀਤਾ, ਬਲਕਿ ਇਸ ਨੇ ਆਮ ਲੋਕਾਂ ਲਈ ਨਵੀਂ ਮੁਸੀਬਤਾਂ ਖੜ੍ਹੀਆਂ ਕੀਤੀਆਂ ਅਤੇ ਭ੍ਰਿਸ਼ਟਾਚਾਰ ਦੇ ਭ੍ਰਿਸ਼ਟਾਚਾਰ ਨੂੰ ਵਧਾ ਦਿੱਤਾ, ਇਸੇ ਤਰ੍ਹਾਂ ਜੰਮੂ-ਕਸ਼ਮੀਰ ਬਾਰੇ ਸ਼ਰਾਰਤੀ ਅਤੇ ਗੁਪਤ ਫੈਸਲੇ ਨੂੰ ਚੁਣਦੇ ਹੋਏ, ਕਸ਼ਮੀਰ ਸਮੱਸਿਆ ਦਾ ਹੱਲ ਨਹੀਂ ਕਰੇਗਾ, ਪਰ ਉਥੇ ਸਥਿਤੀ ਨੂੰ ਬਦਤਰ ਬਣਾ ਦੇਵੇਗਾ। ਉਥੇ ਵਧਾਈਆਂ ਜਾ ਰਹੀਆਂ ਫੋਰਸਾਂ ਦੀ ਲਾਮਬੰਦੀ ਅਤੇ ਵਿਰੋਧੀ ਪਾਰਟੀਆਂ 'ਤੇ ਹਮਲਾ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਵਧੇਰੇ ਅਲੱਗ ਥਲੱਗਣ ਦੇਵੇਗਾ।

ਇਸ ਤਰ੍ਹਾਂ ਦਾ ਤਖਤਾ ਪਲਟ ਨਾ ਸਿਰਫ ਕਸ਼ਮੀਰ ਦੀ ਸਥਿਤੀ 'ਤੇ ਮਾੜਾ ਪ੍ਰਭਾਵ ਛੱਡੇਗਾ, ਬਲਕਿ ਇਹ ਸੰਵਿਧਾਨ' ਤੇ ਸਿੱਧਾ ਹਮਲਾ ਹੈ ਅਤੇ ਇਸ ਦਾ ਅਸਰ ਪੂਰੇ ਭਾਰਤ 'ਤੇ ਪਵੇਗਾ। ਜੰਮੂ-ਕਸ਼ਮੀਰ ਵਿੱਚ ਭਾਜਪਾ ਵੱਲੋਂ ਚੁੱਕੇ ਗਏ ਇਸ ਕਦਮ ਨਾਲ ਨਾਗਰਿਕਤਾ ਸੋਧ ਬਿੱਲ ਅਤੇ ਐਨ.ਆਰ.ਸੀ. ਆਦਿ ਵਾਂਗ, 1940 ਦੇ ਦਹਾਕੇ ਵਿਚ ਭਾਰਤ ਨੂੰ ਫਿਰ ਤੋਂ ਗੜਬੜ ਅਤੇ ਅਸ਼ਾਂਤੀ ਵੱਲ ਧੱਕ ਰਿਹਾ ਹੈ। ਜੰਮੂ ਕਸ਼ਮੀਰ ਵਿੱਚ ਅੱਜ ਅਸਲ ਵਿੱਚ ਐਮਰਜੈਂਸੀ ਲਗਾਈ ਗਈ ਹੈ - ਪੂਰਾ ਭਾਰਤ ਆਪਣੇ ਵਿਰੋਧ ਵਿੱਚ ਕਾਇਮ ਰਹਿਣਾ ਪਏਗਾ ਕਿਉਂਕਿ ਇਹ ਐਮਰਜੈਂਸੀ ਜਲਦੀ ਹੀ ਪੂਰੇ ਭਾਰਤ ਦੇ ਫੈਲਣ ਦਾ ਸੰਕੇਤ ਦੇ ਰਹੀ ਹੈ।

ਸੀ ਪੀ ਆਈ ਐਮ ਐਲ ਸੰਕਟ ਦੇ ਇਸ ਸਮੇਂ ਵਿਚ ਜੰਮੂ-ਕਸ਼ਮੀਰ ਦੇ ਲੋਕਾਂ ਦੇ ਨਾਲ ਖੜ੍ਹੀ ਹੈ ਅਤੇ ਸੰਵਿਧਾਨ ਅਤੇ ਤਖਤਾ ਪਲਟਣ 'ਤੇ ਇਸ ਹਮਲੇ ਵਿਰੁੱਧ ਦੇਸ਼ ਭਰ ਵਿਚ ਪ੍ਰਦਰਸ਼ਨ ਕਰਨ ਦਾ ਐਲਾਨ ਕਰਦੀ ਹੈ। ਸਾਡੀ ਮੰਗ ਹੈ ਕਿ ਫੌਜੀ ਬਲਾਂ ਨੂੰ ਕਸ਼ਮੀਰ ਘਾਟੀ ਤੋਂ ਤੁਰੰਤ ਵਾਪਸ ਲਿਆ ਜਾਵੇ, ਧਾਰਾ 370 ਅਤੇ ਧਾਰਾ 35 ਏ ਨੂੰ ਤੁਰੰਤ ਬਹਾਲ ਕੀਤਾ ਜਾਵੇ ਅਤੇ ਸਾਰੇ ਵਿਰੋਧੀ ਨੇਤਾਵਾਂ ਨੂੰ ਨਜ਼ਰਬੰਦੀ ਤੋਂ ਤੁਰੰਤ ਰਿਹਾ ਕੀਤਾ ਜਾਵੇ।

ਰਾਜ ਥੋਪਣ ਤੋਂ ਬਾਦ ਧਾਰਾ 370 ਦਾ ਮੁੱਦਾ ਮੁੜ ਚੁੱਕ ਲਿਆ।

2019 'ਚ ਪਹਿਲਾਂ ਦੇ ਮੁਕਾਬਲੇ ਵਧੇਰੇ ਭੜਕਾਊ ਰਾਸ਼ਟਰਵਾਦੀ ਮਾਹੌਲ ਵਿਚ ਭਾਜਪਾ ਦੇ ਦੁਬਾਰਾ ਸੱਤਾ ਉੱਪਰ ਕਾਬਜ਼ ਹੋਣ ਨਾਲ ਇਹ ਤੈਅ ਸੀ ਕਿ ਆਰ.ਐੱਸ.ਐੱਸ. ਲਈ ਆਪਣਾ ਮੂਲ ਏਜੰਡਾ ਲਾਗੂ ਕਰਨ ਲਈ ਇਹ ਹੁਣ ਤਕ ਦੀ ਸਭ ਤੋਂ ਲਾਹੇਵੰਦੀ ਹਾਲਤ ਹੈ। ਕੇਂਦਰ 'ਚ ਇਸ ਕੋਲ ਫ਼ੈਸਲਾਕੁਨ ਬਹੁਮੱਤ ਹੈ, ਜ਼ਿਆਦਾਤਰ ਰਾਜਾਂ ਵਿਚ ਇਸੇ ਦੀਆਂ ਸਰਕਾਰਾਂ ਹਨ ਅਤੇ ਗਵਰਨਰੀ ਰਾਜ ਹੇਠ ਜੰਮੂ-ਕਸ਼ਮੀਰ ਵਿਚ ਕੁਲ ਅਖ਼ਤਿਆਰ ਕੇਂਦਰ ਸਰਕਾਰ ਕੋਲ ਹਨ। ਇਸ ਹਾਲਤ ਵਿਚ ਇਹ ਨਿਸ਼ਚਿਤ ਸੀ ਕਿ ਭਾਜਪਾ ਇਹਨਾਂ ਦੋ ਧਾਰਾਵਾਂ ਨੂੰ ਖ਼ਤਮ ਕਰਨ ਜਾਂ ਇਹਨਾਂ ਵਿਚ ਕੋਈ ਵੱਡਾ ਫੇਰਬਦਲ ਕਰਕੇ ਇਹਨਾਂ ਨੂੰ ਪੂਰੀ ਤਰ੍ਹਾਂ ਬੇਅਸਰ ਬਣਾਉਣ ਦੀ ਪੂਰੀ ਕੋਸ਼ਿਸ਼ ਕਰੇਗੀ। ਧਾਰਾ 35ਏ ਨੂੰ ਖ਼ਤਮ ਕਰਨ ਲਈ ਸੰਘ ਨਾਲ ਸੰਬੰਧਤ ਵਿਅਕਤੀਆਂ ਵੱਲੋਂ ਭਾਰਤੀ ਸੁਪਰੀਮ ਕੋਰਟ ਵਿਚ ਪਟੀਸ਼ਨਾਂ ਵੀ ਪਾਈਆਂ ਗਈਆਂ। ਜੰਮੂ-ਕਸ਼ਮੀਰ ਨੂੰ ਤੋੜ ਕੇ ਜੰਮੂ, ਕਸ਼ਮੀਰ ਅਤੇ ਲੱਦਾਖ਼ ਨੂੰ ਕੇਂਦਰ ਸਾਸ਼ਤ ਪ੍ਰਦੇਸ਼ਾਂ ਦਾ ਦਰਜਾ ਦੇਣ ਦੀ ਚਰਚਾ ਵੀ ਚਲਦੀ ਰਹੀ। ਐਸਾ ਕੋਈ ਵੀ ਧੌਂਸਬਾਜ਼ ਫੇਰਬਦਲ ਕੀਤੇ ਜਾਣ ਦੀ ਸੂਰਤ ਵਿਚ ਕਸ਼ਮੀਰੀ ਅਵਾਮ ਇਸ ਨੂੰ ਸਵੀਕਾਰ ਨਹੀਂ ਕਰਨਗੇ ਇਹ ਸਭ ਨੂੰ ਸਪਸ਼ਟ ਸੀ। ਇਸ ਲਈ ਜੋ ਵਿਸ਼ੇਸ਼ 'ਸੁਰੱਖਿਆ ਇੰਤਜ਼ਾਮ' ਕੀਤੇ ਗਏ ਉਹ ਮੁਲਕ ਨੂੰ ਧੋਖਾ ਦੇਣ ਅਤੇ ਕਸ਼ਮੀਰ ਨੂੰ ਖੁੱਲ੍ਹੀ ਜੇਲ੍ਹ ਵਿਚ ਬਦਲਣ ਦੀ ਵਿਸ਼ੇਸ਼ ਤਿਆਰੀ ਲਈ ਸਨ ਤਾਂ ਜੁ ਕਸ਼ਮੀਰੀ ਲੋਕਾਂ ਨੂੰ ਬਾਕੀ ਦੁਨੀਆ ਨਾਲੋਂ ਪੂਰੀ ਤਰ੍ਹਾਂ ਕੱਟ ਦਿੱਤਾ ਜਾਵੇ ਅਤੇ ਉਹ ਤੁਰੰਤ ਕੋਈ ਵਿਰੋਧ ਨਾ ਕਰ ਸਕਣ। ਸੋਚ ਇਹ ਹੈ ਕਿ ਬਾਦ ਵਿਚ ਮਾਮਲਾ ਮੁਕਾਬਲਤਨ ਠੰਡਾ ਪੈ ਜਾਵੇਗਾ।

ਇਹਨਾਂ ਸੁਰੱਖਿਆ ਪੇਸ਼ਬੰਦੀਆਂ ਦੇ ਜੋ ਫੌਰੀ ਕਾਰਨ ਦੱਸੇ ਗਏ ਉਹ ਕਿਸੇ ਨੂੰ ਕਾਇਲ ਨਹੀਂ ਕਰਦੇ ਸਨ। ਇਹ ਦੱਸਿਆ ਗਿਆ ਕਿ ਪਾਕਿਸਤਾਨ ਦੀ ਤਰਫ਼ੋਂ ਕਿਸੇ ਵੱਡੇ 'ਫ਼ਿਦਾਇਨ ਹਮਲੇ' ਦਾ ਖ਼ਦਸ਼ਾ ਹੈ। ਸਚਾਈ ਇਹ ਸੀ ਕਿ ਸਰਹੱਦ ਪਾਰੋਂ ਐਸੇ 'ਘੁਸਪੈਠੀ ਹਮਲੇ' ਆਮ ਹੀ ਹੁੰਦੇ ਰਹਿੰਦੇ ਹਨ। ਜੰਮੂ-ਕਸ਼ਮੀਰ ਪਿਛਲੇ ਦਹਾਕਿਆਂ ਤੋਂ ਦੁਨੀਆ ਦੇ ਸਭ ਤੋਂ ਵੱਧ ਫ਼ੌਜ ਤਾਇਨਾਤੀ ਵਾਲੇ ਖੇਤਰਾਂ ਵਿੱਚੋਂ ਇਕ ਹੈ ਜਿਥੇ 1.30 ਲੱਖ ਨੀਮ-ਫ਼ੌਜੀ ਤਾਕਤਾਂ ਸਮੇਤ ਅੰਦਾਜ਼ਨ 7 ਲੱਖ ਤੋਂ ਵਧੇਰੇ ਫ਼ੌਜੀ ਲਸ਼ਕਰ ਤਾਇਨਾਤ ਹਨ। ਬੇਸ਼ੁਮਾਰ ਖ਼ੁਫ਼ੀਆ ਏਜੰਸੀਆਂ, ਗ਼ੈਰਕਾਨੂੰਨੀ ਤਾਕਤਾਂ ਅਤੇ ਪੁਲਿਸ ਦਾ ਵਿਸ਼ੇਸ਼ ਤਾਣਾਬਾਣਾ ਇਸ ਤੋਂ ਵੱਖਰਾ ਹੈ। ਮੋਦੀ ਸਰਕਾਰ ਖ਼ੁਦ ਦਾਅਵਾ ਕਰਦੀ ਰਹੀ ਹੈ ਕਿ ਇਸ ਨੇ ਕਸ਼ਮੀਰ ਦੀ ਖਾੜਕੂ ਲਹਿਰ ਦਾ ਲੱਕ ਤੋੜ ਦਿੱਤਾ ਹੈ ਅਤੇ ਗਿਣਤੀ ਦੇ ਡੇਢ ਕੁ ਸੌ ਇੰਤਹਾਪਸੰਦ ਹੀ ਲੁਕ-ਛਿਪ ਕੇ ਦਹਿਸ਼ਤੀ ਹਮਲੇ ਕਰ ਰਹੇ ਹਨ ਜਿਹਨਾਂ ਨੂੰ ਛੇਤੀ ਹੀ ਨੇਸਤੋਨਾਬੂਦ ਕਰ ਦਿੱਤਾ ਜਾਵੇਗਾ। ਇਸ ਕੁਲ ਸਥਿਤੀ ਦੇ ਮੱਦੇਨਜ਼ਰ ਐਨੇ ਵਿਆਪਕ ਹਥਿਆਰਬੰਦ ਸੁਰੱਖਿਆ ਤੰਤਰ ਦੇ ਹੁੰਦਿਆਂ ਕਿਸੇ 'ਫ਼ਿਦਾਇਨ ਹਮਲੇ' ਦੀ ਸ਼ੰਕਾ ਨਾਲ ਨਜਿੱਠਣ ਲਈ 35000 ਫ਼ੌਜੀ ਦਸਤੇ ਹੋਰ ਭੇਜਣ ਦੀ ਕੋਈ ਤੁਕ ਨਹੀਂ ਬਣਦੀ ਸੀ। ਜਿੱਥੋਂ ਤਕ ਅਮਰਨਾਥ ਯਾਤਰਾ ਦਾ ਸਵਾਲ ਸੀ, ਭਾਰਤੀ ਹੁਕਮਰਾਨਾਂ ਦੇ ਆਪਣੇ ਹੀ ਦਾਅਵਿਆਂ ਅਨੁਸਾਰ ਯਾਤਰਾ ਉੱਪਰ ਹਮਲਿਆਂ ਦਾ ਖ਼ਤਰਾ ਹਮੇਸ਼ਾ ਮੰਡਰਾਉਂਦਾ ਰਿਹਾ ਹੈ ਅਤੇ ਯਾਤਰਾ ਦੀ ਸੁਰੱਖਿਆ ਲਈ ਹਰ ਸਾਲ ਖ਼ਾਸ ਇੰਤਜ਼ਾਮ ਕੀਤੇ ਜਾਂਦੇ ਹਨ। ਜੇ ਮਸਲਾ ਸੁਰੱਖਿਆ ਦਾ ਹੀ ਸੀ ਫਿਰ ਅਮਰਨਾਥ ਯਾਤਰੀਆਂ ਅਤੇ ਸੈਲਾਨੀਆਂ ਦੀ ਸੁਰੱਖਿਆ ਹੀ ਕਿਉਂ, ਉਹਨਾਂ ਲੱਖਾਂ ਗ਼ੈਰਕਸ਼ਮੀਰੀ ਕਾਮਿਆਂ ਤੇ ਹੋਰ ਲੋਕਾਂ ਦੀ ਸੁਰੱਖਿਆ ਦੀ ਚਿੰਤਾ ਕਿਉਂ ਨਹੀਂ ਜੋ ਉੱਥੇ ਵੱਖ-ਵੱਖ ਕੰਮਾਂ ਅਤੇ ਕਿੱਤਿਆਂ ਵਿਚ ਲੱਗੇ ਹੋਏ ਹਨ?

ਇਸੇ ਤਰ੍ਹਾਂ ਦਾਅਵਾ ਤਾਂ ਇਹ ਕੀਤਾ ਗਿਆ ਕਿ ਤਮਾਮ ਸੰਚਾਰ ਸੇਵਾਵਾਂ ਅਫਵਾਹਾਂ ਨੂੰ ਰੋਕਣ ਲਈ ਠੱਪ ਕੀਤੀਆਂ ਗਈਆਂ ਹਨ ਲੇਕਿਨ ਛੇਤੀ ਹੀ ਇਹ ਸਾਹਮਣੇ ਆ ਗਿਆ ਕਿ ਇਸ ਸੰਚਾਰਬੰਦੀ ਦਾ ਅਸਲ ਮਕਸਦ ਜੰਮੂ-ਕਸ਼ਮੀਰ ਅਤੇ ਬਾਕੀ ਦੁਨੀਆ ਦੇ ਸੰਚਾਰ ਨੂੰ ਬੰਦ ਕਰਨਾ ਅਤੇ ਕਸ਼ਮੀਰੀਆਂ ਦੀ ਜ਼ੁਬਾਨਬੰਦੀ ਕਰਨਾ ਸੀ ਤਾਂ ਜੋ ਉੱਥੇ ਵਾਪਰ ਰਹੇ ਦੀ ਧੂੰਅ ਵੀ ਬਾਹਰ ਨਾ ਨਿਕਲ ਸਕੇ। ਅਮਰਨਾਥ ਯਾਤਰੀਆਂ ਅਤੇ ਹੋਰ ਸੈਲਾਨੀਆਂ ਨੂੰ ਫ਼ਿਦਾਇਨ ਹਮਲੇ ਦਾ ਡਰ ਪਾ ਕੇ ਉੱਥੋਂ ਕੱਢਣ ਦਾ ਮਨੋਰਥ ਵੀ ਸਪਸ਼ਟ ਸੀ। ਕਿਉਂਕਿ ਜੇ ਉਹ ਉੱਥੇ ਰਹਿਣਗੇ ਤਾਂ ਇਸ ਦੌਰਾਨ ਉੱਥੇ ਜੋ ਵਾਪਰੇਗਾ ਉਸ ਦੇ ਉਹ ਚਸ਼ਮਦੀਦ ਗਵਾਹ ਹੋਣਗੇ ਅਤੇ ਇਹ ਜਾਣਕਾਰੀ ਉਹ ਬਾਕੀ ਦੁਨੀਆ ਨੂੰ ਵੀ ਦੱਸਣਗੇ। ਯਾਤਰੀਆਂ ਅਤੇ ਸੈਲਾਨੀਆਂ ਨੂੰ ਧੱਕੇ ਨਾਲ ਅਤੇ ਡਰਾ ਕੇ ਬਾਹਰ ਕੱਢ ਦਿੱਤਾ ਗਿਆ। ਮੀਡੀਆ ਉੱਪਰ ਮੁਕੰਮਲ ਸੈਂਸਰਸ਼ਿਪ ਥੋਪ ਦਿੱਤੀ ਗਈ ਤਾਂ ਜੋ ਕੋਈ ਵੀ ਖ਼ਬਰ ਬਾਹਰ ਨਾ ਜਾ ਸਕੇ। ਸਿਰਫ਼ ਭਾਜਪਾ ਦੇ ਕੰਟਰੋਲ ਵਾਲਾ ਮੀਡੀਆ, ਖ਼ਾਸ ਕਰਕੇ ਟੀਵੀ ਚੈਨਲਾਂ ਰਾਹੀਂ ਧੌਂਸਬਾਜ਼ ਰਾਸ਼ਟਰਵਾਦ ਦਾ ਪ੍ਰਚਾਰ ਹੀ ਜਾਣਕਾਰੀ ਦਾ ਮੁੱਖ ਸਰੋਤ ਬਣ ਗਿਆ। ਸੰਘ ਦੀ ਕੂੜ ਪ੍ਰਚਾਰ ਮਸ਼ੀਨਰੀ ਪੂਰੀ ਤਾਕਤ ਝੋਕ ਕੇ ਭਾਰਤ ਅਤੇ ਦੁਨੀਆ ਦੇ ਲੋਕਾਂ ਨੂੰ ਇਹ ਪ੍ਰਭਾਵ ਦੇਣ ਦੀਆਂ ਕੋਸ਼ਿਸ਼ਾਂ 'ਚ ਜੁੱਟੀ ਹੋਈ ਹੈ ਕਿ ਕਸ਼ਮੀਰ ਦੇ ਲੋਕ ਭਾਜਪਾ ਸਰਕਾਰ ਦੇ ਫ਼ੈਸਲੇ ਦੇ ਹੱਕ ਵਿਚ ਹਨ। ਕਿ ਮੁੱਠੀ ਭਰ ਸੌੜੇ ਹਿਤਾਂ ਵਾਲੇ ਵੱਖਵਾਦੀ ਅਨਸਰਾਂ ਨੂੰ ਹੀ ਇਹ ਫ਼ੈਸਲਾ ਮਨਜ਼ੂਰ ਨਹੀਂ ਹੈ, ਉਹਨਾਂ ਨੂੰ ਸਖ਼ਤੀ ਨਾਲ ਦਬਾ ਦਿੱਤਾ ਗਿਆ ਹੈ। ਜ਼ਾਹਰਾ ਤੱਥਾਂ ਤੋਂ ਅਨੈਤਿਕ ਤਰੀਕੇ ਨਾਲ ਮੁੱਕਰਦੇ ਜਾਣਾ ਅਤੇ ਢੀਠਤਾਈ ਨਾਲ ਝੂਠ ਬੋਲਦੇ ਜਾਣਾ ਸੰਘ ਦਾ ਸਿੱਕੇਬੰਦ ਕੰਮ ਢੰਗ ਹੈ। ਇਸੇ ਝੂਠਤੰਤਰ ਦੇ ਹਿੱਸੇ ਵਜੋਂ ਜਦੋਂ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੂੰ ਕਸ਼ਮੀਰ ਘਾਟੀ ਵਿਚ ਭੇਜ ਕੇ ਕਸ਼ਮੀਰੀਆਂ ਨਾਲ ਜਨਤਕ ਤੌਰ 'ਤੇ ਭੋਜਨ ਛਕਣ ਦੀ ਕਵਾਇਦ ਕੀਤੀ ਗਈ ਤਾਂ ਇਸ ਦਾ ਕੋਈ ਖ਼ਾਸ ਪ੍ਰਭਾਵ ਨਹੀਂ ਪਿਆ।

ਭਗਵੇਂ ਬਰਗੇਡ ਵੱਲੋਂ ਆਪਣਾ ਏਜੰਡਾ ਪਾਸ ਕਰਾਉਣ ਲਈ ਪੂਰੀ ਤਰ੍ਹਾਂ ਸਾਜ਼ਿਸ਼ੀ ਅਤੇ ਧੋਖੇਬਾਜ਼ ਤਰੀਕਾ ਅਪਣਾਇਆ ਗਿਆ। ਬਾਕੀ 'ਮੁੱਖਧਾਰਾ' ਪਾਰਟੀਆਂ ਨੂੰ ਭਰੋਸੇ ਵਿਚ ਲੈਣ ਦੀ ਵੀ ਕੋਈ ਜ਼ਰੂਰਤ ਨਹੀਂ ਸਮਝੀ ਗਈ। ਕਸ਼ਮੀਰੀ ਲੋਕਾਂ ਦੀ ਹੋਣੀ ਦਾ ਫ਼ੈਸਲਾ ਕੀਤਾ ਜਾ ਰਿਹਾ ਸੀ ਲੇਕਿਨ ਉਹ ਇਸ ਅਖਾਉਤੀ ਜਮਹੂਰੀ ਅਮਲ ਵਿੱਚੋਂ ਪੂਰੀ ਤਰ੍ਹਾਂ ਮਨਫ਼ੀ ਕੀਤੇ ਗਏ ਸਨ। ਉਹਨਾਂ ਨੂੰ ਬੰਦੂਕ ਦੀ ਨੋਕ 'ਤੇ ਘਰਾਂ ਵਿਚ ਡੱਕ ਕੇ ਉਹਨਾਂ ਤੋਂ ਆਪਣਾ ਪੱਖ ਪੇਸ਼ ਕਰਨ ਅਤੇ ਵਿਰੋਧ ਕਰਨ ਦਾ ਜਮਹੂਰੀ ਹੱਕ ਹੀ ਖੋਹ ਲਿਆ ਗਿਆ। ਇਕ ਅੰਦਾਜ਼ੇ ਅਨੁਸਾਰ ਦੋ ਸਾਬਕਾ ਮੁੱਖ ਮੰਤਰੀਆਂ, ਭਾਰਤ ਪੱਖੀ ਪਾਰਟੀਆਂ ਦੇ ਆਗੂਆਂ, ਕਾਰਕੁਨਾਂ, 'ਵੱਖਵਾਦੀ' ਆਗੂਆਂ ਸਮੇਤ 4000 ਦੇ ਕਰੀਬ ਵਿਰੋਧੀਆਂ ਨੂੰ ਜੇਲ੍ਹਾਂ ਵਿਚ ਜਾਂ ਘਰਾਂ ਵਿਚ ਨਜ਼ਰਬੰਦ ਕੀਤਾ ਗਿਆ ਹੈ। ਇਸ ਤੋਂ ਬਿਨਾਂ, ਜੁਝਾਰੂ ਪਿਛੋਕੜ ਵਾਲੇ ਨੌਜਵਾਨਾਂ ਅਤੇ ਬੱਚਿਆਂ ਨੂੰ ਅਗਵਾ ਕੀਤਾ ਗਿਆ ਹੈ ਜਿਹਨਾਂ ਦੀ ਗਿਣਤੀ ਦਾ ਅੰਦਾਜ਼ਾ ਲਗਾਉਣਾ ਸੰਭਵ ਨਹੀਂ ਹੈ। ਭਗਵੇਂ ਬਰਗੇਡ ਦੇ ਅੰਨ੍ਹੇ ਰਾਸ਼ਟਰਵਾਦੀ ਭਗਤਾਂ ਨੂੰ ਛੱਡ ਕੇ ਕੋਈ ਵੀ ਇਸ ਫਾਸ਼ੀਵਾਦੀ ਦਲੀਲ ਨੂੰ ਨਹੀਂ



# ਭਾਜਪਾ ਦੀ ਕਦਮ-ਤਾਲ, ਬੇਬਸ ਵਿਰੋਧੀ ਧਿਰ ਅਤੇ ਨਿਰਾਸ਼ ਲੋਕ



ਡੰਗ ਅਤੇ ਚੋਭਾਂ

ਗੁਰਮੀਤ ਸਿੰਘ ਪਲਾਹੀ
98158-02070

ਮੋਦੀ ਸਰਕਾਰ ਦੀ ਦੂਜੀ ਪਾਰੀ ਵਿੱਚ ਮੋਦੀ-ਸ਼ਾਹ ਜੋੜੀ ਨੇ ਜਿਸ ਆਤਮ-ਵਿਸ਼ਵਾਸ ਅਤੇ ਹਮਲਾਵਰ ਰੁਖ ਨਾਲ ਪਹਿਲਾਂ ਤਿੰਨ ਤਲਾਕ ਬਿੱਲ ਕਨੂੰਨ ਬਣਾਇਆ ਅਤੇ ਫਿਰ ਰਾਜ ਸਭਾ ਵਿੱਚ ਭਾਜਪਾ ਦਾ ਬਹੁਮਤ ਨਾ ਹੁੰਦਿਆਂ ਹੋਇਆਂ ਵੀ ਕਸ਼ਮੀਰ ਵਿੱਚੋਂ ਧਾਰਾ 370 ਅਤੇ 35-ਏ ਖ਼ਤਮ ਕਰਨ ਦਾ ਕਨੂੰਨ ਵਿਰੋਧੀ ਧਿਰ 'ਚ ਭੰਨ-ਤੋੜ ਕਰਕੇ ਪਾਸ ਕਰਵਾ ਲਿਆ, ਉਹ ਭਾਰਤ ਦੀ ਵਿਰੋਧੀ ਧਿਰ ਲਈ ਸ਼ਰਮਨਾਕ ਸੀ। ਜਾਪਦਾ ਹੈ ਜਿਵੇਂ ਵਿਰੋਧੀ ਧਿਰ ਢਹਿ ਰਹੀ ਹੈ, ਹੌਂਸਲਾ ਹਾਰ ਰਹੀ ਹੈ ਅਤੇ ਇਥੋਂ ਤੱਕ ਕਿ ਲੜਨਾ ਵੀ ਛੱਡ ਰਹੀ ਹੈ। ਮੋਦੀ-2 ਸਰਕਾਰ, ਅਮਿਤ ਸ਼ਾਹ ਅਤੇ ਉਸਦੀ ਹੋਮ ਮਨਿਸਟਰੀ ਰਾਹੀਂ, ਭਾਜਪਾ ਦੇ ਬੁਨਿਆਦੀ ਏਜੰਡੇ ਨੂੰ ਹਕੀਕਤ ਵਿੱਚ ਬਦਲਣ ਲਈ ਯਤਨਸ਼ੀਲ ਹੈ। ਤਿੰਨ ਤਲਾਕ ਇਸ ਦਿਸ਼ਾ ਵਿੱਚ ਪਹਿਲਾ ਕਦਮ ਸੀ, ਕਸ਼ਮੀਰ ਵਿਚੋਂ ਧਾਰਾ-370 ਅਤੇ 35-ਏ ਖ਼ਤਮ ਕਰਨਾ ਦੂਜਾ ਕਦਮ ਰਿਹਾ। ਅਤੇ ਹੁਣ ਕੀ ਭਾਜਪਾ ਦੇ ਏਜੰਡੇ 'ਚ ਖਾਸ ਥਾਂ ਰੱਖਦੇ ਅਯੁੱਧਿਆ ਵਿੱਚ ਰਾਮ ਮੰਦਰ ਦੇ ਨਿਰਮਾਣ ਨੂੰ ਟਾਲਿਆ ਜਾ ਸਕਦਾ ਹੈ ਜਾਂ ਰੋਕਿਆ ਜਾ ਸਕਦਾ ਹੈ? ਉਸ ਵੇਲੇ ਜਦੋਂ ਭਾਜਪਾ, ਰਾਜ ਸਭਾ ਵਿੱਚ ਆਪਣੇ ਬਲਬੂਤੇ ਰਾਜ ਸਭਾ ਵਿੱਚ ਬਹੁਮਤ ਹਾਸਲ ਕਰ ਲਵੇਗੀ, ਕੀ ਭਾਜਪਾ ਦੇਸ਼ ਨੂੰ ਸੰਘ ਪਰਿਵਾਰ ਦੇ ਏਜੰਡੇ ਨੂੰ ਲਾਗੂ ਕਰਨ ਲਈ ਹਿੰਦੂ ਰਾਸ਼ਟਰ ਬਨਾਉਣ ਵੱਲ ਕਦਮ ਨਹੀਂ ਪੁੱਟੇਗੀ?

ਪਿਛਲੇ ਦਿਨੀਂ ਜਦੋਂ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਸੀ ਕਿ ਕਾਂਗਰਸ ਦੀ ਭਾਜਪਾ ਨਾਲ ਵਿਚਾਰਧਾਰਾ ਦੀ ਲੜਾਈ ਹੈ। ਰਾਹੁਲ ਨੇ ਇਹ ਵੀ ਕਿਹਾ ਸੀ ਕਿ ਅਗਰ ਭਾਰਤ ਕੰਪਿਊਟਰ ਹੈ ਤਾਂ ਕਾਂਗਰਸ ਪਾਰਟੀ ਉਸਦਾ ਉਪਰੇਟਿੰਗ ਸਿਸਟਮ (ਚਾਲਕ) ਹੈ। ਲੇਕਿਨ ਕੁਝ ਦਿਨ ਪਹਿਲਾਂ ਜਿਸ ਢੰਗ ਦਾ ਘਟਨਾ ਕਰਮ ਵਾਪਰਿਆ ਹੈ, ਉਸ ਤੋਂ ਤਾਂ ਸਿੱਧ ਹੁੰਦਾ ਹੈ ਕਿ ਵਿਰੋਧੀ ਧਿਰ ਢਹਿ ਰਹੀ ਹੈ, ਖੇਰੂੰ-ਖੇਰੂੰ ਹੋ ਰਹੀ ਹੈ। ਕਾਂਗਰਸ ਦਾ ਤਾਂ ਹੁਣ ਬੁਰਾ ਹਾਲ ਹੋ ਰਿਹਾ ਹੈ, ਜਿਹੜੀ 2004 ਅਤੇ 2009 'ਚ ਕਮਜ਼ੋਰ ਤਾਂ ਹੋ ਚੁੱਕੀ ਸੀ, ਪਰ ਰਾਜ ਭਾਗ ਲਈ ਜੋੜ-ਤੋੜ ਕਰਦੀ ਰਹੀ। ਪਰ 2014 ਦੀਆਂ ਚੋਣਾਂ 'ਚ ਮਸਾਂ 44 ਲੋਕ ਸਭਾ ਸੀਟਾਂ ਜਿੱਤ ਸਕੀ ਅਤੇ 2019 'ਚ ਵੀ ਉਹ ਚੰਗੀ ਕਾਰਗੁਜ਼ਾਰੀ ਨਾ ਦਿਖਾ ਸਕੀ। ਹੁਣ ਤਾਂ ਭਾਜਪਾ ਹੀ ਦੇਸ਼ ਰੂਪੀ ਕੰਪਿਊਟਰ ਦਾ ਉਪਰੇਟਿੰਗ ਸਿਸਟਮ (ਚਾਲਕ) ਬਨਣ ਲਈ ਤਿਆਰ ਹੈ।

ਉੱਤਰੀ ਭਾਰਤ ਵਿੱਚ ਭਾਜਪਾ ਨੇ ਫੰਨ ਫੈਲਾ ਲਿਆ ਹੈ। ਦੱਖਣੀ ਭਾਰਤ ਵਿੱਚ ਉਸਦਾ ਦਬ-ਦਬਾ ਵਧਦਾ ਜਾ ਰਿਹਾ ਹੈ। ਟੀ.ਆਰ.ਐਸ., ਬੀਜਦ, ਅੰਨਾ.ਡੀ.ਐਮ.ਕੇ., ਵਾਈ.ਆਰ..ਐਸ. ਕਾਂਗਰਸ ਪਾਰਟੀਆਂ ਨੂੰ ਭਾਜਪਾ ਆਪਣੀ ਧਿਰ ਨਾਲ ਜੋੜਨ 'ਚ ਕਾਮਯਾਬ ਹੋ ਚੁੱਕੀ ਹੈ। ਬਹੁਤੇ ਖੇਤਰੀ ਦਲ, ਕੇਂਦਰ ਸਰਕਾਰ ਦੇ ਨਾਲ ਹੋਕੇ ਇਸ ਲਈ ਤੁਰਨਾ ਚਾਹੁੰਦੇ ਹਨ ਕਿ ਉਹਨਾ ਨੂੰ ਆਪਣੀ ਸਰਕਾਰ ਚਲਾਉਣ ਲਈ ਮੋਦੀ-ਸ਼ਾਹ ਜੋੜੀ ਤੋਂ ਧਨ ਮਿਲਦਾ ਰਹੇ। ਉਂਜ ਵੀ ਉਹ ਡਰਦੇ ਹਨ ਕਿ ਉਹਨਾ ਦੇ ਨੇਤਾਵਾਂ ਉਤੇ ਕੇਂਦਰ ਸਰਕਾਰ ਦੀ ਆਈ.ਡੀ., ਸੀ.ਬੀ.ਆਈ., ਆਮਦਨ ਕਰ ਵਿਭਾਗ ਆਪਣਾ ਹੰਟਰ ਲੈਕੇ ਉਹਨਾ ਨੂੰ ਹੈਰਾਨ-ਪ੍ਰੇਸ਼ਾਨ ਨਾ ਕਰੇ। ਭਾਜਪਾ ਦੀ 2014 ਅਤੇ 2019 'ਚ ਲਗਾਤਾਰ ਜਿੱਤ ਅਤੇ ਬਹੁਤੇ ਸੂਬਿਆਂ 'ਚ ਪਸਾਰਾ ਭਾਰਤੀ ਰਾਜਨੀਤੀ 'ਚ ਬਦਲਾਅ ਦਾ ਸੰਕੇਤ ਹੈ।

ਭਾਜਪਾ ਦੀ ਚੜ੍ਹਤ, ਭਾਰਤੀ ਰਾਜਨੀਤੀ 'ਚ, ਕਾਂਗਰਸ ਦੀ ਸਮੁੱਚੇ ਭਾਰਤ 'ਚ ਫੈਲਾਅ ਦੀ ਸਮਾਪਤੀ ਦਰਸਾਉਂਦੀ ਹੈ। ਭਾਰਤ ਦੀ ਰਾਜਨੀਤੀ 'ਚ ਖੱਬੇ ਦਲ ਹਾਸ਼ੀਏ 'ਤੇ ਜਾ ਚੁੱਕੇ ਹਨ, ਜਿਹਨਾ ਨੂੰ ਲੋਕਾਂ ਤੋਂ ਵੱਡੀਆਂ ਉਮੀਦਾਂ ਸਨ। ਪੱਛਮੀ ਬੰਗਾਲ 'ਚ ਖੱਬੇ ਪੱਖੀ ਰਾਜ ਦੇ ਖ਼ਾਤਮੇ ਨੇ ਖੱਬੇ ਪੱਖੀ ਦਲਾਂ ਦਾ ਦੇਸ਼ ਵਿੱਚ ਪ੍ਰਭਾਵ ਘਟਾਇਆ ਹੈ। ਇੰਜ ਦੇਸ਼ ਅੱਜ ਰਾਸ਼ਟਰਵਾਦੀ ਧਰੁਵੀਕਰਨ ਵੱਲ ਵਧਦਾ ਨਜ਼ਰ ਆ ਰਿਹਾ ਹੈ। ਸੰਸਦ ਵਿੱਚ ਵਿਰੋਧੀ ਧਿਰ ਚਿੱਤ ਹੋ ਰਹੀ ਹੈ, ਉਸਦਾ ਮਹੱਤਵ ਹੀ ਕੋਈ ਨਹੀਂ ਰਿਹਾ, ਭਾਜਪਾ ਦੀ ਥ੍ਰੀ ਨਾਟ ਥ੍ਰੀ ਦੀ ਗਿਣਤੀ (303 ਲੋਕ ਸਭਾ ਮੈਂਬਰ) ਵਿਰੋਧੀ ਆਵਾਜ਼ ਨੂੰ ਲਗਾਤਾਰ ਦਬਾਉਂਦੀ ਹੈ ਅਤੇ ਮਨ ਚਾਹੇ ਬਿੱਲ ਪਾਸ ਕਰਵਾ ਰਹੀ ਹੈ। ਜਿਵੇਂ ਕਿ ਉਸਨੇ ਸੂਚਨਾ ਦਾ ਅਧਿਕਾਰ ਕਾਨੂੰਨ 'ਚ ਸੋਧ ਕਰਕੇ, ਇਸ ਨੂੰ ਕਮਜ਼ੋਰ ਕਰਨਾ ਅਤੇ ਐਨ.ਆਈ.ਏ. ਨੂੰ ਲੋੜੋਂ ਵੱਧ ਅਧਿਕਾਰ ਦੇਣਾ ਆਦਿ ਬਿੱਲ ਲੋਕ ਸਭਾ, ਰਾਜ ਸਭਾ 'ਚ ਪਾਸ ਕਰਵਾ ਲਏ ਗਏ।

ਲੋਕ ਸਭਾ 'ਚ ਬਹੁਮਤ ਪ੍ਰਾਪਤ ਕਰਨ ਉਪਰੰਤ, ਰਾਜ ਸਭਾ 'ਚ ਬਹੁਮਤ ਪ੍ਰਾਪਤ ਕਰਨ ਲਈ ਭਾਜਪਾ ਵਲੋਂ ਹਰ ਹੀਲਾ ਵਰਤਿਆ ਜਾ ਰਿਹਾ ਹੈ। ਵਿਰੋਧੀ ਧਿਰ ਦੇ ਰਾਜ ਸਭਾ ਮੈਂਬਰਾਂ ਤੋਂ ਅਸਤੀਫ਼ਾ ਦੁਆਕੇ, ਉਹਨਾ ਨੂੰ ਆਪਣੀ ਪਾਰਟੀ 'ਚ ਸ਼ਾਮਲ ਕਰਕੇ, ਉਸੇ ਸੀਟ ਉਤੇ ਆਪਣੇ ਸ਼ਾਸ਼ਤ ਸੂਬਿਆਂ ਤੋਂ ਉਮੀਦਵਾਰ ਬਣਾਕੇ ਮੁੜ ਆਪਣੀ ਧਿਰ 'ਚ ਸ਼ਾਮਲ ਕੀਤਾ ਜਾ ਰਿਹਾ ਹੈ।

ਵਿਰੋਧੀ ਧਿਰ ਦੀਆਂ ਸੂਬਿਆਂ ਵਿਚਲੀਆਂ ਸਰਕਾਰਾਂ ਤੋੜਕੇ ਉਹਨਾ ਦੇ ਵਿਧਾਇਕ ਸਾਮ-ਦਾਮ-ਦੰਡ ਦੇ ਫਾਰਮੂਲੇ ਨਾਲ ਭਾਜਪਾ 'ਚ ਸ਼ਾਮਲ ਕੀਤੇ ਜਾ ਰਹੇ ਹਨ ਅਤੇ ਆਪਣੀਆਂ ਸਰਕਾਰਾਂ ਉਥੇ ਸਥਾਪਿਤ ਕੀਤੀਆਂ ਜਾ ਰਹੀਆਂ ਹਨ। ਭਾਜਪਾ ਵਲੋਂ ਅਪਣਾਈ 'ਫੁਟ ਪਾਉ ਤੇ ਰਾਜ ਕਰੋ' ਦੀ ਨੀਤੀ ਤਹਿਤ ਕਰਨਾਟਕ ਵਿੱਚ ਕਾਂਗਰਸ ਜੀ.ਡੀ.ਐਸ. ਸਰਕਾਰ, ਵਿਧਾਇਕਾਂ ਦੀ ਤੋੜ-ਫੋੜ ਕਰਕੇ ਡੇਗ ਦਿੱਤੀ ਗਈ। ਭਾਜਪਾ ਸਮੂਹਿਕ ਰੂਪ ਵਿੱਚ ਜਾਂ ਇੱਕਾ-ਦੁਕਾ ਵਿਰੋਧੀ ਵਿਧਾਇਕਾਂ/ ਸਾਂਸਦਾਂ ਨੂੰ ਆਪੋ-ਆਪਣੀਆਂ ਪਾਰਟੀਆਂ ਤੋਂ ਅੱਲਗ ਕਰਨ ਦੇ ਰਸਤੇ 'ਤੇ ਹੈ। ਗੋਆ ਵਿੱਚ ਕਾਂਗਰਸ ਦੇ 15 ਵਿਧਾਇਕਾਂ ਵਿੱਚ 10 ਵਿਧਾਇਕ (ਦੋ ਤਿਹਾਈ) ਭਾਜਪਾ 'ਚ ਸ਼ਾਮਲ ਹੋ ਗਏ। ਤ੍ਰਿਮੂਲ ਕਾਂਗਰਸ, ਤੇਲਗੂ ਦੇਸ਼ਮ, ਅਤੇ ਰਾਸ਼ਟਰਵਾਦੀ ਕਾਂਗਰਸ ਦੇ ਵਿਧਾਇਕ ਭਾਜਪਾ ਦੇ ਖੇਮੇ 'ਚ ਚਲੇ ਗਏ। ਸਮਾਜਵਾਦੀ ਪਾਰਟੀ ਦੇ ਨੀਰਜ ਸ਼ੇਖਰ, ਕਾਂਗਰਸ ਦੇ ਸੰਜੇ ਸਿੰਘ, ਰਾਜ ਸਭਾ ਤੋਂ ਅਸਤੀਫ਼ੇ ਦੇ ਗਏ। ਭਾਜਪਾ 'ਚ ਸ਼ਾਮਲ ਹੋ ਗਏ। ਉਹ ਦੋਵੇਂ ਭਾਜਪਾ ਟਿਕਟ 'ਤੇ ਲੜਨਗੇ ਅਤੇ ਭਾਜਪਾ ਦੀ ਰਾਜ ਸਭਾ 'ਚ ਗਿਣਤੀ ਵਧਾਉਣਗੇ। ਇੰਜ ਭਾਜਪਾ ਦੀ ਸਰਕਾਰ ਆਪਣੇ ਬੁਨਿਆਦੀ ਨਿਸ਼ਾਨੇ ਦੀ ਪ੍ਰਾਪਤੀ ਲਈ ਹਰ ਹਰਬਾ ਵਰਤ ਰਹੀ ਹੈ, ਕਿਉਂਕਿ ਭਾਜਪਾ ਸਿਰਫ਼ ਕਾਂਗਰਸ ਮੁਕਤ ਭਾਰਤ ਦੀ ਗੱਲ ਹੀ ਨਹੀਂ ਕਰਦੀ, ਸਗੋਂ ਆਪਣੇ ਵਿਰੋਧ ਵਿੱਚ ਉਠੀ ਹਰ ਆਵਾਜ਼ ਨੂੰ ਚੁੱਪ ਕਰਵਾਉਣ ਦਾ ਰਾਸਤਾ ਫੜਕੇ" "ਇੱਕਲੇ ਚਲੋ" ਦੀ ਰਾਜਨੀਤੀ ਉਤੇ ਕੰਮ ਕਰ ਰਹੀ ਹੈ। ਬੰਗਾਲ ਵਿੱਚ ਤ੍ਰਿਮੂਲ ਕਾਂਗਰਸ, ਪੰਜਾਬ, ਰਾਜਸਥਾਨ, ਮੱਧ ਪ੍ਰਦੇਸ਼ ਵਿੱਚੋਂ ਕਾਂਗਰਸ ਦੇ ਰਾਜ ਦਾ ਖ਼ਾਤਮਾ ਤਾਂ ਉਸਦੇ ਅਜੰਡੇ ਉਤੇ ਹੈ ਹੀ, ਪਰ ਪੰਜਾਬ ਵਿੱਚ ਆਉਣ ਵਾਲੀ ਚੋਣ ਤੱਕ ਉਹ ਸ਼੍ਰੋਮਣੀ ਅਕਾਲੀ ਦਲ ( ਬਾਦਲ) ਨਾਲੋਂ ਤੋੜ-ਵਿਛੋੜਾ ਕਰਕੇ, ਚਰਚਾ ਹੈ ਕਿ ਸਿੱਖ ਚਿਹਰਿਆਂ ਨੂੰ ਅਗੇ ਲਿਆਕੇ, ਉਹ ਪੰਜਾਬ 'ਚ ਆਪਣਾ ਮੁੱਖ ਮੰਤਰੀ ਬਣਾਕੇ ਰਾਜ ਕਰਨ ਦੀ ਚਾਹਵਾਨ ਵੀ ਹੈ। ਇਹੋ ਕਾਰਨ ਹੈ ਕਿ ਉਸ ਵਲੋਂ ਪੰਜਾਬ 'ਚ ਵੱਡੀ ਪੱਧਰ 'ਤੇ ਮੈਂਬਰਸ਼ਿਪ ਭਰਤੀ ਕੀਤੀ ਜਾ ਰਹੀ ਹੈ ਅਤੇ ਅਕਾਲੀਆਂ ਨਾਲੋਂ ਤੋੜ-ਵਿਛੋੜਾ ਕਰਨ ਲਈ ਹੁਣੇ ਤੋਂ ਹੀ ਅਗਲੀਆਂ ਵਿਧਾਨ ਸਭਾ ਚੋਣਾਂ 'ਚ ਅੱਧੀਆਂ ਸੀਟਾਂ ਉਤੇ ਦਾਵੇਦਾਰੀ ਪੇਸ਼ ਕਰਨ ਦੀ ਗੱਲ ਕੀਤੀ ਜਾ ਰਹੀ ਹੈ। ਇਸੇ ਸਾਲ ਹੋਣ ਵਾਲੀਆਂ ਹਰਿਆਣਾ, ਮਹਾਂਰਾਸ਼ਟਰ ਅਤੇ ਅਗਲੇ ਸਾਲ 'ਚ ਸ਼ੁਰੂ ਹੋਣ ਵਾਲੀਆਂ ਝਾਰਖੰਡ ਅਤੇ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਭਾਜਪਾ ਹਰ ਹੀਲੇ ਜਿੱਤਣ ਲਈ ਯਤਨਸ਼ੀਲ਼ ਰਹੇਗੀ।

ਸਾਲ 1990 ਦੇ ਦਹਾਕੇ 'ਚ ਕੇਂਦਰ ਵਿੱਚ ਭਾਜਪਾ ਦਾ ਉਭਾਰ ਹੈਰਾਨ ਕਰਨ ਵਾਲਾ ਸੀ, ਜਿਸਨੇ ਇਹ ਦਸ ਦਿੱਤਾ ਸੀ ਕਿ ਕਾਂਗਰਸ ਦਾ ਸਪਸ਼ਟ ਬਦਲ ਭਾਜਪਾ ਹੀ ਹੈ। ਭਾਜਪਾ ਦੇ ਬਾਜਪਾਈ ਦੇ ਕਾਰਜਕਾਲ ਨੂੰ ਲੋਕ ਕਾਂਗਰਸੀਕਰਨ ਅਤੇ ਉਦਾਰੀਕਰਨ ਦਾ ਦੌਰ ਕਹਿੰਦੇ ਸਨ। ਪਰ 2014 ਤੇ 2019 'ਚ ਭਾਜਪਾ ਦੀ ਜਿੱਤ ਅਤੇ ਵੋਟ ਬੈਂਕ 'ਚ ਵਾਧੇ ਨੇ ਬਹੁਤੇ ਲੋਕਾਂ ਨੂੰ ਹੈਰਾਨ-ਪ੍ਰੇਸ਼ਾਨ ਕੀਤਾ ਹੈ। ਜਿਵੇਂ 1975 ਦੀ ਇੰਦਰਾ ਗਾਂਧੀ ਵਲੋਂ ਦੇਸ਼ ਉਤੇ ਥੋਪੀ ਐਮਰਜੈਂਸੀ ਸਮੇਂ ਲੋਕ ਬੇਬਸ ਮਹਿਸੂਸ ਕਰ ਰਹੇ ਸਨ, ਅਤੇ ਵਿਰੋਧੀ ਧਿਰ ਨੂੰ ਇੰਦਰਾ ਗਾਂਧੀ ਦੀ ਕਾਰਜਸ਼ੈਲੀ ਨੇ ਆਤੁਰ ਬਣਾ ਦਿੱਤਾ ਸੀ, ਇਵੇਂ ਹੀ ਲੋਕ ਹਿੱਤਾਂ ਤੋਂ ਉਲਟ ਜਾਕੇ ਤਾਬੜ ਤੋੜ ਲਏ ਗਏ ਭਾਜਪਾ ਦੀ ਸਰਕਾਰ ਦੇ ਫੈਸਲਿਆਂ ਨੇ ਲੋਕਾਂ ਨੂੰ ਨਿਰਾਸ਼ ਕੀਤਾ ਹੈ। ਰਿਜ਼ਰਵੇਸ਼ਨ ਸਬੰਧੀ ਸੰਘ ਪਰਿਵਾਰ ਦੇ ਮੁੱਖੀ ਵਲੋਂ ਬਹਿਸ ਦਾ ਸੱਦਾ, ਤੁਗਲਕਾਬਾਦ ਵਿੱਚ ਗੁਰੂ ਰਵਿਦਾਸ ਦੇ ਪੁਰਾਤਨ ਮੰਦਰ ਦਾ ਢਾਇਆ ਜਾਣਾ, 370 ਧਾਰਾ ਦਾ ਕਸ਼ਮੀਰ ਵਿਚੋਂ ਖ਼ਾਤਮਾ ਕਰਨਾ, ਆਮਦਨ ਕਰ ਵਿਭਾਗ ਈ.ਡੀ. ਅਤੇ ਸੀ.ਬੀਆਈ. ਦੀ ਵਿਰੋਧੀ ਧਿਰ ਦੇ ਆਗੂਆਂ ਨੂੰ ਦਬਾਉਣ ਲਈ ਵਰਤੋਂ ਕਰਨਾ, ਸੂਚਨਾ ਦੇ ਅਧਿਕਾਰ ਨੂੰ ਪੇਤਲਾ ਕਰਕੇ ਉਸਦਾ ਸਰਕਾਰੀਕਰਨ ਕਰਨਾ ਅਤੇ ਐਨ.ਆਈ. ਏ. ਨੂੰ ਲੋੜੋਂ ਵੱਧ ਅਧਿਕਾਰ ਦੇਣਾ (ਜਿਸ ਅਧੀਨ ਕਿਸੇ ਨੂੰ ਵੀ ਅੱਤਵਾਦੀ ਕਰਾਰ ਦਿੱਤਾ ਜਾ ਸਕਦਾ ਹੈ), ਦੇਸ਼ ਵਿੱਚ ਐਮਰਜੈਂਸੀ ਦੇ ਸਮੇਂ ਦੀ ਯਾਦ ਦੁਆਉਂਦਾ ਹੈ। ਜਿਸ ਢੰਗ ਨਾਲ ਕੌਮੀ ਪ੍ਰੈਸ ਦੀ ਵਰਤੋਂ ਸਰਕਾਰ ਵਲੋਂ ਨਿਰੰਤਰ ਸੱਚ ਨੂੰ ਝੂਠ ਨੂੰ ਸੱਚ ਬਨਾਉਣ ਲਈ ਅਤੇ ਵਿਰੋਧੀ ਆਵਾਜ਼ਾਂ ਨੂੰ ਬੰਦ ਕਰਨ ਲਈ ਕੀਤੀ ਜਾ ਰਹੀ ਹੈ।, ਉਹ ਆਮ ਲੋਕਾਂ ਵਿੱਚ ਨਿਰਾਸ਼ਾ ਅਤੇ ਅਸੰਤੋਸ਼ ਪੈਦਾ ਕਰ ਰਹੀ ਹੈ।

ਭਾਜਪਾ ਲੋਕਾਂ ਦੇ ਇਸ ਅਸੰਤੋਸ਼ ਤੋਂ ਬੇਖ਼ਬਰ ਆਪਣੇ ਬੁਨਿਆਦੀ ਨਿਸ਼ਾਨੇ ਵੱਲ ਕਦਮ ਤਾਲ ਕਰਦੀ ਅੱਗੇ ਵਧਦੀ ਜਾ ਰਹੀ ਹੈ। ਵਿਰੋਧੀ ਧਿਰ ਬੇਬਸੀ ਦੇ ਆਲਮ ਵਿੱਚ, ਲੋਕਾਂ ਨਾਲੋਂ ਟੁੱਟੀ, ਉਹਨਾ ਦੀਆਂ ਮੁਸੀਬਤਾਂ ਤੋਂ ਅੱਖਾਂ ਫੇਰਕੇ ਨਿਸਲ ਹੋਈ ਬੈਠੀ ਹੈ।

ਰਾਸ਼ਟਰਵਾਦੀ ਧਰੁਵੀਕਰਨ ਵੱਲ ਝੁੱਕਦੀ ਵਰਤਮਾਨ ਰਾਜਨੀਤੀ ਵਿੱਚ, ਜਦੋਂ ਸੰਸਦ ਵਿੱਚ ਵਿਰੋਧੀ ਧਿਰ ਆਪਣੀ ਗੱਲ ਰੱਖਣ 'ਚ ਫੇਲ੍ਹ ਹੋ ਚੁੱਕੀ ਹੈ ਅਤੇ ਉਸਦੇ ਕਹੇ ਦਾ ਕੋਈ ਮਤਲਬ ਹੀ ਨਹੀਂ ਰਹਿ ਗਿਆ ਤਾਂ ਲੋਕਾਂ ਕੋਲ ਸੜਕਾਂ ਤੇ ਆਕੇ ਆਪਣੀ ਆਵਾਜ਼ ਸਰਕਾਰ ਤੱਕ ਪਹੁੰਚਾਉਣਾ ਹੀ ਬਦਲ ਹੈ। ਬਿਨ੍ਹਾਂ ਸ਼ੱਕ ਸਰਕਾਰ ਨੂੰ ਲੋਕਾਂ ਦੀ ਇਹ ਆਵਾਜ਼ ਪਸੰਦ ਨਹੀਂ ਹੋਏਗੀ ।

ਮੰਨ ਸਕਦਾ ਕਿ ਕਿਸੇ ਰਿਆਸਤ ਦੀ ਪੁੜਪੁੜੀ ਉੱਪਰ ਬੰਦੂਕ ਰੱਖ ਕੇ ਉੱਥੋਂ ਦੇ ਲੋਕਾਂ ਦਾ ਸਵੈਨਿਰਣੇ ਦਾ ਹੱਕ ਖੋਹਣਾ ਅਤੇ ਫਿਰ ਉਹਨਾਂ ਦੇ ਨਾਂਅ ਹੇਠ ਕਿਸੇ ਹੋਰ ਰਾਜ ਦੇ ਹੁਕਮਰਾਨਾਂ ਵੱਲੋਂ ਤਾਨਾਸ਼ਾਹ ਫ਼ੈਸਲੇ ਲੈਣਾ ਸਹੀ ਕਿਵੇਂ ਹੈ।

ਸੰਵਿਧਾਨਕ ਮਾਪਦੰਡ ਅਨੁਸਾਰ ਵੀ ਇਹ ਕਾਰਵਾਈ ਪੂਰੀ ਤਰ੍ਹਾਂ ਗ਼ੈਰਸੰਵਿਧਾਨਕ ਹੈ। ਗਵਰਨਰ ਕੋਲੋਂ ਕਸ਼ਮੀਰ ਦੀ ਤਰਫ਼ੋਂ ਦਸਤਖ਼ਤ ਕਰਵਾ ਲਏ ਗਏ ਜਦਕਿ ਉਹ ਚੁਣਿਆ ਨੁਮਾਇੰਦਾ ਹੀ ਨਹੀਂ ਜੋ ਕਿ ਧਾਰਾ 370 ਬਾਰੇ ਕੋਈ ਵੀ ਫ਼ੈਸਲਾ ਲੈਣ ਦੀ ਬੁਨਿਆਦੀ ਸ਼ਰਤ ਸੀ। ਇਹ 1947 ਵਿਚ ਕੀਤੇ ਇਲਹਾਕ ਤੋਂ ਬਾਦ ਬਣੀ ਸਹਿਮਤੀ ਦੀ ਘੋਰ ਉਲੰਘਣਾ ਹੈ ਜਿਸ ਵਿਚ ਇਹ ਤੈਅ ਕੀਤਾ ਗਿਆ ਸੀ ਕਿ ਇਸ ਸੰਵਿਧਾਨਕ ਵਿਵਸਥਾ ਨੂੰ ਕਸ਼ਮੀਰ ਦੇ ਲੋਕਾਂ ਦੀ ਚੁਣੀ ਹੋਈ ਵਿਧਾਨ ਸਭਾ ਦੀ ਸਹਿਮਤੀ ਨਾਲ ਹੀ ਬਦਲਿਆ ਜਾਵੇਗਾ। ਭਗਵੇਂ ਹੁਕਰਮਾਨਾਂ ਵੱਲੋਂ ਇਸ ਨੂੰ ਜਾਇਜ਼ ਠਹਿਰਾਉਣ ਲਈ ਇਹ ਦਲੀਲ ਘੜ ਲਈ ਗਈ ਕਿ ਜੰਮੂ-ਕਸ਼ਮੀਰ ਵਿਚ ਇਸ ਵਕਤ ਕੋਈ ਚੁਣੀ ਹੋਈ ਸੰਵਿਧਾਨਸਾਜ਼ ਸਭਾ ਜਾਂ ਵਿਧਾਨ ਸਭਾ ਨਹੀਂ ਹੈ, ਇਸ ਲਈ ਕੇਂਦਰ ਸਰਕਾਰ ਦਾ ਥਾਪਿਆ ਗਵਰਨਰ ਹੀ ਕਸ਼ਮੀਰੀ ਲੋਕਾਂ ਦੀ ਨੁਮਾਇੰਦਗੀ ਕਰਦਾ ਹੈ। ਇਸ ਤੋਂ ਜ਼ਿਆਦਾ ਬੇਸ਼ਰਮੀ ਅਤੇ ਸੰਵਿਧਾਨ ਦੀ ਬੇਅਦਬੀ ਕੀ ਹੋ ਸਕਦੀ ਹੈ। ਇਹ ਆਲਮੀ ਰਾਏ ਦਾ ਵੀ ਤ੍ਰਿਸਕਾਰ ਹੈ ਕਿਉਂਕਿ ਦੁਨੀਆ ਭਰ ਦੇ ਮੁਲਕ ਜੰਮੂ-ਕਸ਼ਮੀਰ ਨੂੰ ਵਿਵਾਦਪੂਰਨ ਖੇਤਰ ਮੰਨਦੇ ਹਨ, ਕੋਈ ਵੀ ਇਸ ਨੂੰ ਭਾਰਤ ਦਾ ਹਿੱਸਾ ਨਹੀਂ ਮੰਨਦਾ। ਸੰਯੁਕਤ ਰਾਸ਼ਟਰ ਦੇ ਅਪ੍ਰੈਲ 1948 ਦੇ ਮਤੇ ਵਿਚ ਵੀ ਸਪਸ਼ਟ ਦਰਜ ਹੈ ਕਿ ਰਾਜ ਦਾ ਆਖ਼ਰੀ ਦਰਜਾ ਇਸ ਦੇ ਲੋਕਾਂ ਦੀ ਸਹਿਮਤੀ ਨਾਲ ਹੀ ਤੈਅ ਕੀਤਾ ਜਾਵੇਗਾ। ਲੇਕਿਨ ਭਗਵਿਆਂ ਨੂੰ ਨੈਤਿਕ ਮੁੱਲਾਂ ਅਤੇ ਸੰਵਿਧਾਨਕ ਵਿਵਸਥਾਵਾਂ ਦੀ ਕੋਈ ਪ੍ਰਵਾਹ ਨਹੀਂ। ਮੁੱਢ ਤੋਂ ਹੀ ਸਾਜ਼ਿਸ਼ਾਂ ਰਾਹੀਂ ਸੱਤਾ ਹਥਿਆਉਣ ਵਾਲੇ ਫਾਸ਼ੀਵਾਦੀ ਉਹਨਾਂ ਦੇ ਰੋਲ ਮਾਡਲ ਰਹੇ ਹਨ ਜਿਸ ਦਾ ਅਜੋਕਾ ਮੁਜੱਸਮਾ ਫ਼ਲਸਤੀਨੀ ਸਰਜ਼ਮੀਨ ਉੱਪਰ ਨਜਾਇਜ਼ ਕਾਬਜ਼ ਹੋਇਆ ਇਜ਼ਰਾਇਲ ਹੈ ਜੋ ਭਾਜਪਾ ਸਰਕਾਰ ਦਾ ਸਭ ਤੋਂ ਨਜ਼ਦੀਕੀ ਜੋਟੀਦਾਰ ਹੈ।

ਭਗਵੇਂ ਬਰਗੇਡ ਦੀ ਧੋਖਾਧੜੀ ਛੇਤੀ ਹੀ ਦੁਨੀਆ ਨੂੰ ਸਮਝ ਪੈ ਗਈ। ਤਮਾਮ ਰੋਕਾਂ ਅਤੇ ਸੈਂਸਰਸ਼ਿੱਪ ਦੇ ਬਾਵਜੂਦ ਬੀ.ਬੀ.ਸੀ., ਅਲ ਜ਼ਜ਼ੀਰਾ ਅਤੇ ਕੁਛ ਹੋਰ ਮੀਡੀਆ ਸਮੂਹ ਦੇ ਪੱਤਰਕਾਰਾਂ ਅਤੇ ਕਾਰਕੁੰਨਾਂ ਦੇ ਯਤਨਾਂ ਨਾਲ ਜਿੰਨੀ ਕੁ ਵੀ ਰਿਪੋਰਟਾਂ ਸਾਹਮਣੇ ਆਈਆਂ ਜਾਂ ਆ ਰਹੀਆਂ ਹਨ ਉਹਨਾਂ ਤੋਂ ਸਾਫ਼ ਪਤਾ ਚੱਲਦਾ ਹੈ ਕਿ ਸਮੁੱਚਾ ਕਸ਼ਮੀਰ ਬਹੁਤ ਜ਼ਿਆਦਾ ਅਪਮਾਨਿਤ ਮਹਿਸੂਸ ਕਰ ਰਿਹਾ ਹੈ ਅਤੇ ਗੁੱਸੇ ਨਾਲ ਖੌਲ਼ ਰਿਹਾ ਹੈ। ਕਸ਼ਮੀਰ ਅਵਾਮ ਹਰ ਸੰਭਵ ਤਰੀਕੇ ਨਾਲ ਪ੍ਰਦਰਸ਼ਨ ਕਰ ਰਹੇ ਹਨ। ਭਾਰਤੀ ਫ਼ੌਜ ਦੀ ਬੇਮੇਚੀ ਹਥਿਆਰਬੰਦ ਤਾਕਤ ਨਾਲ ਭਿੜਨ ਦੇ ਤਿੰਨ ਦਹਾਕਿਆਂ ਦੇ ਤਜ਼ਰਬੇ ਵਿੱਚੋਂ ਕਸ਼ਮੀਰੀ ਸਮਾਜ ਬਹੁਤ ਸੂਝਵਾਨ ਹੋ ਚੁੱਕਾ ਹੈ, ਉਹ ਭਲੀਭਾਂਤ ਜਾਣਦੇ ਹਨ ਕਿ ਭੜਕਾਹਟ ਵਿਚ ਆ ਕੇ ਵੱਡਾ ਜਾਨੀ ਨੁਕਸਾਨ ਕਰਵਾਉਣ ਦੀ ਬਜਾਏ ਲੰਮੀ ਲੜਾਈ ਕਿਵੇਂ ਲੜਨੀ ਹੈ। ਭਗਵੇਂ 'ਥਿੰਕ ਟੈਂਕ' ਨੂੰ ਛੱਡ ਕੇ ਜ਼ਿਆਦਾਤਰ ਮੁੱਖਧਾਰਾ ਸਿਆਸਤਦਾਨਾਂ, ਸਿਆਸੀ ਵਿਸ਼ਲੇਸ਼ਣਕਾਰਾਂ ਅਤੇ ਖ਼ਾਸ ਕਰਕੇ ਕਸ਼ਮੀਰ ਮਾਹਰਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਵਕਤ ਵਿਚ ਕਸ਼ਮੀਰ ਵਿਚ ਵੱਡਾ ਖਾੜਕੂ ਵਿਰੋਧ ਸਾਹਮਣੇ ਆਵੇਗਾ।

ਭਾਜਪਾ ਸਰਕਾਰ ਦੀ ਇਸ ਆਪਹੁਦਰੀ ਅਤੇ ਗ਼ੈਰਸੰਵਿਧਾਨਕ ਕਾਰਵਾਈ ਦਾ ਵਿਰੋਧ ਕਰਨ ਦੀ ਬਜਾਏ ਵਿਰੋਧੀ ਧਿਰ ਦੇ ਜ਼ਿਆਦਾਤਰ ਹਿੱਸੇ ਨੇ ਪੂਰੀ ਮੌਕਾਪ੍ਰਸਤੀ ਨਾਲ ਇਸ ਧੌਂਸਬਾਜ਼ ਕਾਰੇ ਦੀ ਹਮਾਇਤ ਕੀਤੀ ਹੈ। ਬਹੁਜਨ ਸਮਾਜ ਪਾਰਟੀ ਅਤੇ ਭ੍ਰਿਸ਼ਟਾਚਾਰ ਵਿਚ ਗ਼ਲਤਾਨ ਹੋਰ ਪਾਰਟੀਆਂ ਵੱਲੋਂ ਇਹਨਾਂ ਗ਼ੈਰਸੰਵਿਧਾਨਕ ਕਾਰਵਾਈਆਂ ਅਤੇ ਸੱਤਾਧਾਰੀ ਧਿਰ ਦੇ ਗ਼ੈਰਜਮਹੂਰੀ ਤਰੀਕੇ ਉੱਪਰ ਸਵਾਲ ਉਠਾਉਣ ਦੀ ਬਜਾਏ ਸੱਤਾਧਾਰੀ ਧਿਰ ਦੀ ਹਾਂ ਵਿਚ ਹਾਂ ਮਿਲਾਈ ਗਈ। ਇਹ ਸੱਤਾ 'ਚ ਹਿੱਸੇਦਾਰੀ ਦੀ ਲਾਲਸਾ ਖ਼ਾਤਰ ਕੀਤੇ ਗੁਪਤ ਸਮਝੌਤਿਆਂ ਤਹਿਤ ਹੋਇਆ ਹੈ। ਇਸ ਭ੍ਰਿਸ਼ਟਾਚਾਰ ਲਾਣੇ ਨੂੰ ਇਹ ਵੀ ਪਤਾ ਹੈ ਕਿ ਜੇ ਸੱਤਾਧਾਰੀ ਧਿਰ ਦੇ ਫ਼ੈਸਲੇ ਦਾ ਵਿਰੋਧ ਕੀਤਾ ਤਾਂ ਮੋਦੀ-ਅਮਿਤ ਸ਼ਾਹ ਇਹਨਾਂ ਦੇ ਪਿੱਛੇ ਸੀ.ਬੀ.ਆਈ ਅਤੇ ਐਨਫੋਰਸਮੈਂਟ ਡਾਇਰੈਕਟੋਰੇਟ ਵਰਗੀਆਂ ਏਜੰਸੀਆਂ ਲਗਾ ਦੇਣਗੇ। ਜਿਵੇਂ ਇਹਨੀਂ ਦਿਨੀਂ ਪੀ.ਚਿੰਦੰਬਰਮ ਅਤੇ ਰਾਜ ਠਾਕਰੇ ਉੱਪਰ ਸ਼ਿਕੰਜਾ ਕੱਸਿਆ ਗਿਆ ਹੈ। ਇਸ ਲਈ ਜ਼ਿਆਦਾਤਰ 'ਮੁੱਖਧਾਰਾ' ਨੇ ਦੜ ਵੱਟ ਕੇ ਨੰਗੀ-ਚਿੱਟੀ ਧੱਕੇਸ਼ਾਹੀ ਦਾ ਸਾਥ ਦੇਣ 'ਚ ਹੀ ਆਪਣੀ ਭਲਾਈ ਸਮਝੀ ਹੈ। ਦਿੱਲੀ ਨੂੰ ਮੁਕੰਮਲ ਰਾਜ ਦਾ ਸੰਵਿਧਾਨਕ ਦਰਜਾ ਦੇਣ ਦੀ ਮੰਗ ਕਰਨ ਵਾਲਾ ਕੇਜਰੀਵਾਲ ਗੁੱਟ, ਜੋ 'ਬਦਲਵੀਂ ਸਿਆਸਤ' ਦੇ ਦਾਅਵਾ ਕਰਦਾ ਸੀ, ਵੀ ਆਪਣੇ ਅਸਲ ਰਾਸ਼ਟਰਵਾਦੀ ਰੰਗ ਵਿਚ ਸਾਹਮਣੇ ਆ ਗਿਆ ਅਤੇ ਇਸ ਨੇ ਪੂਰੀ ਮੌਕਾਪ੍ਰਸਤੀ ਨਾਲ ਇਕ ਮੁਕੰਮਲ ਰਿਆਸਤ ਨੂੰ ਤੋੜ ਕੇ ਕੇਂਦਰ ਸ਼ਾਸਤ ਪ੍ਰਦੇਸ ਬਣਾਏ ਜਾਣ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਵੱਖਰਾ ਤੇਲੰਗਾਨਾ ਰਾਜ ਵਿਆਪਕ ਲੋਕ ਅੰਦੋਲਨ ਰਾਹੀਂ ਬਣਾਇਆ ਗਿਆ, ਤੇਲੰਗਾਨਾ ਦੀ ਸੱਤਾਧਾਰੀ ਪਾਰਟੀ ਅਤੇ ਹੋਰ ਸੂਬਿਆਂ ਦੀਆਂ ਖੇਤਰੀ ਪਾਰਟੀਆਂ ਵੱਲੋਂ ਵੀ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਖ਼ਤਮ ਕਰਨ ਦੀ ਹਮਾਇਤ ਕੀਤੀ ਗਈ। ਅਕਾਲੀ ਦਲ ਫੈਡਰਲ ਢਾਂਚੇ ਲਈ ਅਤੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਾਉਣ ਲਈ 'ਧਰਮਯੁੱਧ' ਲੜਦਾ ਰਿਹਾ। ਉਸ ਪਿਛੋਕੜ ਨੂੰ ਪੂਰੀ ਤਰ੍ਹਾਂ ਰੱਦ ਕਰਕੇ ਅਕਾਲੀ ਦਲ ਉੱਪਰ ਕਾਬਜ਼ ਬਾਦਲ ਗੁੱਟ ਨੇ ਭਗਵੀਂ ਸਾਜ਼ਿਸ਼ ਦੇ ਹੱਕ ਵਿਚ ਵੋਟ ਪਾਈ। ਕਾਂਗਰਸ, ਰਵਾਇਤੀ ਖੱਬਿਆਂ ਅਤੇ ਹੋਰ ਕੁਛ ਪਾਰਟੀਆਂ ਨੇ ਭਗਵੇਂ ਏਜੰਡੇ ਦਾ ਵਿਰੋਧ ਕੀਤਾ ਹੈ। ਇਹ ਵਿਰੋਧ ਵੀ ਕਸ਼ਮੀਰ ਦੀ ਖ਼ੁਦਮੁਖਤਿਆਰ ਹੈਸੀਅਤ ਦੇ ਸੱਚੇ ਸਤਿਕਾਰ ਲਈ ਨਹੀਂ ਸਗੋਂ ਮੋਦੀ ਸਰਕਾਰ ਦੇ 'ਅਪਾਰਦਰਸ਼ੀ' ਕੰਮ-ਢੰਗ ਅਤੇ ਵਿਰੋਧੀ ਧਿਰ ਨੂੰ 'ਭਰੋਸੇ ਵਿਚ ਨਾ ਲੈਣ' ਦੇ ਦੋਮ ਸਵਾਲ ਉੱਪਰ ਸੀ ਅਤੇ ਇਹ ਮਹਿਜ਼ ਰਸਮੀਂ ਰੋਸ ਹੈ।

ਹਾਲੀਆ ਘਟਨਾਕ੍ਰਮ ਦੁਆਰਾ 'ਵਿਸ਼ੇਸ਼ ਦਰਜੇ' ਦਾ ਰਸਮੀਂ ਭੋਗ ਪਾਏ ਜਾਣ ਦੇ ਇਕ ਸਭ ਤੋਂ ਮਹੱਤਵਪੂਰਨ ਪੱਖ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਹਕੀਕਤ ਇਹ ਹੈ ਕਿ 1990 ਤੋਂ ਹੀ ਜੰਮੂ-ਕਸ਼ਮੀਰ ਨੂੰ ਦਿੱਲੀ ਵੱਲੋਂ ਵਿਹਾਰਕ ਤੌਰ 'ਤੇ ਕੇਂਦਰ ਸ਼ਾਸਤ ਪ੍ਰਦੇਸ਼ ਵਜੋਂ ਚਲਾਇਆ ਜਾ ਰਿਹਾ ਸੀ, ਹੁਣ ਰਸਮੀਂ ਤੌਰ 'ਤੇ ਇਸ ਦੀ ਪਛਾਣ ਖ਼ਤਮ ਕਰ ਦਿੱਤੀ ਗਈ ਹੈ। ਭਾਜਪਾ ਵੱਲੋਂ ਚੰਦ ਕਸ਼ਮੀਰੀ ਹੁਕਮਰਾਨ ਘਰਾਣਿਆਂ ਦੀ ਕੁਣਬਾਪ੍ਰਵਰੀ ਅਤੇ ਭ੍ਰਿਸ਼ਟਾਚਾਰ ਕਾਰਨ ਕਸ਼ਮੀਰੀਆਂ ਦੇ ਕਥਿਤ ਪਿਛੜੇਪਣ ਨੂੰ ਬਹੁਤ ਉਛਾਲਿਆ ਜਾ ਰਿਹਾ ਹੈ। ਅਸਲੀਅਤ ਇਸ ਤੋਂ ਪੂਰੀ ਤਰ੍ਹਾਂ ਉਲਟ ਹੈ ਅਤੇ ਕਸ਼ਮੀਰੀ ਸਮਾਜ ਦੇ ਮੁਕਾਬਲੇ ਭਾਰਤ ਦੇ ਬਹੁਤ ਸਾਰੇ ਰਾਜ ਸਮਾਜੀ ਤਰੱਕੀ ਪੱਖੋਂ ਬਹੁਤ ਪਿਛੇ ਹਨ। ਪ੍ਰਚਾਰ ਇਹ ਕੀਤਾ ਜਾ ਰਿਹਾ ਹੈ ਕਿ ਇਹ ਸਭ ਕੁਛ ਬਹੁਤ ਹੀ ਪਿਛੜੇ ਹੋਏ ਕਸ਼ਮੀਰੀ ਸਮਾਜ ਦੇ ਵਿਕਾਸ ਅਤੇ ਤਰੱਕੀ ਲਈ ਕੀਤਾ ਗਿਆ ਹੈ। ਸੂਝਵਾਨ ਹਿੱਸੇ ਇਸ ਗੁੰਮਰਾਹਕੁਨ ਕੂੜ ਪ੍ਰਚਾਰ ਦੀ ਅਸਲੀਅਤ ਜਾਣਦੇ ਹਨ ਕਿ ਭਗਵੇਂ ਰਾਜ ਨੇ ਵਿਕਾਸ ਦੇ ਨਾਂ ਹੇਠ ਜੋ ਤਬਾਹੀ ਭਾਰਤ ਵਿਚ ਮਚਾਈ ਹੈ, ਉਹੀ ਕਾਰਪੋਰੇਟ ਪੱਖੀ ਧਾੜਵੀ ਮਾਡਲ ਜੰਮੂ-ਕਸ਼ਮੀਰ ਉੱਪਰ ਥੋਪਿਆ ਜਾਵੇਗਾ ਅਤੇ ਵਿਕਾਸ ਦੇ ਨਾਂਅ ਹੇਠ ਉਹਨਾਂ ਦੇ ਹਾਸਲ ਵਸੀਲੇ ਵੀ ਖੋਹ ਲਏ ਜਾਣਗੇ। ਬ੍ਰਾਹਮਣਵਾਦ ਸ਼ੁਰੂ ਤੋਂ ਹੀ ਸਮਾਜ ਦੇ ਖ਼ਾਸ ਹਿੱਸਿਆਂ ਦਲਿਤਾਂ, ਔਰਤਾਂ ਆਦਿ ਨੂੰ ਦਬਾ ਕੇ ਰੱਖਣ ਲਈ ਆਰਥਕ ਵਸੀਲਿਆਂ ਤੋਂ ਵਾਂਝੇ ਰੱਖਣ ਦੀ ਨੀਤੀ ਉੱਪਰ ਚੱਲਦਾ ਆ ਰਿਹਾ ਹੈ। ਅੱਜ ਲਦਾਖ ਅਤੇ ਜੰਮੂ ਦੇ ਲੋਕ ਇਸ ਚਾਲ ਦਾ ਸ਼ਿਕਾਰ ਹੋ ਕੇ ਸ਼ਾਇਦ ਇਸ ਨੂੰ ਆਪਣੇ ਵਿਕਾਸ ਸਮਝਦੇ ਹੋਣ, ਭਵਿੱਖ ਵਿਚ ਉਹਨਾਂ ਨੂੰ ਇਸ ਦਾ ਬਹੁਤ ਵੱਡਾ ਮੁੱਲ ਚੁਕਾਉਣਾ ਪਵੇਗਾ। ਉਹਨਾਂ ਦੇ ਆਰਥਕ ਵਸੀਲਿਆਂ ਦੀ ਸੁਰੱਖਿਆ ਖ਼ਤਮ ਹੋ ਗਈ ਹੈ ਅਤੇ ਭਗਵੇਂ ਨਿਜ਼ਾਮ ਦੀ ਮਿਲੀਭੁਗਤ ਨਾਲ ਵਿਕਾਸ ਦੇ ਨਾਂ ਹੇਠ ਕਾਰਪੋਰੇਟ ਗਿਰਝਾਂ ਬੇਰੋਕ-ਟੋਕ ਉਹਨਾਂ ਦੇ ਜੰਗਲ, ਪਹਾੜ ਸਭ ਕੁਛ ਹੜੱਪ ਜਾਣਗੀਆਂ। ਸੰਘ ਦੇ ਚਹੇਤੇ ਕਾਰਪੋਰੇਟਾਂ ਨੇ ਜੰਮੂ-ਕਸ਼ਮੀਰ ਵਿਚ ਆਪਣੇ ਪ੍ਰੋਜੈਕਟਾਂ ਦੇ ਐਲਾਨ ਕਰਨੇ ਸ਼ੁਰੂ ਕਰ ਦਿੱਤੇ ਹਨ। ਜੰਮੂ ਅਤੇ ਲਦਾਖ ਦੇ ਕੁਛ ਲੋਕਾਂ ਨੇ ਇਸ ਖ਼ਤਰੇ ਨੂੰ ਪਛਾਣ ਕੇ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ।

ਕਸ਼ਮੀਰੀ ਅਵਾਮ ਦੇ ਝੂਠੇ ਖ਼ੈਰ ਖਵਾਹ ਹਿੰਦੂਤਵ ਅਤੇ ਇਸ ਦੇ ਝੰਡਾਬਰਦਾਰਾਂ ਦੀ ਘਿਣਾਉਣੀ ਜ਼ਿਹਨੀਅਤ ਜੰਮੂ-ਕਸ਼ਮੀਰ ਦਾ 'ਪੁਨਰਗਠਨ' ਬਿੱਲ ਪਾਸ ਹੁੰਦੇ ਸਾਰ ਸਾਹਮਣੇ ਆ ਗਈ ਜਦੋਂ ਸੰਘ ਹਮਾਇਤੀਆਂ ਵੱਲੋਂ ਜਸ਼ਨ ਮਨਾਉਂਦੇ ਹੋਏ ਇਹ ਐਲਾਨ ਕਰਨੇ ਸ਼ੁਰੂ ਕਰ ਦਿੱਤੇ ਗਏ ਕਿ ਹੁਣ ਭਾਰਤੀਆਂ ਲਈ ਕਸ਼ਮੀਰ ਵਿਚ ਜ਼ਮੀਨਾਂ ਖ਼ਰੀਦਣ ਅਤੇ ਕਸ਼ਮੀਰੀ ਔਰਤਾਂ ਨੂੰ 'ਬਹੂਆਂ' ਬਣਾਉਣ ਦਾ ਰਾਹ ਖੁੱਲ੍ਹ ਗਿਆ ਹੈ। ਭਾਜਪਾ ਦੇ ਰਾਜ ਸਭਾ ਮੈਂਬਰ ਵਿਜੈ ਗੋਇਲ ਅਤੇ ਹਰਿਆਣੇ ਦੇ ਮੁੱਖ ਮੰਤਰੀ ਖੱਟੜ ਵੱਲੋਂ ਜਨਤਕ ਤੌਰ 'ਤੇ ਹੁੱਬ ਕੇ ਇਸ ਤਰ੍ਹਾਂ ਦੇ ਐਲਾਨ ਕੀਤੇ ਗਏ। ਇਸ ਉੱਪਰ ਆਰ.ਐੱਸ.ਐੱਸ. ਸਮੇਤ ਸਮੁੱਚੇ ਸੰਘ ਪਰਿਵਾਰ ਦੇ ਪ੍ਰਮੁੱਖ ਆਗੂਆਂ ਦੀ ਖ਼ਾਮੋਸ਼ੀ ਇਸ ਦਾ ਸਬੂਤ ਸੀ ਕਿ ਇਹ ਜਸ਼ਨ ਆਪਮੁਹਾਰਾ ਨਹੀਂ ਹੈ। ਇਹ ਕਸ਼ਮੀਰੀਆਂ ਨੂੰ ਗਿਣ-ਮਿਥ ਕੇ ਜ਼ਲੀਲ ਕਰਨ ਦੀ ਮੁਹਿੰਮ ਦਾ ਹਿੱਸਾ ਹੈ। ਇਹ ਅਜੋਕੇ ਮਨੂਵਾਦ ਦਾ ਸਾਖਿਆਤ ਚਿਹਰਾ ਹੈ।

ਇਕ ਵਿਲੱਖਣ ਇਤਿਹਾਸ ਵਾਲੀ ਰਿਆਸਤ ਵਜੋਂ ਜੰਮੂ-ਕਸ਼ਮੀਰ ਦੀ ਹਸਤੀ ਨੂੰ ਰਸਮੀਂ ਤੌਰ 'ਤੇ ਖ਼ਤਮ ਕਰਨ ਤੋਂ ਬਾਦ ਹੁਣ ਇਸ ਦੀ ਵਸੋਂ ਬਣਤਰ ਨੂੰ ਬਦਲਣ ਦੀ ਯੋਜਨਾ ਉੱਪਰ ਕੰਮ ਕੀਤੇ ਜਾਣ ਦੀ ਸੰਭਾਵਨਾ ਹੈ। ਧਾਰਾ 35ਏ ਨੂੰ ਇਸੇ ਲਈ ਖ਼ਤਮ ਕੀਤਾ ਗਿਆ ਹੈ। ਫ਼ਲਸਤੀਨ ਦੇ ਖੇਤਰ ਗਾਜ਼ਾ ਪੱਟੀ ਉੱਪਰ ਇਜ਼ਰਾਇਲ ਦਾ ਕਬਜ਼ਾ ਹਿੰਦੂਤਵ ਕੈਂਪ ਲਈ ਆਦਰਸ਼ਕ ਨਮੂਨਾ ਹੈ। ਉੱਥੇ ਇਜ਼ਰਾਇਲੀ ਬਸਤੀਆਂ ਬਣਾ ਕੇ ਵਿਸ਼ੇਸ਼ ਵਾੜਾਂ ਜਾਂ ਦੀਵਾਰਾਂ ਰਾਹੀਂ ਫ਼ਲਸਤੀਨੀ ਇਲਾਕਾ ਫ਼ਲਸਤੀਨੀਆਂ ਲਈ ਵਰਜਿਤ ਬਣਾ ਦਿੱਤਾ ਗਿਆ। ਫ਼ਲਸਤੀਨੀ ਖੇਤਰ ਨੂੰ ਤੋੜ ਕੇ ਅਤੇ ਉਹਨਾਂ ਦੀ ਰੋਜ਼ਮਰਾ ਜ਼ਿੰਦਗੀ ਉੱਪਰ ਇਜ਼ਰਾਇਲੀ ਫ਼ੌਜੀ ਤਾਕਤਾਂ ਰਾਹੀਂ ਬੰਦਸ਼ਾਂ ਲਗਾ ਕੇ ਉਹਨਾਂ ਦੇ ਸਵੈਮਾਣ ਨੂੰ ਕੁਚਲਿਆ ਗਿਆ। ਉਸੇ ਤਰਜ਼ 'ਤੇ ਮੁਸਲਿਮ ਬਹੁਗਿਣਤੀ ਵਾਲੇ ਕਸ਼ਮੀਰ ਦੀ ਸਰਜ਼ਮੀਨ ਉੱਪਰ ਵੀ ਬਾਹਰਲੇ ਲੋਕਾਂ, ਖ਼ਾਸ ਕਰਕੇ ਹਿੰਦੂਤਵ ਹਮਾਇਤੀ ਲੋਕਾਂ ਦੀਆਂ ਬਸਤੀਆਂ ਵਸਾ ਕੇ ਕਸ਼ਮੀਰੀਅਤ ਦੀ ਸਮਾਜੀ ਬਣਤਰ ਨੂੰ ਤੋੜਿਆ ਜਾਵੇਗਾ। ਕਸ਼ਮੀਰੀ ਵਸੋਂ ਦੇ ਅੰਦਰ ਗ਼ੈਰਕਸ਼ਮੀਰੀਆਂ ਦੇ ਟਾਪੂ ਬਣਾ ਕੇ ਇਹਨਾਂ ਨੂੰ ਵਿਸ਼ੇਸ਼ ਸੁਰੱਖਿਆ ਦਿੱਤੀ ਜਾਵੇਗੀ। ਜਦਕਿ ਕਸ਼ਮੀਰੀ ਆਵਾਮ ਦੀ ਰੋਜ਼ਮਰਾ ਜ਼ਿੰਦਗੀ ਨੂੰ ਕੇਂਦਰ ਸਰਕਾਰ ਦੇ ਕੰਟਰੋਲ ਵਾਲੇ ਪੁਲਿਸ ਸਟੇਟ ਰਾਹੀਂ ਪਾਬੰਦੀਆਂ ਅਤੇ ਬੰਦਸ਼ਾਂ ਹੇਠ ਲਿਆ ਕੇ ਕੰਟਰੋਲ ਕੀਤਾ ਜਾਵੇਗਾ। ਬਿਨਾ ਸ਼ੱਕ ਇਸ ਦਾ ਸਭ ਤੋਂ ਵਧੇਰੇ ਸੰਤਾਪ ਕਸ਼ਮੀਰ ਦੀਆਂ ਔਰਤਾਂ ਨੂੰ ਝੱਲਣਾ ਪਵੇਗਾ।

'ਵਿਸ਼ੇਸ਼ ਦਰਜਾ' ਖ਼ਤਮ ਕਰਕੇ ਕਸ਼ਮੀਰ ਮਸਲੇ ਨੂੰ ਹੱਲ ਕਰਨ ਦਾ ਦਾਅਵਾ ਕੀਤਾ ਗਿਆ ਹੈ। ਖ਼ਾਮੋਸ਼ੀ ਦਾ ਭਾਵ ਸਹਿਮਤੀ ਨਹੀਂ ਹੁੰਦਾ। ਸੱਤ ਦਹਾਕਿਆਂ ਤੋਂ ਸਵੈਨਿਰਣੇ ਲਈ ਲੜ ਰਹੇ ਕਸ਼ਮੀਰੀ ਅਵਾਮ ਇਸ ਨੂੰ ਕਦੇ ਵੀ ਮਨਜ਼ੂਰ ਨਹੀਂ ਕਰਨਗੇ। ਇਤਿਹਾਸ ਗਵਾਹ ਹੈ ਕਿ ਦੁਨੀਆ ਦੀਆਂ ਸਭ ਤੋਂ ਸ਼ਕਤੀਸ਼ਾਲੀ ਸਲਤਨਤਾਂ ਵੀ ਫ਼ੌਜੀ ਤਾਕਤ ਦੇ ਜ਼ੋਰ ਆਜ਼ਾਦੀ ਦੀ ਤਾਂਘ ਨੂੰ ਖ਼ਤਮ ਨਹੀਂ ਸਕੀਆਂ। ਆਰ.ਐੱਸ.ਐੱਸ. ਆਪਣੇ 'ਅਖੰਡ ਰਾਸ਼ਟਰ' ਦੇ ਸੁਪਨੇ ਨੂੰ ਸਾਕਾਰ ਕਰਕੇ ਸੰਤੁਸ਼ਟ ਹੋ ਸਕਦਾ ਹੈ ਲੇਕਿਨ ਇਸ ਧੱਕੇਸ਼ਾਹੀ ਨਾਲ ਹੋਰ ਜ਼ਿਆਦਾ ਖ਼ੂਨਖ਼ਰਾਬੇ ਦਾ ਮੁੱਢ ਬੱਝ ਗਿਆ ਹੈ।

ਇਹ ਵੀ ਸਮਝਣਾ ਜ਼ਰੂਰੀ ਹੈ ਕਿ ਇਹ ਹਮਲਾ ਸਿਰਫ਼ ਕਸ਼ਮੀਰ ਤਕ ਸੀਮਤ ਨਹੀਂ ਹੈ। ਇਹ ਤਾਂ ਹਿੰਦੂ ਰਾਸ਼ਟਰ ਬਣਾਉਣ ਦੀ ਦਿਸ਼ਾ ਵਿਚ ਇਕ ਸ਼ੁਰੂਆਤ ਹੈ। ਜਾਤ ਅਧਾਰਤ ਰਾਖਵਾਂਕਰਨ, ਅਯੁੱਧਿਆ ਵਿਚ ਰਾਮ ਮੰਦਰ ਦੀ ਉਸਾਰੀ, ਸਾਂਝਾ ਸਿਵਲ ਕੋਡ ਆਦਿ ਇਹ ਸੰਘ ਦੇ ਹਿੰਦੂ ਰਾਸ਼ਟਰ ਦੇ ਏਜੰਡੇ ਵਿਚ ਸ਼ਾਮਲ ਮੁੱਖ ਮਸਲੇ ਹਨ ਜਿਹਨਾਂ ਨੂੰ ਹੁਣ ਭਗਵੀਂ ਸਰਕਾਰ ਇਸੇ ਤਰਜ਼ 'ਤੇ ਹੱਲ ਕਰਨ ਦਾ ਯਤਨ ਕਰੇਗੀ। ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਵਿਚ ਹੁਣ ਤਕ ਦੀ ਸਭ ਤੋਂ ਖ਼ਤਰਨਾਕ ਸੋਧ ਕਰਕੇ ਹਰ ਜਾਇਜ਼ ਆਵਾਜ਼ ਜਾਂ ਵਿਰੋਧ ਨੂੰ ਸ਼ੱਕੀ ਦਹਿਸ਼ਤਗਰਦ ਕਰਾਰ ਦੇ ਕੇ ਕੁਚਲਣ ਦਾ ਰਾਹ ਪੱਧਰਾ ਕਰ ਲਿਆ ਗਿਆ ਹੈ। ਕੌਮੀ ਜਾਂਚ ਏਜੰਸੀ ਬਿੱਲ ਰਾਹੀਂ ਇਸ ਵਿਸ਼ੇਸ਼ ਕੇਂਦਰੀ ਏਜੰਸੀ ਨੂੰ ਮੁਲਕ ਦੇ ਕਿਸੇ ਵੀ ਹਿੱਸੇ ਵਿਚ ਬੇਰੋਕ-ਟੋਕ ਛਾਪੇ ਮਾਰਨ, ਮਨਮਰਜ਼ੀ ਨਾਲ ਗ੍ਰਿਫ਼ਤਾਰੀਆਂ ਕਰਨ ਦੀ ਬੇਮਿਸਾਲ ਤਾਕਤ ਦੇ ਦਿੱਤੀ ਗਈ ਹੈ। ਸੱਤਾ ਦਾ ਕੇਂਦਰ ਦੇ ਹੱਥਾਂ ਵਿਚ ਐਨਾ ਕੇਂਦਰੀਕਰਨ ਕਰ ਲਿਆ ਗਿਆ ਹੈ ਕਿ ਸਿਰਫ਼ ਸੰਵਿਧਾਨ ਵਿੱਚੋਂ ਹੀ ਫੈਡਰਲ ਸ਼ਬਦ ਹਟਾਉਣਾ ਹੀ ਬਾਕੀ ਹੈ। ਆਰ.ਐੱਸ.ਐੱਸ. ਦੇ ਮੁਖੀ ਮੋਹਨ ਭਾਗਵਤ ਨੇ 'ਰਾਖਵਾਂਕਰਨ' ਬਾਰੇ ਬਿਆਨ ਦੇ ਕੇ ਸੰਕੇਤ ਦੇ ਦਿੱਤਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਕਿਸ ਤਰ੍ਹਾਂ ਦੇ ਮਸਲੇ ਇਸੇ ਤਰਜ਼ 'ਤੇ ਹੱਲ ਕੀਤੇ ਜਾਣਗੇ।

ਦੁਨੀਆ ਭਰ 'ਚ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਇਨਸਾਫ਼ਪਸੰਦ ਲੋਕ ਕਸ਼ਮੀਰੀ ਲੋਕਾਂ ਦੇ ਹੱਕ ਵਿਚ ਆਵਾਜ਼ ਉਠਾ ਰਹੇ ਹਨ। ਭਾਰਤ ਵਿਚ ਵੀ ਅਗਾਂਹਵਧੂ ਜਮਹੂਰੀ ਤਾਕਤਾਂ ਭਗਵੇਂ ਰਾਜ ਦੀ ਧੱਕੇਸ਼ਾਹੀ ਦਾ ਡੱਟ ਕੇ ਵਿਰੋਧ ਕਰ ਰਹੀਆਂ ਹਨ। ਇਹ ਗ਼ੌਰਤਲਬ ਹੈ ਕਿ ਘੱਟਗਿਣਤੀ ਸਿੱਖ ਫਿਰਕੇ ਦੇ ਲੋਕਾਂ, ਖ਼ਾਸ ਕਰਕੇ ਸਿੱਖ ਸੰਸਥਾਵਾਂ ਦੇ ਮੁਖੀਆਂ ਨੇ ਕਸ਼ਮੀਰੀ ਔਰਤਾਂ ਬਾਰੇ ਹਿੰਦੂਤਵ ਅਨਸਰਾਂ ਦੀਆਂ ਨੀਚ ਟਿੱਪਣੀਆਂ ਦਾ ਗੰਭੀਰ ਨੋਟਿਸ ਲੈ ਕੇ ਆਵਾਜ਼ ਉਠਾਈ ਹੈ। ਇਸ ਘੋਰ ਸੰਕਟ ਦੀ ਘੜੀ ਕਸ਼ਮੀਰੀ ਲੋਕਾਂ ਦੀ ਮਦਦ ਕਰਨ ਦੀ ਕੋਈ ਵੀ ਸੰਜੀਦਾ ਪਹਿਲਕਦਮੀਂ ਕਾਬਲੇਤਾਰੀਫ਼ ਹੈ। ਆਉਣ ਵਾਲੇ ਦਿਨਾਂ ਵਿਚ ਇਸ ਤਰ੍ਹਾਂ ਦੀ ਸੰਜੀਦਾ ਇਕਮੁੱਠਤਾ ਦੀ ਜ਼ਰੂਰਤ ਹੋਰ ਵੀ ਜ਼ਿਆਦਾ ਸ਼ਿੱਦਤ ਨਾਲ ਉੱਭਰਕੇ ਸਾਹਮਣੇ ਆਵੇਗੀ। ਕੱਲੇ-ਕੱਲੇ ਨੂੰ ਜ਼ਲੀਲ ਨਹੀਂ ਹੋਣਾ ਚਾਹੀਦਾ। ਹੁਣ ਧਾਰਮਿਕ ਘੱਟਗਿਣਤੀਆਂ, ਦਲਿਤਾਂ ਅਤੇ ਹੋਰ ਦੱਬੇਕੁਚਲੇ ਹਿੱਸਿਆਂ ਵਿਚ ਕੰਮ ਕਰਦੀਆਂ ਸਾਰੀਆਂ ਹੀ ਸੁਹਿਰਦ ਤਾਕਤਾਂ ਨੂੰ ਹਿੰਦੂਤਵ ਦੀ ਧੌਂਸ ਦਾ ਮੁਕਾਬਲਾ ਕਰਨ ਲਈ ਇਕਜੁੱਟ ਹੋ ਜਾਣਾ ਚਾਹੀਦਾ ਹੈ।

# ਧਾਰਾ 370 ਨੂੰ ਰੱਦ ਕਰਨ ਦੇ ਵਿਰੋਧ ਅਤੇ ਕਸ਼ਮੀਰੀ ਲੋਕਾਂ ਦੇ ਸਵੈ ਨਿਰਣੇ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰੋ

## *ਕਸ਼ਮੀਰੀ ਅਤੇ ਭਾਰਤੀ ਲੋਕਾਂ ਦੀ ਸੰਗਰਾਮੀ ਜੋਟੀ ਨਾਲ ਲੁੱਟ, ਦਾਬੇ ਅਤੇ ਵਿਤਕਰੇ ਤੇ ਟਿਕਿਆ ਭਾਰਤੀ ਰਾਜ ਪ੍ਰਬੰਧ ਬਦਲਣ ਦੇ ਰਾਹ ਤੁਰੋ*

ਦੋ ਇਨਕਲਾਬੀ ਜਥੇਬੰਦੀਆਂ ਇਨਕਲਾਬੀ ਕੇਂਦਰ ਪੰਜਾਬ ਅਤੇ ਲੋਕ ਮੋਰਚਾ ਪੰਜਾਬ ਵੱਲੋਂ ਇੱਕ ਸਾਂਝੇ ਬਿਆਨ ਰਾਹੀਂ ਕਸ਼ਮੀਰੀ ਲੋਕਾਂ ਦੀ ਰਜ਼ਾ ਨੂੰ ਦਰ ਕਿਨਾਰ ਕਰਕੇ ਧਾਰਾ 370 ਦੇ ਖਾਤਮੇ ਅਤੇ ਜੰਮੂ ਕਸ਼ਮੀਰ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਸਿੱਧੇ ਕੇਂਦਰੀ ਕੰਟਰੋਲ ਹੇਠ ਲਿਆਉਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ? ਇਨ੍ਹਾਂ ਕਦਮਾਂ ਨੇ ਇੱਕ ਵਾਰ ਫੇਰ ਭਾਰਤ ਅੰਦਰ ਨਕਲੀ ਆਜ਼ਾਦੀ ਅਤੇ ਝੂਠੀ ਜਮਹੂਰੀਅਤ ਦੀ ਪੁਸ਼ਟੀ ਕੀਤੀ ਹੈ ਜਿੱਥੇ ਲੋਕਾਂ ਦੀ ਰਜ਼ਾ ਤੇ ਹਿਤਾਂ ਤੋਂ ਉਲਟ ਫੈਸਲੇ ਫੌਜੀ ਤਾਕਤ ਦੇ ਜੋਰ ਮੜ੍ਹੇ ਜਾਂਦੇ ਹਨ?

ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਇਨ੍ਹਾਂ ਜਥੇਬੰਦੀਆਂ ਦੇ ਆਗੂਆਂ ਸ੍ਰੀ ਕੰਵਲਜੀਤ ਖੰਨਾ ਅਤੇ ਸ੍ਰੀ ਜਗਮੇਲ ਸਿੰਘ ਨੇ ਕਿਹਾ ਕਿ ਇਹ ਫ਼ੈਸਲਾ ਅਤੇ ਇਸ ਫ਼ੈਸਲੇ ਨੂੰ ਲਾਗੂ ਕਰਨ ਦਾ ਢੰਗ ਭਾਰਤੀ ਹਕੂਮਤ ਦੇ ਲੋਕ ਵਿਰੋਧੀ ਤੇ ਗੈਰ ਜਮਹੂਰੀ ਕਿਰਦਾਰ ਦੀ ਜ਼ਾਹਰਾ ਨੁਮਾਇਸ਼ ਹਨ ?ਨਾ ਸਿਰਫ਼ ਭਾਰਤ ਦੇ ਹੋਰਨਾਂ ਲੋਕਾਂ ਨੂੰ ਬਲਕਿ ਜਿਹਨਾਂ ਕਸ਼ਮੀਰੀਆਂ ਦੀ ਹੋਣੀ ਦਾ ਫੈਸਲਾ ਹੋ ਰਿਹਾ ਹੈ ਉਨ੍ਹਾਂ ਨੂੰ ਵੀ ਇਸ ਸੰਵੇਦਨਸ਼ੀਲ ਫੈਸਲੇ ਤੇ ਪੁੱਜਣ ਦੇ ਅਮਲ ਤੋਂ ਪੂਰੀ ਤਰਾਂ ਬਾਹਰ ਰੱਖਿਆ ਗਿਆ ਹੈ? ਕਸ਼ਮੀਰੀ ਲੋਕਾਂ ਦੀ ਮੁਕੰਮਲ ਜੁਬਾਨਬੰਦੀ ਕਰਕੇ ,ਦਹਿਸ਼ਤ ਦਾ ਮਾਹੌਲ ਸਿਰਜ ਕੇ ਸਾਜ਼ਿਸ਼ੀ ਤਰੀਕੇ ਨਾਲ ਫ਼ੈਸਲਾ ਲਿਆ ਤੇ ਲਾਗੂ ਕੀਤਾ ਗਿਆ ਹੈ? ਇਹ ਕਸ਼ਮੀਰੀਆਂ ਨਾਲ ਰਾਇਸ਼ੁਮਾਰੀ ਦੇ ਕੀਤੇ ਵਾਅਦੇ ਦੀ ਮੁਕੰਮਲ ਉਲੰਘਣਾ ਹੈ? ਇਸ ਖਿੱਤੇ ਅੰਦਰ ਪਸਾਰਵਾਦੀ ਲਾਲਸਾਵਾਂ ਤਹਿਤ ਭਾਰਤੀ ਹਾਕਮਾਂ ਵੱਲੋਂ ਲਗਾਤਾਰ ਇਸ ਇਤਿਹਾਸਕ ਵਾਅਦੇ ਤੋਂ ਪਿੱਠ ਭੁਆਈ ਜਾਂਦੀ ਰਹੀ ਹੈ ਅਤੇ ਇਸ ਵਾਅਦਾ ਖਿਲਾਫ਼ੀ ਵਿੱਚ ਸਾਰੀਆਂ ਵੋਟ ਬਟੋਰੂ ਸਿਆਸੀ ਧਿਰਾਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਹਿੱਸੇਦਾਰ ਬਣੀਆਂ ਹਨ? ਪਹਿਲਾਂ ਕਾਂਗਰਸ ਪਾਰਟੀ ਵੱਲੋਂ ਧਾਰਾ 370 'ਚ ਵਾਰ ਵਾਰ ਸੋਧਾਂ ਕਰਕੇ ਇਸ ਨੂੰ ਲੱਗਭਗ ਖੋਰ ਦਿੱਤਾ ਗਿਆ ਸੀ ਉੱਥੇ ਹੁਣ ਭਾਜਪਾ ਵੱਲੋਂ ਇਸ ਦਾ ਕੀਰਤਨ ਸੋਹਲਾ ਪੜ੍ਹ ਦਿੱਤਾ ਗਿਆ ਹੈ? ਸੂਬਿਆਂ ਦੇ ਵੱਧ ਅਧਿਕਾਰਾਂ ਦਾ ਢੰਡੋਰਾ ਪਿੱਟਣ ਵਾਲੀਆਂ ਖੇਤਰੀ ਪਾਰਟੀਆਂ ਅਕਾਲੀ ਦਲ ਬਾਦਲ, ਬੀਜੂ ਜਨਤਾ ਦਲ, ਅੰਨਾ ਡੀਐਮਕੇ, ਤੇਲਗੂ ਦੇਸਮ ਸਮੇਤ ਆਪ ਅਤੇ ਬਸਪਾ ਵਰਗੀਆਂ ਪਾਰਟੀਆਂ ਨੇ ਪੂਰੀ ਤਰ੍ਹਾਂ ਇਸ ਧੱਕੜ ਫੈਸਲੇ ਦੇ ਹੱਕ ਵਿੱਚ ਭੁਗਤਕੇ ਆਪਣੇ ਲੋਕ ਦੋਖੀ ਮੌਕਾਪ੍ਰਸਤ ਕਿਰਦਾਰ ਦੀ ਨੁਮਾਇਸ਼ ਲਾਈ ਹੈ? ਭਾਜਪਾ ਹਕੂਮਤ ਦਾ ਇਹ ਕਦਮ ਉਸ ਵੱਲੋਂ ਵਿੱਢੇ ਹੋਏ ਫਿਰਕੂ ਫਾਸ਼ੀ ਹੱਲੇ ਦਾ ਅੰਗ ਹੈ ਜਿਸ ਤਹਿਤ ਮੁਲਕ ਭਰ ਵਿੱਚ ਫਿਰਕੂ ਰਾਸ਼ਟਰਵਾਦ ਤੇ ਅੰਨ੍ਹੇ ਕੌਮੀ ਹੰਕਾਰ ਦੇ ਨਾਅਰਿਆਂ ਦੁਆਲੇ ਪਿਛਾਖੜੀ ਲਾਮਬੰਦੀਆਂ ਦਾ ਸਿਲਸਿਲਾ ਚਲਾਇਆ ਹੋਇਆ ਹੈ? ਦਬਾਈਆਂ ਕੌਮੀਅਤਾਂ , ਧਾਰਮਿਕ ਘੱਟ ਗਿਣਤੀਆਂ, ਆਦਿਵਾਸੀ ਤੇ ਦਲਿਤ ਹਿੱਸੇ ਇਸ ਹਮਲੇ ਦੀ ਸਭ ਤੋਂ ਤਿੱਖੀ ਮਾਰ ਹੇਠ ਹਨ?

ਕਸ਼ਮੀਰੀ ਅਵਾਮ ਵੱਲੋਂ ਸਵੈ ਨਿਰਣੇ ਦੇ ਹੱਕ ਲਈ ਅਤੇ ਭਾਰਤੀ ਹਾਕਮ ਜਮਾਤਾਂ ਦੀ ਵਾਅਦਾ ਖਿਲਾਫ਼ੀ ਖਿਲਾਫ਼ ਵਾਰ ਵਾਰ ਆਵਾਜ਼ ਉਠਾਈ ਜਾਂਦੀ ਰਹੀ ਹੈ ਜਿਸ ਨੂੰ ਭਾਰਤੀ ਹਕੂਮਤ ਫੌਜੀ ਬਲ ਦੇ ਜ਼ੋਰ ਨਜਿੱਠਦੀ ਆਈ ਹੈ? ਦਹਾਕਿਆਂ ਬੱਧੀ ਦੇ ਫ਼ੌਜੀ ਜਬਰ ਨੇ ਕਸ਼ਮੀਰੀ ਅਵਾਮ ਅੰਦਰ ਭਾਰਤ ਪ੍ਰਤੀ ਬੇਗ਼ਾਨਗੀ ਦਾ ਸੰਚਾਰ ਹੀ ਕੀਤਾ ਹੈ ,ਭਾਰਤੀ ਫੌਜੀ ਬਲਾਂ ਅਤੇ ਭਾਰਤੀ ਹਕੂਮਤ ਪ੍ਰਤੀ ਬੇਅਥਾਹ ਨਫ਼ਰਤ ਜਗਾਈ ਹੈ ਤੇ ਕਸ਼ਮੀਰੀ ਵਿਦਰੋਹ ਨੂੰ ਹੋਰ ਬਲ ਬਖਸ਼ਿਆ ਹੈ? ਕਸ਼ਮੀਰ ਅੰਦਰ ਲਗਭਗ 30 ਸਾਲ ਤੋਂ ਲਾਗੂ ਅਫ਼ਸਪਾ, ਸੱਤ ਲੱਖ ਹਥਿਆਰਬੰਦ ਫੌਜੀ ਬਲਾਂ ਅਤੇ ਸਿਰੇ ਦੇ ਵਹਿਸ਼ੀ ਜਬਰ ਨੇ ਕਸ਼ਮੀਰੀ ਲੋਕਾਂ ਦੇ ਰੋਹ ਨੂੰ ਹੋਰ ਅੱਡੀ ਲਾਈ ਹੈ? ਅਤੇ ਮੌਜੂਦਾ ਕਦਮ ਵੀ ਭਾਰਤੀ ਰਾਜ ਦੇ ਦਬਾ੍ਰ? ਅਮਲਾਂ ਦਾ ਸਿਖਰ ਹੈ ਜਿਸਨੇ ਕਸ਼ਮੀਰੀ ਅਵਾਮ ਅੰਦਰ ਹੋਰ ਵਧੇਰੇ ਰੋਹ ਤੇ ਬੇਗਾਨਗੀ ਦਾ ਸੰਚਾਰ ਕਰਨਾ ਹੈ?

ਇਸ ਮੌਕੇ ਜਥੇਬੰਦੀਆਂ ਦੇ ਆਗੂਆਂ ਨੇ ਮੁਲਕ ਭਰ ਦੇ ਕਿਰਤੀ ਲੋਕਾਂ ਨੂੰ ਸਦਾ ਦਿਤਾ ਕਿ ਉਹ ਭਾਰਤੀ ਰਾਜ ਵਲੋਂ ਜਬਰ ਦੇ ਜੋਰ ਕਸ਼ਮੀਰੀ ਕੌਮ ਨੂੰ ਭਾਰਤ ਵਿੱਚ ਰਲਾਉਣ ,ਉਨ੍ਹਾਂ ਦਾ ਸਵੈ ਨਿਰਣੇ ਦਾ ਹੱਕ ਮੇਸਣ ਅਤੇ ਕਸ਼ਮੀਰੀ ਲੋਕਾਂ ਦੀ ਰਜ਼ਾ ਅਤੇ ਹਿਤਾਂ ਦਾ ਘਾਣ ਕਰਨ ਖਿਲਾਫ ਆਵਾਜ਼ ਬੁਲੰਦ ਕਰਨ ? ਕਸ਼ਮੀਰ ਵਿੱਚੋਂ ਅਫਸਪਾ ਹਟਾਉਣ ,ਫ਼ੌਜੀ ਬਲਾਂ ਨੂੰ ਫੌਰੀ ਬਾਹਰ ਕੱਢਣ ,ਧਾਰਾ ਤਿੰਨ ਸੌ ਸੱਤਰ ਬਹਾਲ ਕਰਨ ਅਤੇ ਸਵੈ ਨਿਰਣੇ ਦੇ ਹੱਕ ਦੀ ਜ਼ਾਮਨੀ ਕਰਨ ਦੀ ਮੰਗ ਕਰਨ ?ਉਨ੍ਹਾਂ ਕਿਹਾ ਕਿ ਲੁੱਟ ,ਜਬਰ ,ਦਾਬੇ ਅਤੇ ਵਿਤਕਰੇ 'ਤੇ ਉਸਰਿਆ ਇਹ ਲੁਟੇਰਾ ਭਾਰਤੀ ਰਾਜ ਪ੍ਰਬੰਧ ਬਦਲ ਕੇ ਖਰਾ ਜਮਹੂਰੀ ਅਤੇ ਲੋਕਾਂ ਦੀ ਪੁੱਗਤ ਵਾਲਾ ਸਮਾਜ ਸਿਰਜਣ ਦੀ ਜਦੋਜਹਿਦ ਕਸ਼ਮੀਰੀ ਲੋਕਾਂ ਤੇ ਬਾਕੀ ਮੁਲਕ ਦੇ ਕਿਰਤੀ ਲੋਕਾਂ ਦੀ ਸਾਂਝੀ ਜੱਦੋ ਜਹਿਦ ਹੈ? ਭਾਰਤ ਦੇ ਕਿਰਤੀ ਲੋਕਾਂ ਤੇ ਦਬਾਈਆਂ ਕੌਮਾਂ ਦੇ ਸਾਂਝੇ ਸੰਗਰਾਮ ਰਾਹੀਂ ਅਜਿਹੇ ਲੋਕ ਪੱਖੀ ਰਾਜ ਦੀ ਉਸਾਰੀ ਕੀਤੀ ਜਾ ਸਕਦੀ ਹੈ ਜਿੱਥੇ ਸਭਨਾਂ ਕੌਮਾਂ ਨੂੰ ਰਲ ਕੇ ਰਹਿਣ ਜਾਂ ਵੱਖ ਹੋਣ ਦਾ ਹੱਕ ਪਗਾਉਣ ਦੀ ਆਜ਼ਾਦੀ ਹੋਵੇਗੀ? ਉਨ੍ਹਾਂ ਕਸ਼ਮੀਰੀ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਲੁਟੇਰੇ ਭਾਰਤੀ ਰਾਜ ਖਿਲਾਫ ਭਾਰਤੀ ਕਿਰਤੀ ਲੋਕਾਂ ਦੇ ਇਨਕਲਾਬੀ ਸੰਗਰਾਮਾਂ ਨਾਲ਼ ਮਜਬੂਤ/ਕਾ ਉਸਾਰਨ? ਇਹ ਸਾਂਝਾ ਸੰਗਰਾਮ ਹੀ ਅੰਤ ਨੂੰ ਉਨ੍ਹਾਂ ਦੇ ਸਵੈ ਨਿਰਣੇ ਦੇ ਹੱਕ ਨੂੰ ਪਗਾਉਣ ਦੀ ਜਾਮਨੀ ਬਣੇਗਾ?

**ਕੰਵਲਜੀਤ ਖੰਨਾ 9417067344**
**ਜਗਮੇਲ ਸਿੰਘ 9417224822**

# ਫਾਸ਼ੀਵਾਦੀ ਜੁੰਡਲੀ ਦਾ ਦਰੜਿਆ ਕਸ਼ਮੀਰ

ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in




**ਹਾਏ ਨੀ ਕਸ਼ਮੀਰ (ਧਰਤ) ਸੁਹਾਵੀਏ,**
**ਤੂੰ ਲਏ ਕੀ ਲੇਖ ਲਿਖਾ।**
**ਤੇਰਾ ਹਰ ਪੁੱਤ (ਦਿਨ) ਹੀ ਮਰ ਜਾਂਵਦਾ**
**ਲੈ ਕਿਰਨਾਂ ਦਾ ਫ਼ਾ।**

ਸਾਡੇ ਦੇਸ਼ ਦੇ ਅਵਾਮ ਵਾਸਤੇ ਹਰ ਦਿਨ ਹੀ ਕਾਲਾ ਦਿਨ ਹੈ। ਸਾਲ ਦੇ 365 ਦਿਨ ਕਾਲੇ ਹਨ। 15 ਅਗਸਤ ਵੀ ਕਾਲਾ ਹੈ। ਅਗਸਤ 2019 ਵੀ ਕਾਲੇ ਦਿਨ ਵਜੋਂ ਇਤਿਹਾਸ ਵਿਚ ਯਾਦ ਕੀਤਾ ਜਾਵੇਗਾ। ਜਿਵੇਂ 1984 ਅਤੇ 2002 ਕਾਲੇ ਦਿਨਾਂ ਵਜੋਂ ਯਾਦ ਕੀਤੇ ਜਾਂਦੇ ਹਨ। ਹਰ ਰੋਜ਼ ਬਹੁਗਿਣਤੀ ਮੇਰੇ ਦੇਸ਼ ਵਾਸੀਆਂ ਨੂੰ ਪੇਟ ਦੀ ਭੁੱਖ ਮਿਟਾਉਣ, ਛੱਤ ਥੱਲੇ ਸੌਣ ਅਤੇ ਤਨ ਢੱਕਣ ਵਾਸਤੇ ਕੱਪੜੇ ਦੀ ਫਿਕਰ ਸਤਾਉਂਦੀ ਹੈ। ਕਸ਼ਮੀਰੀ ਅਵਾਮ ਦਾ ਵੀ ਇਹੋ ਹਾਲ ਹੈ।

ਕਸ਼ਮੀਰ ਮਸਲਾ ਨਾ ਤਾਂ 1947 ਤੋਂ ਸ਼ੁਰੂ ਹੋਇਆ ਹੈ ਅਤੇ ਨਾ ਹੀ ਭਾਰਤੀ ਪਾਰਲੀਮੈਂਟ ਵਲੋਂ ਕੀਤੇ ਗਏ ਇਕ ਪਾਸੜ ਫੈਸਲਿਆਂ ਨਾਲ ਇਹ ਹੱਲ ਹੋਣ ਵਾਲਾ ਹੈ। ਅਜੋਕੀ ਪਾਰਲੀਮੈਂਟ ਦਾ ਅਕਸ ਵੀ ਅਵਾਮ ਦੀਆਂ ਨਜ਼ਰਾਂ ਵਿਚ ਬਹੁਤ ਗਿਰਿਆ ਹੋਇਆ ਹੈ। ਇਸ ਵਿਚ, ਚੋਰਾਂ, ਡਕੈਤਾਂ, ਕਾਤਲਾਂ ਰੇਪਿਸਟਾਂ ਅਤੇ ਆਤੰਕੀਆਂ ਦੀ ਬਹੁਗਿਣਤੀ ਹੈ। ਫਿਰ ਇਸ ਫੈਸਲੇ ਦਾ ਲੋਕ ਕਿੰਨਾ ਕੁ ਸਤਿਕਾਰ ਕਰਨਗੇ ਅਸੀਂ ਅੰਦਾਜ਼ਾ ਲਾ ਸਕਦੇ ਹਾਂ। ਨਿਸ਼ਚਿਤ ਤੌਰ 'ਤੇ ਇਹ ਧੱਕੜਸ਼ਾਹੀ ਵਾਲਾ ਫੈਸਲਾ ਹੈ, ਜਿਸ ਵਿਚੋਂ ਹਿੰਦੂ ਫਾਸ਼ੀਵਾਦ ਅਤੇ ਹਿਟਲਰ ਸ਼ਾਹੀ ਦੀ ਬੋਅ ਆਉਂਦੀ ਹੈ, ਸਾਡੇ ਦੇਸ਼ ਲਈ ਅੰਦਰੂਨੀ ਅਤੇ ਬਾਹਰੀ ਭਾਵ ਅੰਤਰ ਰਾਸ਼ਟਰੀ ਮੁਸ਼ਕਲਾਂ ਵਿਚ ਵਾਧਾ ਜ਼ਰੂਰ ਕਰੇਗਾ। ਆਖਿਆ ਜਾ ਸਕਦਾ ਹੈ ਕਿ ਹੱਥੀਂ ਦਿੱਤੀਆਂ ਗੰਢਾਂ, ਦੰਦੀਂ ਖੋਲ੍ਹਣੀਆਂ ਪੈ ਜਾਣ ਅਤੇ ਦੇਸ਼ ਵੀ ਅੱਜ ਵਰਗਾ ਸਬੂਤਾ ਨਾ ਬਚ ਸਕੇ।

ਮਸਲੇ ਦਾ ਮੁੱਢ 1846 ਵਿਚ, ਅੰਗਰੇਜ਼ਾਂ ਵਲੋਂ ਬੰਨ੍ਹਿਆ ਗਿਆ ਚਾਰ ਲਹੂ ਵੀਟਵੀਆ ਲੜਾਈਆਂ ਹਾਰਨ ਤੋਂ ਬਾਅਦ ਰਣਜੀਤ ਸਿੰਘ ਦਾ ਰਾਜ ਅੰਗਰੇਜ਼ਾਂ ਵਲੋਂ ਕੁਚਲ ਦਿੱਤਾ ਗਿਆ ਅਤੇ ਲਾਹੌਰ ਦਰਬਾਰ ਸਿਰ, 75 ਲੱਖ ਨਾਨਕਸ਼ਾਹੀ ਰੁਪਿਆਂ ਦਾ ਜੁਰਮਾਨਾ ਮੜ ਦਿੱਤਾ ਗਿਆ। ਡੋਗਰੇ ਗੁਲਾਬ ਸਿੰਘ ਨੇ ਇਹ ਜੁਰਮਾਨਾ ਤਾਰ ਕੇ ਜੰਮੂ ਕਸ਼ਮੀਰ ਅੰਗਰੇਜ਼ਾਂ ਤੋਂ ਆਪਣੇ ਨਾਂ ਕਰਵਾ ਲਿਆ। ਉਸ ਨੇ ਇਹ ਮਾਇਆ ਲਾਹੌਰ ਖਜ਼ਾਨੇ ਦਾ ਚੋਰੀ ਕੀਤਾ ਸੀ। ਉਸੇ ਦੀ ਔਲਾਦ ਵਿਚੋਂ ਰਾਜਾ ਹਰੀ ਸਿੰਘ ਨੇ 1947 ਵਿਚ ਲਿਖਤੀ, ਸ਼ਰਤਾਂ ਅਧੀਨ ਭਾਰਤ ਵਿਚ ਰਲੇਵੇਂ ਦਾ ਸਮਝੌਤਾ ਦਿੱਲੀ ਨਾਲ ਕਰ ਲਿਆ। ਇਨ੍ਹਾਂ ਲਿਖਤੀ ਸ਼ਰਤਾਂ ਨੂੰ ਭਾਰਤ ਦੀ ਸਰਬਉਚ ਅਦਾਲਤ ਨੇ ਵੀ 2018 ਦੇ ਆਪਣੇ ਇਕ ਫੈਸਲੇ ਰਾਹੀਂ ਪੱਕੇ ਤੌਰ 'ਤੇ ਮੰਨ ਲਿਆ। ਸਰਬਉਚ ਅਦਾਲਤ ਦੇ ਇਸੇ ਫੈਸਲੇ ਤੋਂ ਔਖੀ ਹਿੰਦੂ ਫਾਸ਼ੀਵਾਦੀ ਧਿਰ ਨੇ 5 ਅਗਸਤ 1920 ਦਾ ਮੰਦਭਾਗਾ ਕਦਮ ਚੁੱਕਿਆ ਹੈ।

ਅਕਤੂਬਰ 1947 ਦੇ ਲਿਖਤੀ ਸਮਝੌਤੇ ਵਿਚ ਕਸ਼ਮੀਰ ਨੇ ਸਿਰਫ਼ ਡਿਫੈਂਸ, ਬਦੇਸ਼ੀ ਮਾਮਲੇ ਅਤੇ ਸੰਚਾਰ ਦੇ ਅਧਿਕਾਰ ਦਿੱਲੀ ਨੂੰ ਦਿੱਤੇ ਸਨ। ਇਸੇ ਕਰਕੇ 1949 ਵਿਚ ਆਰਜ਼ੀ ਤੌਰ 'ਤੇ ਸੰਵਿਧਾਨ ਵਿਚ 370 ਜੋੜ ਦਿੱਤੀ ਗਈ। ਬਾਕੀ ਸਾਰੇ ਮਾਮਲਿਆਂ ਵਿਚ ਜੰਮੂ ਕਸ਼ਮੀਰ ਨੂੰ ਖੁਦਮੁਖਤਿਆਰ ਮੰਨਿਆ ਗਿਆ। ਉਪਰੋਕਤ ਤਿੰਨਾਂ ਮਾਮਲਿਆਂ ਨੂੰ ਵੀ ਰਾਜ ਵਿਚ ਲਾਗੂ ਕਰਨ ਵਾਸਤੇ ਰਾਜ ਦੀ ਲੈਜਿਸਲੇਟਿਵ ਅਸੈਂਬਲੀ ਨਾਲ ਸਲਾਹ ਮਸ਼ਵਰਾ ਕਰਨਾ ਜ਼ਰੂਰੀ ਲਿਖਿਆ ਗਿਆ। ਰਾਜ ਦਾ ਵੱਖਰਾ ਸੰਵਿਧਾਨ ਅਤੇ ਝੰਡਾ ਅਤੇ ਸੰਵਿਧਾਨਕ ਅਸੈਂਬਲੀ ਵੀ ਲਿਖਤੀ ਤੌਰ 'ਤੇ ਮੰਨੀ ਗਈ। ਰਾਜ ਦਾ ਪੱਕਾ ਬਾਸ਼ਿੰਦਾ ਕੌਣ ਹੈ ਇਹ ਅਧਿਕਾਰ ਵੀ ਰਾਜ ਸਰਕਾਰ ਦਾ ਮੰਨਿਆ ਗਿਆ ਅਤੇ ਮੱਦ 35 ਏ, 1954 ਵਿਚ ਜੋੜ ਕੇ ਇਸ ਅਧਿਕਾਰ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ। ਰਾਜ ਸਰਕਾਰ ਨੇ ਫੈਸਲਾ ਕਰ ਲਿਆ ਕਿ ਪੱਕੇ ਬਾਸ਼ਿੰਦੇ ਹੀ ਜ਼ਮੀਨ, ਜਾਇਦਾਦ ਦਾ ਹੱਕ ਰੱਖਦੇ ਹਨ। ਅਜਿਹੇ ਰੂਲ ਅੱਜ ਵੀ ਪੰਜਾਬ ਦੇ ਇਰਦ ਗਿਰਦ ਲਾਗੂ ਹਨ। ਦਿੱਲੀ ਜੁੰਡਲੀ ਨੂੰ ਉਨ੍ਹਾਂ ਨਾਲ ਕੋਈ ਵਾਸਤਾ ਨਹੀਂ। ਖੁਦਮੁਖਤਿਆਰੀ ਵਾਲੇ ਮਾਮਲਿਆਂ ਵਿਚ ਰਾਜ ਦੀ ਸੰਵਿਧਾਨਕ ਅਸੈਂਬਲੀ ਦੀ ਸਪਸ਼ਟ ਸਹਿਮਤੀ ਨਾਲ ਹੀ ਦਿੱਲੀ ਸਰਕਾਰ ਦਖ਼ਲ ਦੇ ਸਕਦੀ ਸੀ। ਇਸ ਨੂੰ ਜਿਵੇਂ ਮੈਂ ਪਹਿਲਾਂ ਲਿਖਿਆ ਹੈ ਸਰਬਉਚ ਅਦਾਲਤ ਨੇ 2018 ਵਿਚ ਕਾਨੂੰਨੀ ਰੂਪ ਵਿਚ ਮੰਨ ਲਿਆ। ਇਸੇ ਦੇ ਆਧਾਰ 'ਤੇ ਪਿਛਲੇ ਦਿਨੀਂ ਵੱਡੀ ਗਿਣਤੀ ਵਿਦਵਾਨਾਂ, ਵਕੀਲਾਂ, ਸੇਵਾ ਮੁਕਤ ਡਿਫੈਂਸ ਅਫ਼ਸਰਾਂ ਅਤੇ ਸੇਵਾ ਮੁਕਤ ਆਈ. ਏ. ਐਸ. ਅਫ਼ਸਰਾਂ ਨੇ 5 ਅਗਸਤ ਦੀ ਗੈਰ ਕਾਨੂੰਨੀ ਕਾਰਵਾਈ ਨੂੰ ਸਰਬਉਚ ਅਦਾਲਤ ਵਿਚ ਚੈਲਿੰਜ ਕੀਤਾ ਹੈ।

ਹੋਰ ਵਿਸਥਾਰ ਵਿਚ ਜਾਣ ਤੋਂ ਪਹਿਲਾਂ ਆਓ ਇਹ ਵਿਚਾਰ ਕਰੀਏ ਕਿ ਹਿੰਦੂਸ਼ਾਹੀ ਦੇ ਇਸ ਐਕਸ਼ਨ ਦੇ ਕੀ ਦੂਰ ਪ੍ਰਭਾਵ ਹੋ ਸਕਦੇ ਹਨ ਬਾਹਰੀ ਵੀ ਅਤੇ ਅੰਦਰੂਨੀ ਵੀ।

ਪਹਿਲਾਂ ਅੰਦਰੂਨੀ। ਲੋਕਾਂ ਨੇ ਮੰਨ ਲਿਆ ਹੈ ਕਿ ਭਾਰਤ ਦਾ ਦੁਨੀਆਂ ਦੀ ਸਭ ਤੋਂ ਵੱਡੀ ਡੈਮੋਕਰੇਸੀ ਹੋਣ ਦਾ ਮੁਖੌਟਾ ਉਤਰ ਗਿਆ ਹੈ। ਇਹ ਵੀ ਕਿ ਹੁਣ ਅਸੀਂ ਤਾਨਾਸ਼ਾਹੀ ਵਿਚ ਜੀ ਰਹੇ ਹਾਂ। ਫਿਰ ਵੀ ਕਿ ਕਾਇਦੇ ਕਾਨੂੰਨਾਂ, ਕੋਰਟਾਂ ਕਚਹਿਰੀਆਂ ਚੋਣਾਂ ਅਤੇ ਅਸੈਂਬਲੀਆਂ ਦੀ ਕੋਈ ਵੁਕਤ ਨਹੀਂ ਰਹਿ ਗਈ ਇਹ ਵੀ ਕਿ ਵਿਰੋਧ ਕਰਨ ਵਾਲਿਆਂ ਦੀ ਮੌਤ ਅਵੱਸ ਹੈ। ਇਹ ਵੀ ਕਿ ਘੱਟ ਗਿਣਤੀਆਂ ਦੀ ਹੋਂਦ ਲਈ ਵੱਡਾ ਖਤਰਾ ਖੜ੍ਹਾ ਹੋ ਗਿਆ ਹੈ। ਇਹ ਵੀ ਕਿ ਹਿੰਦੂਸ਼ਾਹੀ ਸਭ ਨੂੰ ਭਗਵਾਂਸ਼ਾਹੀ ਵਿਚ ਰੰਗਣਾ ਚਾਹੁੰਦੀ ਹੈ। ਇਹ ਸਭ ਕੁਝ ਹੈ ਅਤੇ ਹੋਰ ਵੀ ਬਹੁਤ ਕੁਝ। ਪਰ ਸਵਾਲ ਉੱਠਦਾ ਹੈ ਕਿ ਕੀ ਸਾਡੇ ਦੇਸ਼ ਦਾ ਅਵਾਮ ਇਹ ਸਭ ਬਰਦਾਸ਼ਤ ਕਰ ਲਵੇਗਾ। ਸੱਚਾ ਜਵਾਬ ਹੈ ਨਹੀਂ। ਬਹੁਤ ਚਿਰ ਨਹੀਂ ਕਰੇਗਾ ਅਤੇ ਵਿਦਰੋਹ ਦੀ ਜਵਾਲਾ ਭੜਕੇਗੀ, ਜੋ ਜਾਂ ਤਾਂ ਹਿੰਦੂਸ਼ਾਹੀ ਦਾ ਹਮਲਾ ਪਛਾੜੇਗੀ ਜਾਂ ਦੇਸ਼ ਦੇ ਟੋਟੇ, ਟੁਕੜੇ ਹੋਣਗੇ। ਜਦੋਂ ਵੀ ਬਹੁਲਵਾਦ, ਵੰਨ ਸੁਵੰਨਤਾ ਬਹੁ ਰੰਗ, ਬਹੁ ਨਸਲ ਅਤੇ ਬਹੁ ਭਾਸ਼ੀ ਸਭਿਆਚਾਰ ਤੇ ਹਮਲਾ ਹੋਇਆ ਹੈ ਤਾਂ ਦੇਸ਼ ਵਿਚ ਬਗਾਵਤ ਉੱਠਦੀ ਰਹੀ ਹੈ। ਇਸ ਦੇ ਆਸਾਰ ਦਿੱਸ ਰਹੇ ਹਨ। ਕਰਫਿਊ ਵਿਚ ਜਕੜੇ ਕਸ਼ਮੀਰ ਵਿਚ ਇਕ ਸਿਪਾਹੀ ਨੇ, 12 ਅਗਸਤ ਨੂੰ ਸੀ. ਆਰ. ਪੀ. ਐਫ. ਦੇ ਪੰਜ ਜਵਾਨ, ਗੋਲੀਆਂ ਦੀ ਬੁਛਾੜ ਕਰਕੇ ਭੁੰਨ ਦਿੱਤੇ। ਸ੍ਰੀਨਗਰ ਦੇ ਉਪ ਨਗਰ ਸੋਗ ਵਿਚ 15,000 ਲੋਕਾਂ ਨੇ ਫੌਜਾਂ ਦੇ ਖਿਲਾਫ਼ ਅੰਦਰੂਨੀ ਕਿਲੇਬੰਦੀ ਕਰ ਰੱਖੀ ਹੈ। ਫੌਜਾਂ ਇਸਨੂੰ ਕਿਵੇਂ ਤੋੜਨਗੀਆਂ ਹਵਾਈ ਜਹਾਜ਼ਾਂ ਰਾਹੀਂ ਬੰਬ ਵਰਸਾ ਕੇ। ਵੱਡਾ ਸਵਾਲ ਹੈ? ਅਕਲੋਂ ਖਾਲੀ ਦਲ ਨੂੰ ਛੱਡ ਕੇ ਬਾਕੀ ਖੇਤਰੀ ਪਾਰਟੀਆਂ ਇਸ ਦਾ ਵਿਰੋਧ ਕਰ ਰਹੀਆਂ ਹਨ। ਸਾਰੀਆਂ ਖੱਬੀਆਂ ਧਿਰਾਂ ਵਿਰੋਧ ਵਿਚ ਹਨ। ਆਰ.ਡਬਲਿਊ.ਪੀ. ਆਈ. ਨੇ ਵਿਸ਼ੇਸ਼ ਸੈਮੀਨਾਰ ਕਰਵਾਇਆ ਹੈ। ਹਿੰਦੂਸ਼ਾਹੀ ਦੀਆਂ ਸ਼ਰਮਨਾਕ ਗੱਲਾਂ, ਅਖੇ ਹੁਣ ਅਸੀਂ ਕਸ਼ਮੀਰੀ ਕੁੜੀਆਂ ਘਰ ਵਸਾ ਸਕਾਂਗੇ, ਦੇ ਵਿਰੋਧ ਵਿਚ ਅਕਾਲ ਤਖ਼ਤ ਜਥੇਦਾਰ, ਗੋਬਿੰਦ ਸਿੰਘ ਲੌਂਗੋਵਾਲ ਨੇ ਜੋ ਹੁਕਮਨਾਮਾ ਜਾਰੀ ਕੀਤਾ ਹੈ। ਇਹ ਵੀ ਹਿੰਦੂਸ਼ਾਹੀ ਦੇ ਵਿਰੋਧ ਵਿਚ ਸੇਧਤ ਹੈ। ਹੋਰ ਵਿਸਥਾਰ ਫਿਰ ਕਦੇ। ਹੁਣ ਅੰਤਰਰਾਸ਼ਟਰੀ ਰੀਐਕਸ਼ਨ ਦੀ ਗੱਲ।

1950 ਤੋਂ ਬਾਅਦ, ਪਹਿਲੀ ਵਾਰ ਜਣੀ ਸੱਤਰ ਸਾਲਾਂ ਬਾਅਦ ਕਸ਼ਮੀਰ ਮਸਲਾ ਯੂ. ਐਨ. ਓ. ਦੀ ਸਕਿਊਰਿਟੀ ਕਾਊਂਸਲ ਵਿਚ ਉਠਿਆ ਹੈ। ਉਚੇਚੀ ਮੀਟਿੰਗ ਹੋਈ ਹੈ। ਚੀਨ ਅਤੇ ਰੂਸ ਨੇ ਸਾਂਝੇ ਤੌਰ 'ਤੇ ਮੰਗ ਕੀਤੀ ਸੀ। ਇਸ ਤੋਂ ਇਹ ਸਿੱਧ ਹੋ ਗਿਆ ਹੈ ਕਿ ਮਸਲਾ ਦੋਵੱਲਾ, ਭਾਰਤ, ਪਾਕਿਸਤਾਨ ਦਾ ਹੀ ਨਹੀਂ ਸਗੋਂ ਤਿੰਨ ਧਿਰਾ ਹੈ। ਲੱਦਾਖ ਉਪਰ ਚੀਨ ਵੀ ਆਪਣਾ ਦਾਅਵਾ ਕਰ ਰਿਹਾ ਹੈ। ਇਤਿਹਾਸ ਵਿਚ ਲੱਦਾਖ, ਚੀਨ ਦੇ ਤਿੱਬਤ ਇਲਾਕੇ ਦਾ ਹਿੱਸਾ ਹੈ। ਚੀਨ ਉਸ ਨੂੰ ਪੱਛਮੀ ਤਿੱਬਤੀ ਖੇਤਰ ਮੰਨਦਾ ਹੈ। ਸੋ ਅੱਗੇ ਵਾਸਤੇ ਕਸ਼ਮੀਰ ਮਸਲੇ ਵਿਚ ਚੀਨ ਵੀ ਇਕ ਧਿਰ ਵਜੋਂ ਸ਼ਾਮਲ ਰਹੇਗਾ, ਇਹ ਪੱਕ ਹੈ। ਚੀਨ ਦੇ ਆਰਥਿਕ ਹਿੱਤ ਵੀ ਇਸ ਨਾਲ ਜੁੜੇ ਹਨ। ਲੱਦਾਖ, ਪਾਕਿਸਤਾਨ ਕਸ਼ਮੀਰ ਦੇ ਖੇਤਰ, ਬਾਲਿਸਤਾਨ ਗਿਲਗਤ ਵਿਚੋਂ ਹੋ ਕੇ ਚੀਨ ਦੀ ਬੈਲਟ ਮਿਲਕ ਰੋਡ ਲੰਘਦੀ ਹੈ ਜੋ ਗਵਾਦਰ ਬੰਦਰਗਾਹ ਨੂੰਚੀਨ ਨਾਲ ਜੋੜਦੀ ਹੈ। ਚੀਨ ਵਾਸਤੇ ਉਸਦੀ ਰਾਖੀ ਬੜੀ ਅਹਿਮ ਹੈ।

ਦੂਜਾ। ਕਸ਼ਮੀਰ ਦੀ ਬਹੁਗਿਣਤੀ ਆਬਾਦੀ ਮੁਸਲਿਮ ਹੈ 77 ਫੀਸਦ। ਜੋ ਇਕ ਕਰੋੜ ਤੋਂ ਉਪਰ ਹੈ। ਇਸ ਭਾਈਚਾਰੇ ਵੱਲ ਦੁਨੀਆਂ ਭਰ ਦੇ ਮੁਸਲਮਾਨ ਬਹੁਲਕ ਦੇਸ਼ ਦੇਖ ਰਹੇ ਹਨ। ਮਲੇਸ਼ੀਆ, ਇੰਡੋਨੇਸ਼ੀਆ, ਇਥੋਂ ਤੱਕ ਕਿ ਬਹੁਗਿਣਤੀ ਸੀਮਾ ਮੁਸਲਿਮ ਅਬਾਦੀ ਮੁਲਕ ਜਿਵੇਂ ਈਰਾਨ ਨੇ ਵੀ ਕਸ਼ਮੀਰੀਆਂ ਦੇ ਹੱਕ ਵਿਚ ਸਟੈਂਡ ਲਿਆ ਹੈ। ਈਰਾਨ ਨੇ ਭਾਰਤ ਨਾਲ ਆਪਣੇ ਤੇਲ ਦੇ ਵਪਾਰ ਦੀ ਵੀ ਪ੍ਰਵਾਹ ਨਹੀਂ ਕੀਤੀ। ਭਾਰਤ ਲਈ ਇਸ ਤੋਂ ਵੀ ਵੱਡਾ ਖਤਰਾ ਅਫ਼ਗਾਨਿਸਤਾਨ ਵਿਚਲੇ ਤਾਲਿਬਾਨ ਹਨ। ਇਸ ਵੇਲੇ ਅਮਰੀਕਾ ਵਰਗੀ ਮਹਾਂ ਸ਼ਕਤੀ ਵੀ ਉਨ੍ਹਾਂ ਨਾਲ ਰਾਜ਼ੀਨਾਮਾ ਕਰਨ ਵਾਸਤੇ ਗੋਡਣੀਆਂ ਟੇਕੀ ਬੈਠੀ ਹੈ। ਉਨ੍ਹਾਂ ਨੇ ਬੜੇ ਸੁਲਝੇ ਢੰਗ ਨਾਲ ਬਿਆਨ ਦਿੱਤਾ ਹੈ ਕਿ ਭਾਰਤ ਨੂੰ ਕਸ਼ਮੀਰੀਆਂ ਨਾਲ ਸਹਿਮਤੀ ਕਰਕੇ ਮਸਲੇ ਦਾ ਹੱਲ ਕੱਢਣਾ ਚਾਹੀਦਾ ਹੈ। ਇਸ ਵਿਚ ਇਕ ਵੱਡੀ ਧਮਕੀ ਪੜ੍ਹੀ ਜਾ ਸਕਦੀ ਹੈ। ਜੇ ਹੱਲ ਨਾ ਕੱਢਿਆ ਤਾਂ ਕਸ਼ਮੀਰ ਤਾਲਿਬਾਨ ਵਾਸਤੇ ਸੰਘਰਸ਼ ਦਾ ਅਖਾੜਾ ਬਣ ਸਕਦਾ ਹੈ। ਜਿਸ ਦੀ ਲਪੇਟ ਵਿਚ ਇਕੱਲਾ ਭਾਰਤ ਹੀ ਨਹੀਂ ਸਗੋਂ ਸਾਰਾ ਖੇਤਰ ਆ ਜਾਵੇਗਾ।

ਤੀਜਾ, ਇਸ ਵੇਲੇ ਅੰਤਰਰਾਸ਼ਟਰੀ ਪੱਧਰ 'ਤੇ ਸਾਡਾ ਦੇਸ਼ ਮਿੱਤਰ ਹੀਣ ਹੈ। ਸੋਵੀਅਤ ਯੂਨੀਅਨ (ਰੂਸ) ਚਿਰੋਕਣਾ, ਕਿਨਾਰਾ ਕਰ ਚੁੱਕਿਆ ਹੈ। ਅਮਰੀਕਾ ਹੈ, ਜੋ ਆਖ ਰਿਹਾ ਹੈ,ਚੜ੍ਹ ਜਾ ਬੱਚਾ ਸੂਲੀ ਰਾਮ ਭਲੀ ਕਰੂ। ਇਸ ਮੁਲਕ ਬਾਰੇ ਮਸ਼ਹੂਰ ਹੈ ਕਿ ਇਸ ਦੀ ਨੀਤੀ ਕੋਠੇ ਚੜ੍ਹਾ ਕੇ ਪਾਉੜੀ ਚੁੱਕਣ ਵਾਲੀ ਰਹੀ ਹੈ। ਇਸ ਦੀ ਮਿੱਤਰਤਾ ਹਮੇਸ਼ਾ ਖੁਦ ਦੇ ਹਿੱਤਾਂ ਵਾਸਤੇ ਹੀ ਹੁੰਦੀ ਹੈ।

ਚੌਥਾ ਮੰਨਣਾ ਪਵੇਗਾ ਕਿ ਇੱਕੀਵੀਂ ਸਦੀ ਮੁਸਲਮਾਨਾਂ ਦੀ ਸਦੀ ਸਿੱਧ ਹੋਵੇਗੀ। ਮੁਸਲਮਾਨ ਧਰਮ, ਸਭਿਆਚਾਰ ਅਤੇ ਤਰਜ਼ੇ ਜ਼ਿੰਦਗੀ ਤੇ ਚਾਰ ਚੁਫੇਰਿਓਂ ਹਮਲੇ ਹੋ ਰਹੇ ਹਨ। ਨਿਊਯਾਂਰਕ 'ਤੇ 2001 ਦੇ ਆਪੂੰ ਕੀਤੇ ਹਮਲੇ ਦੇ ਬਹਾਨੇ ਯੁੱਗ ਨੇ ਇਸ ਦੀ ਸ਼ੁਰੂਆਤ ਕੀਤੀ ਹੈ। ਉਹ ਸਿੱਧਮ ਸਿੱਧਾ ਆਖਦਾ ਸੀ ਕਿ ਸੰਘਰਸ਼ ਦੋ ਸਭਿਅਤਾਵਾਂ ਵਿਚ ਹੈ। ਈਸਾਈ ਅਤੇ ਮੁਸਲਿਮ ਵਿਗਿਆਨਕ ਨਿਯਮ ਹੈ ਕਿ ਸੋਨਾ ਕੁਠਾਲੀ ਵਿਚ ਢਲ ਕੇ ਬਣਦਾ ਹੈ। ਮੁਸਲਿਮ ਸਭਿਆਚਾਰ ਕੁਠਾਲੀ ਵਿਚੋਂ ਹੋ ਕੇ ਨਿੱਖਰ ਕੇ ਨਿਕਲ ਰਿਹਾ ਹੈ ਅਤੇ ਜੇਤੂ ਹੁੰਦਾ ਦਿਸ ਰਿਹਾ ਹੈ। ਇਹ ਵੀ ਕਸ਼ਮੀਰ ਮਸਲੇ ਤੇ ਅਸਰ ਪਾਵੇਗਾ। ਭਾਰਤ ਵਿਚਲੇ 22 ਕਰੋੜ ਮੁਸਲਿਮ ਅਵਾਮ ਹਿੰਦੂਸ਼ਾਹੀ ਦੀ ਧੌਂਸ ਮੰਨਣਗੇ। ਕਦੇ ਵੀ ਨਹੀਂ।

ਭਾਰਤੀ ਅਵਾਮ ਦੀ ਰਾਇ ਅਵਾਮ ਸਰਕਾਰ ਦੇ ਇਸ ਕਦਮ ਦੇ ਵਿਰੋਧ ਵਿਚ ਖੜ੍ਹੀ ਦਿਸਦੀ ਹੈ। ਉਹ ਇਸ ਨੂੰ ਮੁਸਲਮਾਨਾਂ ਵਿਰੁੱਧ ਐਕਸ਼ਨ ਕਿਆਸ ਰਹੀ ਹੈ। ਇਸ ਦੇ ਉਲਟ ਪਾਕਿਸਤਾਨ ਵਿਚ ਲੋਕ ਸਰਕਾਰ ਦੀ ਅਗਵਾਈ ਵਿਚ ਇਕੱਠੇ ਹੋਏ ਦਿੱਸਦੇ ਹਨ। ਫੌਜਾਂ ਦੇ ਜ਼ੋਰ 'ਤੇ ਕਦੇ ਵੀ ਲੋਕ ਮਨ ਜਿੱਤੇ ਹਨ ਜਾ ਸਕਦੇ। ਭਾਰਤ ਦੀ ਸੈਨਾ ਅਤੇ ਪੈਰਾ ਮਿਲਟਰੀ ਵਿਚ ਵੀ ਇਸ ਐਕਸ਼ਨ ਨੇ ਇਕ ਦਰਾੜ ਪਾ ਦਿੱਤੀ ਹੈ। ਵੈਸੇ ਵੀ ਸਾਡੀ ਸੈਨਾ ਦਾ ਮਨੋਬਲ ਬੜੀ ਨੀਵੀਂ ਪੱਧਰ 'ਤੇ ਗਿਰ ਚੁੱਕਿਆ ਹੈ। ਭਰਤੀ ਵਿਚ ਯੋਗਤਾ ਨਹੀਂ ਰਿਸ਼ਵਤਖੋਰੀ ਹੈ। ਖਾਧ ਖੁਰਾਕ ਵਿਚ ਵੀ ਘਪਲਾ ਹੁੰਦਾ ਹੈ। ਜੇ ਕੋਈ ਯਾਦਵ ਬੋਲਦਾ ਹੈ ਤਾਂ ਮੱਖਣ ਵਿਚੋਂ ਵਾਲ ਵਾਂਗ ਕੱਢ, ਡਿਸਮਿਸ ਕਰ, ਘਰ ਤੋਰ ਦਿੱਤਾ ਜਾਂਦਾ ਹੈ। ਰੱਖਿਆ ਸੌਦਿਆਂ ਵਿਚ ਵੀ ਮਿਆਰ ਨਹੀਂ ਸਗੋਂ ਅੰਡਰ ਹੈਂਡ ਮਿਲਣ ਵਾਲੇ ਪੈਸਿਆਂ 'ਤੇਨਿਗਾਹ ਹੁੰਦੀ ਹੈ।

ਹਿੰਦੂ ਫਾਸ਼ੀਵਾਦੀਆਂ ਨੇ ਏਕੇ ਅਤੇ ਇਕੱਠ ਦੇ ਨਿਯਮਾਂ ਨੂੰ ਟੰਗਿਆ ਹੋਇਆ ਹੈ। ਪੰਜਾਬੀ ਸ਼ਾਇਰ ਮੋਹਨ ਸਿੰਘ ਵਲੋਂ ਹੋਕੇ ਨਾਲ ਹਿਟਲਰਵਾਦੀਆਂ ਨੂੰ ਨਫ਼ਰਤ ਹੈ। ਉਸ ਨੇ ਏਕੇ ਦੀ ਗੱਲ ਕਰਦਿਆਂ ਆਖਿਆ ਸੀ–

**ਆਓ ਹਿੰਦੀਓ ਰਲ ਛੋਈਏ**
**ਕੋਈ ਇਸ਼ਕ ਤ੍ਰਿਖੜਾ ਤਾਲ ਵਲੇ।**

**ਪਰਦੇ ਚਾਈਏ ਘੁੰਗਟ ਲਾਹੀਏ,**
**ਨੱਚੀਏ ਨਾਲੋ ਨਾਲ ਵਲੇ**

**ਦੇਸ਼ ਪ੍ਰੇਮ ਦੀ ਮਦਰਾ ਪੀ ਕੇ,**
**ਹੋਈਏ ਹਾਲ ਬੇਹਾਲ ਵਲੇ।**

**ਹਿੰਦੂ ਨੱਚਣ ਮੁਸਲਮ ਨੱਚਣ**
**ਸਿੱਖ ਈਸਾਈ ਨਾਲ ਵਲੇ।**

**ਧਰਤੀ ਇਉਂ ਧਮਕ ਪਵੇ**
**ਆਵੇ ਜਿਵੇਂ ਭੁਚਾਲ ਵਲੇ।**

ਬਹੁ-ਧਰਮੀ, ਬਹੁ-ਸਭਿਆਚਾਰਕ ਸਾਡੇ ਦੇਸ਼ ਦੀ ਜਨਤਾ ਧਾਰਮਿਕ ਕੱਟੜਵਾਦ ਨੂੰ ਕਦੇ ਵੀ ਕਬੂਲ ਨਹੀਂ ਕਰਦੀ। ਪਹਿਲਾਂ ਵੀ ਨਹੀਂ ਸੀ। ਅੱਜ ਵੀ ਨਹੀਂ।

ਜੇ ਅੱਜ ਬਾਬਾ ਨਾਨਕ ਹੁੰਦਾ, ਤਾਂ ਉਸ ਨੇ ਜਿਵੇਂ ਬਾਬਰ ਬਾਣੀ ਲਿਖੀ, ਹੁਣ ਹਿੰਦੂ ਬਾਣੀ ਵਿਚ ਖੱਟਰ ਵਰਗਿਆਂ ਨੂੰ ਚੈਲਿੰਜ ਕਰਦਿਆਂ ਲਿਖਣਾ ਸੀ।

**ਪਾਪ ਕੀ ਜੰਞ ਲੈ ਦਿਲੀਓਂ ਧਾਇਆ,**
**ਜੋਰੀਂ ਮੰਗੈ ਦਾਨ ਵੇ ਲਾਲੋ।**

ਕਸ਼ਮੀਰ ਨਾਲ ਮੇਰੀ ਨਿੱਜੀ ਯਾਦ ਜੁੜੀ ਹੈ। ਸੰਨ 1955 'ਚ ਮੈਂ ਡੀ.ਬੀ. ਹਾਈ ਸਕੂਲ ਰਾਏਕੋਟ ਵਿਚ ਸੱਤਵੀਂ ਦਾ ਵਿਦਿਆਰਥੀ। 26 ਜਨਵਰੀ ਸਕੂਲ ਵਲੋਂ ਵਰਦੀਆਂ ਪੁਆ, ਵਿਦਿਆਰਥੀਆਂ ਦਾ ਜਲੂਸ ਠਾਣੇ ਤੱਕ ਕੱਢਿਆ ਗਿਆ। ਬਿਨ ਵਰਦੀ ਹੋਣ ਕਰਕੇ ਮੈਂ ਅਖੀਰ ਵਾਲੀ ਲਾਈਨ ਵਿਚ ਜਾ ਲੱਗਿਆ। ਪੀ.ਟੀ. ਮਾਸਟਰ ਮੁਖਤਿਆਰ ਸਿੰਘ ਰੂਮੀ ਚੈਕ ਕਰਦਾ ਕਰਦਾ ਪਿਛੇ ਆ ਗਿਆ ਅਤੇ ਮੇਰੇ ਠਰੇ ਪਿੰਡੇ 'ਤੇ ਜ਼ੋਰ ਦੀ ਬੈਂਤ ਵਰਖਾ ਕਰ ਦਿੱਤੀ ਅਤੇ ਫੜ ਕੇ ਵਿਚਕਾਲ ਲਾ ਦਿੱਤਾ। ਕਈ ਦਿਨ ਦਰਦ ਹੁੰਦਾ ਰਿਹਾ। ਹਿੰਦੀ ਮਾਸਟਰ ਪਿਆਰੇ ਲਾਲ ਜ਼ੋਰ ਜ਼ੋਰ ਨਾਅਰੇ ਲਵਾ ਰਿਹਾ ਸੀ। "ਕਸ਼ਮੀਰ ਹਮਾਰਾ ਹੈ, ਲੇ ਕਰ ਰਹੇਂਗੇ ਕਸ਼ਮੀਰ, ਕਸ਼ਮੀਰ ਹਮਾਰਾ ਹੈ।" ਬੈਂਤ ਦੀ ਮਾਰ ਕਰਕੇ ਨਾਅਰਾ ਪੁੱਠਾ ਨਿਕਲਦਾ ਸੀ। "ਨਹੀਂ ਹੈ, ਹਮਾਰਾ ਨਹੀਂ ਹੈ" ਹੋਰ ਵੀ ਬਹੁਤੇ ਸਨ ਜੋ ਇਉਂ ਹੀ ਬੋਲ ਰਹੇ ਸਨ। ਠਾਣੇ ਮੂਹਰੇ ਪਿਆਰੇ ਲਾਲ ਨੇ ਧੂਆਂਧਾਰ ਭਾਸ਼ਣ ਝਾੜਿਆ "ਕਸ਼ਮੀਰ ਹਮਾਰੇ ਦਿਲ ਪੇ ਲਿਖਾ ਹੈ" ਉਹ ਛਾਤੀ ਤੇ ਹੱਥ ਮਾਰ ਮਾਰ ਆਖਦਾ ਸੀ।

ਦੂਜੇ ਦਿਨ ਦੀ ਛੁੱਟੀ ਤੋਂ ਬਾਅਦ ਜਦੋਂ ਸਕੂਲ ਖੁੱਲ੍ਹਿਆ। ਰੀਸੈਸ ਤੋਂ ਪਹਿਲਾ ਪੀਰੀਅਡ ਸੀ। ਗਰੇਵਾਲ, ਪੀ.ਟੀ. ਅਤੇ ਗਿਆਨੀ ਲਾਨ ਵਿਚ ਧੁੱਪੇ ਬੈਠੇ ਸਨ। ਕਈ ਕਲਾਸਾਂ ਸਨ। ਪਿਆਰੇ ਲਾਲ ਵੀ ਥੋੜ੍ਹੀ ਦੂਰ ਕਲਾਸ ਵਿਚ ਸੀ। "ਪਿਆਰੇ ਲਾਲ ਜੀ ਇਕ ਸਰਕਾਰੀ ਚਿੱਠੀ ਆਈ ਆ ਉਰੇ ਆਇਓ।" ਪਿਆਰੇ ਲਾਲ ਕਲਾਸ ਰਜਿਸਟਰ ਕੱਛ ਵਿਚ ਦੇਹੀਂ ਤੂਤ ਦੀ ਛਿੱਟੀ ਘੁੰਮਾਉਂਦਾ ਆਗਿਆ। "ਚਿੱਠੀ ਆਈ ਆ ਬਈ ਅੱਧੇ ਸਟਾਫ਼ ਨੇ ਕੱਲ੍ਹ ਨੂੰ ਕਸ਼ਮੀਰ ਮੋਰਚੇ 'ਤੇ ਜਾਣਾ ਤਿਆਰੀ ਕਰੋ।" ਪਿਆਰੇ ਲਾਲ ਸਿੱਕਰੀ ਆਏ ਬੁੱਲ੍ਹਾਂ 'ਤੇ ਜੀਭ ਫੇਰਦਾ, ਬਿਨਾਂ ਸੇਵ ਕੀਤੀ ਠੋਡੀ ਮਲਦਾ ਖਿਸਕ ਗਿਆ।

ਅੱਜ ਦੇ ਪਿਆਰੇ ਲਾਲ ਪਾਰਲੀਮੈਂਟ ਅਤੇ ਅਸੈਂਬਲੀਆਂ ਵਿਚ ਹਨ। ਸਰਕਾਰੀ ਬੰਗਲਿਆਂ ਅਤੇ ਕੋਠੀਆਂ ਵਿਚ ਹਨ। ਬਹੁਤੇ ਛੜੇ ਛੜੀਆਂ ਹਨ। ਨਾ ਪੁੱਤ ਨਾ ਧੀ। ਉਹ ਤਾਂ ਦੇਸ਼ ਦੀ ਲੁੱਟ ਵਿਚ ਲੱਗੇ ਹਨ। ਬਹੁਤਿਆਂ ਦੀਆਂ ਸੰਪੱਤੀਆਂ ਰਾਤੋ ਰਾਤ 16,000 ਕਰੋੜ ਤੱਕ ਵੱਧ ਗਈਆਂ ਹਨ। ਉਹ ਤਾਂ ਅੱਗ ਦੇ ਭਾਂਵੜ ਬਾਲਣ ਵਾਲੇ ਹਨ। ਆਮ ਜਨਤਾ ਦੇ ਧੀਆਂ ਪੁੱਤਾਂ ਨੂੰ ਭੱਠੀਆਂ ਵਿਚ ਝੋਕਣ ਵਾਲੇ ਹਨ। ਜੇ ਕੋਈ ਮੰਤਰੀ ਹਵਾਈ ਸਰਵੇ ਵੀ ਕਰਨ ਜਾਵੇਗਾ ਤਾਂ ਦਸ ਦਸ ਰਾਖੇ ਹੈਲੀਕਾਪਟਰ ਅੱਗੇ ਪਿਛੇ ਹੋਣਗੇ। ਮੰਤਰੀ ਦੇ ਸਿਰ ਤੋਂ ਪੈਰਾਂ ਤੱਕ ਬੁਲਟ ਪਰੂਫ ਪਾਇਆ ਹੋਵੇਗਾ। ਉਹ ਤਾਂ ਨਾਗਪੁਰ ਬੈਠੀ ਜ਼ਹਿਰੀ ਜੁੰਡਲੀ ਦਾ ਹੁਕਮ ਵਜਾਉਣ ਵਾਲੇ ਹਨ। ਅਰਬ ਸਾਗਰ ਅਤੇ ਖਾੜੀ ਬੰਗਾਲ ਬੇਸ਼ੱਕ ਜੰਗ ਦੀ ਭੱਠੀ ਵਿਚ ਝੋਕਿਆ ਦੇ ਖੂਨ ਨਾਲ ਸੁਰਖ਼ ਹੋ ਜਾਵੇ। ਨੀਰੋ, ਨਾਗਪੁਰ ਬੈਠਾ ਬੀਨ ਵਜਾਵੇਗਾ। ਦੀਨ ਦੁਨੀਆਂ ਦੇ ਦਰਦੀ ਫਿਰ ਕੁਰਲਾ ਉਠਣਗੇ।

ਖੂਨ ਕੈ ਸੋਹਿਲੇ ਗਾਵੀਐ ਨਾਨਕ,
ਰੱਤ ਕਾ ਕੰਗੂ ਪਾਏ ਵੇ ਲਾਲੋ।
ਆਮੀਨ।

# ਧਾਰਾ 370 ਮਨਸੂਖ ਕਰਨ ਦੀ ਬਜਾਏ ਭਾਰਤ ਦੇ ਦੂਜੇ ਹਿੱਸਿਆਂ ਤੱਕ ਵੀ ਵਧਾਉਣ ਦੀ ਜ਼ਰੂਰਤ

ਜੇਬੀ ਮੈਥਿਊ
ਪੇਸ਼ਕਸ਼ :ਪ੍ਰਿਤਪਾਲ ਸਿੰਘ

**ਧਾਰਾ 370 ਭਾਰਤ ਦੀ ਏਕਤਾ ਨੂੰ ਖਤਰਾ ਨਹੀਂ ਸਗੋਂ ਇਹ ਮਹਾਨ ਸੰਘੀ ਢਾਂਚੇ ਅਤੇ ਜਮਹੂਰੀਅਤ ਸ਼ਕਤੀਆ ਦੇ ਵਿਕੇਂਦਰੀਕਰਨ ਦਾ ਇੱਕ ਆਹਲਾ ਨਮੂਨਾ ਬਣ ਸਕਦੀ ਹੈ**



ਭਾਰਤੀ ਸੰਵਿਧਾਨ ਵਿੱਚ ਧਾਰਾ 370 ਦੁਆਰਾ ਜੰਮੂ ਅਤੇ ਕਸ਼ਮੀਰ ਨੂੰ ਪ੍ਰਦਾਨ ਕੀਤੇ ਵਿਸ਼ੇਸ਼ ਦਰਜੇ ਨੂੰ ਮਨਸੁਖ ਕਰਨ ਦਾ ਮੋਦੀ ਹਕੂਮਤ ਦਾ ਫੈਸਲਾ ਭਾਜਪਾ ਅਤੇ ਆਰ ਐਸ ਐਸ ਦੇ ਭਾਰਤ ਰਾਜ ਨੂੰ ਚਿੰਨਾਤਮਿਕ ਅਤੇ ਨਿਗਰ ਰੂਪ ਵਿੱਚ ਇੱਕ ਇਕਸਾਰ ਕਰਨ ਦੀ ਪਹੁੰਚ ਦੇ ਇੱਕ ਮਹੱਤਵਪੂਰਨ ਹਿੱਸੇ ਦੀ ਪੂਰਤੀ ਹੈ। ਇਸ ਏਜੰਡੇ ਦੇ ਹੋਰ ਬੁਨਿਆਦੀ ਹਿੱਸੇ ਯੂਨੀਫਾਰਮ ਸਿਵਲ ਕੋਡ (ਹੁਣੇ ਹੀ ਪਾਸ ਕੀਤਾ ਤੀਹਰੇ ਤਲਾਕ ਦਾ ਕਾਨੂੰਨ ਇਸ ਦਾ ਮਹੱਤਵਪੂਰਨ ਅੰਗ ਹੈ) ਅਤੇ ਬੇਸ਼ੱਕ ਅਯੋਧਿਆ ਵਿੱਚ ਢਾਹੀ ਗਈ ਬਾਬਰੀ ਮਸਜਿਦ ਦੇ ਸਥਾਨ ਉਪਰ ਰਾਮ ਮੰਦਰ ਦੀ ਉਸਾਰੀ ਹਨ।

ਫਿਰ ਵੀ ਇਹਨਾਂ ਤਿੰਨਾਂ 'ਚੋਂ ਭਾਜਪਾ ਅਤੇ ਇਹਦਾ ਵੱਡ ਵਡੇਰੇ ਭਾਰਤੀ ਜਨ ਸੰਘ ਨੇ ਧਾਰਾ 370 ਅਤੇ ਜੰਮੂ ਅਤੇ ਕਸ਼ਮੀਰ ਦੇ ਖੁਦਮੁਖਤਿਆਰੀ ਦੇ ਰੁਤਬੇ ਨੂੰ ਭਾਰਤ ਏਕਤਾ ਨੂੰ ਇੱਕ ਖਤਰੇ ਅਤੇ ਜੰਮੂ ਅਤੇ ਕਸ਼ਮੀਰ ਦੇ ਭਾਰਤ ਨਾਲ ਰਲੇਵੇਂ ਵਿੱਚ ਇੱਕ ਅੜਿੱਕੇ ਵਜੋਂ ਦੇਖਿਆ। ਕਾਂਗਰਸੀ ਆਗੂਆਂ ਜਿਨ੍ਹਾਂ ਨੇ ਧਾਰਾ 370 ਸੰਵਿਧਾਨ ਵਿੱਚ ਦਰਜ ਕੀਤੀ ਇਸ ਨੂੰ ਇੱਕ ਛੋਟ ਅਤੇ ਵਕਤੀ ਕਦਮ ਵਜੋਂ ਲਿਆ ਜਿਹੜੀ ਵਕਤ ਨਾਲ ਅਲੋਪ ਹੋ ਜਾਵੇਗੀ (ਹੁਣ ਕਾਂਗਰਸ ਇਸਨੂੰ ਖਤਮ ਕਰਨ ਦੇ ਹੱਕ ਵਿੱਚ ਨਜ਼ਰ ਆਈ-ਅਨੁਵਾਦਕ)। ਭਾਰਤੀਆਂ ਵੱਲੋਂ ਇਸ ਧਾਰਾ 370 ਨੂੰ ਇੱਕ ਵਕਤੀ ਕਦਮ ਅਤੇ ਕਸ਼ਮੀਰੀਆਂ ਵੱਲੋਂ ਇਹਨੂੰ ਇੱਕ ਸਥਾਈ ਕਦਮ ਵਜੋਂ ਸਮਝਣ ਵਿੱਚ ਹੀ ਭਾਰਤ ਵਿੱਚ ਕਸ਼ਮੀਰ ਸਮੱਸਿਆ ਦੀ ਘੁੰਡੀ ਪਈ ਹੈ। ਧਾਰਾ 370 ਦੇ ਪਹਿਲੀ ਵਾਰ ਦਰਜ ਹੋਣ ਦੇ ਸਮੇਂ ਤੋਂ ਲੈ ਕੇ ਸਾਡੇ ਆਗੂਆਂ ਅਤੇ ਚੇਤਨ ਭਾਰਤੀਆਂ ਦੀ ਰਾਜਨੀਤਕ ਸਿਆਸੀ ਸੋਚ ਦੁਆਰਾ ਇਸ ਦੀ ਰਾਖੀ ਕਰਨ ਅਤੇ ਇਸ ਨੂੰ ਮੂਲ ਭਾਵਨਾ ਵਿੱਚ ਲਾਗੂ ਕਰਨ ਲਈ ਦਬਾਅ ਪਾਉਣ ਵਿੱਚ ਅਸਫ਼ਲ ਰਹਿਣਾ ਹੀ ਅਜੋਕੇ ਸਮਿਆ ਵਿੱਚ ਕਸ਼ਮੀਰ ਨੂੰ ਪੱਕੇ ਤੌਰ 'ਤੇ ਸੰਕਟਮਈ ਹਾਲਤ ਵਿੱਚ ਧੱਕ ਦਿੱਤਾ ਹੈ। ਭਾਵੇਂ ਇਹ ਹੁਣ ਇੱਕ ਵੇਲਾ ਵਿਹਾਅ ਚੁੱਕਿਆ ਕਾਰਜ ਲਗਦਾ ਹੈ ਪਰ ਮੇਰੀ ਦਲੀਲ ਹੈ ਕਿ ਧਾਰਾ 370 ਨੂੰ ਵਿਸ਼ੇਸ਼ ਹਾਲਤਾਂ ਅੰਦਰ ਆਪਣੀਆਂ ਸਥਾਈ ਸੰਭਾਵਨਾਵਾਂ ਤਹਿਤ ਭਾਰਤ ਦੀ ਏਕਤਾ ਅਤੇ ਅਖੰਡਤਾ ਲਈ ਖਤਰਾ ਗਰਦਾਨਣ ਦੀ ਬਜਾਏ ਇੱਕ ਨਵੀਨ ਕਿਸਮ ਦੇ ਸੰਵਿਧਾਨਕ ਹੱਲ ਵਜੋਂ ਲਿਆ ਗਿਆ ਕਦਮ ਸਮਝਿਆ ਜਾਣਾ ਚਾਹੀਦਾ ਹੈ। ਜੇ ਇਸਨੂੰ ਸਹੀ ਢੰਗ ਨਾਲ ਲਾਗੂ ਕੀਤਾ ਗਿਆ ਹੁੰਦਾ ਤਾਂ ਇਸ ਨੇ ਭਾਰਤ ਦੀ ਆਜ਼ਾਦੀ ਤੋਂ ਬਾਅਦ ਪ੍ਰਗਟ ਹੋਏ ਬਹੁਤ ਸਾਰੇ ਇਲਾਕਾਈ ਸ਼ਿਕਵੇ ਸ਼ਿਕਾਇਤਾਂ ਦੇ ਹੱਲ ਦਾ ਨਮੂਨਾ ਬਣ ਜਾਣਾ ਸੀ।

**ਇਤਿਹਾਸਕ ਸੰਦਰਭ**

ਬਰਤਾਨਵੀ ਰਾਜ ਹੇਠ 500 ਰਜਵਾੜਾ ਸ਼ਾਹੀ ਰਿਆਸ਼ਤਾਂ ਵਿੱਚੋਂ ਜੰਮੂ ਅਤੇ ਕਸ਼ਮੀਰ ਸਾਰਿਆ ਤੋਂ ਵੱਡੀ ਰਿਆਸਤ ਸੀ। ਅਗਸਤ 1947 ਵਿੱਚ ਇਹਨਾਂ ਰਿਆਸਤਾਂ ਨੂੰ ਦੋ ਨਵੇਂ ਬਣੇ ਕੌਮੀ ਰਾਜਾਂ ਯਾਨੀ ਭਾਰਤ ਅਤੇ ਪਾਕਿਤਸਾਨ ਵਿੱਚੋਂ ਕਿਸੇ ਇੱਕ ਨਾਲ ਰਲਣ ਜਾਂ ਅਜ਼ਾਦ ਰਹਿਣ ਦੀ ਚੋਣ ਕਰਨ ਦੀ ਖੁੱਲ੍ਹ ਸੀ। ਜੰਮੂ ਤੇ ਕਸ਼ਮੀਰ ਦੇ ਰਾਜਾ ਹਰੀ ਸਿੰਘ ਨੇ ਆਪਣੇ ਗੱਦੀ ਨਸ਼ੀਨਤਾ ਹੇਠ ਆਜ਼ਾਦੀ ਨੂੰ ਪਹਿਲ ਦਿੱਤੀ।

ਨਵਨੀਤਾ ਬੈਹਰਾ, ਸੁਮੰਤਰਾ ਬੋਸ ਅਤੇ ਕਬੈਰੀ ਰੋਬਿੰਨਸਨ ਵਰਗੇ ਵਿਦਵਾਨਾਂ ਨੇ ਨੋਟ ਕੀਤਾ ਹੈ ਕਿ ਉਸ ਸਮੇਂ ਜੰਮੂ ਕਸ਼ਮੀਰ ਦੀਆਂ ਸਿਆਸੀ ਪਾਰਟੀਆਂ ਜਮਹੂਰੀ ਅਸੂਲਾਂ ਅਤੇ ਆਤਮਨਿਰਣੇ ਦੇ ਹੱਕਾਂ ਲਈ ਜਦੋਜਹਿਦ ਕਰ ਰਹੀਆਂ ਸਨ। ਸੇਖ ਅਬਦੁੱਲਾ ਦੀ ਅਗਵਾਈ ਹੇਠ ਕੂਲ ਜੰਮੂ ਕਸ਼ਮੀਰ ਨੈਸ਼ਨਲ ਕੰਨਫਰੰਸ ਜਿਹੜੀ ਕੌਮੀ ਪੱਧਰ 'ਤੇ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਸਹਿਯੋਗ ਕਰ ਰਹੀ ਸੀ, ਨੇ 1944 ਵਿੱਚ ਨਵੇਂ ਕਸ਼ਮੀਰ ਲਈ ਮੈਨੀਫੈਸਟੋ ਜਾਰੀ ਕੀਤਾ ਜਿਸ ਵਿੱਚ ਸਮਾਜਵਾਦੀ ਭੂਮੀ ਸੁਧਾਰਾਂ ਅਤੇ ਜਨਤਕ ਖੁਦਮੁਖਤਿਆਰੀ ਦੀ ਮੰਗ ਕੀਤੀ ਗਈ। ਕਸ਼ਮੀਰ ਕਿਸਾਨ ਮਜਦੂਰ ਪਾਰਟੀ ਦੀ ਇੱਕ ਮੀਟਿੰਗ ਜਿਸ ਵਿੱਚ ਦੂਜੇ ਸੂਬਿਆਂ ਦੀਆਂ ਪਾਰਟੀਆਂ ਦੇ ਨੁਮਾਇੰਦੇ ਵੀ ਸ਼ਾਮਲ ਹੋਏ, ਨੇ ਆਜ਼ਾਦ ਕਸ਼ਮੀਰ ਅਤੇ ਲੋਕਾਂ ਦੇ ਰਾਜ ਦੀ ਮੰਗ ਕੀਤੀ। ਅਗਸਤ 1947 ਵਿੱਚ ਪੁੰਛ ਵਿੱਚ ਰਾਜਨੀਤਕ ਅਗੂਆਂ ਨੇ ਮਹਾਰਾਜੇ ਦੀ ਸਰਕਾਰ ਨੂੰ ਗੱਦੀਓ ਲਾਹੁਣ ਦਾ ਐਲਾਨ ਕੀਤਾ ਅਤੇ ਉਸੇ ਸਾਲ ਅਕਤੂਬਰ ਵਿੱਚ ਆਜ਼ਾਦ ਕਸ਼ਮੀਰ ਦੀ ਇਕ ਅੰਤਰਿਮ ਰੈਵੋਲੂਸ਼ਿਨਰੀ ਸਰਕਾਰ ਸਥਾਪਤ ਕਰਨ ਦਾ ਐਲਾਨ ਕੀਤਾ। ਇਸੇ ਸਮੇਂ ਪਾਕਿਸਤਾਨ ਦੀ ਹਮਾਇਤ ਪ੍ਰਾਪਤ ਪਠਾਣਾਂ ਦੇ ਇੱਕ ਮਿਲੀਸ਼ੀਆ ਮੁਜੱਫਰਾਬਾਦ ਬਰਾਸਤੇ ਜੰਮੂ ਅਤੇ ਕਸ਼ਮੀਰ ਵਿੱਚ ਦਾਖਲ ਹੋਇਆ ਅਤੇ ਸ੍ਰੀਨਗਰ ਵੱਲ ਵਧਿਆ, ਜਿਸਨੇ ਮਹਾਰਾਜੇ ਨੂੰ ਭਾਰੀ ਸਰਕਾਰ ਦੀ ਮੱਦਦ ਲੈਣ ਦਾ ਰਾਹ ਖੋਲ੍ਹਿਆ।

ਅਲਹਾਕ ਦੇ ਦਸ਼ਤਾਵੇਜ ਨੇ ਭਾਰਤ ਨੂੰ ਜਿਹੜੀਆ ਸੁਰੱਖਿਆ, ਵਿਦੇਸ਼ੀ ਮਾਮਲੇ ਅਤੇ ਸੰਚਾਰ ਸਬੰਧੀ ਸ਼ਕਤੀਆਂ ਦਿੱਤੀਆਂ ਇਹ ਭਾਰਤ ਵੱਲੋਂ ਮੁਹੱਈਆਂ ਕੀਤੀ ਗਈ ਮੱਦਦ ਦੀ ਸੋਦੇਬਾਜੀ ਦੀ ਕੀਮਤ ਸੀ। ਸ਼ੇਖ ਅਬਦੁੱਲਾ ਦੇ ਪ੍ਰਧਾਨ ਮੰਤਰੀ ਵਜੋਂ ਮਹਾਰਾਜੇ ਦੀ ਹੰਗਾਮੀ ਅੰਤਰਿਮ ਸਰਕਾਰ ਨੇ ਬਾਕੀ ਰਹਿੰਦੀਆਂ ਸਾਰੀਆਂ ਸ਼ਕਤੀਆਂ ਆਪਣੇ ਕੋਲ ਰੱਖ ਲਈਆਂ। ਪਾਕਿਸਤਾਨ ਨੇ ਮਹਾਰਾਜੇ ਦੇ ਅਲਹਾਕ ਨੂੰ ਨਕਾਰ ਦਿੱਤਾ ਅਤੇ ਆਪਣੀਆਂ ਬਕਾਇਦਾ ਫੌਜਾਂ ਭੇਜ ਦਿੱਤੀਆਂ ਜਿਸ ਕਰਕੇ ਕਸ਼ਮੀਰ ਨੂੰ ਲੈ ਕੇ ਭਾਰਤ ਪਾਕਿਸਤਾਨ ਵਿਚਾਲੇ ਜੰਗ ਲੱਗ ਗਈ ਜਿਹੜੀ ਯੂਨਾਇਟਡ ਨੈਸ਼ਨਜ਼ ਦੇ ਬਦੋਲਤ ਹੋਈ ਜੰਗਬੰਦੀ ਨਾਲ ਜਨਵਰੀ 1949 ਵਿੱਚ ਖਤਮ ਹੋਈ।

ਮਈ 1949 ਤੋਂ ਲੈ ਕੇ ਅਕਤੂਬਰ 1949 ਤੱਕ ਸੇਖ ਅਬਦੁੱਲਾ ਦੀ ਨੈਸ਼ਨਲ ਕਾਨਫਰੰਸ ਨੇ ਧਾਰਾ 370 ਦੀ ਤੱਤ ਸਮੱਗਰੀ ਬਾਰੇ ਗਲਬਾਤ ਚਲਾਏ ਦੌਰ ਬਾਅਦ ਸਮਝੋਤੇ ਦਾ ਰੂਪ ਦਿੱਤਾ। ਧਾਰਾ 370 ਭਾਰਤੀ ਸੰਵਿਧਾਨ ਵਿੱਚ ਜੋੜੀਆਂ ਗਈਆਂ ਅੰਤਮ ਮਦਾਂ 'ਚੋਂ ਇੱਕ ਸੀ ਅਤੇ ਇਸ ਦੀ ਤੱਤ ਸਮੱਗਰੀ ਸਮਝੌਤੇ ਵਾਲੀ ਹੋਣ ਕਰਕੇ ਸੰਵਿਧਾਨ ਘੜਨੀ ਸਭਾ ਵਿੱਚ ਇਸ ਉਪਰ ਲੰਮੀ ਚੌੜੀ ਵਿਚਾਰ ਚਰਚਾ ਨਹੀਂ ਹੋਈ। ਧਾਰਾ 370 ਨੂੰ ਭਾਰਤੀ ਸੰਵਿਧਾਨ ਦੇ 21ਵੇਂ ਅਧਿਆਏ ਜਿਸ ਦਾ ਸਿਰਲੇਖ ਹੈ, ਆਰਜੀ ਅਤੇ ਤਬਦੀਲ ਸ਼ੁਦਾ ਮਦਾਂ(1962 ਵਿੱਚ 13 ਵੀ ਸੋਧ ਨਾਲ ਇਸ ਦਾ ਸਿਰਲੇਖ ਵਕਤੀ, ਬਦਲਣਯੋਗ ਅਤੇ ਵਿਸ਼ੇਸ਼ ਮਦਾਂ ਕਰ ਦਿੱਤਾ ਸੀ) ਵਜੋਂ ਦਰਜ ਹੈ। ਇੱਕ ਕਾਨੂੰਨੀ ਮਾਹਰ ਵਜੋਂ ਏ ਜੀ ਨੂਰਾਨੀ ਆਪਣੀ ਰਚਨਾ ਧਾਰਾ 370: ਜੰਮੂ ਅਤੇ ਕਸ਼ਮੀਰ ਦਾ ਸੰਵਿਧਾਨਕ ਇਤਿਹਾਸ ਵਿੱਚ ਨੋਟ ਕਰਦਾ ਹੈ ਕਿ ਧਾਰਾ 370 ਨੇ ਜੰਮੂ ਅਤੇ ਕਸ਼ਮੀਰ ਨੂੰ ਆਪਣੀ ਸੰਵਿਧਾਨ ਘੜਨੀ ਸਭਾ ਅਤੇ ਆਪਣਾ ਸੰਵਿਧਾਨ ਰੱਖਣ ਦੀ ਪ੍ਰਵਾਨਗੀ ਦਿੱਤੀ। ਦੂਜਾ ਸੰਵਿਧਾਨ ਬਨਣ ਤੱਕ ਕੇਂਦਰ ਸਰਕਾਰ ਕੋਲ ਜੰਮੂ ਅਤੇ ਕਸਮੀਰ ਅੰਦਰ ਸੁਰੱਖਿਆ (Defence), ਵਿਦੇਸ਼ ਮਾਮਲੇ ਅਤੇ ਸੰਚਾਰ ਦੇ ਮਾਮਲਿਆਂ ਦੀਆਂ ਸ਼ਕਤੀਆਂ ਰਹਿਣਗੀਆਂ। ਤੀਜਾ ਭਾਰਤੀ ਸੰਵਿਧਾਨ ਦੀਆਂ ਮਦਾਂ ਸੂਬਾ ਸਰਕਾਰ ਦੀ ਸਹਿਮਤੀ ਨਾਲ ਰਾਸ਼ਟਰਪਤੀ ਦੇ ਫਰਮਾਨ ਰਾਹੀਂ ਜੰਮੂ ਅਤੇ ਕਸ਼ਮੀਰ ਤੱਕ ਵਧਾਈਆਂ ਜਾ ਸਕਦੀਆਂ ਹਨ ਅਤੇ ਇਹ ਫਰਮਾਨ ਜੰਮੂ ਅਤੇ ਕਸ਼ਮੀਰ ਦੀ ਵਿਧਾਨ ਘੜਨੀ ਦੀ ਬੁਲਾਈ ਗਈ ਮੀਟਿੰਗ ਪਾਸ ਹੋਣੇ ਚਾਹੀਦੇ ਹਨ। ਚੌਥਾ, ਇੱਕ ਵਾਰ ਜਦੋਂ ਸੰਵਿਧਾਨ ਘੜਨੀ ਸਭਾ ਬਣਨ ਗਈ, ਭਾਰਤੀ ਸੰਵਿਧਾਨ ਦੀਆਂ ਧਾਰਾਵਾਂ ਦੇ ਕਸ਼ਮੀਰ ਤੱਕ ਵਧਾਰੇ ਲਈ ਅਸੈਂਬਲੀ ਦੀ ਪ੍ਰਵਾਨਗੀ ਦੀ ਲੋੜ ਹੈ। ਅੰਤਮ ਤੌਰ 'ਤੇ ਸੂਬੇ ਦੀ ਵਿਧਾਨ ਘੜਨੀ ਸਭਾ ਦੀਆਂ ਸਿਫਾਰਸ਼ਾਂ ਤੋਂ ਬਗੈਰ ਇਹ ਧਾਰਾ ਨਾ ਤਾਂ ਸੋਧੀ ਜਾ ਸਕਦੀ ਹੈ ਅਤੇ ਨਾ ਹੀ ਮਨਸੂਖ ਕੀਤੀ ਜਾ ਸਕਦੀ ਹੈ। ਏ ਜੇ ਨੂੰਰਾਨੀ ਧਾਰਾ 370 ਨੂੰ ਜੰਮੂ ਤੇ ਕਸ਼ਮੀਰ ਦੇ ਨੁਮਇੰਦਿਆਂ ਅਤੇ ਭਾਰਤ ਦੇ ਦੂਜੇ ਹਿੱਸਿਆਂ ਦੇ ਨੁਮਾਇੰਦਿਆਂ ਵਿਚਕਾਰ ਇੱਕ ਸ਼ਾਨਦਾਰ ਸਮਝੌਤੇ ਵਜੋਂ ਬਿਆਨ ਕਰਦਾ ਹੈ।

ਠੀਕ ਜਨਵਰੀ 1950 ਵਿੱਚ ਭਾਰਤ ਸੰਵਿਧਾਨ ਦੇ ਲਾਗੂ ਹੋਣ ਤੋਂ ਲੈ ਕੇ, ਕੇਂਦਰ ਸਰਕਾਰ ਨੇ ਸੂਬਾ ਸਰਕਾਰ ਦੀ ਸਹਿਮਤੀ ਨਾਲ ਭਾਰਤੀ ਸੰਵਿਧਾਨ ਦੀਆਂ ਕੁੱਝ ਧਾਰਾਵਾਂ ਜੰਮੂ ਤੇ ਕਸ਼ਮੀਰ ਤੱਕ ਵਧਾ ਦਿੱਤੀਆਂ। ਅਕਤੂਬਰ 1951 ਵਿੱਚ ਜੰਮੂ ਤੇ ਕਸ਼ਮੀਰ ਦੀ ਵਿਧਾਨ ਘੜਨੀ ਬੁਲਾਈ ਗਈ। ਇਹ ਸਭਾ 1951 ਤੋਂ 1956 ਤੱਕ ਕਾਰਜਸ਼ੀਲ ਰਹੀ ਅਤੇ ਉਸ ਪਿੱਛੋਂ ਭੰਗ ਕਰ ਦਿੱਤੀ ਗਈ। ਇੱਕ ਵਾਰੀ ਸ਼ੇਖ ਅਬਦੁੱਲਾ ਨੂੰ ਗ੍ਰਿਫਤਾਰ ਕਰਨ ਲੈਣ ਤੋਂ ਬਾਅਦ ਅਤੇ ਉਸ ਦੀ ਸਰਕਾਰ ਨੂੰ 1953 ਵਿੱਚ ਗੈਰ ਕਾਨੂੰਨੀ ਢੰਗ ਨਾਲ ਭੰਗ ਕੀਤੇ ਜਾਣ ਬਾਅਦ ਇਸ ਵਿਧਾਨ ਘੜਨੀ ਸਭਾ ਦੀ ਵਾਜਬੀਅਤ ਖੁੱਸ ਗਈ।

ਉਸ ਤੋਂ ਬਾਅਦ ਧਾਰਾ 370 ਦੀ ਦੁਰਵਰਤੋਂ, ਜੰਮੂ ਤੇ ਕਸ਼ਮੀਰ ਦੀ ਖੁਦਮੁਖਤਿਆਰੀ ਅਤੇ ਭਾਰਤ ਨਾਲ ਇਸਦੇ ਵਿਸ਼ੇਸ਼ ਦਰਜੇ ਦੇ ਲਗਾਤਾਰ ਖੁਰਨ ਦੀ ਕਹਾਣੀ ਹੈ। ਮੋਦੀ ਹਕੂਮਤ ਦੀ ਕਾਰਵਾਈ ਇਸ ਰੁਝਾਨ ਦੀ ਲਗਾਤਾਰਤਾ ਹੈ।

ਵਧੇਰੇ ਮਹੱਤਵ ਦੇ ਵਜੋਂ 1956 ਤੋਂ ਬਾਅਦ ਰਾਸ਼ਟਰਪਤੀ ਦੇ ਫਰਮਾਨ ਹੀ ਭਾਰਤੀ ਸੰਵਿਧਾਨ ਦੀਆਂ ਧਾਰਾਵਾਂ ਨੂੰ ਕਸ਼ਮੀਰ ਵਿੱਚ ਲਗਾਤਾਰ ਗਲਬੇ 'ਚ ਲੈਂਦੇ ਰਹੇ। ਨੂਰਾਨੀ ਦਾ ਕਹਿਣਾ ਹੈ ਕਿ 1955 ਤੋਂ ਲੈ ਕੇ 1994 ਤੱਕ ਭਾਰਤੀ ਸੰਵਿਧਾਨ ਦੀਆਂ 395 ਧਾਰਾਵਾਂ ਚੋਂ 260 ਅਤੇ ਕੇਂਦਰੀ ਸੂਚੀ ਦੀਆਂ 97 ਮਦਾਂ 'ਚੋਂ 94 ਮਦਾਂ ਜੰਮੂ ਤੇ ਕਸ਼ਮੀਰ ਉਪਰ ਥੋਪ ਦਿੱਤੀਆਂ ਗਈਆਂ। ਇਹ ਗੱਲ ਕਾਬਲੇ ਗੌਰ ਹੈ ਕਿ ਮੁੱਢ ਵਿੱਚ ਭਾਰਤੀ ਰਾਜ ਕੋਲ ਕੇਵਲ ਤਿੰਨ ਮਹਿਕਮੇ ਸਨ।

**ਧਾਰਾ 370 ਕਿਉ ਮਹੱਤਵਪੂਰਨ ਹੈ?**

ਜਿਹੜਾ ਮੁਲਕ ਬਟਵਾਰੇ ਦੇ ਖੌਫ਼ ਅਤੇ ਝੁੜ੍ਹਾਂ ਵਿੱਚ ਘਿਰਿਆ ਹੋਵੇ, ਧਾਰਾ 370 ਦੀ ਹਮਾਇਤ ਦੇ ਕੀ ਅਧਾਰ ਹੋ ਸਕਦੇ ਹਨ? ਮੈਂ ਦੋ ਸੰਭਵ ਪਹੁੰਚਾਂ ਪੇਸ਼ ਕਰਦਾ ਹਾਂ:

**ਪਹਿਲਾਂ**: ਸਾਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਵੱਖ ਵੱਖ ਸਮੂਹ ਭਾਰਤੀ ਸੰਘ ਵਿੱਚ ਕੁੱਝ ਸ਼ਰਤਾ ਤਹਿਤ ਸ਼ਾਮਲ ਹੋਏ। ਇਹ ਸ਼ਰਤਾਂ ਉਪਰ ਸੰਵਿਧਾਨ ਘੜਨੀ ਸਭਾ ਦੇ ਅੰਦਰ ਅਤੇ ਬਾਹਰ ਆਮ ਹੀ ਵਿਚਾਰ ਵਟਾਂਦਰਾ ਹੋਇਆ ਅਤੇ ਭਾਰਤੀ ਸੰਵਿਧਾਨ ਦਾ ਅੰਗ ਬਣੀਆਂ।

ਮਿਸਾਲ ਵਜੋਂ ਦਲਿਤ, ਆਦਿਵਾਸੀ ਭਿੱਟ ਦੇ ਖਾਤਮੇ ਅਤੇ ਆਪਣੇ ਹੱਕਾਂ ਦੀ ਰਾਖੀ ਆਦਿ ਲਈ ਵਿਧਾਨ ਪਾਲਿਕਾ, ਸੰਵਿਧਾਨਕ ਕਮਿਸ਼ਨਾਂ ਅਤੇ ਸਰਕਾਰੀ ਰੁਜ਼ਗਾਰ ਵਿੱਚ ਰਾਖਵਾਂਕਰਨ ਦਾ ਵਾਅਦਾ ਲੈ ਕੇ ਇਸ ਸੰਘ ਵਿੱਚ ਸ਼ਾਮਲ ਹੋਏ। ਧਾਰਮਿਕ ਘੱਟ ਗਿਣਤੀਆਂ ਇਹ ਜਾਣਦੀਆਂ ਹੋਈਆਂ ਸੰਘ ਅੰਦਰ ਸ਼ਾਮਲ ਹੋਈਆਂ ਕਿ ਧਾਰਮਿਕ ਆਜ਼ਾਦੀ ਇੱਕ ਬੁਨਿਆਦੀ ਅਧਿਕਾਰ ਹੋਵੇਗਾ, ਪਰ ਇਸ ਦੇ ਨਾਲ ਨਾਲ ਉਹਨਾਂ ਨੂੰ ਆਪਣੀ ਧਾਰਮਿਕ ਪਹਿਚਾਣ ਦੀ ਰਾਖੀ ਤੇ ਸੰਭਾਲ ਕਰਨ ਅਤੇ ਆਪਣੇ ਭਾਈਚਾਰੇ ਦੇ ਮਾਮਆਂ ਦਾ ਪ੍ਰਬੰਧ ਕਰਨ ਦਾ ਹੱਕ ਵੀ ਹੋਵੇਗਾ।

ਮੈਂ ਇਹ ਦਲੀਲ ਦੇਵਾਂਗਾਂ ਕਿ ਧਾਰਾ 370 ਨੂੰ ਭਾਰਤੀ ਦੀ ਏਕਤਾ ਅਤੇ ਅਖੰਡਤਾ ਨੂੰ ਇੱਕ ਖਤਰੇ ਵਜੋਂ ਦੇਖਣ ਦੀ ਬਜਾਏ ਇੱਕ ਸੰਭਾਵਨਾ ਦੇ ਸੀਸ਼ੇ ਰਾਹੀਂ ਵੇਖਣਾ ਚਾਹੀਦਾ ਹੈ। ਮਨਸੂਖ ਕਰਨ ਦੀ ਬਜਾਏ, ਇਸ ਨੂੰ ਭਾਰਤ ਦੇ ਹੋਰਨਾ ਹਿੱਸਿਆ ਤੱਕ ਵਧਾਉਣ ਦਾ ਕਾਰਜ ਹੱਥ 'ਚ ਲਿਆ ਜਾਣਾ ਚਾਹੀਦਾਂ ਹੈ।

ਇਸ ਤਰ੍ਹਾ ਜੰਮੂ ਤੇ ਕਸ਼ੀਮਰ ਦੇ ਲੋਕ ਆਪਣੀ ਖੇਤਰੀ ਖੁਦਮੁਖਤਿਆਰੀ ਦੀ ਸੁਰੱਖਿਆ ਦੇ ਵਾਅਦੇ ਅਤੇ ਧਾਰਾ 370 ਨਾਲ ਭਾਰਤੀ ਸੰਘ ਵਿੱਚ ਸ਼ਾਮਲ ਹੋਏ। ਇਹਨਾਂ ਮਦਾਂ ਵਿੱਚੋਂ ਕੋਈ ਸੁਬੰਧਿਤ ਸਮੂਹਾਂ ਦੀ ਸਪੱਸ਼ਟ ਸਹਿਮਤੀ ਬਿਨਾਂ ਮਨਸੂਖ ਨਹੀਂ ਕੀਤੀ ਜਾਣੀ ਚਾਹੀਦੀ। ਅਜਿਹੀਆਂ ਮਨਸੂਖੀਆਂ ਸਮਝੌਤੇ ਦੀ ਉਲੰਘਦਾ ਹੋਣਗੀਆਂ। ਇਸ ਦਾ ਇਹ ਅਰਥ ਨਹੀਂ ਕਿ 1950 ਵਿੱਚ ਜਿਹੜੀਆਂ ਮੰਦਾਂ ਉਪਰ ਸਹਿਮਤੀਆਂ ਬਣੀਆਂ ਹਨ ਉਹ ਪਾਕ ਪਵਿਤਰ ਹਨ ਅਤੇ ਇਹਨਾਂ ਵਿੱਚ ਕੋਈ ਫੇਰ ਬਦਲ ਨਹੀਂ ਹੋ ਸਕਦਾ। ਇਹਨਾਂ ਵਿੱਚ ਫੇਰਬਦਲ ਕੀਤੇ ਜਾ ਸਕਦੇ ਹਨ ਪਰ ਉਹਨਾਂ ਦੀ ਸਹਿਮਤੀ ਨਾਲ ਹੀ ਜਿਨ੍ਹਾਂ ਨੇ ਇਹ ਮੱਦਾਂ ਬਣਾਈਆਂ ਹਨ।

ਅਸਲ ਵਿੱਚ ਜੇ ਅਸੀਂ ਭਾਰਤੀ ਸੰਵਿਧਾਨ ਦੇ ਖੰਡ 21 ਉਪਰ ਨਜ਼ਰ ਮਾਰੀਏ ਤਾਂ ਸਾਨੂੰ ਮਹਿਸੂਸ ਹੋਵੇਗਾ ਕਿ ਧਾਰਾ 370 ਨਾਗਾਲੈਂਡ ਲਈ ਵਿਸ਼ੇਸ਼ ਅਧਿਕਾਰਾਂ ਨੂੰ ਥਾਂ ਦੇਣ ਲਈ 1962 ਵਿੱਚ ਦਾਖਲ ਕੀਤੀ ਗਈ ਧਾਰਾ 371ਏ ਲਈ ਇੱਕ ਨਮੂਨਾ ਬਣੀ। ਭਾਰਤੀ ਧਾਰਾ 370 ਨਾਲ ਮਿਲਦੇ ਜੁਲਦੇ ਸੰਵਿਧਾਨ ਦੇ ਛੇਵੇਂ ਸਡਿਊਲ ਦਾ ਵਿਸਥਾਰ ਜਿਹੜਾ ਉਤਰ ਪੂਰਬੀ ਰਾਜਾਂ ਵਿੱਚ ਲਾਗੂ ਹੈ, ਵੀ ਖੇਤਰੀ ਖੁਦਮੁਖਤਿਆਰੀ ਦੀ ਇੱਕ ਹੋਰ ਮਿਸਾਲ ਹੈ। ਧਾਰਾ 370 ਇੱਕ ਵਿਧਾ ਹੈ ਜਿਸਦੀ ਭਾਰਤ ਦੀ ਵਧੇਰੇ ਸੰਘਵਾਦ ਅਤੇ ਜਮਹੂਰੀ ਵਿਕੇਂਦਰੀ ਕਰਨ ਲਈ ਲੋੜੀਂਦੀ ਹੈ। ਬਾਕੀ ਦੁਨੀਆਂ ਲਈ ਇਹ ਜਮਹੂਰੀ ਢਾਂਚੇ ਅੰਦਰ ਵਿਭਿੰਨਤਾ ਦੇ ਸਾਂਭ ਸੰਭਾਲ ਦਾ ਇੱਕ ਨਮੂਨਾ ਬਣ ਸਕਦੀ ਹੈ।

ਧਾਰਾ 370 ਅੰਦਰ ਸਥਾਪਤ ਮੁਕਤੀ ਦੀਆਂ ਸੰਭਾਵਨਵਾਂ ਇਹ ਸੁਝਾਉਂਦੀਆਂ ਹਨ ਕਿ ਮੋਦੀ ਦੇ ਫੈਸਲੇ ਦੇ ਝਟਕੇ ਕਸ਼ਮੀਰ ਤੋਂ ਪਾਰ ਵੀ ਮਹਿਸੂਸ ਕੀਤੇ ਜਾਂਣਗੇ। ਸਾਨੂੰ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਜੋ ਕੁੱਝ 5 ਅਗਸਤ 2019 ਨੂੰ ਵਾਪਰਿਆ, ਕਿ ਸਰਕਾਰ ਨੇ ਆਪਣੀ ਬਹੁਗਿਣਤੀ ਦੀ ਦੁਰਵਰਤੋਂ ਕਰਦੇ ਹੋਏ ਲੋਕਾਂ ਦੇ ਭਾਰਤੀ ਸੰਘ ਵਿੱਚ ਭਾਗੀਦਾਰੀ ਦੇ ਆਧਾਰ ਬਣੀ ਸੰਵਿਧਾਨਕ ਮਦ ਨੂੰ ਮਨਸੂਖ ਕਰ ਦਿੱਤਾ ਹੈ। ਕਿ ਇਹ ਮਦ ਅਜਿਹੀਆਂ ਹੋਰ ਮਦਾਂ ਦਾ ਆਧਾਰ ਬਣੀ ਜਿਹੜੀਆਂ ਦਲਿਤਾਂ, ਆਦਿ ਵਾਸੀਆਂ ਅਤੇ ਧਾਰਮਿਕ ਘੱਟਗਿਣਤੀਆਂ ਆਦਿ ਸਮੂਹਾਂ ਦੀ ਰਾਖੀ ਲਈ ਘੜੀਆਂ ਗਈਆਂ ਹਨ ਅਤੇ ਇਸ ਤੋਂ ਇਹ ਵੀ ਸਪੱਸ਼ਟ ਚਿਤਾਵਨੀ ਹੈ ਕਿ ਭਾਰਤੀ ਸਮਾਜ ਦੇ ਹੋਰ ਕਮਜ਼ੋਰ ਸ਼ਹਿਰੀ ਅਤੇ ਭਾਈਚਾਰੇ ਅਗਲੇ ਨਿਸ਼ਾਨੇ ਹੇਠ ਹੋਣਗੇ।

# ਭਾਰਤ ਸਰਕਾਰ ਵਲੋਂ ਧਾਰਾ 370 ਤੋੜ ਕੇ ਕਸ਼ਮੀਰ ਨੂੰ ਆਪਣੀ ਬਸਤੀ ਬਣਾਉਣ ਤੋਂ ਬਾਅਦ ਅੱਗੇ ਕੀ ਕੁਝ ਹੋ ਸਕਦਾ ਹੈ?



ਹਰਚਰਨ ਸਿੰਘ ਪਰਹਾਰ
403-681-8689
hp8689@gmail.com

5 ਅਗਸਤ, 2019 ਨੂੰ ਇੰਡੀਆ ਦੀ ਆਰ ਐਸ ਐਸ ਦੀ ਅਗਵਾਈ ਵਾਲੀ ਹਿੰਦੂਤਵੀ ਮੋਦੀ-ਸ਼ਾਹ ਸਰਕਾਰ ਵਲੋਂ ਅਚਾਨਕ ਵੱਡਾ ਫੈਸਲਾ ਲੈਂਦੇ ਹੋਏ ਭਾਰਤੀ ਰਾਜ ਜੰਮੂ-ਕਸ਼ਮੀਰ ਨੂੰ ਭਾਰਤੀ ਸੰਵਿਧਾਨ ਦੀ ਧਾਰਾ 370 ਅਤੇ 35ਏ ਰਾਹੀਂ ਮਿਲੇ ਹੋਏ ਵਿਸ਼ੇਸ਼ ਅਧਿਕਾਰਾਂ ਨੂੰ ਖਤਮ ਕਰਕੇ ਨਾ ਸਿਰਫ ਅੰਤਰ ਰਾਸ਼ਟਰੀ ਪੱਧਰ ਤੇ ਸਿਆਸੀ ਤੂਫਾਨ ਖੜਾ ਕਰ ਦਿੱਤਾ ਗਿਆ, ਸਗੋਂ ਜੰਮੂ-ਕਸ਼ਮੀਰ ਦੇ ਸਿਆਸੀ ਆਗੂਆਂ ਨੂੰ ਜ਼ੇਲ੍ਹਾਂ ਵਿੱਚ ਸੁੱਟ ਕੇ ਜੰਮੂ-ਕਸ਼ਮੀਰ ਦਾ ਰਾਜ ਦਰਜਾ ਖਤਮ ਕਰਕੇ 2 ਕੇਂਦਰ ਪ੍ਰਸ਼ਾਸਤ ਰਾਜਾਂ ਜੰਮੂ-ਕਸ਼ਮੀਰ ਅਤੇ ਲਦਾਖ ਵਿੱਚ ਵੰਡ ਦਿੱਤਾ ਗਿਆ। ਜੰਮੂ-ਕਸ਼ਮੀਰ ਦੀ ਸਰਕਾਰ ਨੂੰ ਸਦਾ ਲਈ ਭੰਗ ਕਰ ਦਿੱਤਾ ਗਿਆ। ਹੁਣ ਕੇਂਦਰ ਸਰਕਾਰ ਧਾਰਾ 239ਏ ਤਹਿਤ ਗਵਰਨਰ ਰਾਹੀਂ ਦੋਨਾਂ ਕੇਂਦਰੀ ਪ੍ਰਸ਼ਾਸਤ ਰਾਜਾਂ ਨੂੰ ਚਲਾਏਗੀ। ਬੇਸ਼ਕ ਮੋਦੀ ਸਰਕਾਰ ਵਲੋਂ ਇਸੇ ਸਾਲ ਫਰਵਰੀ ਵਿੱਚ ਮਈ ਦੀਆਂ ਚੋਣਾਂ ਵਿੱਚ ਬਹੁ ਗਿਣਤੀ ਹਿੰਦੂ ਭਾਈਚਾਰੇ ਦੀ ਵੋਟਾਂ ਬਟੋਰਨ ਲਈ ਆਪਣੀਆਂ ਏਜੰਸੀਆਂ ਰਾਹੀਂ ਪੁਲਵਾਮਾ ਦਾ ਹਮਲਾ ਕਰਵਾ ਕੇ ਦੇਸ਼ ਦੀ ਏਕਤਾ ਨੂੰ ਖਤਰਾ ਦੱਸ ਕੇ ਅਤੇ ਝੂਠੇ ਰਾਸ਼ਟਰਵਾਦ ਨੂੰ ਉਭਾਰ ਕੇ ਪਾਕਿਸਤਾਨ ਨਾਲ ਜੰਗ ਵਾਲਾ ਮਾਹੌਲ ਸਿਰਜਿਆ ਗਿਆ ਸੀ। ਜਿਸਦਾ ਉਨ੍ਹਾਂ ਨੂੰ ਵੱਡਾ ਲਾਭ ਵੀ ਹੋਇਆ ਤੇ ਮੋਦੀ ਪਿਛਲੀ ਵਾਰ ਨਾਲੋਂ ਵੀ ਭਾਰੀ ਗਿਣਤੀ ਵਿੱਚ ਬਹੁਮਤ ਨਾਲ ਸਰਕਾਰ ਵਿੱਚ ਆਇਆ। ਜਿਨ੍ਹਾਂ ਲੋਕਾਂ ਨੂੰ ਇਹ ਭਰਮ ਸੀ ਕਿ ਭਾਰਤ ਦਾ ਬਹੁ ਗਿਣਤੀ ਹਿੰਦੂ ਭਾਈਚਾਰਾ ਨੋਟਬੰਦੀ, ਬੇਰੁਜ਼ਗਾਰੀ, ਜੀ ਐਸ ਟੀ ਆਦਿ ਮੁੱਦਿਆਂ ਤੇ ਭਾਜਪਾ ਦੇ ਵਿਰੋਧ ਵਿੱਚ ਵੋਟ ਪਾਏਗਾ, ਉਨ੍ਹਾਂ ਦਾ ਭੁਲੇਖਾ ਦੂਰ ਹੋ ਜਾਣਾ ਚਾਹੀਦਾ ਹੈ ਕਿ ਭਾਰਤ ਦੇ ਬਹੁ ਗਿਣਤੀ ਹਿੰਦੂ ਭਾਈਚਾਰੇ ਵਲੋਂ ਖੁੱਲ੍ਹ ਕੇ ਆਰ ਐਸ ਐਸ ਦੇ ਹਿੰਦੂ ਰਾਸ਼ਟਰ ਦੇ ਏਜੰਡੇ ਅਤੇ ਪਾਕਿਸਤਾਨ ਨਾਲ ਦੁਸ਼ਮਣ ਦੇਸ਼ ਵਾਂਗ ਵਰਤਾਰੇ ਦੇ ਹੱਕ ਵਿੱਚ ਮੋਹਰ ਲਾਈ ਹੈ। ਇਸ ਲਈ ਇਹ ਪਹਿਲਾਂ ਹੀ ਸਪੱਸ਼ਟ ਸੀ ਕਿ ਮੋਦੀ ਆਪਣੀ ਬਹੁਮਤ ਵਾਲੀ ਦੂਜੀ ਸਰਕਾਰ ਬਣਾਉਣ ਤੋਂ ਬਾਅਦ ਕਸ਼ਮੀਰ ਬਾਰੇ ਹੀ ਸਭ ਤੋਂ ਪਹਿਲਾਂ ਕਾਰਵਾਈ ਕਰੇਗਾ। ਇਸਦਾ ਉਨ੍ਹਾਂ ਨੂੰ ਲਾਭ ਇਹ ਹੋਇਆ ਹੈ ਕਿ ਜਿਹੜੇ ਹਿੰਦੂ ਭਾਈਚਾਰੇ ਦੇ ਲੋਕ ਰਾਜਨੀਤਕ ਕਾਰਨਾਂ ਕਰਕੇ ਕਾਂਗਰਸ ਜਾਂ ਹੋਰ ਪਾਰਟੀਆਂ ਨਾਲ ਖੜੇ ਸਨ, ਹੁਣ ਉਹ ਵੀ ਖੁੱਲ੍ਹ ਕੇ ਮੋਦੀ ਨਾਲ ਖੜ੍ਹ ਗਏ ਹਨ, ਇਸ ਨਾਲ ਜਿਥੇ ਹੌਲੀ-ਹੌਲੀ ਭਾਰਤ ਵਿਚੋਂ ਵਿਰੋਧੀ ਪਾਰਟੀਆਂ ਦਾ ਭੋਗ ਪਾਇਆ ਜਾਵੇਗਾ, ਉਥੇ 2024 ਤੋਂ ਪਹਿਲਾਂ ਬਣਾਏ ਜਾ ਰਹੇ ਹਿੰਦੂ ਰਾਸ਼ਟਰ ਦੇ ਵਿਰੋਧ ਵਿੱਚ ਖੜਨ ਵਾਲਾ ਕੋਈ ਨਹੀਂ ਰਹੇਗਾ। ਕਾਂਗਰਸ ਤਕਰਬੀਨ ਖਤਮ ਕਰ ਦਿੱਤੀ ਗਈ ਹੈ। ਰਵਾਇਤੀ ਕਾਮਰੇਡ, ਜੋ ਕਿ ਹਮੇਸ਼ਾਂ ਕਾਂਗਰਸ ਦੇ ਪਿਛਲੱਗ ਬਣ ਕੇ ਵਿਚਰਦੇ ਰਹੇ ਹਨ, ਉਨ੍ਹਾਂ ਦੀ ਹੋਂਦ ਵੀ ਹੁਣ ਖਤਰੇ ਵਿੱਚ ਹੈ। ਬਾਕੀ ਪਾਰਟੀਆਂ ਖੇਤਰੀ ਹਨ, ਉਨ੍ਹਾਂ ਦਾ ਭਾਰਤ ਪੱਧਰ ਤੇ ਬਹੁਤਾ ਪ੍ਰਭਾਵ ਨਹੀਂ।

ਕਸ਼ਮੀਰ ਦੇ ਮਸਲੇ ਨੂੰ ਸਮਝਣ ਲਈ ਇਥੇ ਕਸ਼ਮੀਰ ਦੇ ਪਿਛੋਕੜ ਬਾਰੇ ਵੀ ਗੱਲ ਕਰ ਲੈਣੀ ਵਾਜਬ ਹੋਵੇਗੀ।ਕਸ਼ਮੀਰ ਕਿਸੇ ਸਮੇਂ ਹਿੰਦੂਇਜ਼ਮ ਦਾ ਮੁੱਖ ਕੇਂਦਰ ਸੀ ਤੇ ਇਹ ਲੋਕ ਸ਼ਿਵ ਜੀ ਦੇ ਪੁਜਾਰੀ ਸਨ। ਇਸੇ ਕਾਰਨ ਕਸ਼ਮੀਰ ਦੇ ਬ੍ਰਾਹਮਣ ਆਪਣੇ ਆਪ ਨੂੰ ਬਾਕੀ ਹਿੰਦੁਸਤਾਨੀਆਂ ਨਾਲੋਂ ਆਪਣੇ ਆਪ ਨੂੰ ਉਤਮ ਨਸਲ ਦੇ ਆਰੀਅਨ ਮੰਨਦੇ ਹਨ। ਭਾਰਤ ਵਿੱਚ ਕਸ਼ਮੀਰੀ ਤੇ ਬੰਗਾਲੀ ਬ੍ਰਾਹਮਣ ਹੀ ਅਜਿਹੇ ਹਨ, ਜੋ ਮੀਟ ਖਾਂਦੇ ਹਨ। ਜਦੋਂ ਬੁੱਧ ਧਰਮ ਦਾ ਭਾਰਤ ਵਿੱਚ ਬੋਲ-ਬਾਲਾ ਹੋਇਆ ਤਾਂ ਕਸ਼ਮੀਰ ਵੀ ਬੁੱਧਇਜ਼ਮ ਦਾ ਗੜ੍ਹ ਬਣ ਗਿਆ। ਬੁੱਧਇਜ਼ਮ ਦੇ ਪੱਤਨ ਤੋਂ ਬਾਅਦ ਫਿਰ ਕਸ਼ਮੀਰ ਵਿੱਚ ਹਿੰਦੂਇਜ਼ਮ ਫੈਲਿਆ। ਤਕਰੀਬਨ 14ਵੀਂ ਸਦੀ ਵਿੱਚ ਮੁਸਲਮਾਨ ਸੂਫੀਆਂ ਦੇ ਪ੍ਰਭਾਵ ਵਿੱਚ ਹਿੰਦੂ ਰਾਜੇ ਨੇ ਇਸਲਾਮ ਕਬੂਲ ਕਰ ਲਿਆ ਤੇ ਉਹ ਕਸ਼ਮੀਰ ਵਿੱਚ ਪਹਿਲਾ ਮੁਸਲਿਮ ਰਾਜਾ ਬਣਿਆ। ਇਸ ਤੋਂ ਬਾਅਦ 19ਵੀਂ ਸਦੀ ਤੱਕ ਤਕਰੀਬਨ 500 ਸਾਲ ਇਸਲਾਮ ਦਾ ਕਸ਼ਮੀਰ ਤੇ ਰਾਜ ਰਿਹਾ। ਇਸ ਦੌਰਾਨ ਮੰਗੋਲ, ਪਠਾਨ, ਅਫਗਾਨੀ, ਮੁਗਲ ਆਦਿ ਕਸ਼ਮੀਰ ਤੇ ਰਾਜ ਕਰਦੇ ਰਹੇ। ਇਸ ਤੋਂ ਬਾਅਦ 1819 ਵਿੱਚ ਪਹਿਲੀ ਵਾਰ ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਨੂੰ ਜਿੱਤ ਕੇ ਸਿੱਖ ਰਾਜ ਵਿੱਚ ਸ਼ਾਮਿਲ ਕੀਤਾ ਤੇ ਰਾਜਪੂਤ ਗੁਲਾਬ ਸਿੰਘ ਡੋਗਰੇ ਨੂੰ ਕਸ਼ਮੀਰ ਦਾ ਰਾਜਾ ਬਣਾਇਆ।



ਮਹਾਰਾਜਾ ਰਣਜੀਤ ਸਿੰਘ ਦੀ 1839 ਵਿੱਚ ਮੌਤ ਤੋਂ ਬਾਅਦ ਡੋਗਰੇ ਅੰਗਰੇਜ਼ਾਂ ਨਾਲ ਰਲ਼ ਗਏ ਤੇ ਪਹਿਲੀ ਸਿੱਖ-ਐਂਗਲੋ ਵਾਰ ਵਿੱਚ ਸਿੱਖਾਂ ਦੇ ਅੰਗਰੇਜਾਂ ਕੋਲੋਂ ਹਾਰਨ ਬਾਅਦ ਗੁਲਾਬ ਸਿੰਘ ਨੇ 1846 ਵਿੱਚ ਅੰਗਰੇਜਾਂ ਤੋਂ ਅੰਮ੍ਰਿਤਸਰ ਦੀ ਸੰਧੀ ਅਨੁਸਾਰ ਕਸ਼ਮੀਰ ਦਾ ਰਾਜ ਖਰੀਦ ਲਿਆ। ਇਸ ਤਰ੍ਹਾਂ 1846 ਤੋਂ 1947 ਤੱਕ ਡੋਗਰਿਆਂ ਦਾ ਕਸ਼ਮੀਰ ਤੇ ਰਾਜ ਰਿਹਾ। 1947 ਵਿੱਚ ਬਸਤੀਵਾਦੀ ਅੰਗਰੇਜਾਂ ਵਲੋਂ ਭਾਰਤ ਨੂੰ ਦਿੱਤੀ ਆਜ਼ਾਦੀ ਵੇਲੇ ਜਿਥੇ ਸਮੁੱਚੇ ਭਾਰਤੀ ਖਿੱਤੇ ਨੂੰ ਦੋ ਧਰਮਾਂ (ਹਿੰਦੂ ਤੇ ਮੁਸਲਮਾਨ) ਦੇ ਅਧਾਰ ਤੇ ਵੰਡ ਦਿੱਤਾ ਸੀ, ਉਥੇ 650 ਦੇ ਕਰੀਬ ਰਿਆਸਤਾਂ ਬਾਰੇ ਕੋਈ ਫੈਸਲਾ ਨਹੀਂ ਕੀਤਾ ਸੀ, ਉਨ੍ਹਾਂ ਦੇ ਰਾਜਿਆਂ ਕੋਲ ਅਧਿਕਾਰ ਸੀ ਕਿ ਉਹ ਇੰਡੀਆ ਜਾਂ ਪਾਕਿਸਤਾਨ ਵਿੱਚ ਬਾਅਦ ਵਿੱਚ ਰਲ਼ ਜਾਣ ਜਾਂ ਆਜ਼ਾਦ ਰਹਿ ਸਕਦੇ ਹਨ। 1947 ਤੋਂ ਬਾਅਦ ਪਾਕਿਸਤਾਨ ਵਾਲੇ ਪਾਸੇ ਦੀਆਂ ਰਿਆਸਤਾਂ ਨੂੰ ਪਾਕਿਸਤਾਨ ਵਿੱਚ ਤੇ ਭਾਰਤ ਵਾਲੇ ਪਾਸੇ ਦੀਆਂ ਰਿਆਸਤਾਂ ਨੂੰ ਭਾਰਤ ਵਿੱਚ ਸ਼ਾਮਿਲ ਕਰ ਲਿਆ ਗਿਆ। ਇਨ੍ਹਾਂ ਵਿਚੋਂ ਕਿਸੇ ਨੂੰ ਸਤ੍ਹਾ ਦਾ ਲਾਲਚ ਦੇ ਕੇ ਤੇ ਕਿਸੇ ਨੂੰ ਧੱਕੇ ਨਾਲ ਤੇ ਕੁਝ ਆਪ ਹੀ ਰਲ਼ ਗਏ ਸਨ। ਉਸ ਵੇਲੇ ਕਸ਼ਮੀਰ ਵਿੱਚ ਰਾਜਾ ਗੁਲਾਬ ਸਿੰਘ ਦੇ ਪੜਪੋਤੇ ਰਾਜਾ ਹਰੀ ਸਿੰਘ ਦਾ ਰਾਜ ਸੀ। ਉਹ ਜੰਮੂ-ਕਸ਼ਮੀਰ-ਲਦਾਖ ਆਦਿ ਨੂੰ ਆਜ਼ਾਦ ਰਿਆਸਤ ਰੱਖਣਾ ਚਾਹੁੰਦਾ ਸੀ, ਪਰ ਮੌਜੂਦਾ ਆਜ਼ਾਦ ਕਸ਼ਮੀਰ (ਪਾਕਿਸਤਾਨ ਦੇ ਕਬਜ਼ੇ ਹੇਠਲੇ) ਵਾਲੇ ਪਾਸੇ ਦੇ ਮੁਸਲਮਾਨ, ਧਰਮ ਦੇ ਅਧਾਰ ਤੇ ਪਾਕਿਸਤਾਨ ਵਿੱਚ ਜਾਣਾ ਚਾਹੁੰਦੇ ਸਨ। ਅਗਸਤ 1947 ਦੇ ਇਸ ਬਟਵਾਰੇ ਤੋਂ ਕੁਝ ਦੇਰ ਬਾਅਦ ਹੀ ਅਕਤੂਬਰ 1947 ਵਿੱਚ ਕੁਝ ਕਬਾਈਲੀਆਂ, ਪਾਕਿਸਤਾਨੀ ਫੌਜ ਤੇ ਕਸ਼ਮੀਰ ਦੇ ਦੂਜੀ ਸੰਸਾਰ ਜੰਗ ਦੇ ਫੌਜੀਆਂ ਨੇ ਭਾਰਤ ਦੇ ਕਬਜ਼ੇ ਹੇਠਲੇ ਕਸ਼ਮੀਰ (ਜਿਥੇ ਮੁਸਲਮਾਨਾਂ ਦੀ 96% ਵਸੋਂ ਹੈ) ਨੂੰ ਹਿੰਦੂ ਰਾਜੇ ਹਰੀ ਸਿੰਘ ਤੋਂ ਆਜ਼ਾਦ ਕਰਾ ਕੇ ਪਾਕਿਸਤਾਨ ਵਿੱਚ ਸ਼ਾਮਲ ਕਰਨ ਲਈ ਹਮਲਾ ਕਰ ਦਿੱਤਾ, ਜਿਸਦਾ ਮੁਕਾਬਲਾ ਕਰਨ ਲਈ ਰਾਜਾ ਹਰੀ ਸਿੰਘ ਨੇ ਭਾਰਤ ਸਰਕਾਰ ਨਾਲ ਸਮਝੌਤਾ ਕਰ ਲਿਆ, ਜਿਸ ਤਹਿਤ ਭਾਰਤ ਨੇ ਆਪਣੀਆਂ ਫੌਜਾਂ ਕਸ਼ਮੀਰ ਭੇਜ ਦਿੱਤੀਆਂ, ਜਿਸ ਨਾਲ ਇਹ ਖਿੱਤਾ ਵਿਵਾਦਗ੍ਰਸਤ ਬਣ ਗਿਆ। 1947-48 ਵਿੱਚ ਕਸ਼ਮੀਰ ਮਸਲੇ ਤੇ ਭਾਰਤ-ਪਾਕ ਚੱਲ ਰਹੀ ਜੰਗ ਦੌਰਾਨ ਭਾਰਤ ਇਹ ਮਸਲਾ ਯੂਨਾਈਟਿਡ ਨੇਸ਼ਨ ਵਿੱਚ ਲੈ ਗਿਆ ਤੇ ਇਹ ਫੈਸਲਾ ਹੋਇਆ ਕਿ ਹਾਲਾਤ ਨਾਰਮਲ ਹੋਣ ਤੋਂ ਬਾਅਦ ਦੋਨਾਂ ਦੇਸ਼ਾਂ ਦੀਆਂ ਫੌਜਾਂ ਕਸ਼ਮੀਰ ਤੋਂ ਬਾਹਰ ਹੋ ਜਾਣਗੀਆਂ ਤੇ ਕਸ਼ਮੀਰ ਵਿੱਚ ਰਾਏ ਸ਼ੁਮਾਰੀ ਕਰਾਈ ਜਾਵੇਗੀ ਕਿ ਕਸ਼ਮੀਰ ਦੇ ਲੋਕ ਇੰਡੀਆ ਜਾਂ ਪਾਕਿਸਤਾਨ ਜਾਂ ਆਜ਼ਾਦ ਰਹਿਣਾ ਚਾਹੁੰਦੇ ਹਨ। ਇਸ ਸਮਝੌਤੇ ਤਹਿਤ ਜਿਥੇ ਜਿਸਦਾ ਕਬਜ਼ਾ ਸੀ, ਉਥੇ ਰਹਿਣ ਦਿੱਤਾ ਗਿਆ, ਇੱਕ ਲਾਈਨ ਆਫ ਕੰਟਰੋਲ ਮਿਥ ਕੇ ਬਾਰਡਰ ਬਣਾ ਦਿੱਤੇ ਗਏ। ਜੰਮੂ-ਕਸ਼ਮੀਰ ਦਾ ਤਕਰੀਬਨ 65% ਹਿੱਸਾ ਇੰਡੀਆ ਕੋਲ ਆ ਗਿਆ ਤੇ 35% ਹਿੱਸਾ ਪਾਕਿਸਤਾਨ ਕੋਲ ਚਲਾ ਗਿਆ। ਬਾਅਦ ਵਿੱਚ ਪਾਕਿਸਤਾਨ ਵਾਲੇ ਹਿੱਸੇ ਵਿਚੋਂ ਕੁਝ ਹਿੱਸਾ 'ਸਾਈਚਿਨ' ਹੁਣ ਚੀਨ ਦੇ ਕਬਜ਼ੇ ਹੇਠ ਹੈ। ਇਸ ਤਰ੍ਹਾਂ ਕਸ਼ਮੀਰ ਦੇ ਲੋਕ ਤਿੰਨ ਹਿੱਸਿਆਂ ਵਿੱਚ ਵੰਡੇ ਗਏ। 1957 ਵਿੱਚ ਇੰਡੀਆ ਨੇ ਰਾਇਸ਼ੁਮਰੀ ਤੋਂ ਮੁੱਕਰ ਕੇ ਬੇਈਮਾਨੀ ਕਰਦੇ ਹੋਏ, ਕਸ਼ਮੀਰੀਆਂ ਦੇ ਸ਼ੇਖ ਅਬਦੁੱਲਾ ਵਰਗੇ ਅਖੌਤੀ ਲੀਡਰਾਂ ਨੂੰ ਸਤ੍ਹਾ ਸੌਂਪ ਦਿੱਤੀ ਤੇ ਧਾਰਾ 370 ਲਾਗੂ ਕਰਕੇ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਅਧਿਕਾਰ ਦੇ ਦਿੱਤੇ ਗਏ। ਉਸ ਤੋਂ ਬਾਅਦ ਜਿਥੇ ਭਾਰਤੀ ਹਾਕਮ ਹਰ ਤਰ੍ਹਾਂ ਦੀ ਮਕਾਰੀ ਤੇ ਬੇਈਮਾਨੀ ਵਰਤ ਕੇ ਕਠਪੁਤਲੀ ਸਰਕਾਰਾਂ ਬਣਾਉਂਦੇ ਰਹੇ ਹਨ, ਉਥੇ ਪਾਕਿਸਤਾਨੀ ਹਾਕਮ ਇਸ ਮਸਲੇ ਨੂੰ ਆਪਣੇ ਰਾਜਨੀਤਕ ਹਿੱਤਾਂ ਲਈ ਵਰਤਦੇ ਹਨ। ਜੰਮੂ-ਕਸ਼ਮੀਰ ਤੇ ਲੇਹ-ਲਦਾਖ ਦੀ ਕੁੱਲ ਵਸੋਂ ਵਿਚੋਂ 70% ਮੁਸਲਮਾਨ ਵਸੋਂ ਹੈ, ਜਿਸ ਵਿਚੋਂ ਤਕਰੀਬਨ 25% ਹਿੰਦੂ, 3% ਬੋਧੀ ਤੇ 2% ਸਿੱਖ ਹਨ। ਕਸ਼ਮੀਰ ਵਾਦੀ ਵਿੱਚ ਤਕਰੀਬਨ 96% ਮੁਸਲਮਾਨ ਹਨ ਤੇ 2.5% ਕਸ਼ਮੀਰੀ ਪੰਡਤ ਅਤੇ 1.5 ਸਿੱਖ ਹਨ। ਇਸ ਤੋਂ ਸਪੱਸ਼ਟ ਹੈ ਕਿ ਇਸ ਸਾਰੇ ਇਲਾਕੇ ਵਿੱਚ ਮੁਸਲਮਨ ਬਹੁਮਤ ਹੈ ਤੇ ਵਾਦੀ ਵਿੱਚ ਖਾਸ ਤੌਰ ਸਾਰੀ ਮੁਸਲਿਮ ਆਬਾਦੀ ਹੈ। ਅਜਿਹੇ ਵਿੱਚ ਉਨ੍ਹਾਂ ਦੀ ਮਰਜ਼ੀ ਤੋਂ ਬਿਨਾਂ ਪਿਛਲ਼ੇ 70 ਸਾਲਾਂ ਤੋਂ ਕੇਂਦਰ ਦੀਆਂ ਸਰਕਾਰਾਂ ਉਨ੍ਹਾਂ ਨਾਲ ਧੋਖਾ ਕਰਦੀਆਂ ਆ ਰਹੀਆਂ ਹਨ। ਮੋਦੀ ਸਰਕਾਰ ਦਾ ਫੈਸਲਾ ਤਾਂ ਸਿਰੇ ਦੀ ਧੱਕੇਸ਼ਾਹੀ ਹੈ। ਪਾਕਿਸਤਾਨ, ਇੰਡੀਆ ਤੇ ਚੀਨ ਦੀਆਂ ਸਰਕਾਰਾਂ ਵਲੋਂ ਕਦੇ ਵੀ ਇਸ ਮਸਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ, ਸਗੋਂ ਇਸਨੂੰ ਆਪਣੇ ਆਪਣੇ ਰਾਜਨੀਤਕ ਹਿੱਤਾਂ ਤੋਂ ਵਰਤ ਰਹੀਆਂ ਹਨ, ਪਰ ਕਸ਼ਮੀਰੀ ਲੋਕ ਪਿਛਲ਼ੇ 70 ਸਾਲ ਤੋਂ ਮਰ ਰਹੇ ਹਨ, ਸਰਕਾਰੀ ਫੋਰਸਾਂ ਉਨ੍ਹਾਂ ਤੇ ਹਰ ਤਰ੍ਹਾਂ ਦਾ ਜ਼ੁਲਮ ਕਰਦੀਆਂ ਹਨ। ਐਮਨੈਸਟੀ ਇੰਟਰਨੈਸ਼ਨਲ ਤੇ ਹਿਊਮਨ ਰਾਈਟਸ ਵਾਚ ਵਰਗੀਆਂ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਸਥਾਵਾਂ ਅਨੁਸਾਰ ਕਸ਼ਮੀਰ ਵਿੱਚ ਸਰਕਾਰੀ ਫੌਜਾਂ ਤੇ ਸਕਿਉਰਿਟੀ ਫੋਰਸਾਂ ਵਲੋਂ ਔਰਤਾਂ ਨਾਲ ਬਲਾਤਕਾਰ ਤੇ ਗੈਂਗ ਰੇਪ ਆਮ ਵਰਤਾਰਾ ਹੈ। ਇੱਕ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ ਚੱਲ ਰਹੀਆਂ ਲਹਿਰਾਂ, ਲੜਾਈਆਂ, ਵਿਵਾਦਤ ਖਿੱਤਿਆਂ ਵਿੱਚ ਬੇਸ਼ਕ ਔਰਤਾਂ ਨਾਲ ਬਲਾਤਾਕਾਰ ਆਮ ਵਰਤਾਰਾ ਹੈ, ਪਰ ਕਸ਼ਮੀਰ ਵਿੱਚ ਇਹ ਵਰਤਾਰਾ ਕਈ ਗੁਣਾਂ ਵੱਧ ਤੇ ਜ਼ਾਲਮਾਨਾ ਹੈ। ਵੈਸੇ ਵੀ ਜੇ ਦੇਖਿਆ ਜਾਵੇ ਤਾਂ ਰਾਜਾ ਹਰੀ ਸਿੰਘ ਦਾ ਰਾਜ ਵੀ ਧੱਕੇਸ਼ਾਹੀ ਵਾਲਾ ਹੀ ਸੀ, ਕਿਉਂਕਿ 70% ਆਬਾਦੀ ਤਾਂ ਮੁਸਲਮਾਨਾਂ ਦੀ ਹੈ ਤੇ ਰਾਜ 2-3% ਡੋਗਰੇ ਕਰ ਰਹੇ ਸਨ, ਇਸ ਲਈ ਉਸ ਵਲੋਂ ਕੀਤੇ ਸਮਝੌਤਿਆਂ ਦਾ ਵੀ ਕੀ ਮਹੱਤਵ ਹੈ? ਕੁਲ-ਮਿਲਾ ਕੇ ਇਹੀ ਕਿਹਾ ਜਾ ਸਕਦਾ ਹੈ ਕਿ ਮੌਜੂਦਾ ਹਾਲਾਤਾਂ ਵਿੱਚ ਕਸ਼ਮੀਰ ਦੇ ਮੁਸਲਮਾਨਾਂ ਨਾਲ ਹਰ ਪੱਧਰ ਤੇ ਜ਼ਿਆਦਤੀ ਹੋ ਰਹੀ ਹੈ, ਉਨ੍ਹਾਂ ਦਾ ਕਿਹਾ ਜਾਂਦਾ ਧਰਤੀ ਤੇ ਸਵਰਗ ਅੱਜ ਨਰਕ ਬਣ ਚੁੱਕਾ ਹੈ।

ਅੱਜ ਦੁਨੀਆਂ ਦੀਆਂ ਵੱਡੀਆਂ ਤਾਕਤਾਂ ਤੇ ਲੋਕਤੰਤਰ ਦੇ ਅਖੌਤੀ ਲੰਬੜਦਾਰ ਪੱਛਮੀ ਦੇਸ਼ ਮੂੰਹ ਵਿੱਚ ਘੁੰਗਣੀਆਂ ਪਾਈ ਬੈਠੇ ਹਨ। ਉਨ੍ਹਾਂ ਲਈ ਆਰਥਿਕ ਹਿੱਤ ਮਨੁੱਖੀ ਜਾਨਾਂ, ਮਨੁੱਖੀ ਅਧਿਕਾਰਾਂ ਤੇ ਲੋਕਾਂ ਦੇ ਸਵੈ ਨਿਰਣੈ ਦੇ ਹੱਕ ਤੋਂ ਉਪਰ ਹਨ। ਜਿਥੇ ਉਨ੍ਹਾਂ ਦੇ ਆਪਣੇ ਹਿੱਤ ਜੁੜੇ ਹੁੰਦੇ ਹਨ, ਉਥੇ ਉਹ ਆਪ ਵੀ ਅਜਿਹੇ ਜੁਰਮ ਕਰਨ ਤੋਂ ਗੁਰੇਜ ਨਹੀਂ ਕਰਦੇ, ਪਰ ਆਪ ਲੋਕਤੰਤਰ ਦੇ ਬੁਰਕੇ ਹੇਠ ਸਾਊ ਤੇ ਸਭਿਅਕ ਬਣੀ ਬੈਠੇ ਹਨ। ਭਾਰਤ ਵਿੱਚ ਵੀ ਇੱਕ ਪਾਸੇ ਹਿੰਦੂਤਵੀ ਦਹਿਸ਼ਤ ਨਾਲ ਲੋਕ ਸਹਿਮ ਵਿੱਚ ਚੁੱਪ ਹਨ ਤੇ ਦੂਜੇ ਪਾਸੇ ਬਹੁ-ਗਿਣਤੀ ਭਾਈਚਾਰਾ ਇੰਡੀਆ ਨੂੰ 'ਹਿੰਦੂ ਰਾਸ਼ਟਰ' ਬਣਾ ਕੇ 1000 ਸਾਲ ਦੀ ਗੁਲਾਮੀ ਦੀ ਗਿਲਾਨੀ ਲਾਹੁਣ ਲਈ ਪੂਰੀ ਤਰ੍ਹਾਂ ਤਤਪਰ ਹੈ, ਉਨ੍ਹਾਂ ਲਈ ਹਿੰਦੂ ਰਾਸ਼ਟਰ ਦੇ ਏਜੰਡੇ ਦੀ ਪੂਰਤੀ ਲਈ ਕਿਸੇ ਹੱਦ ਤੱਕ ਵੀ ਜਾਣਾ ਪਵੇ ਤਾਂ ਉਹ ਜਾਣਗੇ। ਇਸ ਲਈ ਨਾਜ਼ੀ ਹਿਟਲਰ ਦੀ ਤਰਜ਼ ਤੇ ਹਰ ਪੱਖ ਦੀਆਂ ਵਿਰੋਧੀ ਧਿਰਾਂ ਨੂੰ ਚੁੱਪ ਕਰਾਇਆ ਜਾ ਰਿਹਾ ਹੈ, ਕਿਸੇ ਨੂੰ ਸਰਕਾਰੀ ਤਾਕਤ ਤੇ ਕਿਸੇ ਨੂੰ ਪੈਸੇ ਦੀ ਤਕਾਤ ਨਾਲ। ਭਾਰਤੀ ਮੀਡੀਆ ਪੂਰੀ ਤਰ੍ਹਾਂ ਗੋਦੀ (ਮੋਦੀ) ਮੀਡੀਆ ਬਣ ਚੁੱਕਾ ਹੈ। ਹਿੰਦੂਤਵਾ ਫੋਰਸਾਂ ਦੀ ਨਾਜ਼ੀ ਤਰਜ ਤੇ ਪ੍ਰਾਪੇਗੰਡਾ ਮਸ਼ਿਨਰੀ ਪੂਰੀ ਤਰ੍ਹਾਂ ਸਰਗਰਮ ਹੈ। ਅਜੇ ਉਹ ਦੇਖ ਰਹੇ ਹਨ ਕਿ ਕਸ਼ਮੀਰ ਵਿੱਚੋਂ ਧਾਰਾ 370 ਹਟਾਉਣ ਨਾਲ ਇੰਡੀਆ ਵਿਚੋਂ ਵਿਰੋਧੀ ਪਾਰਟੀਆਂ, ਕਸ਼ਮੀਰ ਵਿਚੋਂ ਮੁਸਲਮਾਨਾਂ, ਪਾਕਿਸਤਾਨ, ਚੀਨ, ਰਸ਼ੀਆ, ਅਮਰੀਕਾ, ਇੰਗਲੈਂਡ ਆਦਿ ਦਾ ਕੀ ਪ੍ਰਤੀਕਰਮ ਆਵੇਗਾ। ਜੇ ਸਭ ਚੁੱਪ ਰਹਿਣਗੇ ਜਾਂ ਆਪਣੀਆਂ ਗਿਣਤੀਆਂ-ਮਿਣਤੀਆਂ ਕਰਨਗੇ ਤਾਂ ਸਾਡੀ ਰਾਜਨੀਤਕ ਸਮਝ ਅਨੁਸਾਰ ਮੋਦੀ-ਸ਼ਾਹ ਸਰਕਾਰ ਦੇ ਅਗਲੇ ਕਦਮ ਇਹ ਹੋ ਸਕਦੇ ਹਨ:

ਇੰਡਸ ਵਾਟਰ ਟਰੀਟੀ ਨੂੰ ਖਤਮ ਕਰਨਾ (ਜਿਸ ਅਨੁਸਾਰ ਇੰਡੀਆ ਤੇ ਪਾਕਿਸਤਾਨ ਵਿੱਚ ਵਗਦੇ 6 ਦਰਿਆਵਾਂ ਦੇ ਪਾਣੀਆਂ ਨੂੰ ਵਰਤਣ ਦੀ ਵੰਡ ਕੀਤੀ ਗਈ ਸੀ, ਇਸ ਅਨੁਸਾਰ ਬਿਆਸ, ਰਾਵੀ, ਸਤਲੁਜ ਉਤੇ ਇੰਡੀਆ ਦਾ ਅਧਿਕਾਰ ਹੈ ਤੇ ਇੰਡਸ, ਜੇਹਲਮ, ਝਨਾਅ ਉਤੇ ਪਾਕਿਸਤਾਨ ਦਾ।ਪਰ ਇਹ ਦਰਿਆ ਇੰਡੀਆ 'ਚੋਂ ਨਿਕਲਦੇ ਹਨ, ਇਸ ਲਈ ਇਹ ਸੰਧੀ ਖਤਮ ਕਰਕੇ ਪਾਕਿਸਤਾਨ ਨੂੰ ਆਰਥਿਕ ਤੌਰ 'ਤੇ ਮਾਰਿਆ ਜਾਵੇਗਾ।

ਪਾਕਿਸਤਾਨ ਵਾਲੇ ਆਜ਼ਾਦ ਕਸ਼ਮੀਰ, ਗਿਲਗਿਤ, ਬਾਲਿਸਤਾਨ ਨੂੰ ਫੌਜੀ ਹਮਲਾ ਕਰਕੇ ਭਾਰਤ ਵਿੱਚ ਰਲਾਉਣ ਦੀ ਕਾਰਵਾਈ ਕੀਤੀ ਜਾਵੇਗੀ ਤੇ ਚੀਨ ਦੇ ਕਬਜੇ ਹੇਠਲੇ ਸਾਈਚਿਨ ਦਾ ਕੰਟਰੋਲ ਲੈਣ ਲਈ ਵੀ ਹਮਲਾ ਕੀਤਾ ਜਾ ਸਕਦਾ ਹੈ।

ਬਾਬਰੀ ਮਸਜਿਦ ਦੀ ਥਾਂ ਤੇ ਰਾਮ ਮੰਦਰ ਬਣਾਇਆ ਜਾਵੇਗਾ।ਇਸ ਤੋਂ ਬਾਅਦ ਹੋਰ ਕਈ ਮਸਜਿਦਾਂ ਵੀ ਉਨ੍ਹਾਂ ਦੇ ਨਿਸ਼ਾਨੇ ਤੇ ਹਨ।

ਦਲਿਤਾਂ, ਅਛੂਤਾਂ, ਅਨੁਸੂਚਿਤ ਜਾਤੀਆਂ, ਆਦਿ ਵਾਸੀਆਂ ਆਦਿ ਨੂੰ ਰਾਖਵੇਂਕਰਨ (ਰਿਜ਼ਰਵੇਸ਼ਨ) ਰਾਹੀਂ ਮਿਲੇ ਹੋਏ ਖਾਸ ਅਧਿਕਾਰ ਖਤਮ ਕੀਤੇ ਜਾਣ ਲਈ ਯਤਨ ਹੋਣਗੇ ਜਾਂ ਇਨ੍ਹਾਂ ਦੀ ਅਹਿਮੀਅਤ ਖਤਮ ਕਰ ਦਿੱਤੀ ਜਾਵੇਗੀ।

'ਯੂਨੀਫਾਰਮ ਸਿਵਲ ਕੋਡ' ਲਾਗੂ ਕੀਤਾ ਜਾਵੇਗਾ ਤਾਂ ਕਿ ਹਿੰਦੂ ਧਰਮ ਤੇ ਕਲਚਰ ਨੂੰ ਬਾਕੀ ਸਭ ਲੋਕਾਂ ਤੇ ਥੋਪਿਆ ਜਾਵੇ। ਇਸ ਲਈ ਸਭ ਤੋਂ ਪਹਿਲਾਂ 'ਮੁਸਲਿਮ ਪਰਸਨਲ ਲਾਅ' ਖਤਮ ਕੀਤਾ ਜਾਵੇਗਾ ਤੇ ਫਿਰ ਧਾਰਾ 25 ਖਤਮ ਕੀਤੀ ਜਾਵੇਗੀ, ਜਿਸ ਰਾਹੀਂ ਘੱਟ ਗਿਣਤੀ ਧਾਰਮਿਕ ਫਿਰਕਿਆਂ ਨੂੰ ਆਪਣੇ ਧਰਮ ਨੂੰ ਪ੍ਰੈਕਟਿਸ ਕਰਨ ਦੇ ਅਧਿਕਾਰ ਮਿਲੇ ਹੋਏ ਹਨ। ਇੱਕ ਨਵੇਂ ਢੰਗ ਨਾਲ ਹਿੰਦੂ ਰਾਸ਼ਟਰ ਵਿੱਚ ਬਾਕੀ ਧਾਰਮਿਕ ਫਿਰਕਿਆਂ ਦੇ ਅਧਿਕਾਰਾਂ ਨੂੰ ਸੀਮਤ ਕੀਤਾ ਜਾਵੇਗਾ ਤੇ ਹਿੰਦੂਤਵ ਨੂੰ ਸਭ ਤੇ ਠੋਸਿਆ ਜਾਵੇਗਾ।

ਭਾਰਤੀ ਸੰਵਿਧਾਨ ਦੀ ਧਰਮ ਨਿਰਪੱਖ ਤੇ ਮਲਟੀ ਕਲਚਰਲ ਸਪਰਿਟ ਨੂੰ ਖਤਮ ਕਰਕੇ ਇੱਕ ਧਰਮੀ ਦੇਸ਼ ਬਣਾਇਆ ਜਾਵੇਗਾ। ਜਿਸ ਨਾਲ ਰਾਜ ਦਾ ਧਰਮ 'ਹਿੰਦੂ' ਹੋਵੇਗਾ। ਜਿਸ ਤਰ੍ਹਾਂ ਪਾਕਿਸਤਾਨ ਜਾਂ ਅਰਬ ਦੇ ਕਈ ਦੇਸ਼ਾਂ ਵਿੱਚ 'ਇਸਲਾਮ' ਸਟੇਟ ਦਾ ਧਰਮ ਹੈ।

ਦੇਸ਼ ਵਿੱਚ ਦੋ ਤਰ੍ਹਾਂ ਦੀ ਸਿਟੀਜ਼ਨਸ਼ਿਪ ਲਾਗੂ ਕੀਤੀ ਜਾਵੇਗੀ, ਇੱਕ ਹਿੰਦੂਆਂ (ਭਾਰਤ ਵਿੱਚ ਪੈਦਾ ਹੋਏ ਧਰਮਾਂ: ਬੋਧੀ, ਜੈਨੀ, ਸਿੱਖ ਆਦਿ ਲਈ) ਤੇ ਦੂਜੀ ਬਾਹਰੋਂ ਆਏ ਧਰਮਾਂ (ਇਸਲਾਮ ਤੇ ਕਰਿਸਚੈਨਟੀ ਆਦਿ) ਨੂੰ ਮੰਨਣ ਵਾਲਿਆਂ ਦੀ ਹੋਵੇਗੀ।

ਹਿੰਦੂ ਧਰਮ, ਕਲਚਰ, ਸਭਿਅਤਾ ਤੇ ਉਸਦੀਆਂ ਮਾਨਤਾਵਾਂ ਅਧਾਰਿਤ ਐਜੂਕੇਸ਼ਨ ਸਿਸਟਮ ਸਾਰੇ ਭਾਰਤ ਵਿਚ ਲਾਗੂ ਕੀਤਾ ਜਾਵੇਗਾ।

ਮੋਦੀ ਸਰਕਾਰ ਦੇ ਕਸ਼ਮੀਰ ਬਾਰੇ ਫੈਸਲੇ ਅਤੇ ਪਹਿਲਾਂ ਲਏ ਜਾ ਰਹੇ ਫੈਸਲਿਆਂ ਦਾ ਜੇ ਕੋਈ ਖੁੱਲ੍ਹ ਵਿਰੋਧ ਕਰ ਰਿਹਾ ਹੈ ਤਾਂ ਖੱਬੇ ਪੱਖੀ ਇਨਕਲਾਬੀ ਤੇ ਸਿੱਖ ਇਨਕਲਾਬੀ ਧਿਰਾਂ (ਖਾਸਕਰ ਵਿਦੇਸ਼ੀ ਸਿੱਖ) ਕਰ ਰਹੀਆਂ ਹਨ, ਇਸ ਲਈ ਆਉਣ ਵਾਲੇ ਸਮੇਂ ਵਿੱਚ ਮੁਸਲਮਾਨਾਂ ਤੋਂ ਬਾਅਦ ਉਹ ਹੀ ਨਿਸ਼ਾਨੇ ਤੇ ਰਹਿਣਗੇ।

ਜੇ ਮੋਦੀ-ਸ਼ਾਹ ਦੇ ਕੰਮ ਕਰਨ ਦੇ ਢੰਗ, ਬਹੁਮਤ ਨਾਲ ਦੁਬਾਰਾ ਪਾਵਰ ਵਿੱਚ ਆਉਣ ਦੇ ਤਰੀਕੇ ਤੇ ਵਿਰੋਧੀ ਧਿਰਾਂ ਖਤਮ ਕਰਨ ਦੀਆਂ ਨੀਤੀਆਂ ਨੂੰ ਦੇਖੋ ਅਤੇ ਨਾਜ਼ੀ ਹਿਟਲਰ ਦੇ ਉਭਾਰ ਤੋਂ ਲੈ ਕੇ 60 ਲੱਖ ਯਹੂਦੀਆਂ (ਤੇ ਹੋਰ ਘੱਟ ਗਿਣਤੀਆਂ) ਨੂੰ ਮਾਰਨ ਤੇ ਦੂਜੀ ਸੰਸਾਰ ਜੰਗ ਲਾਉਣ ਤੱਕ ਦੇ ਸਾਰੇ ਵਰਤਾਰਿਆਂ ਨੂੰ ਇਤਹਿਾਸਕ ਪ੍ਰਸੰਗ ਵਿੱਚ ਦੇਖੋ ਤਾਂ ਤੁਹਾਨੂੰ ਮੋਦੀ-ਸ਼ਾਹ ਤੇ ਹਿਟਲਰ-ਮੁਸੋਲੀਨੀ ਵਿੱਚ ਕੋਈ ਫਰਕ ਨਜ਼ਰ ਨਹੀਂ ਆਵੇਗਾ। ਸਭ ਕੁਝ ਉਸੇ ਪੈਟਰਨ ਤੇ ਕੀਤਾ ਜਾ ਰਿਹਾ ਹੈ ਅਤੇ ਸਾਡੇ ਅਨੁਸਾਰ ਨਤੀਜੇ ਵੀ ਉਸੇ ਅਨੁਸਾਰ ਆਉਣਗੇ। ਜੇ ਪੱਛਮੀ ਤਾਕਤਾਂ ਨਾਜੀ ਤੇ ਫਾਸ਼ੀ ਤਾਕਤਾਂ ਦੇ ਉਭਾਰ ਵੇਲੇ ਕਾਰਵਾਈ ਕਰਦੀਆਂ ਤਾਂ ਦੂਜੀ ਸੰਸਾਰ ਜੰਗ ਨਾ ਹੁੰਦੀ। ਮੇਰਾ ਇਹ ਪੱਕਾ ਵਿਸ਼ਵਾਸ਼ ਹੈ ਕਿ ਜੇ ਭਵਿੱਖ ਵਿੱਚ ਤੀਜੀ ਸੰਸਾਰ ਜੰਗ ਲਗਦੀ ਹੈ ਤਾਂ ਭਾਰਤ ਦਾ ਹਿੰਦੂ ਰਾਸ਼ਟਰ ਦਾ ਇਸਦਾ ਪ੍ਰਮੁੱਖ ਕਾਰਨ ਹੋਵੇਗਾ। ਆਰ ਐਸ ਐਸ ਦੇ ਦੂਜੇ ਮੁੱਖੀ ਐਮ ਐਸ ਗੋਲਵਲਕਰ ਨੇ ਆਪਣੀ ਕਿਤਾਬ 'ਬੰਚ ਆਫ ਥਾਟਸ' ਵਿੱਚ ਕਿਹਾ ਸੀ ਕਿ ਭਾਰਤ ਵਿੱਚ ਘੱਟ ਗਿਣਤੀਆਂ ਦੇ ਮਸਲਿਆਂ ਦਾ ਹੱਲ ਉਹੀ ਹੈ, ਜੋ ਹਿਟਲਰ ਨੇ ਜਰਮਨੀ ਵਿੱਚ ਯਹੂਦੀਆਂ ਤੇ ਕੌਮਨਿਸਟਾਂ ਲਈ ਕੱਢਿਆ ਸੀ। ਇਸ ਤੋਂ ਸਪੱਸ਼ਟ ਹੈ ਕਿ ਨਾਜੀ ਤੇ ਫਾਸ਼ੀ ਸੋਚ ਨੂੰ ਪ੍ਰਨਾਈ ਹੋਈ ਆਰ ਐਸ ਐਸ ਦੀ ਅਗਵਾਈ ਵਾਲੀ ਮੋਦੀ-ਸ਼ਾਹ ਸਰਕਾਰ ਉਹੀ ਕੁਝ ਕਰੇਗੀ, ਜੋ ਨਾਜੀਆਂ ਨੇ ਜਰਮਨੀ ਤੇ ਫਾਸ਼ੀਆਂ ਨੇ ਇਟਲੀ ਵਿੱਚ ਕੀਤਾ ਸੀ। ਬੇਸ਼ਕ ਸਾਨੂੰ ਕੋਈ ਬਹੁਤੀ ਆਸ ਨਹੀਂ ਦਿਸ ਰਹੀ, ਪਰ ਫਿਰ ਵੀ ਇਹ ਕਹਿਣਾ ਬਣਦਾ ਹੈ ਕਿ ਇੰਡੀਆ ਵਿੱਚ ਧਾਰਮਿਕ ਘੱਟ ਗਿਣਤੀਆਂ (ਖਾਸਕਰ ਸਿੱਖਾਂ), ਸੈਕੂਲਰ ਤਾਕਤਾਂ, ਖੱਬੇ ਪੱਖੀ ਇਨਕਲਾਬੀ ਲੋਕਾਂ ਨੂੰ ਸਾਰੇ ਬਾਕੀ ਮਸਲੇ ਪਾਸੇ ਰੱਖ ਕੇ ਨਿਊ ਨਾਜ਼ੀ ਰੱਥ ਰੋਕਣ ਲਈ ਯਤਨ ਕਰਨ ਦੀ ਲੋੜ ਹੈ। ਅੰਤਰ ਰਾਸ਼ਟਰੀ ਪੱਧਰ ਤੇ ਜਿਥੋਂ ਵੀ ਹਮਾਇਤ ਮਿਲ ਸਕਦੀ ਹੈ, ਲੈਣ ਦੀ ਲੋੜ ਹੈ। ਅੰਤਰ ਰਾਸ਼ਟਰੀ ਭਾਈਚਾਰੇ ਨੂੰ ਨੀਂਦ 'ਚੋਂ ਜਗਾਉਣ ਲਈ ਪ੍ਰਵਾਸੀ ਨੂੰ ਭਾਈਚਾਰੇ ਨੂੰ ਯਤਨ ਕਰਨ ਦੀ ਲੋੜ ਹੈ। ਨਹੀਂ ਤਾਂ ਫਿਰ ਇਹੀ ਹੋਵੇਗਾ: 'ਲਮਹੋਂ ਨੇ ਖਤਾ ਕੀ, ਸਦੀਉਂ ਨੇ ਸਜ਼ਾ ਪਾਈ'। ਹੁਣ ਅੱਛੇ ਨਹੀਂ, ਬੁਰੇ ਦਿਨ ਆਨੇ ਵਾਲੇ ਹੈਂ, ਭਾਰਤ ਵਾਸੀਓ!

# ਕੀ ਕਸ਼ਮੀਰੀ ਬੇਟੀਆਂ 'ਪ੍ਰਾਪਰਟੀ' ਹਨ ?

ਡਾ. ਹਰਸ਼ਿੰਦਰ ਕੌਰ
0175-2216783





ਇਤਿਹਾਸ ਗਵਾਹ ਹੈ ਕਿ ਧਾਰਮਕ ਦੰਗਿਆਂ ਅਤੇ ਜੰਗਾਂ ਵਿਚ ਸਭ ਤੋਂ ਵੱਧ ਮਾਰ ਔਰਤਾਂ ਅਤੇ ਬੱਚੀਆਂ ਸਹਿੰਦੀਆਂ ਹਨ। 'ਵੈਲੀ ਆਫ਼ ਵਿਡੋਜ਼' ਕੋਲੰਬੀਆ ਵਿਚਲੀਆਂ ਉਨ੍ਹਾਂ ਵਿਧਵਾਵਾਂ ਦੀ ਬਸਤੀ ਹੈ ਜਿੱਥੇ ਔਰਤਾਂ ਦੇ ਪਤੀ ਨਹੀਂ ਰਹੇ ਅਤੇ ਨਾ ਹੀ ਕੋਈ ਜ਼ਮੀਨ ਤੇ ਕਮਾਈ ਦਾ ਸਾਧਨ। ਇਹ ਸਭ ਖਾਨਾਜੰਗੀ ਅਤੇ ਨਸ਼ਿਆਂ ਦੀ ਭੇਟ ਚੜ੍ਹ ਗਿਆ।

ਬੋਸਨੀਆ ਵਿਚ ਵੀ ਚੱਲੇ ਕਤਲੇਆਮ ਦੌਰਾਨ ਅਣਗਿਣਤ ਔਰਤਾਂ ਦੇ ਬਲਾਤਕਾਰ ਹੋਏ, ਬਥੇਰੀਆਂ ਚੁਕੀਆਂ ਗਈਆਂ, ਕੈਂਪਾਂ ਵਿਚ ਜਬਰੀ ਸਰੀਰਕ ਸ਼ੋਸ਼ਣ ਰਾਹੀਂ ਉਨ੍ਹਾਂ ਦੇ ਸਰੀਰਾਂ ਅੰਦਰ ਦੂਜੇ ਪਾਸੇ ਵਾਲਿਆਂ ਨੇ ਆਪਣੇ ਅੰਸ਼ ਛਡਣੇ ਚਾਹੇ ਤਾਂ ਜੋ ਨਸਲ ਦਾ ਨਾਸ ਮਾਰਿਆ ਜਾ ਸਕੇ। ਰਵਾਂਡਾ ਵਿਚ ਔਰਤਾਂ ਦਾ ਸਮੂਹਕ ਬਲਾਤਕਾਰ ਕਰ ਕੇ ਉਨ੍ਹਾਂ ਨੂੰ ਏਡਜ਼ ਦੀ ਬੀਮਾਰੀ ਦੇ ਦਿਤੀ ਗਈ ਤਾਂ ਜੋ ਨਸਲਕੁਸ਼ੀ ਹੋ ਸਕੇ। ਟਿਮੋਰ, ਕੌਂਗੋ ਅਤੇ ਗੁਟਮਲਾ ਦੀ ਵੀ ਕਹਾਣੀ ਕੋਈ ਵੱਖ ਨਹੀਂ ਸੀ। ਔਰਤਾਂ ਦਾ ਜੋ ਹਾਲ ਹੋਇਆ, ਉੱਥੇ ਬਲਾਤਕਾਰਾਂ ਦੀ ਗਿਣਤੀ ਕਰਨੀ ਔਖੀ ਹੋ ਗਈ ਸੀ।

ਕਿਵੇਂ ਹੋਸਟਲਾਂ ਨੂੰ ਹਰਮਾਂ ਵਿਚ ਤਬਦੀਲ ਕਰ ਕੇ ਬੱਚੀਆਂ ਉਦੋਂ ਤਕ ਬੰਦ ਰਖੀਆਂ ਜਾਂਦੀਆਂ ਜਦ ਤਕ ਉਨ੍ਹਾਂ ਦਾ ਗਰਭ ਨਾ ਠਹਿਰ ਜਾਂਦਾ ਤਾਂ ਜੋ ਉੱਥੇ ਦੇ ਲੋਕਾਂ ਦਾ ਬੀਜ ਨਾਸ ਕੀਤਾ ਜਾ ਸਕੇ। ਦੁਨੀਆਂ ਵਿਚ ਕਿਤੇ ਵੀ ਜਦੋਂ ਖਾਨਾਜੰਗੀ ਹੋਵੇ, ਘਰੇਲੂ ਹਿੰਸਾ, ਰਿਸ਼ਤੇਦਾਰੀ ਵਿਚ ਪਾੜ, ਵਪਾਰ ਵਿਚ ਤ੍ਰੇੜ, ਗੱਲ ਕੀ ਹਰ ਥਾਂ ਸਿਰਫ਼ ਔਰਤਾਂ ਦੀ ਪੱਤ ਲੁੱਟਣ, ਜ਼ਲੀਲ ਕਰਨ ਅਤੇ ਕਤਲ ਕਰ ਕੇ ਉਸ ਦੇ ਸਰੀਰ ਦੀ ਨੁਮਾਇਸ਼ ਕਰਨ ਨੂੰ ਹੀ ਜੰਗ ਜਿੱਤਣ ਦਾ ਨਾਂ ਦੇ ਦਿਤਾ ਗਿਆ ਹੈ। ਲੁੱਟ-ਖਸੁੱਟ ਕਰਨ ਦਾ ਮਤਲਬ ਹੀ ਇਹੋ ਮੰਨ ਲਿਆ ਗਿਆ ਹੈ ਕਿ ਹਰ ਨਜ਼ਰੀਂ ਪਈ ਬੱਚੀ ਦਾ ਜਬਰਨ ਸ਼ਿਕਾਰ ਕੀਤਾ ਜਾਵੇ।

ਇਹੀ ਕਾਰਨ ਸੀ ਕਿ ਸੰਨ 1947 ਵਿਚ ਭਾਰਤ-ਪਾਕਿ ਵੰਡ ਵੇਲੇ ਪਿਤਾਵਾਂ ਨੇ ਆਪਣੀਆਂ ਵਹੁਟੀਆਂ, ਮਾਵਾਂ ਅਤੇ ਧੀਆਂ ਜ਼ਹਿਰ ਦੇ ਕੇ ਮਾਰ ਛਡੀਆਂ ਜਾਂ ਕਿਰਪਾਨਾਂ ਨਾਲ ਵੱਢ ਦਿਤੀਆਂ ਅਤੇ ਜਾਂ ਔਰਤਾਂ ਨੇ ਹੀ ਖੂਹ ਵਿਚ ਛਾਲ ਮਾਰ ਕੇ ਜਾਨ ਦੇ ਦਿਤੀ। ਅਜਿਹੇ ਹੱਲਿਆਂ ਵਿਚ ਨਾ 9 ਮਹੀਨਿਆਂ ਦੀ ਬਾਲੜੀ ਬਖ਼ਸ਼ੀ ਜਾਂਦੀ ਹੈ ਅਤੇ ਨਾ ਹੀ 90 ਵਰ੍ਹਿਆਂ ਦੀ ਮਾਂ। 1984 ਵਿਚ ਇਹ ਵੇਖਣ ਵਿਚ ਆਇਆ ਕਿ ਮੁਹੱਲੇ ਦੇ ਲੋਕ ਹੀ ਧਾੜਵੀਆਂ ਵਿਚ ਸ਼ਾਮਲ ਹੋ ਕੇ ਆਪਣੀਆਂ ਹੀ ਗੁਆਂਢਣਾਂ, ਜੋ ਉਨ੍ਹਾਂ ਨੂੰ ਭਰਾ ਜਾਂ ਪਿਉ ਆਖਦੀਆਂ ਸਨ, ਦੀ ਪੱਤ ਲੁੱਟਣ ਨੂੰ ਕਾਹਲੇ ਹੋਏ ਪਏ ਸਨ।

ਯਾਨੀ ਜਦੋਂ ਇਨਸਾਨੀਅਤ ਦੇ ਪਤਲੇ ਜਿਹੇ ਵਰਕ ਦਾ ਮੁਖੌਟਾ ਉਤਰਦਾ ਹੈ ਤਾਂ ਹੇਠੋਂ ਹੈਵਾਨ ਦਾ ਅਸਲ ਚਿਹਰਾ ਸਾਹਮਣੇ ਆ ਜਾਂਦਾ ਹੈ। ਇਹੋ ਅਸਲੀਅਤ ਹੈ। ਚੁਫ਼ੇਰੇ ਫਿਰਦੇ ਸਭਿਅਕ ਅਖਵਾਉਂਦੇ ਲੋਕ ਉਦੋਂ ਤਕ ਹੀ ਸਭਿਅਕ ਰਹਿੰਦੇ ਹਨ ਜਦੋਂ ਤਕ 'ਮੌਕਾ' ਨਹੀਂ ਮਿਲਦਾ। ਕਿੰਨੀ ਵੀ ਉੱਚੀ ਪਦਵੀ ਹੋਵੇ,ਮਜ਼ਲੂਮ ਸਾਹਮਣੇ ਵੇਖ ਕੇ ਸ਼ਿਕਾਰ ਕੀਤੇ ਬਗ਼ੈਰ ਰਿਹਾ ਨਹੀਂ ਜਾਂਦਾ! ਇਸ ਕੌੜੀ ਹਕੀਕਤ ਨੂੰ ਬੇਪਰਦਾ ਕਰਦਿਆਂ ਬਹੁਤ ਜਣੇ ਉੱਚੀ-ਉੱਚੀ ਚੀਕਦੇ, ਰੌਲਾ ਪਾਉਂਦੇ ਹਨ ਕਿਉਂਕਿ ਉਨ੍ਹਾਂ ਨੂੰ ਆਪਣਾ ਆਪ ਨੰਗਾ ਹੋਇਆ ਜਾਪਦਾ ਹੈ। ਕੋਈ ਵੀ ਜਣਾ ਕਿਆਸ ਲਾ ਸਕਦਾ ਹੈ ਕਿ ਅਜਿਹੀ ਹੈਵਾਨੀਅਤ ਦੀਆਂ ਸ਼ਿਕਾਰ ਔਰਤਾਂ ਕਿਸ ਬਦਲਾ ਲਊ ਸੋਚ ਨਾਲ ਵਿਚਰ ਰਹੀਆਂ ਹੋਣਗੀਆਂ ਅਤੇ ਅੱਗੋਂ ਕੀ ਕਹਿਰ ਢਾਅ ਸਕਦੀਆਂ ਹਨ।

ਬਦਲਾ ਲਊ ਨੀਤੀ ਨਾਲ ਉੱਠੀ ਔਰਤ ਜ਼ਹਿਰੀਲੇ ਸੱਪ ਤੋਂ ਵੱਧ ਤਿੱਖਾ ਡੰਗ ਮਾਰਦੀ ਹੈ ਅਤੇ ਉਹ ਵੀ ਪੂਰੀ ਨੀਤੀ ਘੜ ਕੇ। ਉਹ ਨਿਸ਼ਾਨਾ ਸੇਧਦੀ ਹੈ ਅਤੇ ਉਸ ਨੂੰ ਪੂਰਾ ਕਰਨ ਲਈ ਸਹਿਜ ਤੇ ਸਿਆਣਪ ਨਾਲ ਸਮਾਂ ਚੁਣਦੀ ਹੈ ਤਾਂ ਜੋ ਚੂਕ ਨਾ ਹੋ ਜਾਵੇ। ਉਹ ਵਾਰ ਵੀ ਸਿਰਫ਼ ਉਨ੍ਹਾਂ 'ਤੇ ਕਰਦੀ ਹੈ ਜੋ ਉਸ ਉੱਤੇ ਜ਼ੁਲਮ ਢਾਅ ਕੇ ਹਟੇ ਹੋਣ। ਇਹ ਵੇਖਣ ਵਿਚ ਆਇਆ ਹੈ ਕਿ ਵੱਡੀ ਗਿਣਤੀ ਔਰਤਾਂ ਦੀ ਸੋਚ ਕੁੱਝ ਵੱਖ ਹੁੰਦੀ ਹੈ। ਯੂਨੀਫੈਮ ਦੀ ਸ਼ਾਂਤੀ ਦੀ ਟਾਰਚ ਜਦੋਂ ਬਲਾਤਕਾਰ ਪੀੜਤ ਅਫ਼ਰੀਕਨ ਔਰਤਾਂ ਨਾਲ ਬਾਲੀ ਗਈ ਅਤੇ ਜਦੋਂ ਬੀਜਿੰਗ ਵਿਖੇ 1995 ਵਿਚ ਚੌਥੀ ਵਿਸ਼ਵ ਔਰਤਾਂ ਦੀ ਕਾਨਫ਼ਰੰਸ ਦੌਰਾਨ ਇਸ ਗੱਲ ਦਾ ਪ੍ਰਗਟਾਵਾ ਹੋਇਆ ਤਾਂ ਦੁਨੀਆਂ ਦੰਗ ਰਹਿ ਗਈ।

ਲਗਭਗ ਹਰ ਔਰਤ ਆਪਣੀ ਪੀੜ ਨੂੰ ਉਸਾਰੂ ਸੋਚ ਦੇ ਰਹੀ ਸੀ। ਹੋਰ ਜੰਗ ਜਾਂ ਬਦਲਾ ਲਊ ਨੀਤੀ ਦੀ ਥਾਂ ਚੰਗੇ ਸ਼ਹਿਰੀ ਪੈਦਾ ਕਰਨ ਅਤੇ ਨਵਾਂ ਸਮਾਜ ਸਿਰਜਣ ਦੀ ਗੱਲ ਕੀਤੀ ਗਈ, ਜਿੱਥੇ ਹਰ ਔਰਤ ਵਧੀਆ ਮਾਂ ਬਣ ਕੇ ਆਪਣੇ ਪੁੱਤਰ ਜਾਂ ਧੀ ਲਈ ਰਾਹ ਦਸੇਰਾ ਬਣਨ ਲਈ ਤਿਆਰ ਸੀ ਕਿ ਅੱਗੋਂ ਤੋਂ ਅਜਿਹਾ ਜ਼ੁਲਮ ਉਨ੍ਹਾਂ ਦੇ ਕੁੱਖੋਂ ਜੰਮਿਆ ਪੁੱਤਰ ਕਿਸੇ ਧੀ ਉੱਤੇ ਨਾ ਕਰੇ। ਸਪੱਸ਼ਟ ਸੀ ਕਿ ਆਪਣੀ ਪੀੜ ਨੂੰ ਔਰਤਾਂ ਨੇ ਵਿਸ਼ਵ ਸ਼ਾਂਤੀ ਦੇ ਪੁਲ ਦੀ ਉਸਾਰੀ ਲਈ ਵਰਤ ਲਿਆ ਸੀ। ਇਹ ਔਰਤਾਂ ਇਕ-ਦੂਜੇ ਦਾ ਸਹਾਰਾ ਆਪ ਹੀ ਬਣੀਆਂ ਸਨ ਕਿਉਂਕਿ ਮਰਦਾਂ ਵਲੋਂ ਉਨ੍ਹਾਂ ਨੂੰ ਸਿਰਫ਼ 'ਵਰਤਣ' ਵਾਲੀ ਸ਼ੈਅ ਮੰਨ ਲਿਆ ਗਿਆ ਸੀ। ਸੱਭ ਨੂੰ ਤ੍ਰਿਸਕਾਰ ਹੀ ਹਾਸਲ ਹੋਇਆ ਸੀ।

ਇਨ੍ਹਾਂ ਵਿਚੋਂ ਪੜ੍ਹੀਆਂ ਲਿਖੀਆਂ ਔਰਤਾਂ ਨੇ ਆਪਣੇ ਨਾਲ ਦੀਆਂ ਅਨਪੜ੍ਹ ਔਰਤਾਂ ਨੂੰ ਪੜ੍ਹਾਉਣ ਦਾ ਜ਼ਿੰਮਾ ਆਪ ਚੁਕਿਆ। ਨਤੀਜੇ ਵਜੋਂ 90 ਫ਼ੀਸਦੀ ਪੇਂਡੂ ਔਰਤਾਂ ਪੜ੍ਹ-ਲਿਖ ਗਈਆਂ ਅਤੇ ਆਪਣੇ ਹੱਕਾਂ ਬਾਰੇ ਜਾਗਰੁਕ ਹੋ ਗਈਆਂ। ਇਨ੍ਹਾਂ ਵਿਚੋਂ ਹੀ ਕਈ ਇਕ-ਦੂਜੇ ਨੂੰ ਨਵੇਂ ਕਿੱਤੇ ਸਿਖਾਉਣ ਵਿਚ ਲੱਗ ਗਈਆਂ ਅਤੇ ਕੁੱਝ ਚੋਣਾਂ ਵਿਚ ਵੀ ਖੜੀਆਂ ਹੋਈਆਂ। ਰਤਾ ਧਿਆਨ ਕਰੀਏ ਕਿ ਜੇ ਇਹ ਉਸਾਰੂ ਸੋਚ ਛੱਡ ਕੇ ਦੂਜੇ ਪਾਸੇ ਤੁਰ ਪਈਆਂ ਹੁੰਦੀਆਂ ਤਾਂ ਕੀ ਕਹਿਰ ਢਹਿ ਸਕਦਾ ਸੀ! ਚੁਫ਼ੇਰੇ ਸਿਰਫ਼ ਨਫ਼ਰਤ ਦੀ ਅੱਗ ਦਿਸਣੀ ਸੀ। ਹਰ ਮਾਂ ਆਪਣੇ ਪੁੱਤਰ ਨੂੰ ਨਸ਼ਤਰ ਚੁਭੋ ਕੇ ਇਕ ਆਦਮ ਕਦ ਬੰਬ ਤਿਆਰ ਕਰ ਦਿੰਦੀ ਤਾਂ ਦੁਨੀਆਂ ਵਿਚ ਤਬਾਹੀ ਆ ਜਾਣੀ ਸੀ।

ਇਸ ਤਬਦੀਲੀ ਨੂੰ ਸਮਝਦਿਆਂ ਵੱਡੀ ਗਿਣਤੀ ਪੁਰਸ਼ ਅੱਗੇ ਆਏ ਅਤੇ ਅਨੇਕ ਵਿਸ਼ਵ ਪੱਧਰੀ ਕਾਨਫ਼ਰੰਸਾਂ ਕਰ ਕੇ ਅੰਤਰਰਾਸ਼ਟਰੀ ਕਾਨੂੰਨ ਬਣਾਏ ਗਏ ਤਾਂ ਜੋ ਔਰਤਾਂ ਉੱਤੇ ਹੁੰਦੀ ਹਿੰਸਾ ਘੱਟ ਕੀਤੀ ਜਾ ਸਕੇ ਅਤੇ ਉਨ੍ਹਾਂ ਨੂੰ ਨਿਆਂ ਮਿਲ ਸਕੇ। ਭਾਰਤ ਵਰਗਾ ਮੁਲਕ, ਜਿੱਥੇ ਮੁਲਕ ਨੂੰ ਹੀ 'ਮਾਤਾ' ਕਹਿ ਕੇ ਸਤਿਕਾਰਿਆ ਜਾਂਦਾ ਹੋਵੇ, ਨਿਰੀ ਦੋਗਲੀ ਨੀਤੀ ਦਾ ਸ਼ਿਕਾਰ ਹੈ। ਇੱਥੇ 'ਰੇਪ ਕੈਪੀਟਲ' ਵੀ ਹਨ ਅਤੇ ਇਸ ਨੂੰ ਦੁਨੀਆਂ ਭਰ ਵਿਚ ਔਰਤਾਂ ਲਈ ਖ਼ਤਰਨਾਕ ਮੁਲਕ ਐਲਾਨਿਆ ਜਾ ਚੁਕਿਆ ਹੈ। ਯੂਨਾਈਟਿਡ ਨੇਸ਼ਨਜ਼ ਅਨੁਸਾਰ ਪਾਰਲੀਮੈਂਟ ਵਿਚ ਬੈਠੀਆਂ 82 ਫ਼ੀ ਸਦੀ ਔਰਤਾਂ ਆਪਣੇ ਹੀ ਸਾਥੀਆਂ ਜਾਂ ਪਾਰਟੀ ਵਰਕਰਾਂ ਵਲੋਂ ਭੱਦੀ ਛੇੜਛਾੜ ਜਾਂ ਤਾਅਨੇ ਮਿਹਣੇ ਸੁਣ ਚੁੱਕੀਆਂ ਹਨ। ਇਹ ਕਿਵੇਂ ਔਰਤ ਜ਼ਾਤ ਲਈ ਆਵਾਜ਼ ਚੁਕਣਗੀਆਂ?

ਮਸਲਾ ਇਹ ਹੈ ਕਿ ਜਿੱਥੇ ਪੁਰਸ਼ ਅਸੈਂਬਲੀ ਵਿਚ ਅਸ਼ਲੀਲ ਫ਼ਿਲਮਾਂ ਵੇਖ ਰਹੇ ਹੋਣ, ਆਪਣੀਆਂ ਸਾਥੀ ਔਰਤਾਂ ਦੇ ਜਿਸਮਾਂ ਨੂੰ ਨਿਹਾਰ ਰਹੇ ਹੋਣ ਅਤੇ ਹਰ ਲੋੜਵੰਦ ਔਰਤ ਨੂੰ ਚੂੰਡਣ ਨੂੰ ਤਿਆਰ ਹੋਣ, ਉੱਥੇ ਜਦੋਂ ਕਸ਼ਮੀਰ ਦੀਆਂ ਫੁੱਲਾਂ ਵਰਗੀਆਂ ਧੀਆਂ ਦਾ ਜ਼ਿਕਰ ਹੋਵੇ ਤਾਂ ਉਨ੍ਹਾਂ ਦੀ ਮਨਾਂ ਅੰਦਰਲੀ ਗੰਦਗੀ ਉਨ੍ਹਾਂ ਦੇ ਖ਼ੂੰਖ਼ਾਰ ਚਿਹਰੇ ਉੱਪਰਲੀ ਤਿਰਛੀ ਜ਼ਹਿਰੀਲੀ ਮੁਸਕਾਨ ਰਾਹੀਂ ਬਾਹਰ ਦਿਸਣੀ ਹੀ ਹੈ। ਕਸ਼ਮੀਰ ਦੀ ਤਰੱਕੀ ਬਾਰੇ ਜ਼ਿਕਰ ਕਰਨ ਦੀ ਥਾਂ ਵੱਡੀ ਗਿਣਤੀ ਲੋਕ ਟਵਿਟਰ, ਫ਼ੇਸਬੁਕ, ਵਟਸਐਪ ਉੱਤੇ ਕਸ਼ਮੀਰੀ ਬੱਚੀਆਂ ਅਤੇ ਔਰਤਾਂ ਨੂੰ ਪ੍ਰਾਪਰਟੀ ਮੰਨ ਕੇ ਹਥਿਆ ਲੈਣ ਦੀ ਗੱਲ ਕਰ ਰਹੇ ਹੋਣ ਤਾਂ ਅਜੀਬ ਨਹੀਂ ਲਗਦਾ ਕਿਉਂਕਿ ਭਾਰਤ ਵਿਚ ਇਹ ਆਮ ਗੱਲ ਬਣ ਚੁੱਕੀ ਹੈ।

ਸਿਰਫ਼ ਹੁਣ ਉਸ ਵੇਲੇ ਦੀ ਉਡੀਕ ਹੈ ਜਦੋਂ ਕਈ ਪਿਉ ਇਕੱਠੇ ਹੋ ਕੇ ਇਕ-ਦੂਜੇ ਦੀਆਂ ਧੀਆਂ ਨੂੰ ਆਪਣੀ ਮੰਨ ਕੇ ਜਾਗ੍ਰਿਤ ਹੋਣਗੇ। ਅਨੇਕ ਭਰਾ ਆਪਣੇ ਨਾਲ ਦੇ ਘਰ ਦੀ ਬੇਟੀ ਨੂੰ 'ਮਾਲ' ਨਾ ਮੰਨ ਕੇ ਉਸ ਦੀ ਰਾਖੀ ਲਈ ਅਗਾਂਹ ਆਉਣਗੇ। ਜਦੋਂ ਪੁੱਤਰ ਆਪਣੀ ਮਾਂ ਦੀ ਰਾਖੀ ਦੇ ਨਾਲ ਆਪਣੀ ਕਲੋਨੀ ਵਿਚਲੀ ਹਰ ਮਾਂ ਦੀ ਰਾਖੀ ਲਈ ਜਾਨ ਵਾਰਨ ਲਈ ਤਿਆਰ ਹੋਣਗੇ! ਉਹੀ ਸਮਾਂ ਹੋਵੇਗਾ ਅਸਲ ਤਬਦੀਲੀ ਦਾ। ਰਾਮ, ਬੁੱਧ, ਨਾਨਕ ਅਤੇ ਕ੍ਰਿਸ਼ਨ ਵਰਗੇ ਗੁਰੂਆਂ ਦੇ ਸੁਪਨਿਆਂ ਦੇ ਸਿਰਜੇ ਭਾਰਤ ਦਾ। ਹਰ ਮਾਂ ਨੂੰ ਅੱਜ ਤੋਂ ਹੀ ਆਪਣੇ ਪੁੱਤਰਾਂ ਅਤੇ ਧੀਆਂ ਨੂੰ ਇਸੇ ਰਾਹ ਉੱਤੇ ਤੁਰਨ ਲਈ ਤਿਆਰ ਕਰਨਾ ਪਵੇਗਾ ਤਾਂ ਜੋ ਅਗਲੀ ਪਨੀਰੀ ਔਰਤ ਵਿਚ ਸਿਰਫ਼ ਜਿਸਮ ਵੇਖਣਾ ਬੰਦ ਕਰ ਦੇਵੇ।

ਸ਼ਾਲਾ ਕਦੇ ਤਾਂ ਉਹ ਸਮਾਂ ਜ਼ਰੂਰ ਆਏਗਾ ਜਦੋਂ ਭਾਰਤ ਦੀ ਕੋਈ ਧੀ ਅੱਧ ਰਾਤ ਵੀ ਬਿਨਾਂ ਡਰ ਦੇ ਇਕੱਲਿਆਂ ਵਾਪਸ ਘਰ ਪਰਤ ਰਹੀ ਹੋਵੇਗੀ।

ਅੱਜ ਦੇ ਦਿਨ ਦੀ ਲੋੜ ਹੈ, ਸਾਰੇ ਅਣਖਾਂ ਵਾਲੇ ਇਕਜੁਟ ਹੋ ਕੇ ਜ਼ੋਰਦਾਰ ਬੁਲੰਦ ਆਵਾਜ਼ ਕਰਨ ਕਿ ਕਸ਼ਮੀਰ ਦੀ ਹਰ ਧੀ ਦੀ ਰਾਖੀ ਕਰਨਾ ਸਾਡਾ ਫ਼ਰਜ਼ ਹੈ। ਜੇ ਇਹ ਆਵਾਜ਼ ਬੁਲੰਦ ਹੋ ਗਈ ਤਾਂ ਸਾਰਾ ਕੂੜ ਕਬਾੜ ਜੋ ਹੁਣ ਖਿਲਰ ਰਿਹਾ ਹੈ, ਸੱਭ ਹੁੰਝਿਆ ਜਾਵੇਗਾ। ਚਲੋ ਸਾਰੇ ਜਣੇ ਆਵਾਜ਼ ਚੁੱਕ ਕੇ ਆਪਣੇ ਜਿਊਂਦੇ ਹੋਣ ਦਾ ਸਬੂਤ ਦੇਈਏ। ਜੇ ਹਾਲੇ ਵੀ ਵੀਰ ਹਿੰਮਤ ਨਹੀਂ ਜੁਟਾ ਸਕ ਰਹੇ ਤਾਂ ਚਲੋ ਭੈਣਾਂ ਹੀ ਇਕੱਠੀਆਂ ਹੋ ਕੇ ਆਪਣੀ ਤਾਕਤ ਵਿਖਾਈਏ ਕਿ ਜਦੋਂ ਭਾਰਤ ਵਿਚਲੀਆਂ ਬੇਟੀਆਂ ਜਾਗ ਜਾਣ ਤਾਂ ਇਸ ਸੈਲਾਬ ਅੱਗੇ ਕੋਈ ਨਹੀਂ ਟਿਕ ਸਕਣ ਲਗਿਆ।

# ਜੰਮੂ ਕਸ਼ਮੀਰ 'ਤੇ ਸਿੱਧੇ ਕਬਜ਼ੇ ਮਗਰੋਂ ਪੰਜਾਬ 'ਤੇ ਪਹਿਲਾ ਹਮਲਾ ਪੰਜਾਬ ਯੂਨੀਵਰਸਿਟੀ ਦੇ ਵੀਸੀ ਰਾਹੀਂ; ਵਿਰੋਧ ਵਿੱਚ ਡਟੇ ਵਿਦਿਆਰਥੀ





ਚੰਡੀਗੜ੍ਹ: ਬੀਤੇ ਦਿਨੀਂ ਪੰਜਾਬ ਯੂਨੀਵਰਸਿਟੀ ਦੇ ਪ੍ਰਸ਼ਾਸਨਿਕ ਢਾਂਚੇ ਦੀ ਜ਼ਿੰਮੇਵਾਰ ਸੈਨੇਟ ਦੀ ਬੈਠਕ ਹੋਈ ਜਿਸ ਵਿੱਚ ਬਨਾਰਸ ਤੋਂ ਆਏ ਪੰਜਾਬ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਰਾਜਕੁਮਾਰ ਨੇ ਚੁਣੀ ਹੋਈ ਸੈਨੇਟ ਦੇ ਫੈਸਲੇ ਨੂੰ ਤਾਨਾਸ਼ਾਹੀ ਰਵੱਈਏ ਨਾਲ ਰੱਦ ਕਰਦਿਆਂ ਮੁਖੀ ਵਿਦਿਆਰਥੀ ਭਲਾਈ (4ਛਰੁ) ਦੇ ਅਹੁਦੇਦਾਰਾਂ ਨੂੰ ਹਟਾਉਣ ਦਾ ਐਲਾਨ ਕਰ ਦਿੱਤਾ। ਹਲਾਂਕਿ ਇਸ ਫੈਂਸਲੇ ਸਬੰਧੀ ਹੋਈਆਂ ਵੋਟਾਂ ਵਿੱਚ 48-40 ਦੇ ਫਰਕ ਨਾਲ ਸੈਨੇਟ ਨੇ ਮੌਜੂਦਾ ਮੁਖੀ ਵਿਦਿਆਰਥੀ ਭਲਾਈ ਅਹੁਦੇਦਾਰਾਂ ਨੂੰ ਬਹਾਲ ਰੱਖਣ ਦਾ ਫੈਂਸਲਾ ਕੀਤਾ ਸੀ ਤੇ ਨਿਯਮਾਂ ਮੁਤਾਬਿਕ ਜੋ ਮੰਨਿਆ ਜਾਣਾ ਲਾਜ਼ਮੀ ਸੀ, ਪਰ ਵਾਇਸ ਚਾਂਸਲਰ ਰਾਜਕੁਮਾਰ ਨੇ ਇਸ ਖਿਲਾਫ ਤਾਨਾਸ਼ਾਹੀ ਫੈਂਸਲਾ ਸੁਣਾਉਂਦਿਆਂ ਕਹਿ ਦਿੱਤਾ ਕਿ ਇਹਨਾਂ ਮੁਖੀ ਵਿਦਿਆਰਥੀ ਭਲਾਈ ਅਹੁਦੇਦਾਰਾਂ ਨੂੰ ਹਟਾ ਕੇ ਆਉਂਦੀਆਂ ਵਿਦਿਆਰਥੀ ਚੋਣਾਂ ਤੱਕ ਵੀਸੀ ਆਰਜ਼ੀ ਅਹੁਦੇਦਾਰ ਨਿਯੁਕਤ ਕਰੇਗਾ ਅਤੇ ਉਸ ਤੋਂ ਬਾਅਦ ਸਿੰਡੀਕੇਟ ਦੀ ਬੈਠਕ ਵਿੱਚ ਨਵੇਂ ਅਹੁਦੇਦਾਰਾਂ ਦੀ ਨਿਯੁਕਤੀ ਦਾ ਫੈਂਸਲਾ ਕੀਤਾ ਜਾਵੇਗਾ।

**ਵਾਇਸ ਚਾਂਸਲਰ ਨੇ ਵਿਰੋਧ ਨੂੰ ਦਬਾਉਣ ਲਈ ਵਰਤਿਆ ਭਾਰਤ ਦਾ ਰਾਸ਼ਟਰੀ ਗਾਣ** : ਵਾਇਸ ਚਾਂਸਲਰ ਦੇ ਇਸ ਤਾਨਾਸ਼ਾਹੀ ਫੈਂਸਲੇ ਖਿਲਾਫ ਜਦੋਂ ਸੈਨੇਟਰ ਵਿਰੋਧ ਕਰਨ ਲੱਗੇ ਤਾਂ ਉਸੇ ਸਮੇਂ ਇਸ਼ਾਰੇ ਦੀ ਉਡੀਕ ਵਿੱਚ ਬੈਠੇ ਅਧਿਕਾਰੀਆਂ ਨੇ ਭਾਰਤ ਦਾ ਰਾਸ਼ਟਰੀ-ਗਾਣ "ਜਨ ਗਣ ਮਨ" ਚਲਾ ਦਿੱਤਾ। ਵਿਰੋਧ ਨੂੰ ਦਬਾਉਣ ਲਈ ਵਾਇਸ ਚਾਂਸਲਰ ਨੇ ਰਾਸ਼ਟਰੀ ਗਾਣ ਦੀ ਗਲਤ ਵਰਤੋਂ ਕੀਤੀ। ਇਸ ਤੋਂ ਪਹਿਲਾਂ ਵੀ ਵਾਇਸ ਚਾਂਸਲਰ ਇੱਕ ਵਾਰ ਅਜਿਹਾ ਕਰ ਚੁੱਕੇ ਹਨ।

**ਆਰ.ਐੱਸ.ਐੱਸ ਨਾਲ ਸਬੰਧਿਤ ਭਾਰਤੀ ਮੰਤਰੀ ਦੀ ਪੰਜਾਬ ਨੂੰ ਧਮਕੀ** : ਬੈਠਕ ਦੌਰਾਨ ਉਸ ਸਮੇਂ ਮਾਹੌਲ ਪੂਰੀ ਤਰ੍ਹਾਂ ਗਰਮ ਹੋ ਗਿਆ ਜਦੋਂ ਸੈਨੇਟ ਮੈਂਬਰ ਅਤੇ ਆਰ.ਐੱਸ.ਐੱਸ ਨਾਲ ਸਬੰਧਿਤ ਮੌਜੂਦਾ ਭਾਰਤੀ ਕੇਂਦਰੀ ਮੰਤਰੀ ਸੋਮਪ੍ਰਕਾਸ਼ ਕੈਂਥ ਨੇ ਕਹਿ ਦਿੱਤਾ ਕਿ ਜੇ ਭਾਰਤੀ ਪਾਰਲੀਮੈਂਟ ਵਿੱਚ 300 ਸੀਟਾਂ ਹੁੰਦਿਆਂ ਹੀ ਧਾਰਾ 370 ਹੱਟ ਸਕਦੀ ਹੈ ਤਾਂ ਯੂਨੀਵਰਸਿਟੀ ਦੀਆਂ ਪ੍ਰਸ਼ਾਸਨਿਕ ਅਤੇ ਢਾਂਚਾਗਤ ਤਬਦੀਲੀਆਂ ਵੀ ਕੀਤੀਆਂ ਜਾ ਸਕਦੀਆਂ ਹਨ। ਭਾਰਤ ਦੇ ਕੇਂਦਰੀ ਮੰਤਰੀ ਦੀ ਇਸ ਧਮਕੀ ਦੇ ਜਵਾਬ ਵਿੱਚ ਸੈਨੇਟ ਮੈਂਬਰ ਅਤੇ ਪੰਜਾਬ ਦੇ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਮੰਤਰੀ ਧਮਕੀ ਦੇ ਕੇ ਗਏ ਹਨ, ਜਿਸ ਤੋਂ ਉਹ ਡਰਨ ਵਾਲੇ ਨਹੀਂ।

**ਭੁੱਲ ਜਾ ਵੀਰੇ, "ਇਹ ਜੇਕੇ ਨਹੀਂ ਪੰਜਾਬ ਹੈ"** : ਜਦੋਂ ਭਾਰਤੀ ਕੇਂਦਰੀ ਮੰਤਰੀ ਵੱਲੋਂ ਕਸ਼ਮੀਰ ਨਾਲ ਕੀਤੇ ਧੱਕੇ ਦਾ ਹਵਾਲਾ ਦੇ ਕੇ ਪੰਜਾਬ ਨੂੰ ਇਹ ਧਮਕੀ ਭਰੀ ਗੱਲ ਕਹੀ ਗਈ ਤਾਂ ਸੈਨੇਟ ਮੈਂਬਰ ਸੰਦੀਪ ਸੀਕਰੀ ਨੇ ਠੋਕ ਕੇ ਮੰਤਰੀ ਨੂੰ ਜਵਾਬ ਦਿੱਤਾ, "ਭੁੱਲ ਜਾ ਵੀਰੇ! ਇਹ ਜੇ ਕੇ ਨੀ ਪੰਜਾਬ ਹੈ।"

**ਪੰਜਾਬ ਦੇ ਮੰਤਰੀਆਂ ਦੀ ਵੀਸੀ ਨੇ ਕੀਤੀ ਬੇਇਜ਼ਤੀ** : ਖਾਸ ਗੱਲ ਇਹ ਕਿ ਕੱਲ੍ਹ ਦੀ ਇਸ ਮੀਟਿੰਗ ਵਿੱਚ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਭਾਰਤ ਭੂਸ਼ਨ ਆਸ਼ੂ ਅਤੇ ਪੰਜਾਬ ਦੇ ਸਿੱਖਿਆ ਮੰਤਰੀ ਡਾ. ਅਮਰ ਸਿੰਘ ਵੀ ਸ਼ਾਮਿਲ ਹੋਏ ਸਨ ਪਰ ਉਨ੍ਹਾਂ ਨੂੰ ਭੋਰਾ ਭਾਅ ਨਹੀਂ ਦਿੱਤਾ ਗਿਆ। ਪ੍ਰੋਟੋਕਾਲ ਦੇ ਉਲਟ ਉਨ੍ਹਾਂ ਦਾ ਸਵਾਗਤ ਤੱਕ ਨਹੀਂ ਕੀਤਾ ਗਿਆ।

**ਵਾਇਸ ਚਾਂਸਲਰ ਦੇ ਤਾਨਾਸ਼ਾਹੀ ਰਵੱਈਏ ਖਿਲਾਫ ਡਟੇ ਵਿਦਿਆਰਥੀ** : ਵਾਇਸ ਚਾਂਸਲਰ ਵੱਲੋਂ ਸੈਨੇਟ ਬੈਠਕ ਵਿੱਚ ਕੀਤੀ ਗਈ ਤਾਨਾਸ਼ਾਹੀ ਖਿਲਾਫ ਪੰਜਾਬ ਯੂਨੀਵਰਸਿਟੀ ਦੀਆਂ 12 ਵਿਦਿਆਰਥੀ ਜਥੇਬੰਦੀਆਂ ਇੱਕਮੁੱਠ ਹੋ ਗਈਆਂ ਹਨ ਤੇ "ਪੀ.ਯੂ ਫਾਰ ਡੈਮੋਕਰੇਸੀ" ਦੇ ਝੰਡੇ ਹੇਠ ਵਿਦਿਆਰਥੀਆਂ ਨੇ ਵਾਇਸ ਚਾਂਸਲਰ ਦਾ ਤਾਨਾਸ਼ਾਹੀ ਫੈਂਸਲਾ ਬਦਲਾਉਣ ਅਤੇ ਸੈਨੇਟ ਦੇ ਫੈਂਸਲੇ ਨੂੰ ਬਹਾਲ ਕਰਾਉਣ ਲਈ ਸੰਘਰਸ਼ ਸ਼ੁਰੂ ਕਰ ਦਿੱਤਾ ਹੈ।

ਵੱਡੀ ਗਿਣਤੀ ਵਿੱਚ ਵਿਦਿਆਰਥੀ ਰਾਤ 8.30 ਵਜੇ ਮਾਰਚ ਕਰਦਿਆਂ ਅਤੇ ਵਾਇਸ ਚਾਂਸਲਰ ਦੀ ਤਾਨਾਸ਼ਾਹੀ ਖਿਲਾਫ ਨਾਅਰੇਬਾਜ਼ੀ ਕਰਦਿਆਂ ਉਹਨਾਂ ਦੀ ਰਿਹਾਇਸ਼ ਵੱਲ ਵਧੇ ਜਿੱਥੇ ਵੱਡੀ ਗਿਣਤੀ ਵਿੱਚ ਪੁਲਿਸ ਤੈਨਾਤ ਕੀਤੀ ਗਈ ਸੀ। ਵੀਸੀ ਦੀ ਰਿਹਾਇਸ਼ ਬਾਹਰ ਵਿਦਿਆਰਥੀਆਂ ਵੱਲੋਂ ਨਾਅਰੇਬਾਜ਼ੀ ਕੀਤੀ ਗਈ। ਵਿਦਿਆਰਥੀ ਜਥੇਬੰਦੀਆਂ ਨੇ ਕਿਹਾ ਕਿ ਉਹ ਇਸ ਸੰਘਰਸ਼ ਨੂੰ ਲਗਾਤਾਰ ਜਾਰੀ ਰੱਖਣਗੇ ਅਤੇ ਵੀਸੀ ਰਾਹੀਂ ਯੂਨੀਵਰਸਿਟੀ ਦਾ ਭਗਵਾਂਕਰਨ ਕਰਨ ਦੀਆਂ ਆਰਐੱਸਐੱਸ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਪੂਰਾ ਨਹੀਂ ਹੋਣ ਦੇਣਗੇ। ਇਸ ਪ੍ਰਦਰਸ਼ਨ ਵਿੱਚ ਐੱਨਐੱਸਯੂਆਈ, ਸੱਥ, ਐੱਸਐੱਫਐੱਸ, ਸੋਈ, ਆਈਐੱਸਏ, ਏਐੱਫਐੱਸਐੱਸ, ਪੀਐੱਸਯੂ ਲਲਕਾਰ, ਏਐੱਸਏ, ਇਨਸੋ, ਹਿਮਸੂ, ਐੱਸਐੱਫਆਈ, ਪੁਸੂ ਪਾਰਟੀਆਂ ਸ਼ਾਮਿਲ ਹੋਈਆਂ।

**ਵੀਸੀ ਏਬੀਵੀਪੀ ਨੂੰ ਚੋਣਾਂ ਜਿਤਾਉਣਾ ਚਾਹੁੰਦੇ ਹਨ!** : ਵਿਦਿਆਰਥੀ ਜਥੇਬੰਦੀਆਂ ਦਾ ਕਹਿਣਾ ਹੈ ਕਿ ਆਰਐੱਸਐੱਸ ਦੇ ਵਿਦਿਆਰਥੀ ਵਿੰਗ ਏਬੀਵੀਪੀ ਨੂੰ ਯੂਨੀਵਰਸਿਟੀ ਚੋਣਾਂ ਜਿਤਾਉਣ ਲਈ ਵੀਸੀ ਨੇ ਇਹ ਤਾਨਾਸ਼ਾਹੀ ਫੈਂਸਲਾ ਕੀਤਾ ਹੈ। ਉਹਨਾਂ ਕਿਹਾ ਕਿ ਵਾਇਸ ਚਾਂਸਲਰ ਆਪਣੀ ਤਾਕਤ ਦੀ ਨਜ਼ਾਇਜ਼ ਵਰਤੋਂ ਕਰਦਿਆਂ ਏਬੀਵੀਪੀ ਨੂੰ ਚੋਣਾਂ ਜਿਤਾਉਣ ਲਈ ਯੂਨੀਵਰਸਿਟੀ ਦੇ ਨਿਯਮਾਂ ਨੂੰ ਛਿੱਕੇ ਟੰਗ ਰਿਹਾ ਹੈ।

**ਇੱਕ ਤੀਰ ਨਾਲ ਦੋ ਨਿਸ਼ਾਨੇ** : ਜਿੱਥੇ ਕਿਹਾ ਜਾ ਰਿਹਾ ਹੈ ਕਿ ਵੀਸੀ ਵੱਲੋਂ ਏਬੀਵੀਪੀ ਨੂੰ ਚੋਣਾਂ ਜਿਤਾਉਣ ਲਈ ਇਹ ਕਦਮ ਚੁੱਕਿਆ ਗਿਆ ਹੈ ਉੱਥੇ ਹੀ ਸਿਆਣੇ ਬੰਦਿਆਂ ਦਾ ਮੰਨਣਾ ਹੈ ਕਿ ਪੰਜਾਬ ਯੂਨੀਵਰਸਿਟੀ ਨੂੰ ਕੇਂਦਰ ਦੇ ਹਵਾਲੇ ਕਰਨ ਦਾ ਇਹ ਪਹਿਲਾ ਕਦਮ ਚੁੱਕਿਆ ਗਿਆ ਹੈ ਜਿਸ ਨਾਲ ਸੈਨੇਟ ਦੀ ਤਾਕਤ ਨੂੰ ਖਤਮ ਕਰਕੇ ਜਿਸ ਵਿੱਚ ਪੰਜਾਬ ਦੀ ਨੁਮਾਇੰਦਗੀ ਹੈ, ਵੀਸੀ ਆਰਐੱਸਐੱਸ ਦੇ ਇਸ਼ਾਰੇ 'ਤੇ ਪੰਜਾਬ ਯੂਨੀਵਰਸਿਟੀ 'ਤੇ ਦਿੱਲੀ ਦਾ ਸਿੱਧਾ ਕਬਜ਼ਾ ਕਰਾਉਣ ਦੀ ਤਿਆਰੀ ਕਰ ਰਿਹਾ ਹੈ।

# ਕੀ ਦੇਸ਼ ਅਮੀਰਾਂ ਦੇ ਭਰੇ ਟੈਕਸ ਦੇ ਪੈਸੇ ਨਾਲ ਚੱਲਦਾ ਹੈ ? ਨਹੀ !

ਨਿਤੇਸ਼ ਸ਼ੁਕਲਾ




ਅਕਸਰ ਹੀ ਉੱਚ ਮੱਧ ਵਰਗ ਜਾਂ ਉੱਚ ਵਰਗ ਦੁਆਰਾ ਇਹ ਕਿਹਾ ਜਾਂਦਾ ਹੈ ਕਿ ਦੇਸ਼ ਉਹਨਾਂ ਦੇ ਪੈਸੇ ਨਾਲ਼ ਚੱਲ ਰਿਹਾ ਹੈ। ਉਹੀ ਲੋਕ ਹਨ ਜਿਹੜੇ ਸਰਕਾਰ ਨੂੰ ਟੈਕਸ ਦਿੰਦੇ ਹਨ ਜਿਸ ਨਾਲ਼ ਸਾਰੇ ਕੰਮ ਹੁੰਦੇ ਹਨ, ਗਰੀਬ ਤਾਂ ਸਿਰਫ਼ ਸਬਸਿਡੀਆਂ, ਮੁਫਤ ਸਹੂਲਤਾਂ ਆਦਿ ਦੇ ਰੂਪ 'ਚ ਉਸ ਟੈਕਸ ਦੇ ਪੈਸੇ ਨੂੰ ਉਡਾਉਂਦੇ ਹਨ। ਇਸ ਤਰਾਂ ਗਰੀਬ ਆਮ ਲੋਕ ਦੇਸ਼ 'ਤੇ ਭਾਰ ਹੁੰਦੇ ਹਨ। ਦਰਅਸਲ ਇਹ ਇੱਕ ਵੱਡਾ ਝੂਠ ਹੈ ਜਿਹੜਾ ਕਾਫ਼ੀ ਵਿਆਪਕ ਪੱਧਰ 'ਤੇ ਲੋਕਾਂ ਵਿੱਚ ਫੈਲਿਆ ਹੋਇਆ ਹੈ। ਜੇਕਰ ਅੰਕੜਿਆਂ ਦੇ ਹਿਸਾਬ ਨਾਲ਼ ਦੇਖਿਆ ਜਾਵੇ ਤਾਂ ਕਹਾਣੀ ਅਸਲ ਵਿੱਚ ਇਸਤੋਂ ਉਲਟ ਹੀ ਹੈ। ਸਰਕਾਰ ਜਿਹੜਾ ਟੈਕਸ ਵਸੂਲਦੀ ਹੈ ਉਸਦਾ ਇੱਕ ਵੱਡਾ ਹਿੱਸਾ ਇਹਨਾਂ ਗਰੀਬ ਲੋਕਾਂ ਦੀਆਂ ਜੇਬਾਂ 'ਚੋਂ ਹੀ ਆਉਂਦਾ ਹੈ। ਚਲੋ ਦੇਖਦੇ ਹਾਂ ਕਿਵੇਂ। ਆਮ ਤੌਰ 'ਤੇ ਉੱਚ ਮੱਧ ਵਰਗ ਦਾ ਇਹ ਤਰਕ ਹੁੰਦਾ ਹੈ ਕਿ ਕਿਉਂਕਿ ਟੈਕਸ ਢਾਈ ਲੱਖ ਦੀ ਆਮਦਨ ਵਾਲ਼ੇ ਵਿਅਕਤੀ 'ਤੇ ਹੀ ਲੱਗਦਾ ਹੈ, ਇਸ ਲਈ ਸਿਰਫ਼ ਉਹੀ ਲੋਕ ਟੈਕਸ ਦਿੰਦੇ ਹਨ ਜਿਹਨਾਂ ਦੀ ਸਲਾਨਾ ਆਮਦਨ ਢਾਈ ਲੱਖ ਤੋਂ ਜ਼ਿਆਦਾ ਹੁੰਦੀ ਹੈ। ਪਰ ਜਿਸ ਟੈਕਸ ਦੀ ਉਹ ਗੱਲ ਕਰ ਰਹੇ ਹਨ ਉਹ ਆਮਦਨੀ 'ਤੇ ਲੱਗਦਾ ਟੈਕਸ ਹੈ। ਆਮਦਨ ਟੈਕਸ ਹੀ ਇਕਲੌਤਾ ਸਰਕਾਰ ਦੀ ਆਮਦਨ ਦਾ ਸਰੋਤ ਨਹੀਂ ਹੈ। ਇਹ ਜਾਣਕੇ ਤੁਹਾਨੂੰ ਹੈਰਾਨੀ ਹੋਵੇਗੀ ਕਿ ਆਮਦਨ ਟੈਕਸ ਤੋਂ ਸਰਕਾਰ ਨੂੰ ਬਹੁਤ ਘੱਟ ਆਮਦਨ ਹੁੰਦੀ ਹੈ। ਸਰਕਾਰ ਦੋ ਤਰੀਕੇ ਨਾਲ਼ ਟੈਕਸ ਵਸੂਲਦੀ ਹੈ।

1. ਸਿੱਧਾ ਕਰ (ਟੈਕਸ)
2. ਅਸਿੱਧਾ ਕਰ

ਸਿੱਧੇ ਕਰ ਵਿੱਚ ਆਮਦਨ ਅਤੇ ਕਾਰਪੋਰੇਸ਼ਨ ਕਰ ਜਾਂ ਨਿਗਮ ਕਰ ਆਉਂਦੇ ਹਨ ਜਦਕਿ ਅਸਿੱਧੇ ਕਰ ਵਿੱਚ ਸੇਲਜ਼ ਟੈਕਸ, ਸਰਵਿਸ ਟੈਕਸ, ਸੂਬਿਆਂ ਦਾ ਵੈਟ ਟੈਕਸ (ਹੁਣ ਇਹਨਾਂ ਨੂੰ ਮਿਲਾ ਕੇ ਵਸਤੂਆਂ ਅਤੇ ਸੇਵਾਵਾਂ ਕਰ ਬਣਾ ਦਿੱਤਾ ਗਿਆ ਹੈ (ਜੀਐਸਟੀ), ਕਸਟਮ ਡਿਊਟੀ, ਐਕਸਾਈਜ਼ ਡਿਊਟੀ, ਸੜਕੀ ਕਰ, ਮਨੋਰੰਜਨ ਕਰ, ਸਟੈਂਪ ਡਿਊਟੀ ਆਦਿ ਕਰ ਆਉਂਦੇ ਹਨ। ਸਰਕਾਰ ਨੂੰ ਇਹਨਾਂ ਸਾਰਿਆਂ ਤੋਂ ਹੀ ਆਮਦਨ ਹੁੰਦੀ ਹੈ, ਜਿਸ ਨਾਲ਼ ਸਰਕਾਰ ਬਜਟ ਤਿਆਰ ਕਰਦੀ ਹੈ। ਮੱਧ ਅਤੇ ਉੱਚ ਵਰਗ ਵਿੱਚ ਫੈਲੀ ਇਹ ਗਲਤ ਧਾਰਣਾ ਕਿ ਉਹਨਾਂ ਦੇ ਟੈਕਸ ਦੇ ਪੈਸੇ ਤੋਂ ਹੀ ਦੇਸ਼ ਚੱਲਦਾ ਹੈ ਹਰ ਸਾਲ ਦੀ ਕਰ ਵਸੂਲੀ ਦੇ ਅੰਕੜੇ ਦੇਖਦੇ ਹੀ ਤਾਸ਼ ਦੇ ਕਿਲੇ ਵਾਂਗ ਢਹਿਢੇਰੀ ਹੋ ਜਾਂਦੀ ਹੈ। ਵਿੱਤੀ ਸਾਲ 2017-18 ਦੀ ਗੱਲ ਕਰੀਏ ਤਾਂ ਕੁੱਲ ਕਰ ਉਗਰਾਹੀ 19,46,119 ਕਰੋੜ ਰੁਪਏ ਸੀ। ਇਸ ਵਿੱਚ ਕਾਰਪੋਰੇਟ ਕਰ 5,63,744 ਕਰੋੜ ਰੁਪਏ ਸੀ ਅਤੇ ਆਮਦਨ ਕਰ 4,41,255 ਕਰੋੜ ਰੁਪਏ ਸੀ। ਜੇਕਰ ਕੁੱਲ ਬਜਟ ਦੇ ਫੀਸਦ ਦੇ ਹਿਸਾਬ ਨਾਲ਼ ਦੇਖੀਏ ਤਾਂ ਆਮਦਨ ਕਰ ਵਸੂਲੀ ਕੁੱਲ ਬਜਟ ਦਾ ਕੇਵਲ 22 ਫੀਸਦ ਸੀ। ਇਹੀ ਉਹ 22 ਫੀਸਦ ਹੈ ਜਿਸ ਲਈ ਮੱਧ ਵਰਗ ਅਤੇ ਉੱਚ ਵਰਗ ਇਹ ਸੋਚਦਾ ਹੈ ਕਿ ਉਹੀ ਦੇਸ਼ ਚਲਾ ਰਿਹਾ ਹੈ, ਬਾਕੀ ਤਾਂ ਸਾਰੇ ਬਸ ਭਾਰ ਹੀ ਨੇ। ਦੂਜੇ ਪਾਸੇ ਦੇਖਿਆ ਜਾਵੇ ਤਾਂ ਇਸੇ ਦੌਰਾਨ ਅਸਿੱਧੇ ਕਰਾਂ ਤੋਂ 9,41,119 ਕਰੋੜ ਰੁਪਏ ਦੀ ਆਮਦਨ ਹੋਈ ਸੀ। ਜਿਸਤੋਂ ਸਰਕਾਰ ਨੂੰ 2017-18 ਦੇ ਕੁੱਲ ਮਾਲੀਆ (ਰਿਵੇਨਿਊ) ਦਾ 48 ਫੀਸਦ ਹਾਸਲ ਹੋਇਆ ਸੀ। ਪਰ ਇਹ ਪੂਰੀ ਤਸਵੀਰ ਨਹੀਂ ਹੈ। ਦਰਅਸਲ ਉੱਪਰ ਜਿਹੜੇ ਕਾਰਪੋਰੇਟ ਕਰ (ਜਿਹੜਾ ਕਿ ਕੁੱਲ ਮਾਲੀਏ ਦਾ 29 ਫੀਸਦ ਹੈ) ਦੀ ਗੱਲ ਕੀਤੀ ਗਈ ਸੀ, ਉਹ ਵੀ ਲੋਕਾਂ ਨੂੰ ਹੀ ਭਰਨਾ ਪੈਂਦਾ ਹੈ। ਕਾਰਪੋਰੇਸ਼ਨ ਕਰ ਕਿਸੇ ਕੰਪਨੀ ਦੇ ਕੁੱਲ ਮੁਨਾਫੇ 'ਤੇ ਲੱਗਣ ਵਾਲ਼ਾ ਕਰ ਹੈ। ਭਾਰਤ ਵਿੱਚ ਇਹ 30% ਦੀ ਦਰ ਨਾਲ਼ ਲੱਗਦਾ ਹੈ ਅਤੇ ਇਸੇ ਤਰਾਂ ਸਰਚਾਰਜ 'ਤੇ ਸੈੱਸ ਵੀ ਲੱਗਦਾ ਹੈ। ਕੰਪਨੀ ਵੱਲੋਂ ਭਰਿਆ ਗਿਆ ਕਰ ਦਰਅਸਲ ਕਿਸ ਵੱਲੋਂ ਭਰਿਆ ਜਾਂਦਾ ਹੈ, ਕਿਉਂਕਿ ਕੰਪਨੀ ਕੋਈ ਵਿਅਕਤੀ ਨਹੀਂ ਹੈ ? ਅਸਲ ਵਿੱਚ ਇਸਦਾ ਭੁਗਤਾਨ ਵੀ ਉਹਨਾਂ ਗਾਹਕਾਂ ਨੂੰ ਹੀ ਕਰਨਾ ਪੈਂਦਾ ਹੈ ਜਿਹੜੇ ਉਸ



ਉਤਪਾਦ ਨੂੰ ਖਰੀਦਦੇ ਹਨ। ਜਿਣਸ ਦੇ ਪੈਦਾਵਾਰ ਦੀ ਪ੍ਰਕਿਰਿਆ ਵਿੱਚ ਉਸਦੀ ਕਦਰ ਵਿੱਚ ਵਾਧਾ ਕਿਰਤ ਦੁਆਰਾ ਪੈਦਾ ਹੁੰਦਾ ਹੈ, ਜਿਹੜਾ ਦੇਸ਼ ਦੇ ਕਰੋੜਾਂ ਮਜ਼ਦੂਰਾਂ, ਕਰਮਚਾਰੀਆਂ ਦੁਆਰਾ ਕੀਤੀ ਜਾਂਦੀ ਹੈ। ਇਸ ਕੀਮਤ ਵਿੱਚ ਹੋਏ ਵਾਧੇ ਦਾ ਬਹੁਤ ਥੋੜ੍ਹਾ ਹਿੱਸਾ ਹੀ ਮਜ਼ਦੂਰ ਨੂੰ ਮਜ਼ਦੂਰੀ ਦੇ ਰੂਪ ਵਿੱਚ ਮਿਲ਼ਦਾ ਹੈ, ਬਾਕੀ ਵੱਖ-ਵੱਖ ਪੱਧਰਾਂ 'ਤੇ ਫੈਕਟਰੀ ਮਾਲਕ, ਥੋਕ ਵਿਕਰੇਤਾ, ਪ੍ਰਚੂਨ ਵਿਕਰੇਤਾ ਆਦਿ ਦੇ ਮੁਨਾਫੇ ਦੇ ਰੂਪ ਵਿੱਚ ਵੰਡਿਆ ਜਾਂਦਾ ਹੈ। ਇਸ ਤਰਾਂ ਮੁਨਾਫੇ 'ਤੇ ਦਿੱਤਾ ਗਿਆ ਕਰ ਵੀ ਦਰਅਸਲ ਮਜ਼ਦੂਰ ਦੁਆਰਾ ਪੈਦਾ ਕੀਤੀ ਕਦਰ ਦੇ ਹਾਸਿਲ ਕੀਤੇ ਮੁਨਾਫੇ 'ਤੇ ਹੀ ਲੱਗਦਾ ਹੈ। ਵੈਸੇ ਵੀ ਮੁਨਾਫਾ ਨਮਿੱਤਣ (ਪ੍ਰਾਫਿਟ ਰਿਅਲਾਈਜ਼ੇਸ਼ਨ) ਉਤਪਾਦ ਦਾ ਵਿਕਣ ਦੀ ਪ੍ਰਕਿਰਿਆ ਵਿੱਚ ਹੀ ਹੁੰਦਾ ਹੈ। ਜੇਕਰ ਕੋਈ 100 ਰੁਪਏ ਦਾ ਸਮਾਨ ਖਰੀਦਦਾ ਹੈ ਜਿਸਦੀ ਮਜ਼ਦੂਰੀ ਸਮੇਤ ਕੀਮਤ 60 ਰੁਪਏ ਹੈ ਅਤੇ ਬਾਕੀ 40 ਰੁਪਏ ਵੱਖ-ਵੱਖ ਪੱਧਰਾਂ 'ਤੇ ਵੰਡਿਆ ਜਾਂਦਾ ਹੈ ਤਾਂ ਉਸ ਮੁਨਾਫੇ 'ਤੇ ਵੱਖ-ਵੱਖ ਪੱਧਰਾਂ 'ਤੇ ਦਿੱਤਾ ਗਿਆ ਟੈਕਸ ਗਾਹਕ ਦੁਆਰਾ ਸਮਾਨ ਦੇ ਬਦਲੇ 'ਚ ਦਿੱਤੇ ਗਏ ਪੈਸੇ (100 ਰੁਪਏ) ਵਿੱਚੋਂ ਹੀ ਦਿੱਤਾ ਜਾਂਦਾ ਹੈ। ਕਿਉਂਕਿ ਮੁਨਾਫਾ ਕਦਰ ਦੇ ਵਾਧੇ (ਵੈਲਊ ਐਡੀਸ਼ਨ) ਅਤੇ ਜਿਣਸ ਦੀ ਕੀਮਤ ਉਗਰਾਹੀ (ਵੈਲਊ ਰੀਅਲਾਈਜ਼ੇਸ਼ਨ) ਦੀ ਚੱਕਰੀ ਪ੍ਰਕਿਰਿਆ ਵਿੱਚ ਹੀ ਪੈਦਾ ਹੁੰਦਾ ਹੈ, ਜਦੋਂ ਕਿ ਫੈਕਟਰੀ ਮਾਲਕ, ਥੋਕ ਵਿਕਰੇਤਾ, ਪ੍ਰਚੂਨ ਵਿਕਰੇਤਾ ਆਦਿ ਇਸ ਪ੍ਰਕਿਰਿਆ ਵਿੱਚ ਸਿਰਫ ਇਸ ਵਿਚਲੇ ਮਾਧਿਅਮ ਦੇ ਰੂਪ ਵਿੱਚ ਕੰਮ ਕਰਦੇ ਹਨ। ਜੇਕਰ ਜਿਣਸ ਪੈਦਾ ਹੋਵੇ ਤੇ ਉਸਨੂੰ ਕੋਈ ਗਾਹਕ ਨਾ ਖਰੀਦੇ ਤਾਂ ਉਸ 'ਤੇ ਕੋਈ ਮੁਨਾਫਾ ਨਹੀਂ ਹੋਵੇਗਾ, ਫਿਰ ਮੁਨਾਫੇ 'ਤੇ ਕੋਈ ਟੈਕਸ ਦੇਣ ਦਾ ਸਵਾਲ ਹੀ ਨਹੀਂ ਉੱਠਦਾ। ਇਸ ਤਰਾਂ ਕਾਰਪੋਰੇਟ ਕਰ ਅਸਿੱਧੇ ਰੂਪ ਵਿੱਚ ਆਮ ਲੋਕਾਂ ਤੋਂ ਹੀ ਵਸੂਲਿਆ ਜਾਂਦਾ ਹੈ। ਇਸਨੂੰ ਵੀ ਜੇਕਰ ਲੋਕਾਂ ਦੁਆਰਾ ਭਰੇ ਗਏ ਅਸਿੱਧੇ ਕਰਾਂ ਵਿੱਚ ਜੋੜ ਦਿੱਤਾ ਜਾਵੇ ਤਾਂ ਆਮ ਲੋਕ ਹੀ ਕੁੱਲ ਮਾਲੀਏ ਦਾ 78% ਹਿੱਸਾ ਭਰਦੇ ਹਨ। ਕੁਝ ਲੋਕ ਕਹਿ ਸਕਦੇ ਹਨ ਕਿ ਅਸਿੱਧੇ ਕਰ ਵੀ ਤਾਂ ਮੱਧ ਵਰਗ ਅਤੇ ਉੱਚ ਵਰਗ ਦੁਆਰਾ ਹੀ ਦਿੱਤੇ ਜਾਂਦੇ ਹਨ। ਇਹ ਸਹੀ ਹੈ ਕਿ ਅਸਿੱਧਾ ਕਰ ਉਹਨਾਂ ਸਾਰਿਆਂ ਨੂੰ ਹੀ ਦੇਣਾ ਪੈਂਦਾ ਹੈ ਜਿਹੜੇ ਕੋਈ ਸਮਾਨ ਖਰੀਦਦੇ ਹਨ ਜਾਂ ਸੇਵਾ ਲੈਂਦੇ ਹਨ। ਪਰ ਜੇਕਰ ਅਸੀਂ ਭਾਰਤ ਦੇ ਆਮਦਨ ਕਰ ਭਰਨ ਵਾਲ਼ੇ ਲੋਕਾਂ ਦਾ ਸਲੈਬ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਭਾਰਤ ਵਿੱਚ ਆਮਦਨ ਕਰ ਦੇਣ ਵਾਲ਼ਾ ਵਰਗ ਬਹੁਤ ਛੋਟਾ ਹੈ। 2015-16 ਦੇ ਅੰਕੜਿਆਂ ਦੇ ਹਿਸਾਬ ਨਾਲ਼ ਸਿਰਫ 1.7% ਲੋਕ ਹੀ ਆਮਦਨ ਕਰ ਭਰਦੇ ਹਨ। ਇਸ ਲਈ ਹੇਠਲੇ ਮੱਧ ਵਰਗ ਅਤੇ ਹੇਠਲੇ ਵਰਗ ਦੇ ਜ਼ਿਆਦਾ ਖਰਚ ਕਰਨ ਦੇ ਬਾਵਜੂਦ ਇਸ ਕੁੱਲ 1.7% ਵਸੋਂ ਦੁਆਰਾ ਅਸਿੱਧੇ ਕਰ ਵਿੱਚ ਯੋਗਦਾਨ ਬਹੁਤ ਘੱਟ ਹੈ। ਇਸ ਤਰਾਂ ਇਹ ਦੇਖਿਆ ਜਾ ਸਕਦਾ ਹੈ ਕਿ ਇਸ ਦੇਸ਼ ਵਿੱਚ ਇੱਕ ਭਿਖਾਰੀ ਵੀ ਟੈਕਸ ਭਰਦਾ ਹੈ। ਹੁਣ ਇੱਕ ਹੋਰ ਸਵਾਲ ਪੁੱਛਿਆ ਜਾ ਸਕਦਾ ਹੈ ਕਿ ਅਸਲ ਵਿੱਚ ਇੱਕ ਵਿਅਕਤੀ ਜਾਂ ਪਰਿਵਾਰ ਔਸਤਨ ਕਿੰਨਾ ਕਰ ਭਰਦਾ ਹੈ ? ਇਸ ਸਵਾਲ ਦਾ ਜਵਾਬ ਕਾਫ਼ੀ ਹੈਰਾਨ ਕਰ ਦੇਣ ਵਾਲ਼ਾ ਹੈ, ਇਹ ਇੱਕ ਅਜਿਹੀ ਸੱਚਾਈ ਹੈ ਜਿਸ 'ਤੇ ਹਮੇਸ਼ਾ ਹੀ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਜੇਕਰ ਤੁਸੀਂ ਆਮਦਨ ਕਰ ਭਰਦੇ ਹੋ ਤਾਂ ਤੁਹਾਨੂੰ ਇਹ ਜਾਣਕਾਰੀ ਹੁੰਦੀ ਹੈ ਕਿ ਤੁਸੀਂ ਕਿਸੇ ਸਾਲ ਵਿੱਚ ਕਿੰਨਾ ਟੈਕਸ ਭਰਿਆ, ਪਰ ਜੇਕਰ ਤੁਸੀਂ ਇਹ ਜਾਣਨਾ ਚਾਹੁੰਦੇ ਹੋ ਕਿ ਤੁਸੀਂ ਸਾਲ ਵਿੱਚ ਕਿੰਨਾ ਅਸਿੱਧਾ ਕਰ ਅਦਾ ਕੀਤਾ ਹੈ ਤਾਂ ਇਹ ਬਹੁਤ ਔਖਾ ਕੰਮ ਹੈ। ਇੱਥੇ ਆਪਾਂ ਇਹ ਜਾਣਨ ਦੀ ਕੋਸ਼ਿਸ਼ ਕਰਦੇ ਹਾਂ ਕਿ ਇੱਕ ਵਿਅਕਤੀ ਕਿੰਨਾ ਅਸਿੱਧਾ ਕਰ ਭਰਦਾ ਹੈ। ਫੈਡਰੇਸ਼ਨ ਆਫ਼ ਇੰਡੀਅਨ ਚੈਂਬਰਜ਼ ਆਫ਼ ਕਾਮਰਸ ਐਂਡ ਇੰਡਸਟਰੀ (ਫਿੱਕੀ) ਦੁਆਰਾ ਕੀਤੇ 2007 ਦੇ ਇੱਕ ਅਧਿਐਨ ਮੁਤਾਬਕ ਕਿਸੇ ਉਤਪਾਦ ਦੀ ਕੀਮਤ ਦਾ ਔਸਤਨ 35% ਟੈਕਸ ਹੁੰਦਾ ਹੈ। ਉਦੋਂ ਤੋਂ ਲੈ ਕੇ ਹੁਣ ਤੱਕ ਕਈ ਵਾਰ ਟੈਕਸ ਵਧਾਇਆ ਜਾ ਚੁੱਕਿਆ ਹੈ ਅਤੇ ਕਈ ਅਖੌਤੀ ਟੈਕਸ ਸੁਧਾਰ ਵੀ ਕੀਤੇ ਜਾ ਚੁੱਕੇ ਹਨ। ਅੱਜ ਪੈਟਰੋਲ ਉਤਪਾਦਾਂ 'ਤੇ 100% ਤੋਂ ਵੀ ਜ਼ਿਆਦਾ ਟੈਕਸ ਲੱਗਦਾ ਹੈ, ਬਾਕੀ ਸਮਾਨਾਂ 'ਤੇ ਵੀ ਟੈਕਸ ਪਹਿਲਾਂ ਨਾਲ਼ੋਂ ਕਾਫ਼ੀ ਵਧਾਇਆ ਜਾ ਚੁੱਕਿਆ ਹੈ, ਇਸ ਲਈ ਇਹ 35% ਦਾ ਅੰਕੜਾ ਅੱਜ 40 ਤੋਂ 45% ਤੱਕ ਪਹੁੰਚ ਗਿਆ ਹੈ। ਇੱਕ ਮੋਟਾ ਜਿਹਾ ਹਿਸਾਬ ਲਾਉਣ ਲਈ ਜੇਕਰ ਅਸੀਂ ਅੱਜ ਦੇ ਹਲਾਤ ਮੁਤਾਬਿਕ ਖਰਚ 'ਤੇ ਔਸਤ 30% ਕਰ ਦੀ ਦਰ ਲੈ ਕੇ ਚੱਲੀਏ (ਕਿਉਂਕਿ ਕੁਝ ਖਰਚੇ ਟੈਕਸ ਦੀ ਸੀਮਾ ਤੋਂ ਬਾਹਰ ਹਨ ਅਤੇ ਕੁਝ 'ਤੇ ਟੈਕਸ ਘੱਟ ਹੈ) ਤਾਂ ਵੀ ਹੈਰਾਨ ਕਰ ਦੇਣ ਵਾਲ਼ੀ ਤਸਵੀਰ ਸਾਹਮਣੇ ਆਉਂਦੀ ਹੈ। ਜੇਕਰ ਇੱਕ ਵਿਅਕਤੀ ਦੀ ਆਮਦਨ ਸਾਲਾਨਾ 5 ਲੱਖ ਰੁਪਏ ਹੈ ਜਿਸ ਵਿੱਚੋਂ ਉਹ 4 ਲੱਖ ਰੁਪਏ ਘਰ-ਪਰਿਵਾਰ ਦੇ ਖਰਚਿਆਂ ਵਿੱਚ ਲਗਾ ਦਿੰਦਾ ਹੈ ਅਤੇ ਬਾਕੀ ਪੈਸੇ ਦੀ ਬਚਤ ਕਰਦਾ ਹੈ ਤਾਂ ਇਸ ਹਿਸਾਬ ਨਾਲ਼ ਉਸਨੂੰ ਆਮਦਨ ਕਰ ਕਿੰਨਾ ਦੇਣਾ ਪਵੇਗਾ ? ਢਾਈ ਲੱਖ ਤੋਂ ਉੱਪਰ ਦੀ ਆਮਦਨ ਦਾ 5% ਜਿਹੜਾ ਕਿ 12500 ਰੁਪਏ ਬਣਦਾ ਹੈ। ਹੁਣ ਦੇਖਦੇ ਹਾਂ ਕਿ ਉਸਨੂੰ ਅਸਿੱਧਾ ਕਰ ਕਿੰਨਾ ਦੇਣਾ ਪੈਂਦਾ ਹੈ। ਜੇਕਰ ਉਹ 4 ਲੱਖ ਰੁਪਏ ਸਮਾਨ ਅਤੇ ਸੇਵਾ 'ਤੇ ਖਰਚ ਕਰਦਾ ਹੈ ਤਾਂ 30% ਦੇ ਹਿਸਾਬ ਨਾਲ਼ ਉਸਨੂੰ ਲਗਭਗ 1,20,000 ਰੁਪਏ ਕਰ ਅਸਿੱਧੇ ਕਰ ਦੇ ਰੂਪ ਵਿੱਚ ਭਰਨਾ ਪੈਂਦਾ ਹੈ। ਇਸ ਰਕਮ ਦੀ ਤੁਲਨਾ ਵਿੱਚ ਆਮਦਨ ਕਰ ਕੁਝ ਵੀ ਨਹੀਂ ਹੈ। ਸਾਫ਼ ਹੈ ਕਿ ਇੱਕ ਦਰਮਿਆਨੀ ਆਮਦਨ ਵਾਲ਼ੇ ਵਿਅਕਤੀ ਨੂੰ ਆਮਦਨ ਕਰ ਦੇ ਮੁਕਾਬਲੇ ਲਗਭਗ 10 ਗੁਣਾ ਜ਼ਿਆਦਾ ਟੈਕਸ ਭਰਨਾ ਪੈਂਦਾ ਹੈ। ਹਰ ਸਾਲ ਬਜਟ ਪੇਸ਼ ਹੋਣ ਵੇਲ਼ੇ ਲੋਕ ਇਹ ਭਾਲਦੇ ਹਨ ਕਿ ਆਮਦਨ ਕਰ ਦੀ ਦਰ ਘੱਟ ਹੋਈ ਕਿ ਨਹੀਂ, ਜਦਕਿ ਸਭ ਤੋਂ ਜ਼ਿਆਦਾ ਕਰ ਦਾ ਬੋਝ ਤਾਂ ਅਸਿੱਧੇ ਕਰਾਂ ਦਾ ਹੁੰਦਾ ਹੈ। ਇੱਕ ਵਿਅਕਤੀ ਜਿਸਦੀ ਆਮਦਨ ਢਾਈ ਲੱਖ ਤੱਕ ਹੈ ਉਸਨੂੰ ਆਮਦਨ ਕਰ ਨਹੀਂ ਦੇਣਾ ਪੈਂਦਾ, ਪਰ ਉਸਨੂੰ ਲਗਭਗ 75000 ਰੁਪਏ ਅਸਿੱਧਾ ਕਰ ਦੇਣਾ ਪੈਂਦਾ ਹੈ। ਇਸ ਦੇਸ਼ ਦਾ ਇੱਕ ਮਜ਼ਦੂਰ ਪਰਿਵਾਰ ਜਿਸ ਵਿੱਚ ਦੋ ਜਣੇ 10,000 ਰੁਪਏ ਦੀ ਮਜ਼ਦੂਰੀ ਕਰਦੇ ਹਨ ਅਤੇ ਸਾਲ ਵਿੱਚ 2,40,000 ਰੁਪਏ ਕਮਾਉਂਦੇ ਹਨ ਜਿਹੜਾ ਕਿ ਸਾਰਾ ਹੀ ਘਰੇਲੂ ਖਰਚਿਆਂ ਵਿੱਚ ਖਤਮ ਹੋ ਜਾਂਦਾ ਹੈ, ਇਸ ਵਿੱਚੋਂ ਉਹ 72,000 ਰੁਪਏ ਟੈਕਸ ਵਜੋਂ ਸਰਕਾਰ ਨੂੰ ਦਿੰਦੇ ਹਨ। ਇਹ ਗੱਲ ਸਾਫ ਹੈ ਕਿ ਅਸਿੱਧਾ ਕਰ ਸਿੱਧੇ ਕਰ ਨਾਲੋਂ ਜ਼ਿਆਦਾ ਚਿੰਤਾਜਨਕ ਹੈ। ਇਸਦਾ ਇੱਕ ਕਾਰਨ ਹੋਰ ਹੈ। ਅਸਿੱਧੇ ਕਰ ਦੀ ਦਰ ਸਾਰਿਆਂ ਲਈ ਇੱਕੋ ਜਿੰਨੀ ਹੀ ਰਹਿੰਦੀ ਹੈ, ਜਿਸ ਨਾਲ਼ ਇੱਕ ਮਜ਼ਦੂਰ ਵੀ ਉਸੇ ਦਰ ਨਾਲ਼ ਟੈਕਸ ਭਰ ਰਿਹਾ ਹੁੰਦਾ ਹੈ, ਜਿਸ ਦਰ ਨਾਲ਼ ਉਸਦਾ ਅਰਬਪਤੀ ਮਾਲਕ ਭਰਦਾ ਹੈ। ਇਸਨੂੰ ਵੀ ਇੱਕ ਉਦਾਹਰਣ ਨਾਲ਼ ਸਮਝਿਆ ਜਾ ਸਕਦਾ ਹੈ। ਇੱਕ ਮਜ਼ਦੂਰ ਪਰਿਵਾਰ ਦੀ ਆਮਦਨ ਜੇਕਰ ਢਾਈ ਲੱਖ ਰੁਪਏ ਸਲਾਨਾ ਹੈ ਅਤੇ ਖਰਚ 2 ਲੱਖ ਹੈ ਤਾਂ ਉਸਨੂੰ 60,000 ਰੁਪਏ ਅਸਿੱਧਾ ਕਰ ਭਰਨਾ ਪੈਂਦਾ ਹੈ। ਉੱਥੇ ਹੀ ਜੇਕਰ ਇੱਕ ਮਾਲਕ ਦੀ ਆਮਦਨ 1 ਕਰੋੜ ਰੁਪਏ ਸਲਾਨਾ ਹੈ ਅਤੇ ਖਰਚ 30 ਲੱਖ ਰੁਪਏ ਹੈ (ਆਮਦਨ ਵਧਣ ਨਾਲ਼ ਬਚਤ ਦਾ ਹਿੱਸਾ ਵਧਦਾ ਰਹਿੰਦਾ ਹੈ) ਤਾਂ ਇਸ ਹਿਸਾਬ ਨਾਲ਼ ਉਸਨੂੰ 9 ਲੱਖ ਰੁਪਏ ਅਸਿੱਧਾ ਕਰ ਦੇਣਾ ਪੈਂਦਾ ਹੈ। ਇਹ ਦੇਖਣ ਵਿੱਚ ਕਾਫ਼ੀ ਜ਼ਿਆਦਾ ਜਾਪਦਾ ਹੈ ਪਰ ਦੋਨਾਂ ਹਾਲਤਾਂ ਦੀ ਤੁਲਨਾ ਕਰੀਏ ਤਾਂ ਮਜ਼ਦੂਰ ਪਰਿਵਾਰ ਆਪਣੀ ਕੁੱਲ ਆਮਦਨ ਦਾ 24% ਅਸਿੱਧੇ ਕਰ ਦੇ ਰੂਪ ਵਿੱਚ ਭਰਦਾ ਹੈ, ਜਦਕਿ ਮਾਲਕ ਆਪਣੀ ਕੁੱਲ ਆਮਦਨ ਦਾ 9% ਅਸਿੱਧਾ ਕਰ ਦਿੰਦਾ ਹੈ। ਇੱਥੇ ਸਿੱਧਾ ਕਰ ਵੀ ਜੋੜਿਆ ਜਾ ਸਕਦਾ ਹੈ, ਪਰ ਉਸ ਵਿੱਚ ਦਾਅ-ਪੇਚ ਦੀ ਕਾਫੀ ਗੁੰਜਾਇਸ਼ ਹੁੰਦੀ ਹੈ। ਆਪਣੀ ਆਮਦਨ ਘੱਟ ਦਿਖਾਉਣਾ, ਫਰਜ਼ੀ ਡੋਨੇਸ਼ਨ, ਕਰਜ਼ਾ ਦਿਖਾਉਣਾ ਆਦਿ ਤਰੀਕਿਆਂ ਦੀ ਵਿਆਪਕ ਵਰਤੋਂ ਕਰਕੇ ਮਾਲਕ ਆਪਣੀ ਆਮਦਨ ਦਾ ਕਾਫ਼ੀ ਹਿੱਸਾ ਲੁਕੋ ਲੈਂਦਾ ਹੈ। ਇਹੀ ਕਾਰਨ ਹੈ ਕਿ ਭਾਰਤ ਵਿੱਚ ਆਮਦਨ ਕਰ ਭਰਨ ਵਾਲ਼ੇ ਲੋਕਾਂ ਦੀ ਗਿਣਤੀ ਇੰਨੀ ਘੱਟ ਹੈ। ਅਸਲ ਵਿੱਚ ਮਾਲਿਕ ਇਹਨਾਂ ਜੁਗਾੜਾਂ ਦੀ ਵਰਤੋਂ ਕਰਕੇ 10-15% ਹੀ ਆਮਦਨ ਕਰ ਭਰਦੇ ਹਨ। ਇਸਨੂੰ ਵੀ ਉਪਰਲੀ ਰਕਮ ਵਿੱਚ ਜੋੜ ਦੇਈਏ ਤਾਂ ਵੀ ਮਾਲਿਕ ਆਪਣੀ ਆਮਦਨ ਦਾ ਕੁੱਲ 20-25% ਹੀ ਟੈਕਸ ਦਿੰਦਾ ਹੈ। ਇਸ ਤਰਾਂ ਇੱਕ ਮਜ਼ਦੂਰ ਅਤੇ ਇੱਕ ਅਰਬਪਤੀ ਦੋਨਾਂ ਨੂੰ ਆਪਣੀ ਆਮਦਨ ਦਾ ਲਗਭਗ ਇੱਕੋ ਜਿੰਨਾ ਹਿੱਸਾ ਕਰਾਂ ਦੇ ਰੂਪ ਵਿੱਚ ਭਰਨਾ ਪੈਂਦਾ ਹੈ, ਜਦਕਿ ਮਜ਼ਦੂਰ ਪਰਿਵਾਰ ਦੀ ਆਮਦਨ ਬਹੁਤ ਹੀ ਘੱਟ ਹੁੰਦੀ ਹੈ। ਸਾਫ਼ ਹੈ ਕਿ ਇਹ ਕਰ ਪ੍ਰਣਾਲੀ ਆਮ ਲੋਕਾਂ, ਮਜ਼ਦੂਰਾਂ ਲਈ ਕਾਫ਼ੀ ਨਾਇਨਸਾਫ਼ੀ ਭਰੀ ਹੈ। ਉਪਰੋਕਤ ਅੰਕੜਿਆਂ ਤੋਂ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਦੇਸ਼ ਦੇ ਕੁੱਲ ਮਾਲੀਏ ਦਾ ਲਗਭਗ 80% ਹਿੱਸਾ ਦੇਸ਼ ਦੇ ਆਮ ਲੋਕਾਂ ਦੀਆਂ ਜੇਬਾਂ 'ਚੋਂ ਆਉਂਦਾ ਹੈ। ਅਜਿਹੀ ਹਾਲਤ ਵਿੱਚ ਉੱਚ ਮੱਧਵਰਗ ਅਤੇ ਉੱਚ ਵਰਗ ਦਾ ਇਹ ਦਾਅਵਾ ਕਰਨਾ ਕਿ ਦੇਸ਼ ਨੂੰ ਉਹੀ ਲੋਕ ਚਲਾ ਰਹੇ ਹਨ, ਬਿਲਕੁਲ ਬੇਬੁਨਿਆਦ ਅਤੇ ਬੇਵਕੂਫ਼ੀ ਭਰਿਆ ਹੈ। ਇਸ ਦੇਸ਼ ਦੇ ਕਰੋੜਾਂ ਆਮ ਕਿਰਤੀ ਲੋਕਾਂ ਦੇ ਸਿਰ 'ਤੇ ਇਹ ਦੇਸ਼ ਚੱਲਦਾ ਹੈ। ਉਹਨਾਂ ਦੀ ਮਿਹਨਤ ਦੇ ਸਿਰ 'ਤੇ ਵੀ 'ਤੇ ਉਹਨਾਂ ਦੇ ਪੈਸੇ ਦੇ ਸਿਰ 'ਤੇ ਵੀ। ਅਸਲ ਵਿੱਚ ਇਹ ਸਰਮਾਏਦਾਰ ਹੀ ਹਨ ਜਿਹੜੇ ਦੇਸ਼ 'ਤੇ ਭਾਰ ਬਣੇ ਹੋਏ ਹਨ, ਜਿਹੜੇ ਖੁਦ ਕੁਝ ਵੀ ਪੈਦਾ ਨਹੀਂ ਕਰਦੇ ਅਤੇ ਆਮ ਲੋਕਾਂ ਦੀ ਮਿਹਨਤ ਨਿਚੋੜ ਕੇ ਅੰਨੇਵਾਹ ਜਾਇਦਾਦਾਂ ਬਣਾਉਂਦੇ ਹਨ।

**ਲਲਕਾਰ 'ਚੋਂ ਧੰਨਵਾਦ ਸਹਿਤ**



# ਜ਼ਿੰਦਗੀ ਦੇ ਹਾਣ ਦੀ ਲੇਖਿਕਾ

# ਪਰਮਿੰਦਰ ਸਵੈਚ



*ਪਰਮਿੰਦਰ ਇੱਕ ਅਗਾਂਹਵਧੂ ਲੇਖਿਕਾ ਹੀ ਨਹੀਂ, ਸਗੋਂ ਆਪਦੀ ਅਮਲੀ ਜ਼ਿੰਦਗੀ ਵਿੱਚ ਵੀ, ਲੋਕਾਂ ਵਿੱਚ ਚੇਤਨਾਂ ਜਗਾਉਣ ਲਈ ਪ੍ਰਤੀਬੱਧ ਹੈ । ਉਹ ਨਾਟਕਾਂ, ਕਵਿਤਾ, ਲੇਖਾਂ ਰਾਹੀਂ , ਮਜ਼ਦੂਰਾਂ ਦੀ ਲੁੱਟ, ਮੰਡੀਕਰਣ ਦੀਆਂ ਹੇਰਾਫੇਰੀਆਂ, ਗਲੋਬਲਾਈਜੇਸ਼ਨ, ਸਰਕਾਰਾਂ ਅਤੇ ਕਾਰਪੋਰੇਸ਼ਨਾਂ ਦੀ ਮਿਲ਼ੀਭੁਗਤ ਨਾਲ਼ ਚਲਾਏ ਜਾ ਰਹੇ ਰਾਜ-ਪ੍ਰਬੰਧ ਦੇ ਖਿਲਾਫ ਡਟ ਕੇ ਖੜੀ ਹੈ । ਚਾਹੇ, ਜਦੋਂ ਉਹ ਇੰਡੀਆ ਵਿੱਚ ਸੀ ਜਾਂ ਹੁਣ ਕੈਨੇਡਾ ਵਿੱਚ ਹੈ, ਉਸ ਨੇ ਸੰਘਰਸ਼ਮਈ ਜ਼ਿੰਦਗੀ ਨੂੰ ਤਿਆਗਿਆ ਨਹੀਂ ਹੈ । ਉਸਦੇ ਕਹਿਣ ਅਨੁਸਾਰ ਲੇਬਰ ਦੀ ਲੁੱਟ-ਖਸੁੱਟ ਇੰਡੀਆ ਵਿੱਚ ਵੀ ਹੈ ਅਤੇ ਇਥੇ ਵੀ ਉਸੇ ਤਰਾਂ ਜਾਰੀ ਹੈ, ਜੇਕਰ ਆਪਾਂ ਐਨਕ ਦਾ ਲੈਨਜ਼ ਬਦਲ ਲਈਏ ਤਾਂ ਸਭ ਕੁੱਝ ਸਾਫ ਦਿਖਾਈ ਦਿੰਦਾ ਹੈ । ਉਸ ਦੀਆਂ ਸਾਹਿਤਕ ਕਿਰਤਾਂ :- ਨਾਟਕ (ਭਲਾ ਮੈਂ ਕੌਣ, ਬਲਦੇ ਬਿਰਖ਼, ਤਵਾਰੀਖ ਬੋਲਦੀ ਹੈ) ਕਵਿਤਾ :- (ਮਖ਼ੌਟਿਆਂ ਦੇ ਆਰ ਪਾਰ, ਲਹਿਰਾਂ ਦੀ ਵੇਦਨਾਂ ), ਅਣਛਪੇ :-( ਲਾਸ਼ ਦਾ ਮੁੱਲ, ਬਹੁਤ ਸਾਰੇ ਲੇਖ ਤੇ ਕਵਿਤਾਵਾਂ) ਹੇਠਾਂ ਉਸ ਨਾਲ਼ ਕੀਤੀ ਇੰਟਰਵਿਊ ਵਿੱਚ ਪਾਠਕ, ਪਾਠਕ ਪਰਮਿੰਦਰ ਦੀਆਂ ਸਾਹਿਤਕ, ਰਾਜਨੀਤਿੱਕ, ਸਮਾਜਿਕ ਸਰਗਰਮੀਆਂ ਬਾਰੇ ਚੰਗੀ ਤਰਾਂ ਜਾਣਕਾਰੀ ਲੈ ਸਕਦੇ ਹਨ :- ਹਰੀਪਾਲ - 403 714 4816*

**ਹਰੀਪਾਲ :- ਤੁਹਾਡਾ ਪਿਛੋਕੜ ਕਿੱਥੋਂ ਦਾ ਹੈ?**

**ਪਰਮਿੰਦਰ :-** ਮੇਰਾ ਜਨਮ ਪੰਜਾਬ ਵਿੱਚ ਜਿਲ੍ਹਾ ਲੁਧਿਆਣਾ ਦੇ ਪਿੰਡ ਈਸੜੂ ਵਿੱਚ ਕਾਮਰੇਡ ਜਗਤਾਰ ਸਿੰਘ ਤੇ ਬੀਬੀ ਜਸਮੇਲ ਕੌਰ ਦੇ ਘਰ ਜਨਵਰੀ, 1961 ਵਿੱਚ ਹੋਇਆ। ਅਸੀਂ ਦੋ ਭੈਣਾਂ ਹਾਂ, ਵੱਡੀ ਦਾ ਨਾਂ ਨਿਰਮਲ ਕੌਰ ਹੈ।

**ਹਰੀਪਾਲ :- ਤੁਸੀਂ ਆਪਣੀ ਪੜ੍ਹਾਈ ਦੇ ਸ.ਫਰ ਬਾਰੇ ਦੱਸੋ?**

**ਪਰਮਿੰਦਰ :-** ਮੈਂ ਪਹਿਲੀ ਤੋਂ ਦਸਵੀਂ ਤੱਕ ਪੜ੍ਹਾਈ ਸਾਡੇ ਪਿੰਡ ਸ਼ਹੀਦ ਕਰਨੈਲ ਸਿੰਘ ਮੈਮੋਰੀਅਲ ਹਾਈ ਸਕੂਲ ਈਸੜੂ ਤੋਂ ਸ਼ੁਰੂ ਕੀਤੀ ਅਤੇ ਏ. ਐਸ. ਕਾਲਜ ਫਾਰ ਵੂਮੈਨ ਖੰਨਾ ਤੋਂ ਬੀ.ਏ. ਅਤੇ ਪੰਜਾਬੀ ਯੂਨੀਵਰਸਿਟੀ ਤੋਂ ਪੱਤਰ ਵਿਹਾਰ ਰਾਹੀਂ ਐਮ. ਏ. ਪੰਜਾਬੀ ਕੀਤੀ ਹੈ।

**ਹਰੀਪਾਲ :- ਤੁਹਾਨੂੰ ਰਾਜਨੀਤਕ, ਸਮਾਜਿਕ ਤੇ ਸਾਹਿਤਕ ਚੇਤਨਾ ਕਿਵੇਂ ਲੱਗੀ?**

**ਪਰਮਿੰਦਰ :-** ਰਾਜਨੀਤਕ, ਸਮਾਜਿਕ ਤੇ ਸਾਹਿਤਕ ਚੇਤਨਾ ਮੈਨੂੰ ਵਿਰਸੇ ਵਿੱਚੋਂ ਮਿਲੀਆਂ ਸੌਗਾਤਾਂ ਹਨ ਜਿਨ੍ਹਾਂ ਨੂੰ ਮੈਂ ਸਾਂਭਣ ਦਾ ਯਤਨ ਕੀਤਾ ਹੈ। ਮੇਰੇ ਬਾਬਾ ਜੀ ਜਵਾਹਰ ਸਿੰਘ ਗ਼ਦਰ ਲਹਿਰ ਦੇ ਕਾਰਕੁੰਨ ਸਨ ਜੋ ਸੂਹੀਏ ਤੇ ਹਰਕਾਰੇ ਦੇ ਤੌਰ 'ਤੇ ਪਾਰਟੀ ਦੀਆਂ ਚਿੱਠੀਆਂ ਜਾਂ ਸੁਨੇਹੇ ਇੱਕ ਤੋਂ ਦੂਜੇ ਥਾਂ ਤੇ ਪਹੁੰਚਾਉਂਦੇ ਸਨ, ਮੇਰੇ ਬਾਪੂ ਜੀ ਦੇ ਦੱਸਣ ਮੁਤਾਬਕ ਕਿ ਜਦੋਂ ਉਹ ਚੱਕ ਨੰਬਰ 50 (ਪਾਕਿਸਤਾਨ) ਤੋਂ ਇੱਥੇ ਆਏ ਤਾਂ ਉਹਨਾਂ ਦੇ ਘਰ ਵਿੱਚ ਗ਼ਦਰ ਲਹਿਰ ਦੀਆਂ 17 ਚਿੱਠੀਆਂ ਕੰਧਾਂ ਵਿੱਚ ਬੋਤਲਾਂ ਵਿੱਚ ਪਾ ਕੇ ਲਿੱਪੀਆਂ ਹੋਈਆਂ ਸਨ। ਈਸੜੂ ਆ ਕੇ ਮੇਰੇ ਬਾਬਾ ਜੀ ਕਿਰਤੀ ਲਹਿਰ ਵਿੱਚ ਕੰਮ ਕਰਦੇ ਰਹੇ ਕਿਉਂਕਿ ਉੱਘੇ ਕਿਰਤੀ ਬਾਬਾ ਰਾਮ ਸਿੰਘ ਸਾਡੇ ਪਿੰਡ ਤੋਂ ਹੀ ਸਨ। ਬਾਅਦ ਵਿੱਚ ਅਕਾਲੀ ਲਹਿਰ ਦੇ ਜੈਤੋ ਦੇ ਮੋਰਚੇ ਤੇ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਬਾਬਾ ਜੀ ਨੇ ਢਾਈ ਸਾਲ ਦੀ ਜੇਲ੍ਹ ਵੀ ਕੱਟੀ। ਮੇਰੇ ਬਾਬਾ ਜੀ ਦੇ ਵੱਡੇ ਭਰਾ ਸੁੰਦਰ ਸਿੰਘ ਦਾ ਬੇਟਾ ਸ਼ਹੀਦ ਕਰਨੈਲ ਸਿੰਘ ਮੇਰੇ ਚਾਚਾ ਜੀ ਸਨ ਜਿਨ੍ਹਾਂ ਨੇ ਗੋਆ ਦੀ ਅਜ਼ਾਦੀ ਲਈ ਆਪਣਾ ਸਿਰ ਦੇ ਕੇ ਆਪਾਂ ਕੁਰਬਾਨ ਕੀਤਾ ਸੀ। ਮੈਂ ਹਮੇਸ਼ਾਂ ਹੀ ਆਪਣੇ ਬਾਪੂ ਜੀ ਨੂੰ ਸਮਾਜ ਵਿੱਚ ਹੋ ਰਹੀਆਂ ਵਧੀਕੀਆਂ ਦੇ ਖ਼ਿਲਾਫ਼ ਮਜ਼ਲੂਮਾਂ ਦੇ ਪੱਖ ਵਿੱਚ ਡੱਟ ਕੇ ਖੜ੍ਹਦੇ ਵੇਖਿਆ ਹੈ। ਸਾਹਿਤਕ ਚੇਤਨਾ ਘਰ ਦਾ ਮਾਹੌਲ ਸਾਹਿਤਕ ਸੀ। ਪੰਜਾਬੀ ਗ਼ਜ਼ਲ ਦੇ ਪ੍ਰਸਿੱਧ ਸ਼ਾਇਰ ਪ੍ਰਿੰਸੀਪਲ ਤਖ਼ਤ ਸਿੰਘ ਮੇਰੇ ਤਾਇਆ ਜੀ ਸਨ। ਨਾਵਲਕਾਰ ਕਰਮਜੀਤ ਕੁੱਸਾ ਨੇ ਵੀ ਆਪਣਾ ਸਾਹਿਤਕ ਸਫ਼ਰ ਆਪਣੇ ਨਾਨਕੇ ਘਰ ਤੋਂ ਸ਼ੁਰੂ ਕੀਤਾ ਸੀ ਉਹ ਮੇਰੀ ਭੂਆ ਜੀ ਦੇ ਲੜਕੇ ਸਨ। ਇਸ ਕਰਕੇ ਘਰ ਵਿੱਚ ਕਿਤਾਬਾਂ ਆਉਂਦੀਆਂ ਸਨ ਤੇ ਪੜ੍ਹਨ ਦਾ ਮੌਕਾ ਮਿਲਦਾ ਸੀ। ਮੇਰਾ ਖਿਆਲ ਹੈ ਕਿਤਾਬਾਂ ਨੇ ਵਿਰਸੇ ਦੀ ਰਾਜਨੀਤਕ ਤੇ ਸਮਾਜਿਕ ਸੂਝਬੂਝ ਨੂੰ ਪ੍ਰਚੰਡ ਕਰ ਦਿੱਤਾ।

**ਹਰੀਪਾਲ :- ਤੁਹਾਡਾ ਸਾਹਿਤਕ, ਸਮਾਜਿਕ, ਰਾਜਨੀਤਕ ਸ.ਫਰ ਕਦੋਂ ਤੇ ਕਿਵੇਂ ਸ਼ੁਰੂ ਹੋਇਆ?**

**ਪਰਮਿੰਦਰ :-** ਸਾਹਿਤਕ ਸਰਗਰਮੀਆਂ ਤਾਂ ਮੈਂ ਸਕੂਲ ਦੇ ਦਿਨਾਂ ਵਿੱਚ ਹੀ ਸ਼ੁਰੂ ਕਰ ਦਿੱਤੀਆਂ ਸਨ। ਕਵਿਤਾ ਦੀਆਂ ਤੁਕਾਂ ਜੋੜ ਕੇ ਸਕੂਲ ਵਿੱਚ ਬੋਲ ਦੇਣੀਆਂ ਪਰ ਕਾਲਜ ਜਾ ਕੇ ਮੈਂ ਕਵਿਤਾ, ਲੇਖ, ਕਹਾਣੀ, ਨਾਟਕ ਆਦਿ ਸਭ ਲਿਖੇ ਵੀ ਤੇ ਛਪਵਾਏ ਵੀ। ਭਾਸ਼ਣ ਤੇ ਕਵਿਤਾ ਮੁਕਾਬਲਿਆ ਵਿੱਚ ਭਾਗ ਵੀ ਲਿਆ ਤੇ ਨਾਟਕ ਖੇਡਣ ਦੇ ਮੌਕੇ ਵੀ ਮਿਲੇ। ਮੈਂ ਕਾਲਜ ਵਿੱਚ ਪੀ. ਐਸ. ਯੂ ਦਾ ਯੂਨਿਟ ਖੜ੍ਹਾ ਕੀਤਾ ਤੇ ਬਕਾਇਦਾ ਮੈਂਬਰਸ਼ਿਪ ਭਰਤੀ ਕਰਕੇ ਕੰਮ ਵੀ ਕਰਦੀ ਰਹੀ। ਉਸ ਸਮੇਂ ਬੱਸ ਕਿਰਾਇਆ ਘੋਲ ਚੱਲ ਰਿਹਾ ਸੀ ਅਤੇ ਪ੍ਰਿਥੀਪਾਲ ਰੰਧਾਵਾ ਕਤਲ ਕੇਸ ਦੇ ਗੁੰਡਿਆਂ ਖਿਲਾਫ਼; ਅਵਾਜ਼ ਵੀ ਬੁਲੰਦ ਕੀਤੀ। ਕਾਲਜ ਦੇ ਵਿੱਚ ਥੋਪੇ ਜਾਣ ਵਾਲੇ ਡੁਨੇਸ਼ਨ ਦੇ ਖਿਲਾਫ਼ ਵੀ ਵਿਦਿਆਰਥਣਾਂ ਨੂੰ ਇੱਕ ਜੁੱਟ ਕਰਕੇ ਬੰਦ ਕਰਵਾਈ। ਕਾਲਜ ਦੇ ਵਿੱਚ ਚਾਰੇ ਸਾਲ ਸੈਂਟਰਲ ਐਸੋਸੀਏਸ਼ਨ ਦੀ ਮੈਂਬਰ ਰਹੀ ਤੇ ਕਾਲਜ ਮੈਗਜ਼ੀਨ ਲਈ ਐਡੀਟਰ ਦੀ ਸੇਵਾ ਵੀ ਨਿਭਾਈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਛੱਪਦੇ ਸਲਾਨਾ ਮੈਗਜ਼ੀਨ ਵਿੱਚ ਉਸ ਸਮੇਂ ਮੇਰਾ ਲੱਚਰ ਗਾਇਕੀ ਤੇ ਲਿਖਿਆ ਲੇਖ ਸਾਰੇ ਪੰਜਾਬ ਦੇ ਕਾਲਜਾਂ ਵਿੱਚੋਂ ਚੁਣ ਕੇ ਛਪਿਆ ਸੀ। ਚਾਚਾ ਜੀ ਦੇ ਸ਼ਹੀਦੀ ਦਿਹਾੜੇ ਤੇ 15 ਅਗਸਤ ਮਨਾਇਆ ਜਾਂਦਾ ਹੈ, ਜਿੰਨਾ ਚਿਰ ਮੈਂ ਪਿੰਡ ਰਹੀ ਉਨਾ ਚਿਰ ਅਸੀਂ ਖੱਬੇ ਪੱਖੀ ਮਜ਼ਦੂਰਾਂ, ਵਿਦਿਆਰਥੀਆਂ ਵਲੋਂ ਵੱਧ ਚੜ੍ਹ ਕੇ ਪ੍ਰੋਗਰਾਮ ਕੀਤੇ, ਜਿਹਨਾਂ ਵਿੱਚ ਮੁਜ਼ਾਹਰੇ ਤੇ ਨਾਟਕਾਂ ਦੇ ਪ੍ਰੋਗਰਾਮ ਭਾਅ ਜੀ ਗੁਰਸ਼ਰਨ ਸਿੰਘ ਹੋਰਾਂ ਨੂੰ ਬੁਲਾ ਕੇ ਕਰਦੇ ਸਾਂ। ਚਾਰ-ਪੰਜ ਸੌ ਬੰਦੇ ਦਾ ਪ੍ਰਬੰਧ ਇਕੱਲੇ ਸਾਡੇ ਘਰ ਹੁੰਦਾ ਸੀ। ਉਸ ਸਮੇਂ ਹੀ ਖੰਨੇ ਤੇ ਮੰਡੀ ਗੋਬਿੰਦਗੜ੍ਹ ਦੇ ਮਜ਼ਦੂਰਾਂ ਦੇ ਘੋਲਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੀ ਰਹੀ।





**ਹਰੀਪਾਲ :- ਕੈਨੇਡਾ ਆ ਕੇ ਇਹਨਾਂ ਸਾਰੀਆਂ ਸਰਗਰਮੀਆਂ ਦੀ ਸ਼ੁਰੂਆਤ ਕਿਵੇਂ ਹੋਈ?**

**ਪਰਮਿੰਦਰ :-** ਮੇਰੇ ਜੀਵਨ ਸਾਥੀ ਮਲਕੀਤ ਮਈ 1988 ਵਿੱਚ ਕੈਨੇਡਾ ਆਏ ਸਨ ਤੇ ਸਵਾ ਕੁ ਸਾਲ ਬਾਅਦ ਸਤੰਬਰ 1989 ਨੂੰ ਮੈਂ ਇੱਥੇ ਸਰ੍ਹੀ ਵਿੱਚ ਪਹੁੰਚੀ ਸੀ। ਇੱਥੇ ਆ ਕੇ ਅਸੀਂ ਵੀ 99ਵੇਂ ਦੇ ਚੱਕਰ ਵਿੱਚ ਫਸੇ, ਡਾਲਰਾਂ ਦੇ ਨਾਲ ਰੁਪਈਏ ਗੁਣਾਂ ਕਰਨ ਦਾ ਢਕਵੰਜ ਕੀਤਾ ਜਿਵੇਂ ਸਾਰੇ ਪ੍ਰਵਾਸੀ ਕਰਦੇ ਹਨ ਪਰ ਜੀਵਨ ਜਾਚ ਦੀ ਸਮਝ ਹੋਣ ਕਰਕੇ ਪੈਰ ਕਦੇ ਨਹੀਂ ਸੀ ਛੱਡੇ। ਅਗਲੇ ਸਾਲ ਸਾਡੇ ਘਰ ਬੇਟੀ ਨੇ ਜਨਮ ਲਿਆ, ਮੈਂ ਸਿਰ.ਫ; ਦੋ ਕੁ ਸਾਲ ਹੀ ਕੰਮ ਕੀਤਾ, ਬਾਅਦ ਵਿੱਚ ਬੱਚਿਆਂ ਦੀ ਪ੍ਰਵਰਿਸ਼ ਹੀ ਕੀਤੀ ਹੈ। 2002 ਵਿੱਚ ਜਦੋਂ ਮੈਂ ਬੱਚਿਆਂ ਨੂੰ ਖੇਡਾਂ ਜਾਂ ਗਿੱਧੇ ਭੰਗੜਿਆਂ ਵਿੱਚ ਪਾ ਕੇ ਲੋਕਾਂ ਨਾਲ ਤਾਲ ਮੇਲ ਹੋਣ ਲੱਗਿਆ ਤਾਂ ਮੇਰੀਆਂ ਸਰਗਰਮੀਆਂ ਮੈਨੂੰ ਮੁੜ ਹੱਲਾਸ਼ੇਰੀ ਦੇਣ ਲੱਗੀਆਂ। ਕਵਿਤਾ ਮੈਂ ਕਦੇ ਕਦਾਈਂ ਲਿਖਦੀ ਰਹਿੰਦੀ ਸੀ ਪਰ 2003 ਵਿੱਚ ਮੈਂ ਗੁਰਦੀਪ ਆਰਟਸ ਅਕੈਡਮੀ ਲਈ ਕੈਨੇਡਾ ਆ ਕੇ ਪਹਿਲਾ ਨਾਟਕ 'ਭਲਾ ਮੈਂ ਕੌਣ' ਲਿਖਿਆ ਉਦੋਂ ਭਰੂਣ ਹੱਤਿਆ ਜ਼ੋਰਾਂ ਤੇ ਸੀ ਅਤੇ ਐਥੋਂ ਲੋਕ ਅਮਰੀਕਾ ਵਿੱਚ ਟੈਸਟ ਕਰਾਉਣ ਜਾਂਦੇ ਸਨ। ਮੇਰੀ ਛੋਟੀ ਬੇਟੀ 6 ਸਾਲਾਂ ਦੀ ਸੀ ਜਿਸਨੇ ਉਸ ਨਾਟਕ ਵਿੱਚ ਅਣਜੰਮੀ ਧੀ ਦਾ, ਵੱਡੀ ਨੇ 13 ਸਾਲਾਂ ਦੀ ਨੇ ਮਾਂ ਦਾ ਤੇ ਮੈਂ ਦਾਦੀ ਦਾ ਰੋਲ ਕੀਤਾ ਸੀ। ਉੱਥੇ ਹੀ ਮੈਨੂੰ ਤਰਕਸ਼ੀਲ ਸਭਿਆਚਾਰਕ ਸੁਸਾਇਟੀ ਦੇ ਮੈਂਬਰ ਮਿਲੇ, ਮੈਂ ਸੁਸਾਇਟੀ ਵਿੱਚ 2004 ਤੋਂ ਲੈ ਕੇ ਮੀਤ ਪ੍ਰਧਾਨ, ਸਕੱਤਰ, ਜੁਆਇੰਟ ਸਕੱਤਰ ਤੇ ਐਗਜੈਕਟਿਵ ਮੈਂਬਰ ਦੇ ਤੌਰ 'ਤੇ ਕੰਮ ਕਰਦੀ ਰਹੀ ਹਾਂ। ਮੈਂ 2007 ਤੋਂ ਈਸਟ ਇੰਡੀਅਨ ਡੀਫੈਂਸ ਕਮੇਟੀ ਦੀ ਮੈਂਬਰ ਬਣ ਗਈ ਸੀ ਜਿਹੜੀ ਸੰਸਥਾ 1973 ਤੋਂ ਨਸਲਵਾਦ ਦੇ ਵਿਰੁੱਧ ਲੜਦੀ ਰਹੀ ਹੈ। ਸ਼ਹੀਦ ਭਗਤ ਸਿੰਘ ਮੈਮੋਰੀਅਲ ਰਨ ਸੁਸਾਇਟੀ ਵਿੱਚ 10 ਸਾਲਾਂ ਤੋਂ ਡਾਇਰੈਕਟਰ ਵਜੋਂ ਕੰਮ ਕਰਦੀ ਹਾਂ। ਸ਼ਹੀਦ ਮੇਵਾ ਸਿੰਘ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਵਿੱਚ ਵੀ 10 ਸਾਲਾਂ ਤੋਂ ਹੋਰ ਕੰਮਾਂ ਦੇ ਨਾਲ ਨਾਲ ਮੈ.ਗਜ਼ੀਨ ਦੀ ਐਡੀਟਰ ਦੇ ਤੌਰ 'ਤੇ ਕੰਮ ਕਰਦੀ ਹਾਂ। ਪ੍ਰੌਗਰੈਸਿਵ ਆਰਟਸ ਕਲੱਬ ਚਾਰ ਸਾਲਾਂ ਤੋਂ ਹੋਂਦ ਵਿੱਚ ਆਇਆ ਹੈ ਉਸ ਵਿੱਚ ਸਾਲ ਵਿੱਚ 4-5 ਪ੍ਰੋਗਰਾਮ ਕਰਦੇ ਹਾਂ ਜਿਸ ਵਿੱਚ ਨਾਟਕ, ਕੋਰਿਓਗਰਾਫੀ, ਕਵਿਤਾ ਜਾਂ ਗਿੱਧੇ ਦੀਆਂ ਆਈਟਮਾਂ ਹੁੰਦੀਆਂ ਹਨ ਇਸ ਵਿੱਚ ਮੈਂ ਪ੍ਰਬੰਧਕ, ਡਾਇਰੈਕਟਰ, ਕਲਾਕਾਰ ਤੇ ਲੇਖਕ ਵਜੋਂ ਭੂਮਿਕਾ ਨਿਭਾਉਂਦੀ ਆ ਰਹੀ ਹਾਂ। ਹੋਰ ਬਹੁਤ ਸਾਰੀਆਂ ਸਾਹਿਤਕ ਸਭਾਵਾਂ ਤੇ ਔਰਤ ਜਥੇਬੰਦੀਆਂ ਦੀ ਮੈਂਬਰ ਵਜੋਂ ਕੰਮ ਕਰਦੀ ਹਾਂ ਪਿਛਲੇ ਸਾਲ ਤੋਂ 'ਸਰੋਕਾਰਾਂ ਦੀ ਅਵਾਜ਼' ਪੇਪਰ ਵਿੱਚ ਵੈਨਕੂਵਰ ਵਿੱਚ ਕੰਮ ਕਰ ਰਹੀ ਹਾਂ।

**ਹਰੀਪਾਲ :- ਕਿਹੜੀਆਂ ਕਿਹੜੀਆਂ ਜਥੇਬੰਦੀਆਂ ਤੁਹਾਡੇ ਨਾਲ ਸਹਿਯੋਗ ਕਰਦੀਆਂ ਹਨ?**

**ਪਰਮਿੰਦਰ :-** ਸਾਡੇ ਨਾਲ ਕਾਫੀ ਜਥੇਬੰਦੀਆਂ ਸਹਿਯੋਗ ਕਰਦੀਆਂ ਹਨ, ਜਿਵੇਂ ਈਸਟ ਇੰਡੀਅਨ ਡਿਫੈਂਸ ਕਮੇਟੀ, ਤਰਕਸ਼ੀਲ ਕਲਚਰਲ ਸੁਸਾਇਟੀ, ਪ੍ਰੌਗਰੈਸਿਵ ਆਰਟ ਕਲੱਬ, ਸ਼ਹੀਦ ਮੇਵਾ ਸਿੰਘ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਤੇ ਸ਼ਹੀਦ ਭਗਤ ਸਿੰਘ ਮੈਮੋਰੀਅਲ ਰਨ ਸੁਸਾਇਟੀ ਆਦਿ ਤਾਂ ਸਾਂਝੇ ਤੌਰ 'ਤੇ ਪ੍ਰੋਗਰਾਮ ਕਰਦੇ ਰਹਿੰਦੇ ਹਨ। ਅਸੀਂ 2013 ਵਿੱਚ ਤਕਰੀਬਨ 17 ਜਥੇਬੰਦੀਆਂ ਨੇ ਗ਼ਦਰ ਸ਼ਤਾਬਦੀ ਸਮਾਰੋਹ ਕਮੇਟੀ ਦੇ ਬੈਨਰ ਥੱਲੇ ਲਗਾਤਾਰ ਚਾਰ ਸਾਲ ਸਾਂਝੇ ਕੰਮ ਕੀਤੇ।

**ਹਰੀਪਾਲ :- ਕੈਨੇਡਾ ਵਿੱਚ ਨਾਟਕ ਕਰਦਿਆਂ ਕਿਹੜੀਆਂ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਲੋਕਾਂ ਦੇ ਹੁੰਗਾਰੇ ਬਾਰੇ ਵੀ ਦੱਸੋ?**

**ਪਰਮਿੰਦਰ :-** ਕੈਨੇਡਾ ਵਿੱਚ ਨਾਟਕ ਕਰਨਾ ਬਹੁਤ ਹੀ ਮੁਸ਼ਕਲ ਕੰਮ ਹੈ ਖਾਸ ਕਰਕੇ ਸਾਡੇ ਵੈਨਕੂਵਰ ਦੇ ਇਲਾਕੇ ਵਿੱਚ ਕਿਉਂਕਿ ਮੇਰੀ ਸੋਚ ਹੈ ਕਿ ਕੈਨੇਡਾ ਦੇ ਬਾਕੀ ਹਿੱਸਿਆਂ ਵਿੱਚ ਜਿਵੇਂ ਟੋਰਾਂਟੋ ਆਦਿ ਵਿੱਚ ਸਾਡੇ ਲੋਕ ਜੋਬਾਂ ਕਰਦੇ ਹਨ ਤੇ ਅੱਠ ਘੰਟੇ ਦੀ ਡਿਊਟੀ ਕਰਕੇ ਫਰੀ ਹੋ ਜਾਂਦੇ ਹਨ। ਪਰ ਵੈਨਕੂਵਰ ਵਿੱਚ ਸਾਡੇ ਲੋਕਾਂ ਦੇ ਛੋਟੇ ਛੋਟੇ ਬਿਜ਼ਨਿਸ ਹਨ, ਜਿਨ੍ਹਾਂ ਵਿੱਚ ਉਹ ਅੱਠ ਘੰਟੇ ਨਹੀਂ 12- 12 , 14-14 ਘੰਟੇ ਵੀ ਕੰਮ ਕਰਦੇ ਹਨ ਇਸ ਕਰਕੇ ਸਮਾਂ ਕੱਢਣਾ ਮੁਸ਼ਕਲ ਹੁੰਦਾ ਹੈ। ਬਹੁਤੀ ਵਾਰ ਇਹ ਹੁੰਦਾ ਹੈ ਕਿ ਇੱਕ ਨਾਟਕ ਨੂੰ ਪਹਿਲੀ ਵਾਰ ਹੋਰ ਕਲਾਕਾਰ ਖੇਡਦੇ ਹਨ ਪਰ ਦੂਸਰੀ ਵਾਰ ਉਹ ਮਿਲਦੇ ਨਹੀਂ, ਫਿਰ ਨਵੇਂ ਸਿਰੇ ਤੋਂ ਰਿਹਰਸਲ

ਕਰਵਾਓ। ਸਮੇਂ ਦੀ ਘਾਟ ਕਾਰਨ ਹੀ ਇਕੱਲੇ ਇਕੱਲੇ ਪਾਤਰ ਨੂੰ ਪ੍ਰੈਕਟਿਸ ਕਰਵਾਉਣੀ ਪੈਂਦੀ ਹੈ। ਐਥੇ ਸੌਖੇ ਨਾਟਕ ਤਿਆਰ ਤਾਂ ਕਰ ਲਏ ਜਾਂਦੇ ਹਨ ਫਿਰ ਦਰਸ਼ਕ ਇਕੱਠੇ ਕਰਨੇ ਮੁਸ਼ਕਲ ਹੋ ਜਾਂਦੇ ਹਨ ਕਿਉਂਕਿ ਅਜੇ ਸਾਡੇ ਲੋਕ ਹਾਸੇ ਠੱਠੇ ਜਾਂ ਗਾਉਣ ਵਾਲਿਆਂ ਨੂੰ ਸੁਣਨ ਦੇ ਆਦੀ ਤਾਂ ਹਨ ਪਰ ਗੰਭੀਰ ਮੁੱਦਿਆਂ ਤੇ ਗੱਲ ਕਰਨੀ ਜਾਂ ਸੁਣਨੀ ਪਸੰਦ ਨਹੀਂ ਕਰਦੇ। ਅਸੀਂ ਇੱਕ ਆਸ ਲੈ ਕੇ ਤੁਰੇ ਹਾਂ ਕਿ ਗੁਰਸ਼ਰਨ ਭਾਜੀ ਦੇ ਮਿਸ਼ਨ ਨੂੰ ਅੱਗੇ ਲੈ ਕੇ ਜਾਈਏ। ਇਸ ਕਰਕੇ ਲਗਾਤਾਰ ਕੋਸ਼ਿਸ਼ਾਂ ਵੀ ਕਰ ਰਹੇ ਹਾਂ ਤੇ ਕਰਦੇ ਵੀ ਰਹਾਂਗੇ। ਹੁਣ ਸਾਡੇ ਕੋਲ ਪੂਰੀ ਟੀਮ ਹੈ ਤੇ ਤਨਦੇਹੀ ਨਾਲ ਕੰਮ ਕਰ ਰਹੀ ਹੈ, ਲੋਕ ਵੀ ਦਿਨੋ ਦਿਨ ਜੁੜ ਰਹੇ ਹਨ।

**ਹਰੀਪਾਲ :- ਕੀ ਤੁਹਾਡੇ ਨਾਟਕਾਂ ਜਾਂ ਲਿਖਤਾਂ ਦਾ ਵਿਸ਼ਾ ਕੈਨੇਡੀਅਨ ਸਮੱਸਿਆਵਾਂ ਹਨ ਅਤੇ ਕਿਹੜੀਆਂ ਕਿਹੜੀਆਂ ਜਾਂ ਤੁਸੀਂ ਬਹੁਤੀਆਂ ਇੰਡੀਆ ਦੀਆਂ ਸਮੱਸਿਆਵਾਂ ਤੇ ਹੀ ਨਾਟਕ ਕਰਦੇ ਹੋ?**

**ਪਰਮਿੰਦਰ** :- ਮੇਰੇ ਨਾਟਕਾਂ ਜਾਂ ਲਿਖਤਾਂ ਦੇ ਵਿਸ਼ੇ ਮੇਰੀ ਜਨਮ ਭੂਮੀ ਤੇ ਕਰਮ ਭੂਮੀ ਦੋਨਾਂ ਨਾਲ ਜੁੜੇ ਹਨ ਪਰ ਤੀਹ ਸਾਲ ਹੋ ਗਏ ਮੈਨੂੰ ਇੰਡੀਆ ਛੱਡੇ ਨੂੰ ਇਸ ਕਰਕੇ ਜ਼ਿਆਦਾ ਮੈਂ ਐਥੋਂ ਬਾਰੇ ਲਿਖਦੀ ਹਾਂ। ਕੁੱਝ ਸਮੱਸਿਆਵਾਂ ਸਾਂਝੀਆਂ ਵੀ ਹੁੰਦੀਆਂ ਹਨ। ਮੈਂ ਡਰੱਗ ਦੀ ਸਮੱਸਿਆ, ਅੰਧਵਿਸ਼ਵਾਸ਼ਾਂ ਬਾਰੇ, ਬਾਬਿਆਂ ਜੋਤਸ਼ੀਆਂ ਦੀ ਲੁੱਟ ਖਸੁੱਟ, ਰਿਸ਼ਤਿਆਂ ਦੀ ਟੁੱਟ ਭੱਜ, ਸਮਾਜਿਕ, ਸਭਿਆਚਾਰਕ ਕਦਰਾਂ ਕੀਮਤਾਂ ਵਿੱਚ ਗਿਰਾਵਟ, ਪ੍ਰਵਾਸੀ ਜੀਵਨ ਦੀਆਂ ਦੁਸ਼ਵਾਰੀਆਂ, ਖਪਤ ਸਭਿਆਚਾਰ, ਆਰਥਿਕ ਸਮਾਜਿਕ ਮਸਲੇ, ਸਿਆਸੀ ਘਾਲੇ ਮਾਲੇ, ਔਰਤ ਦੀ ਤਰਾਸਦੀ ਆਦਿ ਤੋਂ ਇਲਾਵਾ ਮੈਂ ਇਤਿਹਾਸ ਨਾਲ ਸਬੰਧਤ ਨਾਟਕ, ਲੇਖ ਤੇ ਕਵਿਤਾਵਾਂ ਵੀ ਲਿਖੀਆਂ ਹਨ। ਇਹ ਗੱਲ ਸੱਚ ਹੈ ਕਿ ਜਦੋਂ ਅਸੀਂ ਸਥਾਨਕ ਮਸਲਿਆਂ ਤੇ ਨਾਟਕ ਕਰਦੇ ਹਾਂ, ਲੋਕ ਉਹਨਾਂ ਨੂੰ ਬਹੁਤ ਪਸੰਦ ਕਰਦੇ ਹਨ। ਮੈਂ ਨਿਰੋਲ ਉੱਥੋਂ ਦੀਆਂ ਸਮੱਸਿਆਵਾਂ ਨੂੰ ਘੱਟ ਲਿਆ ਹੈ ਪਰ ਉਹਨਾਂ ਨੂੰ ਕਿਸੇ ਨਾ ਕਿਸੇ ਤਰੀਕੇ ਇੱਥੇ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ।

**ਹਰੀਪਾਲ :- ਕੀ ਲੋਕ ਤੁਹਾਡੇ ਨਾਟਕ ਦੇਖ ਕੇ ਤੁਹਾਨੂੰ ਕੰਨਟੈਕਟ ਕਰਨ ਦੀ ਕੋਸ਼ਿਸ਼ ਵੀ ਕਰਦੇ ਹਨ?**

**ਪਰਮਿੰਦਰ** :- ਜੀ ਹਾਂ ਲੋਕਾਂ ਦੇ ਦੇਖਣ ਆਉਣ ਤੇ ਹੱਲਾਸ਼ੇਰੀ ਦੀ ਵਜ੍ਹਾ ਕਰਕੇ ਹੀ ਕੈਨੇਡਾ ਵਿੱਚ 18 ਸਾਲਾਂ ਤੋਂ ਲਗਾਤਾਰਤਾ ਨਾਲ ਕੰਮ ਕਰ ਰਹੇ ਹਾਂ। ਜੇ ਲੋਕਾਂ ਦਾ ਸਹਿਯੋਗ ਤੇ ਪਿਆਰ ਨਾ ਹੁੰਦਾ, ਅਸੀਂ ਵੀ ਕਦੋਂ ਦੀ ਢੇਰੀ ਢਾਹ ਬੈਠਣਾ ਸੀ।

**ਹਰੀਪਾਲ :- ਅਸੀਂ ਇੱਥੇ ਰਹਿਣਾ ਹੈ, ਇੱਥੇ ਮਰਨਾ ਹੈ, ਸਾਡੇ ਬੱਚਿਆਂ ਦਾ ਭਵਿੱਖ ਕੈਨੇਡਾ ਨਾਲ ਜੁੜਿਆ ਹੋਇਆ ਹੈ, ਕੀ ਸਾਨੂੰ ਕੈਨੇਡੀਅਨ ਸਮੱਸਿਆਵਾਂ ਨਾਲ ਜੂਝਣ ਨੂੰ ਪਹਿਲ ਦੇਣੀ ਚਾਹੀਦੀ ਹੈ ਜਾਂ ਪਿਛਲੇ ਦੇਸ਼ ਦੇ ਰੋਣੇ ਰੋਂਦੇ ਰਹਿਣਾ ਚਾਹੀਦਾ ਹੈ।**

**ਪਰਮਿੰਦਰ** :- ਜੀ ਹਾਂ ਸਾਨੂੰ ਇੱਥੋਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇਣੀ ਚਾਹੀਦੀ ਹੈ ਜਿਨ੍ਹਾਂ ਦੇ ਅਸੀਂ ਦਿਨ ਰਾਤ ਰੂਬਰੂ ਹੋਣਾ ਹੈ। ਪਰ ਖਿਆਲ ਰਹੇ ਕਿ ਅਸੀਂ ਆਪਣੀਆਂ ਜੜ੍ਹਾਂ ਨਾਲੋਂ ਟੁੱਟ ਤਾਂ ਨਹੀਂ ਸਕਦੇ ਪਰ ਮੇਰੇ ਖਿਆਲ ਵਿੱਚ ਸਰਮਾਏਦਾਰੀ ਸਿਸਟਮ ਵਿੱਚ ਬਹੁਤਾ ਫਰਕ ਨਹੀਂ ਹੈ ਇੱਥੇ ਤੇ ਉੱਥੇ ਵਿੱਚ। ਜਿੰਨੀ ਆਮ ਲੋਕਾਂ ਦੀ ਲੁੱਟ ਉੱਥੇ ਹੁੰਦੀ ਹੈ ਉਨੀ ਇੱਥੇ ਵੀ ਹੁੰਦੀ ਹੈ ਪਰ ਉਸ ਵਲੋਂ ਪਹਿਨਾਈ, ਦੇਖਣ ਵਾਲੀ ਐਨਕ ਵੱਖਰੀ ਹੈ ਇਸ ਕਰਕੇ ਇੱਥੇ ਆਕੇ ਵੀ ਅਸੀਂ ਇੰਡੀਆ ਵਾਲੀ ਐਨਕ ਨਾਲ ਦੇਖੀ ਜਾਂਦੇ ਹਾਂ ਇਸ ਕਰਕੇ ਇੱਥੇ ਸਭ ਅੱਛਾ ਨਜ਼ਰ ਆਉਂਦਾ ਹੈ। ਅਸੀਂ ਲੋਕ ਜੋ ਤੀਹ-ਤੀਹ ਚਾਲੀ ਚਾਲੀ ਸਾਲ ਪਹਿਲਾਂ ਦੇ ਆਏ ਹਾਂ, ਸਾਨੂੰ ਪਤਾ ਹੈ ਕਿ ਉਦੋਂ ਦੀ ਤੇ ਅੱਜ ਦੀ ਮਹਿੰਗਾਈ ਕਿੱਥੇ ਖੜ੍ਹੀ ਹੈ, ਪਰ ਨਵੇਂ ਆਇਆਂ ਨੂੰ ਅੰਦਾਜ਼ਾ ਲਾਉਣਾ ਮੁਸ਼ਕਲ ਹੋ ਜਾਂਦਾ ਹੈ।

**ਹਰੀਪਾਲ :- ਸਾਡੇ ਆਮ ਲੋਕਾਂ ਦੀਆਂ ਗੱਲਾਂ ਬਾਤਾਂ ਦਾ ਵਿਸ਼ਾ ਅਜੇ ਵੀ ਬਾਦਲ, ਕੈਪਟਨ, ਭਗਵੰਤ ਮਾਨ ਤੇ ਕੇਜਰੀਵਾਲ ਵਗੈਰਾ ਹਨ। ਤੁਹਾਨੂੰ ਕਿਵੇਂ ਲੱਗਦਾ ਹੈ ਕਿ ਲੋਕਾਂ ਨੂੰ ਕੈਨੇਡਾ ਵਿੱਚ ਕਾਰਪੋਰੇਸ਼ਨਾਂ ਦੀ ਲੁੱਟ, ਘੱਟੋ ਘੱਟ ਉਜਰਤ ਜਾਂ ਪੈਨਸ਼ਨ ਦੀ ਕੋਸਟ ਆਫ ਲਿਵਿੰਗ ਦੇ ਹਿਸਾਬ ਨਾਲ ਇਨ੍ਹਾਂ ਵਿਸ਼ਿਆਂ ਤੇ ਗੱਲ ਕਰਨੀ ਚਾਹੀਦੀ ਹੈ?**

**ਪਰਮਿੰਦਰ** :- ਜੋ ਤੁਸੀਂ ਵਿਸ਼ਿਆਂ ਦੀ ਗੱਲ ਕਰ ਰਹੇ ਹੋ, ਉਹ ਮੈਂ ਸਹਿਮਤ ਹਾਂ ਕਿ ਅਸੀਂ ਇੱਥੇ ਰਹਿੰਦੇ ਹੋਏ ਸਾਨੂੰ ਇੱਥੋਂ ਦੇ ਮੁੱਦਿਆਂ ਤੇ ਗੱਲ ਕਰਨੀ ਚਾਹੀਦੀ ਹੈ। ਅਸੀਂ ਇੰਡੀਅਨ ਰਾਜਨੀਤੀ ਵਿੱਚ ਤਾਂ ਕੁੱਝ ਨਹੀਂ ਕਰ ਸਕਦੇ ਪਰ ਸਾਨੂੰ ਲੋਕ ਮੁੱਦਿਆਂ ਤੇ ਹਾਦਾ-ਨਾਹਰਾ ਜ਼ਰੂਰ ਮਾਰਨਾ ਚਾਹੀਦਾ ਹੈ। ਐਥੇ ਜੋ ਕਾਰਪੋਰੇਸ਼ਨਾਂ ਦੁਆਰਾ ਸਾਡੀ ਅੰਨ੍ਹੀ ਲੁੱਟ ਹੋ ਰਹੀ ਹੈ ਤੇ ਸਰਕਾਰਾਂ ਜੋ ਉਹਨਾਂ ਦੀਆਂ ਰਖੇਲ ਬਣੀਆਂ ਹਨ ਤੇ ਆਮ ਆਦਮੀ ਟੈਕਸਾਂ ਥੱਲੇ ਨਪੀੜਿਆ ਜਾ ਰਿਹਾ ਹੈ, ਉਸਦੀ ਗੱਲ ਕਰੇ ਬਿਨ੍ਹਾ ਤਾਂ ਸਰਨਾ ਹੀ ਨਹੀਂ। ਜੇ ਅੱਜ ਨਹੀਂ ਕਰਾਂਗੇ ਤਾਂ ਖਤਰੇ ਦਾ ਘੁੱਗੂ ਤਾਂ ਵੱਜ ਹੀ ਜਾਣਾ ਹੈ।

**ਹਰੀਪਾਲ :-ਤੁਸੀਂ ਕਿਊਬਾ ਦੀ ਸੈਰ ਕੀਤੀ। ਬਹੁਤ ਲੋਕ ਕਿਊਬਾ ਜਾਣ ਵਾਲੇ ਕਹਿੰਦੇ ਹਨ ਕਿ ਕਿਊਬਾ ਬਹੁਤ ਗਰੀਬ ਹੈ। ਤੁਸੀਂ ਇਸ ਬਾਰੇ ਕੀ ਕਹਿੰਦੇ ਹੋ?**

**ਪਰਮਿੰਦਰ** :-ਹਾਂ ਜੀ ਮੈਨੂੰ ਅਪਰੈਲ 1916 ਵਿੱਚ ਕਿਊਬਾ ਜਾਣ ਦਾ ਮੌਕਾ ਮਿਲਿਆ। ਗ਼ਰੀਬ ਅਮੀਰ ਦੀ ਪਰਿਭਾਸ਼ਾ ਮੇਰਾ ਖਿਆਲ ਹੈ ਸਭ ਦੀ ਵੱਖਰੀ ਹੁੰਦੀ ਹੈ, ਇਸੇ ਤਰ੍ਹਾਂ ਕਿਊਬਾ ਬਾਰੇ ਵੀ ਮੇਰਾ ਨਜ਼ਰੀਆ ਵੱਖਰਾ ਹੈ। ਪਰ ਮੈਂ ਕਿਊਬਾ ਨੂੰ ਗ਼ਰੀਬ ਨਹੀਂ ਮੰਨਦੀ ਜਿਸ ਦੇਸ਼ ਵਿੱਚ ਕੋਈ ਭੁੱਖਾ ਨੰਗਾ ਨਹੀਂ ਮਰਦਾ, ਰਹਿਣ ਨੂੰ ਛੱਤ ਹੈ, ਇਲਾਜ ਲਈ ਹਸਪਤਾਲ, ਦਵਾਈਆਂ ਹਨ ਅਤੇ ਉੱਚੀ ਤੋਂ ਉੱਚੀ ਪੜ੍ਹਾਈ ਲਈ ਹਰ ਇੱਕ ਨੂੰ ਬਰਾਬਰ ਦੇ ਮੌਕੇ ਹਨ, ਉਹ ਕਿਵੇਂ ਗ਼ਰੀਬ ਹੈ। ਗਰੀਬ ਤਾਂ ਕੈਨੇਡਾ ਹੈ ਜਿਸ ਦੀਆਂ ਵੈਨਕੂਵਰ ਦੀਆਂ ਹੇਸਟਿੰਗਜ਼ ਦੀਆਂ ਗਲੀਆਂ ਵਿੱਚ ਝੁੱਗੀਆਂ ਵਿੱਚ ਬੈਠੇ ਭੁੱਖੇ ਨੰਗੇ ਲੋਕ ਨਿੱਤ ਖਾਣੇ ਲਈ ਤਰਸ ਰਹੇ ਹਨ, ਜਿੱਥੇ ਬੇਘਰੇ ਲੋਕਾਂ ਦੀ ਗਿਣਤੀ ਦਿਨੋ ਦਿਨ ਵਧ ਰਹੀ ਹੈ। ਜਾਂ ਅਸੀਂ ਘਰਾਂ ਵਿੱਚ ਬੈਂਕਾਂ ਦੇ ਕਰਜ਼ੇ ਥੱਲੇ ਘਰਾਂ ਦੀਆਂ ਪੇਮੈਂਟਾਂ ਲਈ ਮਜ਼ਦੂਰਾਂ ਦੀ 8 ਘੰਟੇ ਦੀ ਪਾਈ ਪਿਰਤ ਨੂੰ ਤੋੜ ਕੇ 16-16, 18-18 ਘੰਟੇ ਕੰਮ ਕਰਨ ਲਈ ਮਜ਼ਬੂਰ ਹਾਂ ਕਿਉਂਕਿ ਖਰਚੇ ਪੂਰੇ ਨਹੀਂ ਹੁੰਦੇ, ਵਧਦੀਆਂ ਫੀਸਾਂ ਕਰਕੇ ਬੱਚੇ ਪੜ੍ਹ ਨਹੀਂ ਰਹੇ, ਮਹਿੰਗੀਆਂ ਦਵਾਈਆਂ ਲੈਣ ਤੋਂ ਟਲਦੇ ਘਾਤਕ ਰੋਗ ਲਾ ਬੈਠਦੇ ਹਾਂ। ਇਸ ਸਰਮਾਏਦਾਰੀ ਯੁੱਗ ਨੇ ਸਾਨੂੰ ਵਸਤਾਂ ਦਾ ਗੁਲਾਮ ਬਣਾ ਛੱਡਿਆ ਹੈ। ਮੈਂ ਤਾਂ ਕੈਨੇਡਾ, ਕਿਊਬਾ ਤੇ ਭਾਰਤ ਦੀ ਤੁਲਨਾ ਕਰਕੇ ਵੇਖਦੀ ਹਾਂ ਤਾਂ ਲੱਗਦਾ ਹੈ ਕਿ ਭਾਰਤ ਵਿੱਚ ਲੋਕਾਂ ਦੇ ਚਿਹਰਿਆਂ ਤੇ ਭੁੱਖ ਦੁੱਖ ਨਜ਼ਰ ਆਉਂਦਾ ਹੈ। ਕੈਨੇਡਾ ਵਿੱਚ ਚਿੰਤਾ ਵਿੱਚ ਲੋਕ ਗੁਸੇ ਪਏ ਹਨ। ਕਿਊਬਾ ਦੇ ਲੋਕ ਸਕੂਨ ਦੀ ਜ਼ਿੰਦਗੀ ਜਿਉਂਦੇ ਹਨ। ਉਹ ਗਰੀਬ ਹੋਏ ਕਿ ਅਸੀਂ ਇਹ ਨਿਰਣਾ ਕਰ ਲਓ।

**ਹਰੀਪਾਲ :- ਤੁਸੀਂ ਕਿਊਬਾ ਦੀ ਕੋਈ ਘਟਨਾ ਸਾਂਝੀ ਕਰ ਸਕਦੇ ਹੋ ਜਿਸਨੇ ਤੁਹਾਨੂੰ ਟੁੰਬਿਆ ਹੋਵੇ?**

**ਪਰਮਿੰਦਰ** :- ਮੇਰੀ ਆਪਣੀ ਇੱਕ ਸੋਚ ਹੈ ਕਿ ਮੈਂ ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਜਾਵਾਂ ਮੈਂ ਹਮੇਸ਼ਾਂ ਪੰਜਾਬੀ ਲਿਬਾਸ ਸੂਟ-ਸਲਵਾਰ ਹੀ ਪਹਿਨਦੀ ਹਾਂ। ਵੀਰ ਜੀ ਅਸੀਂ ਇੱਕ ਦਿਨ ਕਿਊਬਾ ਦੀ ਰਾਜਧਾਨੀ ਹਵਾਨਾ ਗਏ। ਉੱਥੇ ਬੁੱਕ ਸਟਾਲ ਸਨ, ਮੈਂ ਕਿਤਾਬਾਂ ਲੱਭ ਰਹੀ ਸੀ ਜੋ ਉੱਥੋਂ ਦੇ ਇਨਕਲਾਬ ਬਾਰੇ ਹੋਣ ਪਰ ਉੱਥੇ ਸਾਰੀਆਂ ਕਿਤਾਬਾਂ ਸਪੈਨਿਸ਼ ਵਿੱਚ ਸਨ। ਅਚਾਨਕ ਹੀ ਇੱਕ ਲੜਕਾ ਮੇਰੇ ਕੋਲ ਆਇਆ, ਮੇਰਾ ਸੂਟ ਦੇਖ ਕੇ ਕਹਿੰਦਾ ਆਂਟੀ ਸਤਿ ਸ੍ਰੀ ਅਕਾਲ। ਸਤਿ ਸ੍ਰੀ ਅਕਾਲ ਦਾ ਜਵਾਬ ਤਾਂ ਮੈਂ ਦੇ ਦਿੱਤਾ ਪਰ ਮੈਂ ਸੋਚਾਂ ਕਿ ਇਹ ਲੜਕਾ ਕਿੱਥੋਂ ਆ ਗਿਆ ਕਿਉਂਕਿ ਉੱਥੇ ਪੰਜਾਬੀ ਬੋਲਣ ਵਾਲਾ ਮੁੰਡਾ ਦੇਖ ਕੇ ਮੈਂ ਹੈਰਾਨ ਸਾਂ। ਉਹ ਕਹਿੰਦਾ, "ਆਂਟੀ ਕਿਤਾਬ ਲੱਭਦੇ ਹੋ?" ਮੈਂ ਕਿਹਾ, "ਹਾਂ ਮੈਂ ਅੰਗਰੇਜ਼ੀ ਵਿੱਚ ਕਿਤਾਬ ਲੱਭਦੀ ਹਾਂ ਇੱਥੋਂ ਦੇ ਰੈਵੋਲਿਊਸ਼ਨ ਬਾਰੇ।" ਉਸਨੇ ਬੁੱਕ ਸੈਲਰ ਨੂੰ ਵੀ ਪੁੱਛਿਆ ਤੇ ਜਾ ਕੇ ਲਾਇਬਰੇਰੀ ਵਿੱਚ ਵੀ ਦੇਖਿਆ ਪਰ ਮਿਲੀ ਨਾ। ਮੁੜ ਕੇ ਆਏ ਨੂੰ ਮੈਂ ਪੁੱਛਿਆ, ਬੇਟਾ ਤੂੰ ਐਥੇ ਕਿੱਥੇ ਪੰਜਾਬੀ ਬੋਲਣ ਵਾਲਾ?" ਉਸਨੇ ਦੱਸਿਆ, "ਆਂਟੀ ਮੈਂ ਇੱਥੇ ਹਵਾਨਾ ਯੂਨੀਵਰਸਿਟੀ ਵਿੱਚ ਪੜ੍ਹਦਾ ਹਾਂ" ਮੈਨੂੰ ਨਹੀਂ ਸੀ ਪਤਾ ਕਿ ਕਿਊਬਾ ਵਿੱਚ ਬਾਹਰੋਂ ਆ ਕੇ ਕੋਈ ਪੜ੍ਹਦਾ ਹੋਵੇਗਾ। ਮੈਂ ਉਸਨੂੰ ਪੁੱਛਿਆ, "ਕਿ ਤੇਰਾ ਇਹ ਸਬੱਬ ਕਿਵੇਂ ਬਣਿਆ?" ਤਾਂ ਉਸਨੇ ਮੈਨੂੰ ਵਿਸਥਾਰ ਵਿੱਚ ਦੱਸਿਆ, "ਮੈਂ ਪਾਕਿਸਤਾਨ ਤੋਂ ਹਾਂ, ਕੁੱਝ ਸਾਲ ਪਹਿਲਾਂ ਸਾਡੇ ਦੇਸ਼ ਵਿੱਚ ਭੁਚਾਲ ਆ ਗਿਆ ਸੀ, ਬਹੁਤ ਸਾਰੇ ਲੋਕ ਮਰ ਗਏ ਸਨ ਤਾਂ ਉਦੋਂ ਕਿਊਬਾ ਵਾਲਿਆਂ ਨੇ ਸਹਾਇਤਾ ਵਜੋਂ ਬਹੁਤ ਸਾਰੀਆਂ ਦਵਾਈਆਂ ਪਾਕਿਸਤਾਨ ਭੇਜੀਆਂ, ਜਦੋਂ ਇਹ ਲੈ ਕੇ ਗਏ ਤਾਂ ਦਵਾਈਆਂ ਦੇਣ ਲਈ ਸਾਡੇ ਕੋਲ ਡਾਕਟਰ ਨਹੀਂ ਸਨ, ਉਦੋਂ ਫਿਰ ਇਹਨਾਂ ਨੇ ਆਪਣੇ ਡਾਕਟਰ ਭੇਜੇ। ਫਰ ਕਿਊਬਾ ਦੀ ਸਰਕਾਰ ਨੇ ਵਾਅਦਾ ਕੀਤਾ ਕਿ ਤੁਸੀਂ ਆਪਣੇ 1000 ਵਿਦਿਆਰਥੀਆਂ ਨੂੰ ਕਿਊਬਾ ਭੇਜੋ, ਅਸੀਂ ਉਹਨਾਂ ਨੂੰ ਡਾਕਟਰ ਬਣਾ ਕੇ ਵਾਪਸ ਭੇਜਾਂਗੇ, ਲੋਕਾਂ ਦੀ ਮੱਦਦ ਲਈ। ਆਂਟੀ ਮੈਂ ਉਸ ਕੋਟੇ ਵਿੱਚ ਇੱਥੇ ਆ ਗਿਆ, ਹੁਣ ਮੈਂ ਅਗਲੇ ਸਾਲ ਡਾਕਟਰ ਬਣ ਕੇ ਜਾਵਾਂਗਾ। ਆਂਟੀ ਮੈਂ ਇਸ ਦੇਸ਼ ਦਾ ਕਦੇ ਦੇਣ ਨਹੀ ਦੇ ਸਕਦਾ ਜਿਸਨੇ ਮੇਰੇ ਖਾਣ ਪਹਿਨਣ, ਪੜ੍ਹਨ, ਰਹਿਣ-ਸਹਿਣ ਸਭ ਦਾ ਖਰਚਾ ਚੁੱਕਿਆ ਹੈ।

ਮੇਰੇ ਮਾਪਿਆਂ ਨੇ ਤਾਂ ਮੇਰਾ ਸਿਰਫ਼; ਕਿਰਾਇਆ ਲਾ ਕੇ ਇੱਥੇ ਭੇਜਿਆ ਸੀ, ਬਾਕੀ ਸਭ ਇਹਨਾਂ ਨੇ ਕੀਤਾ ਹੈ" ਮੈਂ ਉਸਦੀਆਂ ਗੱਲਾਂ ਸੁਣ ਕੇ ਹੈਰਾਨ ਰਹਿ ਗਈ। ਮਨੋ ਮਨ ਕਾਰਲ ਮਾਰਕਸ ਦੀ ਵਿਚਾਰਧਾਰਾ ਤੇ ਉਸਦੇ ਪੈਰੋਕਾਰ ਚੀ ਗੁਵੇਰਾ ਤੇ ਫੀਡਲ ਕਾਸਟਰੋ ਨੂੰ ਸਿੱਜਦਾ ਕਰਨੋ ਨਾ ਰਹਿ ਸਕੀ। ਸਾਡੇ ਕੈਨੇਡਾ ਅਮਰੀਕਾ ਵਰਗੇ ਅਮੀਰ ਦੇਸ਼ਾਂ ਨੂੰ ਮੂੰਹੋਂ ਲਾਹਨਤ ਵੀ ਨਿਕਲੀ ਕਿ ਜਿਹੜੇ ਬਾਹਰੋਂ ਆਏ ਗਰੀਬ ਵਿਦਿਆਰਥੀਆਂ ਤੋਂ ਤਿੱਗਣੀਆਂ ਚੌਗੁਣੀਆਂ ਫੀਸਾਂ ਲੈ ਕੇ ਉਹਨਾਂ ਦਾ ਚੰਮ ਕੁੱਟਦੇ ਹਨ। ਹੁਣ ਤਾਂ ਤੁਹਾਡੇ ਪਹਿਲੇ ਸਵਾਲ ਦਾ ਜਵਾਬ ਇਸ ਘਟਨਾ ਦੇ ਰਾਹੀਂ ਤੁਹਾਨੂੰ ਬਾਖੂਬੀ ਮਿਲ ਗਿਆ ਹੋਵੇਗਾ ਕਿ ਅਮੀਰ ਕੌਣ ਹੈ ਤੇ ਗਰੀਬ ਕੌਣ?

**ਹਰੀਪਾਲ :- ਅਸੀਂ ਜਦੋਂ ਕੈਨੇਡਾ ਦੀਆਂ ਸਮੱਸਿਆਵਾਂ ਤੇ ਲੇਖ ਲਿਖਦੇ ਹਾਂ ਤਾਂ ਬਹੁਤ ਅਖੌਤੀ ਬੁੱਧੀਜੀਵੀ ਇਹ ਸਵਾਲ ਕਰ ਦਿੰਦੇ ਹਨ ਕਿ ਕਾਮਰੇਡ ਤਾਂ ਐਂਵੇ ਹੀ ਦੁਖੀ ਹੋਈ ਜਾਂਦੇ ਹਨ। ਇਹ ਤਾਂ ਬਹੁਤ ਵਧੀਆ ਮੁਲਕ ਹੈ। ਤੁਸੀਂ ਇਸ ਬਾਰੇ ਕੀ ਕਹਿਣਾ ਚਾਹੋਗੇ?**

**ਪਰਮਿੰਦਰ** :- ਬਿਨਾ ਸ਼ੱਕ ਕੈਨੇਡਾ ਇੱਕ ਸੋਹਣਾ ਮੁਲਕ ਹੈ, ਅਸੀਂ ਸਾਰੇ ਇਸਨੂੰ ਬਹੁਤ ਪਿਆਰ ਕਰਦੇ ਹਾਂ। ਇਸ ਪਿਆਰ ਕਰਕੇ ਜਿਹੜੇ ਕਾਮਰੇਡ ਜਾਂ ਬੁੱਧੀਜੀਵੀ ਇੱਥੋਂ ਦੀਆਂ ਸਮੱਸਿਆਵਾਂ ਦੀ ਗੱਲ ਕਰਦੇ ਹਨ, ਉਹ ਇਸਨੂੰ ਹੋਰ ਵਧੀਆ ਦੇਖਣਾ ਚਾਹੁੰਦੇ ਹਨ। ਜੇ ਅਸੀਂ ਆਪਣੇ ਨੁਕਸ਼ਾਂ ਨੂੰ ਅਣਗੌਲਿਆ ਕਰਕੇ ਅੱਖਾਂ ਮੀਟ ਕੇ ਦੇਸ਼ ਭਗਤ ਬਣਕੇ ਲੀਡਰਾਂ ਦੀ ਜੀ ਹਜ਼ੂਰੀ ਕਰਦੇ ਰਹੇ ਤਾਂ ਉਹਨਾਂ ਨੂੰ ਵੀ ਸਭ ਅੱਛਾ ਹੀ ਦਿਸੇਗਾ ਤੇ ਦੇਸ਼ ਗਿਰਾਵਟ ਵੱਲ ਜਾਵੇਗਾ, ਜੇ ਕੋਈ ਆਰ ਲਾਉਂਦਾ ਹੈ ਤਾਂ ਚੁਸਤੀ ਆ ਜਾਂਦੀ ਹੈ। ਮੇਰਾ ਖਿਆਲ ਹੈ ਸਾਨੂੰ ਸਭ ਨੂੰ ਸੀਮਤ ਦਾਇਰਿਆਂ ਵਿਚੋਂ ਨਿਕਲ ਕੇ ਵਿਸ਼ਾਲ ਸੋਚਣ ਲਈ ਇੱਕ ਦੂਜੇ ਦੀਆਂ ਗਲਤੀਆਂ ਨੂੰ ਨਜ਼ਰ-ਅੰਦਾਜ਼ ਨਹੀਂ ਕਰਨਾ ਚਾਹੀਦਾ ਸਗੋਂ ਇਹਨਾਂ ਮਸਲਿਆਂ ਤੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ।

**ਹਰੀਪਾਲ :- ਤੁਹਾਨੂੰ ਨਹੀਂ ਲੱਗਦਾ ਕਿ ਕੈਨੇਡਾ ਦੇ ਲੋਕਾਂ ਦਾ ਜੀਵਨ ਪੱਧਰ ਗਿਰ ਰਿਹਾ ਹੈ ਕਿਉਂਕਿ ਉਜਰਤਾਂ ਮਹਿੰਗਾਈ ਦੇ ਹਿਸਾਬ ਨਾਲ ਨਹੀਂ ਵੱਧ ਰਹੀਆਂ?**

**ਪਰਮਿੰਦਰ** :- ਜਦੋਂ ਅਸੀਂ ਅੰਕੜੇ ਦੇਖਦੇ ਹਾਂ ਕਿ ਬੇਰੁਜ਼ਗਾਰੀ ਪਹਿਲਾਂ ਨਾਲੋਂ ਵਧੀ ਹੈ, ਲੋਕ ਬੇਘਰ ਹੋਏ ਹਨ, ਲੋਕਾਂ ਸਿਰ ਬੈਂਕਾਂ ਦਾ ਕਰਜ਼ਾ ਵਧਿਆ ਹੈ, ਲੋਕਾਂ ਦੇ ਕੰਮ ਕਰਨ ਦੇ ਘੰਟਿਆਂ ਵਿੱਚ ਇਜਾਫ਼ਾ ਹੋਇਆ ਹੈ, ਗਰੋਸਰੀ ਦੀਆਂ ਕੀਮਤਾਂ ਵਧੀਆਂ ਹਨ, ਗੈਸ ਦੀਆਂ ਕੀਮਤਾਂ ਜੋ 1990 ਵਿੱਚ 28 ਸੈਂਟ ਸੀ ਹੁਣ 2 ਡਾਲਰ ਨੂੰ ਪਹੁੰਚੀ ਹੈ ਤੇ ਤਨਖ਼ਾਹ ਸਾਡੇ ਦੇਖਦੇ ਦੇਖਦੇ ਸਿਰਫ਼; 6 ਡਾਲਰ ਤੋਂ 13 ਤੱਕ ਅਜੇ ਅੱਪੜੀ ਨਹੀਂ, ਇਹ ਮੈਂ ਨਹੀਂ ਸਗੋਂ ਅੰਕੜੇ ਕਹਿੰਦੇ ਹਨ ਕਿ ਲੋਕਾਂ ਦਾ ਜੀਵਨ ਪੱਧਰ ਗਿਰ ਰਿਹਾ ਹੈ ਇਹ ਪੱਕੀ ਇੱਟ ਵਰਗਾ ਸੱਚ ਹੈ। ਇੱਥੇ ਵੀ ਜਮਾਤੀ ਅਰਥਾਤ ਗਰੀਬ ਅਮੀਰ ਦਾ ਪਾੜਾ ਦਿਨੋ ਦਿਨ ਵੱਧ ਰਿਹਾ ਹੈ।

**ਹਰੀਪਾਲ :- ਤੁਸੀਂ ਕੀ ਸੋਚਦੇ ਹੋ ਕਿ ਸਾਡਾ ਕੈਨੇਡੀਅਨ ਪੰਜਾਬੀ ਸਾਹਿਤ ਕੀ ਕੈਨੇਡੀਅਨ ਮਸਲਿਆਂ ਨੂੰ ਮੁਖਾਤਿਬ ਹੈ ਜਾਂ ਪਿਛਲੇ ਰੋਣੇ ਰੋਈ ਜਾਂਦਾ ਹੈ?**

**ਪਰਮਿੰਦਰ** :- ਪਹਿਲਾਂ ਪਹਿਲ ਬਹੁਤ ਸਾਰੇ ਲੇਖਕਾਂ ਨੇ ਹੂ-ਹੇਰਵੇ ਦਾ ਸਾਹਿਤ ਹੀ ਰਚਿਆ ਹੈ ਪਰ ਹੁਣ ਦੇਖਣ ਵਿੱਚ ਆ ਰਿਹਾ ਹੈ ਕਿ ਲੇਖਕਾਂ ਨੇ ਇੱਥੋਂ ਬਾਰੇ ਬਹੁਤ ਕੁੱਝ ਲਿਖਣਾ ਸ਼ੁਰੂ ਕਰ ਦਿੱਤਾ ਹੈ। ਬਹੁਤ ਸਾਰੀਆਂ ਕਹਾਣੀਆਂ, ਨਾਵਲ, ਨਾਟਕ, ਕਵਿਤਾ ਤੇ ਲੇਖ ਲਿਖੇ ਜਾ ਰਹੇ ਹਨ।

**ਹਰੀਪਾਲ :- ਸਾਡੇ ਇੱਥੋਂ ਦੇ ਲੇਖਕ ਬਹੁਤੀਆਂ ਆਸਾਂ ਭਾਸ਼ਾ ਵਿਭਾਗ ਤੇ ਪੰਜਾਬ ਸਾਹਿਤ ਅਕੈਡਮੀ ਤੇ ਲਾਉਂਦੇ ਹਨ। ਕੀ ਤੁਹਾਨੂੰ ਨਹੀਂ ਲੱਗਦਾ ਕਿ ਅਸੀਂ ਕੈਨੇਡਾ ਵਿੱਚ ਇੱਕ ਨੈਸ਼ਨਲ ਲੇਖਕ ਜਥੇਬੰਦੀ ਖੜ੍ਹੀ ਕਰੀਏ ਜੋ ਸਾਡੇ ਕੈਨੇਡੀਅਨ ਪੰਜਾਬੀ ਸਾਹਿਤ ਦਾ ਮੁਲ-ਅੰਕਣ ਕਰੇ?**

**ਪਰਮਿੰਦਰ** :- ਮੇਰਾ ਖਿਆਲ ਹੈ ਇਹ ਹੋਣਾ ਚਾਹੀਦਾ ਹੈ, ਇੱਥੋਂ ਦੀ ਨੈਸ਼ਨਲ ਜਥੇਬੰਦੀ ਜੋ ਨਿਰਪੱਖ ਹੋਵੇ ਤਾਂ ਇਸ ਧਰਤੀ ਤੇ ਲਿਖੇ ਸਾਹਿਤ ਬਾਰੇ, ਉਹੀ ਵਧੀਆ ਨਿਰਣੇ ਲੈ ਸਕਦੀ ਹੈ ਤੇ ਇਨਸਾਫ਼ ਦੀ ਤੱਕੜੀ ਵਿੱਚ ਨਿਭ ਸਕਦੀ ਹੈ ਕਿਉਂਕਿ ਉਹ ਇੱਥੋਂ ਦੇ ਹਲਾਤਾਂ ਨਾਲ ਹਰ ਰੋਜ਼ ਦੋ ਚਾਰ ਹੁੰਦੀ ਹੈ। ਇੰਡੀਆ ਬੈਠੇ ਲੋਕ ਸਾਡੇ ਸਾਹਿਤ ਨਾਲ ਕਦੇ ਇਨਸਾਫ਼ ਨਹੀਂ ਕਰ ਸਕਦੇ ਕਿਉਂਕਿ ਉਹ ਇੱਥੋਂ ਦੀਆਂ ਹਾਲਤਾਂ ਤੋਂ ਜਾਣੂ ਨਹੀਂ ਹੁੰਦੇ।

**ਹਰੀਪਾਲ:- ਤੁਹਾਡੀਆਂ ਇੰਨੀਆਂ ਸਾਰੀਆਂ ਕੋਸ਼ਿਸ਼ਾਂ ਦਾ ਜਾਂ ਤੁਹਾਡੀਆਂ ਇੰਨੀਆਂ ਜ਼ਿਆਦਾ ਸਰਗਰਮੀਆਂ ਦਾ ਪ੍ਰੇਰਣਾ ਸਰੋਤ ਕੀ ਹੈ?**

**ਪਰਮਿੰਦਰ** :- ਮੇਰੀਆਂ ਸਾਰੀਆਂ ਕੋਸ਼ਿਸ਼ਾਂ ਸਰਗਰਮੀਆਂ ਦਾ ਮੂਲ ਸਰੋਤ ਮੇਰੇ ਲੋਕ ਹਨ, ਉਹਨਾਂ ਦਾ ਪਿਆਰ ਹੈ, ਟੀਮਾਂ ਦਾ ਸਹਿਯੋਗ ਹੈ, ਜਥੇਬੰਦਕ ਸੋਚ ਹੈ, ਮੇਰਾ ਆਲ਼ਾ ਦੁਆਲ਼ਾ ਹੈ, ਪਿਆਰੇ ਦੋਸਤ ਮਿੱਤਰ ਹਨ, ਸਾਡਾ ਅਮੀਰ ਇਤਿਹਾਸ ਹੈ, ਇਹ ਸੋਹਣਾ ਦੇਸ਼ ਹੈ ਜਿਸਨੇ ਰੋਟੀ ਰੋਜ਼ੀ ਦਿੱਤੀ ਹੈ, ਇੰਡੀਆ ਹੈ ਜਿਸਦੀ ਗ਼ਰੀਬੀ ਨੇ ਇਹ ਸਾਰਾ ਕੁੱਝ ਸੋਚਣ ਲਈ ਮਜ਼ਬੂਰ ਕੀਤਾ ਹੈ, ਮੇਰਾ ਅਮੀਰ ਵਿਰਸਾ ਹੈ, ਮੇਰਾ ਪਰਿਵਾਰ ਹੈ।

**ਹਰੀਪਾਲ :- ਆਖਰ ਵਿੱਚ ਕੈਨੇਡੀਅਨ ਪੰਜਾਬੀ ਲੋਕਾਂ ਨੂੰ ਜਾਂ ਲੇਖਕਾਂ ਨੂੰ ਤੁਸੀਂ ਕੀ ਸੁਨੇਹਾ ਦੇਣਾ ਚਾਹੋਗੇ ?**

**ਪਰਮਿੰਦਰ** :- ਮੇਰਾ ਸੁਨੇਹਾ ਤਾਂ ਇਹੀ ਹੈ ਕਿ ਸਾਨੂੰ ਜਥੇਬੰਦ ਹੋ ਕੇ ਲੋਕ ਮੁੱਦਿਆਂ ਤੇ ਗੱਲ ਕਰਨੀ ਚਾਹੀਦੀ ਹੈ, ਜੋ ਕੈਨੇਡੀਅਨ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੀ ਹੋਵੇ ਲੇਖਕਾਂ ਦੀ ਬੁਲੰਦ ਅਵਾਜ਼ ਸਮਾਜ ਵਿੱਚ ਬਹੁਤ ਤਬਦੀਲੀਆਂ ਕਰ ਸਕਦੀ ਹੁੰਦੀ ਹੈ ਉਹਨਾਂ ਨੂੰ ਲੋਕ-ਹਿੱਤਾਂ ਨਾਲ ਭਰਪੂਰ ਸਾਹਿਤ ਰਚਨਾ ਚਾਹੀਦਾ ਹੈ ਜੋ ਸਮਾਜ ਨੂੰ ਸਹੀ ਸੇਧ ਦੇ ਸਕੇ ਕਿਉਂਕਿ ਸਮਾਜ ਵਿੱਚ ਜਾਂ ਲੋਕ ਦਿਲਾਂ ਵਿੱਚ ਅੱਜ ਤੱਕ ਉਹੀ ਸਾਹਿਤ ਜ਼ਿੰਦਾ ਹੈ ਜੋ ਲੋਕਾਂ ਲਈ ਲਿਖਿਆ ਗਿਆ ਹੈ ਉਂਜ ਵਰਕੇ ਕਾਲ਼ੇ ਕਰਨ ਜਾਂ ਕਿਤਾਬੀ ਪ੍ਰਦੂਸ਼ਨ ਫੈਲਾਉਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ।

# ਪਤੀਲਾ ਖਰੀਦਣ ਵਾਲੇ ਆਦਿਵਾਸੀ!! ਦੇਸ਼ ਧਰੋਹੀ ਨਕਸਲੀ!!

ਪੀਪਲਜ਼ ਲਿਟਰੇਚਰ ਫੋਰਮ ਬਰਗਾੜੀ ਵਲੋਂ ਚਾਰ ਰੋਜ਼ਾ ਸਾਹਿਤਕ ਸਮਾਗਮ ਟੀਚਰ ਹੋਮ ਬਠਿੰਡਾ ਵਿਖੇ ਆਖਰੀ ਦਿਨ ਵਿਚਾਰ ਚਰਚਾ ਵਿੱਚ ਗਾਂਧੀਵਾਦੀ ਬੁਧੀਜੀਵੀ ਹੰਮਾਸੂ ਕੁਮਾਰ ਮੁੱਖ ਬੁਲਾਰੇ ਸਨ।

ਜਿਨ੍ਹਾਂ ਨੇ "ਵਿਕਾਸ ਤੇ ਆਦਿਵਾਸੀ ਹਿੰਸਾ" ਉਪਰ ਆਪਣੇ ਵਿਚਾਰ ਬੇਬਾਕ ਹੋ ਕੇ ਬਹੁਤ ਹੀ ਧਧੱਮਲ ਨਾਲ ਵਿਚਾਰ ਪੇਸ਼ ਕਰਕੇ ਹੈਰਾਨਕੁੰਨ ਜਾਣਕਾਰੀ ਤੇ ਤੱਥ ਪੇਸ਼ ਕੀਤੇ। ਸਰੋਤਿਆਂ ਨੇ ਸਾਹ ਰੋਕ ਕੇ ਸੁਣਿਆ। ਹੰਮਾਸੂ ਕੁਮਾਰ ਨੇ ਆਪਣੇ ਸੰਬੋਧਨ ਦੌਰਾਨ ਦੱਸਿਆ ਕਿ ਭਾਰਤ ਦੇ ਆਦਿ ਵਾਸੀ ਲੋਕਾਂ ਨੂੰ ਵਿਕਾਸ ਦੇ ਨਾਮ ਹੇਠ ਉਜਾੜਾ ਕੀਤਾ ਜਾ ਰਿਹਾ ਹੈ।

ਭਾਰਤੀ ਸੰਵਿਧਾਨ ਕਨੂੰਨ ਜਦੋਂ ਕਹਿੰਦੇ ਹਨ ਕਿ ਜਦੋਂ ਕੋਈ ਵਿਕਾਸ ਕਾਰਜ ਲਈ ਜਮੀਨ ਹਥਿਆਉਣ ਲਈ ਕਨੂੰਨ ਹੈ ਜੋ ਕਿਸੇ ਵੀ ਵਸਨੀਕ ਨੂੰ ਉਜਾੜਾ ਨਹੀ ਕੀਤਾ ਜਾ ਸਕਦਾ ਉਹਨਾਂ ਨੂੰ ਕਨੂੰਨ ਮੁਬਾਰਕਾਂ ਵਸੇਬਾ ਉਜਾੜਾ ਭੱਤਾ ਆਦਿ ਇਤਜਾਮ ਕਰਨਾ ਸਰਕਾਰ ਦੀ ਜਿੰਮੇਵਾਰੀ ਹੈ।

ਆਦਿਵਾਸੀ ਲੋਕਾਂ ਦੇ 650 ਤੋਂ ਵਧੇਰੇ ਪਿੰਡ ਤਬਾਹੀ ਕਰਕੇ ਉਜਾੜੇ ਹਨ। ਜੰਗਲ ਦੇ ਵਿੱਚ 90 ਹਜਾਰ ਮਿਲਟਰੀ ਫੋਰਸਾਂ ਦੇ ਆਦਿਵਾਸੀ ਲੋਕਾਂ ਤੇ ਜੁਲਮ ਢਾਹ ਰਹੇ ਹਨ।

ਝੂਠੇ ਪੁਲੀਸ ਮੁਕਾਬਲੇ ਬਣ ਰਹੇ ਹਨ ਔਰਤਾਂ ਬੱਚੀਆਂ ਨਾਲ ਸਮੂਹਕ ਬਲਾਤਕਾਰ ਕਰ ਰਹੇ ਹਨ। ਕੋਈ ਸੁਣਵਾਈ ਨਹੀਂ ਹੈ।

ਛਤੀਸਗੜ੍ਹ ਦੀਆਂ ਜੇਲ੍ਹਾਂ ਵਿੱਚ ਸਮਰੱਥਾ ਤੋਂ 6 ਗੁਣਾ ਤੋਂ ਵੀ ਜਿਆਦਾ ਲੋਕਾਂ ਨੂੰ ਦਹਾਕਿਆਂ ਤੋਂ ਬੰਦ ਹਨ।

– ਸਹਿਰ ਵਿੱਚੋਂ ਦੋ ਛਤਰੀਆਂ ਲੈ ਕੇ ਜਾਣ ਵਾਲੇ ਤੇ ਵੱਡੀ ਟਾਰਚ ਜਾਂ ਵੱਢਾ ਪਤੀਲਾ ਖਰੀਦਣ ਵਾਲੇ ਆਦਿਵਾਸੀ ਲੋਕਾਂ ਨੂੰ ਨਕਸਲੀਆਂ ਦੇ ਸਮਰਥਨ ਬਣਾ ਕੇ ਫੜ ਕੇ ਜੇਲ੍ਹ ਵਿੱਚ ਬੰਦ ਕੀਤੇ ਹੋਏ ਹਨ ਔਰਤਾਂ ਬੱਚਿਆਂ ਤੇ ਬਿਜਲੀ ਦੇ ਸੌਕ ਲਾਏ ਜਾਂਦੇ ਹਨ।

ਦਿਨੇ ਪੁਲਿਸ ਅਧਿਕਾਰੀ ਆਦਿ ਵਾਸੀ ਲੋਕਾਂ ਨੂੰ ਆਪਣੇ ਘਰਾਂਵਿੱਚ ਕੰਮ ਕਰਾਉਣਗੇ ਰਾਤ ਨੂੰ ਜੇਲ੍ਹ ਵਿੱਚ ਬੰਦ ਕਰ ਦਿੰਦੇ ਹਨ।

ਆਦਿ ਵਾਸੀ ਲੋਕਾਂ ਨੂੰ ਇਨਸਾਫ਼ ਤੇ ਸਹਾਇਤਾ ਕੀ ਦੇਣੀ ਹੈ ਸਗੋਂ ਜੱਜਾਂ ਨੂੰ ਉਹਨਾਂ ਦੇ ਹਕ ਵਿੱਚ ਬੋਲਣ ਵਾਲੇ ਨੂੰ ਨੌਕਰੀਆਂ ਤੋਂ ਵਾਂਝੇ ਕਰ ਦਿੱਤਾ ਜਾਂਦਾ ਹੈ।

ਜੇਲ੍ਹ ਭਰੀਆਂ ਪਈਆਂ ਹਨ 24 ਘੰਟਿਆਂ ਵਿਚ ਸਿਫਟਾਂ ਵਿੱਚ ਸਿਰਫ ਦੋ ਘੰਟੇ ਹੀ ਸੌਣ ਲਈ ਜਗਾ ਹੈ।

ਰੈਡ ਕਰਾਸ ਵਰਡ ਸੁਸਾਇਟੀ ਨੂੰਕਿਸੇ ਵੀ ਦੇਸ਼ ਜਾਂ ਜੰਗ ਵਿੱਚ ਜਾਣ ਦੀ ਮਨਾਹੀ ਨਹੀ ਹੈ ਪਰ ਆਦਿਵਾਸੀ ਲੋਕਾਂ ਨੂੰ ਮਿਲਣ ਲਈ ਭਾਰਤੀ ਹਾਕਮਾਂ ਵੱਲੋਂ ਇਜਾਜ਼ਤ ਨਹੀਂ ਹੈ।

ਹੰਮਾਸੂ ਕੁਮਾਰ ਨੇ ਸਪਸ਼ਟ ਕਿਹਾ ਕਿ ਸਰਕਾਰ ਬਹੁ ਕੰਪਨੀਆਂ ਕਾਰਪੋਰੇਟ ਘਰਾਣਿਆਂ ਦੇ ਹਿਤਾਂ ਦੀ ਰਾਖੀ ਕਰਨ ਲਈ ਆਦਿਵਾਸੀ ਲੋਕਾਂ ਨੂੰ ਘਿਨਾਉਣੇ ਜੁਲਮ ਦੇ ਸਿਕਾਰ ਕਰ ਰਹੀ ਹੈ।

ਅਰੁਨਸੋਰੀ ਵਰਗੀਆਂ ਪੱਤਰਕਾਰਾਂ ਤੇ ਗੁਪਤ ਅੰਗਾਂ 'ਚ ਪੱਥਰ ਭਰ ਦੇਣਾ ਅਜੇਹੇ ਪੁਲਿਸ ਅਧਿਕਾਰੀ ਨੂੰ ਰਾਸ਼ਟਰਪਤੀ ਵੱਲੋ ਸਨਮਾਨਿਤ ਕੀਤਾ ਗਿਆ ਹੈ । ਬੇਹੱਦ ਅਫ਼ਸੋਸ ਹੈ।

ਉਹਨਾਂ ਕਰੜੇ ਸ਼ਬਦਾਂ ਵਿੱਚ ਕਿਹਾ ਕਿ ਇਹ ਸਮਾਜਿਕ ਢਾਂਚੇ ਨੂੰ ਜੇਕਰ ਬਚਾਇਆ ਤਾਂ ਜਾ ਸਕਦਾ ਹੈ ਜੁਲਮ ਦੇ ਸਤਾਏ ਲੋਕਾਂ ਨੂੰ ਇਨਸਾਫ਼ ਦਿਉ।

ਜੇਕਰ ਆਦਿਵਾਸੀ ਲੋਕਾਂ ਨੂੰ ਇਨਸਾਫ਼ ਮਿਲੇ। ਉਹਨਾਂ ਨੂੰ ਹਥਿਆਰਾਂ ਦੀ ਲੜਾਈ ਨਾ ਲੜਨੀ ਪਵੇਗੀ।

ਇਨਸਾਫ਼ ਦੀ ਹਮਾਇਤ ਕਰਨ ਵਾਲੇ ਜੱਜਾਂ ਵਕੀਲਾਂ ਪੱਤਰਕਾਰਾਂ ਨੂੰ ਜੇਲ੍ਹਾਂ ਵਿੱਚ ਬੰਦ ਕੀਤੇ ਹੋਏ ਹਨ।

ਯਾਦ ਰਹੇ ਹੰਮਾਸੂ ਕੁਮਾਰ ਦਾ ਆਸ਼ਰਮ ਘਰ ਜੋ ਆਦਿਵਾਸੀ ਲੋਕਾਂ ਨੂੰ ਇਨਸਾਫ਼ ਤੇ ਸਹਾਇਤਾ ਕੇਂਦਰ ਦੇ ਤੌਰ ਜਾਣਿਆਂ ਜਾਂਦਾ ਸੀ। ਮਿਲਟਰੀ ਫੋਰਸਾਂ ਨੇ ਚਾਰ ਘੰਟੇ ਵਿੱਚ ਇਕ ਹਜਾਰ ਨੌਜਵਾਨ ਫੋਰਸਾਂ ਨੇ ਘੇਰਾਬੰਦੀ ਕਰਕੇ ਬਲਡੋਜਰਾਂ ਨਾਲ ਮਿੱਟੀ ਕਰ ਦਿੱਤਾ। 18 ਸਾਲਾ ਤੋਂ ਲਗਾਤਾਰ ਸਾਰਾ ਪਰਿਵਾਰ ਉਹ ਪੀੜਤ ਪਰਿਵਾਰਾਂ ਨੂੰ ਇਨਸਾਫ਼ ਲਈ ਕਨੂੰਨੀ ਲੜਾਈ ਲੜਨ ਵਾਸਤੇ ਯਤਨਸ਼ੀਲ ਹੈ। ਜਿਸ ਵਿੱਚ ਉਸ ਦੀਆਂ ਬੇਟੀਆਂ ਵੀ ਸਾਮਲ ਹਨ।

ਉਹਨਾਂ ਲੋਕਾਂ ਨੂੰ ਕਿਹਾ ਇਸ ਜ਼ਿੰਦਗੀ ਦੇ ਥੋੜ੍ਹੇ ਸਮੇਂ ਵਿੱਚ ਆਪਣੀ ਸਮਰੱਥਾ ਅਨੁਸਾਰ ਬੇਇਨਸਾਫ਼ੀ ਤੇ ਚੰਗੇ ਸਮਾਜ ਸਿਰਜਣ ਵਿੱਚ ਆਪਣਾ ਯੋਗਦਾਨ ਪਾਉਣ।

ਸਮਾਗਮ ਵਿੱਚ ਅਖੀਰ ਵਿੱਚ ਉਠਾਏ ਤਿੱਖੇ ਸੁਆਲ ਦਾ ਉਹਨਾਂ ਨੇ ਤਸੱਲੀ ਨਾਲ ਜੁਆਬ ਦਿੱਤੇ।

ਮੰਚ ਸੰਚਾਲਕ ਖੁਸ਼ਵੰਤ ਬਰਗਾੜੀ ਨੇ ਕਿਹਾ ਕਿ ਸਾਰੇ ਇਨਸਾਫ਼ ਪਸੰਦ ਲੋਕਾਂ ਨੂੰ ਚੇਤੰਨ ਹਿਸਿਆਂ ਨੂੰ ਇਕੱਠੇ ਲੋਕ ਲਹਿਰ ਬਣਾਉਣਾ ਚਾਹੀਦਾ ਹੈ।

ਜਮਹੂਰੀ ਅਧਿਕਾਰ ਸਭਾ ਬਠਿੰਡਾ ਦੇ ਆਗੂ ਬੱਗਾ ਸਿੰਘ ਨੇ ਸਮਾਗਮ ਵਿੱਚ ਪਹੁੰਚੇ ਸਾਰੇ ਸਰੋਤਿਆਂ ਤੇ ਜਮਹੂਰੀ ਕਾਰਕੁਨਾਂ ਦਾ ਨਿੱਠ ਕੇ ਸੁਨਿਹਲਈ ਧੰਨਵਾਦ ਕੀਤਾ।

ਇਸ ਸਮੇ ਐਡਵੋਕੇਟ ਐਨ ਕੇ ਜੀਤ ਗੁਰਪ੍ਰੀਤ ਆਰਟਿਸਟ ਰਾਜਪਾਲ ਕੋਟਕਪੂਰਾ ਰਾਮ ਸਵਰਨ ਲੱਖੇਵਾਲੀ ਮਾਸਟਰ ਰਜਿੰਦਰ ਭਦੌੜ ਭੂਰਾ ਸਿੰਘ ਮਹਿਮਾ ਸਰਜਾ ਪਾਵੇਲ ਕੁੱਸਾ ਲਛਮਣ ਮਲੂਕਾ ਮਾਸਟਰ ਅਜੈਬ ਸਿੰਘ ਜਲਾਲਆਣਾ ਹਾਜਰ ਸਨ ।

**ਜਗਸੀਰ ਜੀਦਾ, 9417333203**

# ਜੱਗ ਰਚਨਾ ਕੋਈ ਝੂਠ ਨਹੀਂ ਕੋਰਾ ਸੱਚ ਹੈ



ਅਮਰਜੀਤ ਢਿੱਲੋਂ
ਦਬੜ੍ਹੀਖਾਨਾ
(ਵਿਨੀਪੈਗ)

ਸਾਰੇ ਹੀ ਧਾਰਮਿਕ ਗ੍ਰੰਥ ਵਿੰਗ ਵਲ ਪਾ ਕੇ ਇਸ ਬ੍ਰਹਿਮੰਡ ਨੂੰ ਰੱਬ ਦੁਆਰਾ ਰਚਿਆ ਗਿਆ ਮੰਨਦੇ ਹਨ ਅਤੇ ਕਹਿੰਦੇ ਹਨ ਕਿ ਰੱਬ ਨੇ ਹੀ ਇਸ ਨੂੰ ਖਤਮ ਵੀ ਕਰਨਾ ਹੈ। ਕਿਉਂਕਿ ਇਸ ਨੇ ਖਤਮ ਹੋ ਜਾਣਾ ਹੈ ਇਸ ਲਈ ਇਹ ਜੱਗ ਰਚਨਾ ਝੂਠੀ ਹੈ। ਸਾਰੇ ਧਾਰਮਿਕ ਗ੍ਰੰਥਾਂ ਦੇ ਕਰਤਾ ਇਸ ਕਹਾਣੀ ਨੂੰ ਇਸ ਤਰ੍ਹਾਂ ਪੇਸ਼ ਕਰਦੇ ਹਨ ਕਿ ਜਿਵੇਂ ਉਹ ਇਸ ਦੇ ਚਸ਼ਮਦੀਦ ਗਵਾਹ ਹੋਣ। ਬਿਨਾਂ ਕਿਸੇ ਸਬੂਤ ਜਾਂ ਪ੍ਰਮਾਣ ਦੇ ਸਾਰੇ ਹੀ ਧਰਮ ਇਹ ਕਹਿੰਦੇ ਹਨ ਕਿ ਉਨ੍ਹਾਂ ਦੀ ਗੱਲ ਸੱਚੀ ਹੈ। ਮੁਸਲਮਾਨ ਕਹਿੰਦੇ ਹਨ ਕਿ ਅੱਲ੍ਹਾ ਨੇ 'ਕੁੰਨ' ਕਿਹਾ ਤੇ ਕੁੱਝ ਸਕਿੰਟਾਂ ਵਿਚ ਹੀ ਜੱਗ ਦੀ ਰਚਨਾ ਹੋ ਗਈ। ਇਸਾਈ ਕਹਿੰਦੇ ਹਨ ਕਿ ਰੱਬ ਨੇ ਛੇ ਦਿਨਾਂ ਵਿਚ ਦੁਨੀਆਂ ਬਣਾਈ ਤੇ ਸੱਤਵੇਂ ਦਿਨ ਆਰਾਮ ਕੀਤਾ। ਹਿੰਦੂ ਕਹਿੰਦੇ ਹਨ ਕਿ ਰੱਬ ਨੇ ਬ੍ਰਹਮਾਂ ਨੂੰ ਚਾਰ ਵੇਦ ਦਿੱਤੇ ਤੇ ਉਸ ਨੇ ਵੇਦ ਪੜ੍ਹ ਕੇ ਹੌਲੀ-2 ਇਸ ਦੁਨੀਆਂ ਦੀ ਰਚਨਾ ਕੀਤੀ। ਪਰ ਅਖ਼ੀਰ ਨੂੰ ਖ਼ਤਮ ਹੋਣ ਬਾਰੇ ਸਾਰੇ ਹੀ ਧਰਮ ਸਹਿਮਤ ਹਨ। ਹਿੰਦੂ ਆਤਮਾ ਦਾ ਫਲਸਫ਼ਾ ਪੇਸ਼ ਕਰਕੇ 84 ਲੱਖਾਂ ਜੂਨਾਂ ਦੀ ਗੱਲ ਕਰਦੇ ਹਨ। ਇਸਾਈ-ਮੁਸਲਮਾਨ ਕਿਆਮਤ ਦੇ ਦਿਨ ਸਾਰਿਆ ਦਾ ਹਿਸਾਬ ਕਿਤਾਬ ਕਰਕੇ ਸੁਰਗ-ਨਰਕ ਦੀਆਂ ਗੱਲਾਂ ਕਰਦੇ ਹਨ। ਅਸਲ ਵਿਚ ਇਹ ਸਾਰੇ ਹੀ ਕਲਪਿਤ ਕਿੱਸੇ ਹਨ ਅਤੇ ਮਨੁੱਖ ਦੇ ਮਨ ਵਿਚਲੇ ਵਿਆਪਕ ਭਿਆਨਕ ਡਰ ਤੋਂ ਹੀ ਰੱਬ ਅਤੇ ਦੇਵਤਿਆਂ ਵਗੈਰਾ ਦਾ ਜਨਮ ਹੋਇਆ ਬਕੌਲ ਸ਼ਾਇਰ ' ਆਦਮੀ ਕੇ ਜ਼ਿਹਨ ਮੇਂ ਥਾ ਇਕ ਭਿਆਨਕ ਖ਼ੌਫ ਉਸਕਾ ਕਿਸੀ ਨੇ ਖ਼ੁਦਾ ਨਾਮ ਰੱਖ ਦੀਆ ' ਰੱਬ ਦੇ ਸਰੂਪ ਲਗਾਤਾਰ ਬਦਲਦੇ ਰਹੇ ਤੇ ਹੁਣ ਵੀ ਲਗਾਤਾਰ ਬਦਲ ਰਹੇ ਹਨ। ਖਗੋਲ ਵਿਗਿਆਨ ਬ੍ਰਹਿਮੰਡ ਦੀ ਰਚਨਾ ਨੂੰ ਸਬੂਤਾਂ ਸਹਿਤ ਪੇਸ਼ ਕਰ ਕੇ ਕਹਿ ਰਿਹਾ ਹੈ ਕਿ ਜੱਗ ਰਚਨਾ ਕੋਈ ਝੂਠ ਨਹੀਂ ਕੋਰਾ ਸੱਚ ਹੈ"। ਇਸ ਸੱਚ ਦੀ ਬਦੌਲਤ ਹੀ ਅਸੀਂ ਸਭ ਇੱਥੇ ਆਪਣੀ ਮੌਜ ਮਸਤੀ ਕਰ ਰਹੇ ਹਾਂ। ਲੁਟੇਰਾ ਪ੍ਰਬੰਧ ਅਤੇ ਵਿਹਲੜ ਲੋਕਾਂ ਦੀ ਅੱਯਾਸ਼ੀ ਕਾਰਨ ਬਹੁਤ ਸਾਰੇ ਕੰਮ ਕਰਨ ਵਾਲੇ ਮਨੁੱਖ ਦੁੱਖ ਸਹਿ ਰਹੇ ਹਨ। ਪਰ ਇਸ ਦਾ ਮਤਲਬ ਇਹ ਨਹੀਂ ਕਿ ਜੱਗ ਰਚਨਾ ਝੂਠ ਹੈ। ਇਹ ਲੁਟੇਰਾ ਪ੍ਰਬੰਧ ਝੂਠਾ ਹੈ।

ਇਸ ਜੱਗ ਰਚਨਾ 'ਚ ਲਗਾਤਾਰ ਪਰਿਵਰਤਨ ਹੋ ਰਿਹਾ ਹੈ। ਵਿਗਿਆਨ ਦੱਸਦਾ ਹੈ ਕਿ ਸਾਨੂੰ ਨੰਗੀ ਅੱਖ ਨਾਲ ਕਿਣਕੇ ਤੋਂ ਵੀ ਛੋਟੇ ਦਿਸਦੇ ਤਾਰੇ ਅਸਲ ਵਿਚ ਸਾਡੇ ਸੂਰਜ ਤੋਂ ਵੀ ਕਈ ਗੁਣਾਂ ਵੱਡੇ ਹਨ। ਖਲਾਅ ਵਿਚ ਇਸ ਤਰ੍ਹਾਂ ਦੇ ਅਣਗਿਣਤ ਤਾਰੇ (ਸੂਰਜ) ਹਨ। ਇਹ ਤਾਰੇ (ਸੂਰਜ) ਗੈਸ ਧੂੜ ਤੋਂ ਬਣਦੇ ਵੀ ਰਹਿੰਦੇ ਹਨ ਅਤੇ ਲੰਬੀ ਉਮਰ ਭੋਗਣ ਤੋਂ ਬਾਅਦ ਮਰਦੇ ਵੀ ਰਹਿੰਦੇ ਹਨ। ਸਭ ਤੋਂ ਪਹਿਲਾਂ ਸੋਲਵੀਂ ਸਦੀ ਵਿਚ ਕਾਪਰਨਿਕਸ ਨੇ ਦੱਸਿਆ ਕਿ ਧਰਤੀ ਗੋਲ ਹੈ। ਇਹ ਆਪਣੀ ਧੁਰੀ ਦੁਆਲੇ ਘੁੰਮਦੀ ਹੋਈ ਸੂਰਜ ਦੀ ਪਰਿਕਰਮਾ ਕਰਦੀ ਹੈ। ਕਾਪਰਨੀਕਸ ਤਾਂ ਆਪਣੀ ਕਿਤਾਬ ਛਪਣ ਸਾਰ ਕੁਦਰਤੀ ਮੌਤ ਮਰ ਗਿਆ । ਜਰਦਾਨੋਂ-ਬਰੂਨੋ ਨੇ ਕਾਪਰਨਿਕਸ ਦੀ ਪ੍ਰੋੜ੍ਹਤਾ ਕੀਤੀ, ਪਰ ਧਾਰਮਿਕ ਮੂਲਵਾਦੀਆਂ ਨੇ ਬਰੂਨੋ ਨੂੰ ਜ਼ਿੰਦਾ ਜਲਾ ਦਿੱਤਾ। ਸਾਢੇ ਤਿੰਨ ਸੌ ਸਾਲ ਬਾਦ ਬਰੂਨੋ ਨੂੰ ਸਜ਼ਾ ਦੇਣ ਵਾਲੇ ਚਰਚ ਨੇ ਮੁਆਫ਼ੀ ਮੰਗੀ ਹੈ ਅਤੇ ਕਿਹਾ ਹੈ ਕਿ ਬਰੂਨੋ ਠੀਕ ਸੀ ਪਰ ਬਾਈਬਲ ਵਿਚ ਅਜੇ ਵੀ ਧਰਤੀ ਨੂੰ ਖੜ੍ਹੀ ਅਤੇ ਚਪਟੀ ਲਿਖਿਆ ਹੋਇਆ ਹੈ।

ਸਤਾਰਵੀਂ ਸਦੀ ਦੇ ਆਰੰਭ ਵਿਚ ਗੈਲੀਲਿਓ ਨੇ ਆਪਣੀ ਦੂਰਬੀਨ ਨਾਲ ਧਰਤੀ, ਚੰਨ ਅਤੇ ਪੰਜ ਗ੍ਰਹਿਆਂ ਦਾ ਬੜੀ ਬਾਰੀਕੀ ਨਾਲ ਅਧਿਐਨ ਕੀਤਾ। ਉਸ ਨੇ ਚੰਨ ਦੇ ਪਹਾੜ ਅਤੇ ਟੋਏ ਵੀ ਦੇਖ ਲਏ। (ਗੈਲੀਲਿਓ ਨੂੰ ਇਸ ਕਾਰਨ ਸਾਰੀ ਉਮਰ ਜੇਲ੍ਹ 'ਚ ਸੜਨਾ ਪਿਆ ਸੀ, ਭਾਵੇਂ ਉਸ ਨੂੰ ਸਜ਼ਾ ਦੇਣ ਵਾਲੇ ਗਿਰਜੇ ਦੇ ਪੋਪ ਨੇ 300 ਸਾਲ ਦੇ ਬਾਅਦ ਹੁਣ ਮਾਫੀ ਵੀ ਮੰਗ ਲਈ ਹੈ।) ਉਸ ਤੋਂ ਬਾਅਦ ਹੋਰ ਵੱਡੀਆਂ ਦੂਰਬੀਨਾਂ ਨਾਲ ਹੋਰ ਗ੍ਰਹਿਆਂ ਦਾ ਵੀ ਪਤਾ ਲੱਗਣ ਲੱਗਾ। ਯੂਰੇਨਸ ਦੀ ਖੋਜ 1781 'ਚ ਹੋਈ। ਨੈਪਚੂਨ ਗ੍ਰਹਿ ਦੀ ਖੋਜ ਕਿਸੇ ਦੂਰਬੀਨ ਨਾਲ ਨਹੀਂ ਹੋਈ, ਸਗੋਂ ਬਰਤਾਨੀਆ ਦੇ ਇੱਕ ਨੌਜਵਾਨ ਗਣਿਤ ਖੋਜੀ ਜਾਹਨ ਆਦਮਜ਼ ਨੇ 1845 'ਚ ਪੜ੍ਹਨ ਮੇਜ਼, 'ਤੇ ਬੈਠਿਆਂ ਹੀ ਹਿਸਾਬ ਲਾਇਆ ਕਿ ਸੂਰਜ ਦਾ ਇੱਕ ਅੱਠਵਾਂ ਗ੍ਰਹਿ ਵੀ ਹੋਣਾ ਚਾਹੀਦਾ ਹੈ। ਇਹ ਅੱਠਵਾਂ ਗ੍ਰਹਿ ਆਪਣੀ ਗੁਰੂਤਾ ਖਿੱਚ ਕਾਰਨ ਸੂਰਜ ਦੇ ਸੱਤਵੇਂ ਗ੍ਰਹਿ ਅਰੁਣ ਨੂੰ ਪ੍ਰਭਾਵਿਤ ਕਰ ਰਿਹਾ ਸੀ। ਬਾਅਦ 'ਚ ਲੱਭੇ ਇਸ ਗ੍ਰਹਿ ਦਾ ਨਾਂ ਨੈਪਚੂਨ ਰੱਖ ਦਿੱਤਾ ਗਿਆ। ਇਹ 165 ਸਾਲਾਂ 'ਚ ਸੂਰਜ ਦੀ ਪਰਿਕਰਮਾ ਕਰਦਾ ਹੈ। 9ਵਾਂ ਗ੍ਰਹਿ ਪਲੂਟੋ ਵੀ 1930 'ਚ ਗਣਿਤ ਵਿੱਦਿਆ ਦੇ ਹਿਸਾਬ ਨਾਲ ਹੀ ਖੋਜਿਆ ਗਿਆ। ਇਨ੍ਹਾਂ ਗ੍ਰਹਿਆਂ ਦੀ ਖੋਜ ਨਾਲ ਹੀ ਜੋਤਿਸ਼ ਵਿਦਿਆ ਪੂਰੀ ਤਰ੍ਹਾਂ ਝੂਠੀ ਅਤੇ ਤੀਰ ਤੁੱਕਾ ਸਾਬਤ ਹੋ ਗਈ ਹੈ। ਪਲੂਟੋ ਗ੍ਰਹਿ ਸੂਰਜ ਤੋਂ ਏਨਾ ਦੂਰ ਹੈ ਕਿ ਇਸ ਨੂੰ ਸੂਰਜ ਦਾ ਇਕ ਚੱਕਰ ਪੂਰਾ ਕਰਨ ਲੱਗਿਆਂ ਢਾਈ ਸੌ ਸਾਲ ਲੱਗ ਜਾਂਦੇ ਹਨ। ਇਨ੍ਹਾਂ ਗ੍ਰਹਿਆਂ ਤੋਂ ਇਲਾਵਾ ਸੂਰਜ ਦੇ ਦੁਆਲੇ ਇਕ ਉਲਕਾ ਪੱਟੀ ਵੀ ਘੁੰਮ ਰਹੀ ਹੈ। ਇਹ ਉਲਕਾ ਪੱਟੀ ਮੰਗਲ ਅਤੇ ਬ੍ਰਹਿਸਪਤੀ ਗ੍ਰਹਿ ਦੇ ਵਿਚਕਾਰ ਹੈ। ਇਸ ਉਲਕਾ ਪੱਟੀ ਵਿਚ ਹਜ਼ਾਰਾਂ ਛੋਟੇ ਗ੍ਰਹਿ ਹਨ। ਇਸ ਵਿਚ ਸਭ ਤੋਂ ਵੱਡਾ 930 ਕਿਲੋਮੀਟਰ ਵਿਆਸ ਵਾਲਾ ਸੀਅਰਜ਼ ਹੈ। ਇਸ ਤੋਂ ਬਿਨਾ ਬੋਦੀ ਵਾਲੇ ਤਾਰੇ (ਧੂਮਕੇਤੂ) ਵੀ ਸੂਰਜ ਦੁਆਲੇ ਘੁੰਮ ਰਹੇ ਹਨ। ਇਨ੍ਹਾਂ ਤੋਂ ਹੀ ਸੂਰਜ ਮੰਡਲ ਦੀ ਕਹਾਣੀ ਦੇ ਆਰੰਭ ਹੋਣ ਦਾ ਪਤਾ ਚਲਦਾ ਹੈ। ਧਰਤੀ 'ਤੇ ਜੀਵਨ ਦੇ ਮੁਢਲੇ ਬੀਜ ਸ਼ਾਇਦ ਬੋਦੀ ਵਾਲੇ ਤਾਰੇ ਦੀ ਪੂਛ ਦੇ ਛੋਹਣ ਨਾਲ ਹੀ ਪੈਦਾ ਹੋਏ। ਧਰਤੀ ਦਾ ਇੱਕੋ-ਇਕ ਉਪਗ੍ਰਹਿ ਚੰਨ ਹੈ। (ਮੰਗਲ ਦੇ ਦੋ, ਬ੍ਰਹਿਸਪਤੀ ਦੇ ਚੌਦਾਂ, ਸ਼ਨੀ ਦੇ ਵੀਹ, ਯੂਰੇਨਸ ਦੇ ਪੰਦਰਾਂ ਅਤੇ ਨੈਪਚੂਨ ਦੇ ਅੱਠ ਚੰਨ ਹਨ)। ਬੁੱਧ ਅਤੇ ਸ਼ੁੱਕਰ ਦਾ ਕੋਈ ਵੀ ਚੰਨ (ਉਪਗ੍ਰਹਿ) ਨਹੀਂ ਹੈ। ਸੂਰਜ ਮੰਡਲ ਦੇ ਜਨਮ ਬਾਰੇ ਵਿਗਿਆਨੀਆਂ ਦੀ ਹੁਣ ਤਕ ਸਹੀ ਸੋਚ ਇਹੀ ਹੈ ਕਿ ਸੂਰਜ ਮੰਡਲ ਅਤੇ ਇਸ ਦਾ ਪਰਿਵਾਰ ਗੈਸ, ਧੂੜ ਦੇ ਇਕ ਬੱਦਲ ਤੋਂ ਸੁੰਗੜ ਕੇ ਬਣਿਆ। ਸੂਰਜ ਦੇ ਧਰਤ ਨੁਮਾ ਗ੍ਰਹਿਆਂ ਦੇ ਵਰਗ 'ਚ ਇਨ੍ਹਾਂ ਦੀਆਂ ਤਹਿਆਂ ਦੀਆਂ ਚੱਟਾਨਾਂ 'ਚ ਲੋਹਾ, ਮੈਗਨੀਜ਼, ਕੈਲਸ਼ੀਅਮ ਅਤੇ ਸਿਲੀਕਾਨ ਦੀ ਬਹੁਤਾਤ ਹੈ। ਦੂਜੇ ਵਰਗ ਦੇ ਵੱਡੇ ਗ੍ਰਹਿ ਸ਼ਨੀ ਅਤੇ ਬ੍ਰਹਿਸਪਤੀ ਹਨ। ਬ੍ਰਹਿਸਪਤੀ ਧਰਤੀ ਤੋਂ 318 ਗੁਣਾਂ ਭਾਰਾ ਅਤੇ ਇਸ ਦਾ ਵਿਆਸ ਗਿਆਰਾਂ ਧਰਤੀਆਂ ਜਿੰਨਾ ਹੈ। ਸ਼ਨੀ ਧਰਤੀ ਤੋਂ 95 ਗੁਣਾਂ ਭਾਰਾ ਅਤੇ ਇਸ ਦਾ ਵਿਆਸ 9 ਧਰਤੀਆਂ ਜਿੰਨਾਂ ਹੈ। ਬ੍ਰਹਿਸਪਤੀ ਅਤੇ ਸ਼ਨੀ ਉਪਰ ਤਰਲ ਹਾਈਡ੍ਰੋਜਨ ਅਤੇ ਹੀਲੀਅਮ ਗੈਸ ਬਹੁਤ ਜ਼ਿਆਦਾ ਹੈ। ਤੀਸਰੇ ਵਰਗ ਦੇ ਗ੍ਰਹਿ ਯੂਰੇਨਸ, ਨੈਪਚੂਨ ਅਤੇ ਪਲੂਟੋ ਹਨ। ਪਲੂਟੋ ਬਾਰੇ ਅਜੇ ਤੱਕ ਬਹੁਤ ਘੱਟ ਜਾਣਕਾਰੀ ਹੈ। ਯੂਰੇਨਸ ਅਤੇ ਨੈਪਚੂਨ ਧਰਤੀ ਨਾਲੋਂ ਲਗਭਗ ਚਾਰ ਗੁਣਾਂ ਵੱਡੇ ਹਨ। ਬ੍ਰਹਿਸਪਤੀ ਕੇਵਲ ਪੌਣੇ ਦਸ ਘੰਟੇ ਅਤੇ ਸ਼ਨੀ ਸਵਾ ਕੁ ਦਸ ਘੰਟਿਆਂ ਵਿਚ ਆਪਣੀ ਧੁਰੀ ਦੁਆਲੇ ਘੁੰਮ ਲੈਂਦੇ ਹਨ। ਧਰਤੀ ਨਾਲੋਂ 15 ਗੁਣਾਂ ਭਾਰਾ ਯੂਰੇਨਸ 11 ਘੰਟਿਆਂ ਅਤੇ ਧਰਤੀ ਨਾਲੋਂ 17 ਗੁਣਾਂ ਭਾਰਾ ਨੈਪਚੂਨ ਪੰਦਰਾਂ ਘੰਟਿਆਂ 'ਚ ਆਪਣੀ ਧੁਰੀ ਦੁਆਲੇ ਘੁੰਮ ਲੈਂਦਾ ਹੈ।

ਵਿਗਿਆਨਕ ਖੋਜ ਅਨੁਸਾਰ ਅਨੰਤ ਕਾਲ ਤੋਂ ਇਕ ਗੈਸ ਧੂੜ ਦਾ ਬੱਦਲ ਆਪਣੀ ਧੁਰੀ ਦੁਆਲੇ ਹੌਲੀ-2 ਘੁੰਮ ਰਿਹਾ ਸੀ। ਭਾਰੇ ਕਣਾਂ ਦੁਆਲੇ ਹੌਲੇ ਕਣ ਹੌਲੀ-2 ਖਿੱਚੇ ਗਏ। ਰਿਣ ਚਾਰਜ, ਧਣ ਚਾਰਜ ਦੇ ਦੁਆਲੇ ਚੱਕਰ ਕੱਟਣ ਲੱਗਿਆ। ਕਰੋੜਾਂ ਸਾਲਾਂ ਦੇ ਗ੍ਰਹਿ ਆਕਾਰ ਬਣਦੇ ਗਏ। ਕੇਂਦਰ ਵਿਚ ਬੜੀ ਤੇਜ਼ੀ ਨਾਲ ਪਦਾਰਥ ਇਕੱਠਾ ਹੁੰਦਾ ਗਿਆ। ਵੱਡੇ ਆਕਾਰ ਪੁੰਜ ਸੁੰਗੜਣ ਨਾਲ ਉਸ ਦੀ ਗਤੀ ਹੋਰ ਤੇਜ਼ ਹੋ ਗਈ। ਉਸਦੀ ਗੁਰੂਤਾ ਦਰ ਸੁੰਗੜਨ ਦਰ ਵਧਣ ਨਾਲ ਕੇਂਦਰ ਭਾਗ ਦਾ ਤਾਪਮਾਨ ਕਰੋੜਾਂ ਦਰਜੇ ਸੈਂਟੀਗਰੇਡ ਤਕ ਪੁੱਜ ਗਿਆ। ਸੰਘਣੀਆਂ, ਗਰਮ ਗੈਸਾਂ ਦੇ ਨਿਊਕਲੀ ਸੰਗਠਨ ਨਾਲ ਊਰਜਾ, ਗਰਮੀ ਅਤੇ ਪ੍ਰਕਾਸ਼ ਨਾਲ ਸੂਰਜ ਬਣ ਗਿਆ। ਸੂਰਜ ਤੋਂ ਦੂਰ ਘੁੰਮ ਰਹੀ ਗੈਸ ਠੰਢੀ ਹੋਣ ਕਾਰਨ ਬਾਹਰਲੇ ਆਦਿ ਗ੍ਰਹਿਆਂ ਉਪਰ ਤਰਲ ਬਣ ਕੇ ਵਰ੍ਹਦੀ ਰਹੀ। ਅੰਦਰਲੇ ਚਾਰ ਗ੍ਰਹਿ ਸੂਰਜੀ ਇਤਿਹਾਸ ਦੇ ਕਰੀਬ ਪਹਿਲੇ ਵੀਹ ਲੱਖ ਸਾਲਾਂ 'ਚ ਹੀ ਬਣ ਗਏ। ਯੂਰੇਨਸ ਤੇ ਨੈਪਚੂਨ ਦਾ ਜਨਮ ਫਾਸਲਿਆਂ ਤੇ ਹੋਇਆ। ਸੂਰਜੀ ਭਾਗ ਦੇ ਸੁੰਗੜ ਰਹੇ ਬੱਦਲ 'ਚੋਂ ਉੱਡੀ ਹਾਈਡ੍ਰੋਜਨ ਅਤੇ ਹੀਲੀਅਮ ਗੈਸ ਇਨ੍ਹਾਂ ਦੀ ਖਿੱਚ ਵਿਚ ਆ ਜਾਣ ਕਾਰਨ ਇਨ੍ਹਾਂ ਦਾ ਆਕਾਰ ਵਧਦਾ ਗਿਆ। ਧਰਤੀ ਦੇ ਅੰਦਰਲੇ ਭਾਗ 'ਚ ਪਿਘਲੇ ਹੋਏ ਲੋਹੇ ਦੀ ਕੋਰ ਬਣੀ ਅਤੇ ਹਲਕੇ ਸਿਲੀਕੇਟ ਤਰਦੇ ਹੋਏ ਉਪਰ ਆ ਗਏ। ਸਾਢੇ ਚਾਰ ਅਰਬ ਸਾਲ ਪਹਿਲਾਂ ਬਣਨ ਵੇਲੇ ਧਰਤੀ ਬਹੁਤ ਗਰਮ ਸੀ। ਇਸ ਉਪਰ ਉਲਕਾਂਪਾਤਾਂ ਦਾ ਮੀਂਹ ਵਰ੍ਹਦਾ ਰਹਿੰਦਾ ਅਤੇ ਜਵਾਲਾ ਮੁਖੀ ਫਟਦੇ ਰਹਿੰਦੇ। ਇਨ੍ਹਾਂ ਦੇ ਗੈਸ ਵਾਸ਼ਪ 'ਚ ਧਰਤੀ ਠੰਢੀ ਹੋਣ ਲੱਗੀ ਅਤੇ ਇਸ 'ਤੇ ਵਰਖਾ ਪੈਣ ਲੱਗੀ। ਇਕ ਅਰਬ ਸਾਲ ਪਹਿਲਾਂ ਧਰਤੀ 'ਤੇ ਜੀਵਨ ਚਿੰਨ੍ਹ ਦਿਖਾਈ ਦੇਣ ਲੱਗੇ। ਜਦੋਂ ਧਰਤੀ, ਚੰਨ ਅਤੇ ਸੂਰਜ ਨਹੀਂ ਸੀ ਬਣੇ ਉਦੋਂ ਕੇਵਲ ਇੱਥੇ ਗੈਸ ਧੂੜ ਸੀ। ਪਦਾਰਥ ਬਾਰੇ ਪਤਾ ਦਿੰਦੇ ਧੂਮਕੇਤੂ (ਉਲਕਾਪਾਤ) ਬੋਦੀ ਵਾਲੇ ਤਾਰੇ ਅਜੇ ਵੀ ਮੌਜੂਦ ਸਨ। ਇਹਨਾਂ ਬੋਦੀ ਵਾਲਿਆਂ ਤਾਰਿਆਂ ਵਿਚ ਦੀ ਰਾਕਟ ਲੰਘਾ ਕੇ ਵਿਗਿਆਨੀਆਂ ਨੇ ਇਨ੍ਹਾਂ ਦੇ ਪਦਾਰਥਾਂ ਦਾ ਰਸਾਇਣੀ ਵਿਸ਼ਲੇਸ਼ਣ ਕੀਤਾ ਹੈ। ਪਹਿਲਾਂ ਲੋਕ ਬੋਦੀ ਵਾਲੇ ਤਾਰਿਆਂ ਤੋਂ ਡਰਿਆ ਕਰਦੇ ਸਨ। ਹੁਣ ਵਿਗਿਆਨੀਆਂ ਨੂੰ ਇਨ੍ਹਾਂ ਦੀ ਉਡੀਕ ਰਹਿੰਦੀ ਹੈ। ਬੋਦੀ ਵਾਲਾ ਤਾਰਾ ਜਾਂ ਧੂਮਕੇਤੂ ਅਸਲ ਵਿਚ ਗੈਸ, ਧੂੜ ਦਾ ਇਕ ਗੋਲਾ ਹੁੰਦਾ ਹੈ ਜੋ ਸੂਰਜ ਤੋਂ ਆਪਣੀ ਧੁਰੀ ਅਨੁਸਾਰ ਵੱਖ-2 ਰੂਪਾਂ 'ਚ ਦਿੱਸਦਾ ਹੈ। ਧੂਮਕੇਤੂਆਂ 'ਚ ਮੁੱਢਲੇ ਪ੍ਰਾਚੀਨ ਗੈਸ ਦੇ ਵੱਡੇ ਬੱਦਲ ਚੋਂ ਬਚੇ ਕੁਝ ਅੰਸ਼ ਹਨ। ਜਿਨ੍ਹਾਂ ਤੋਂ ਸੁੰਗੜ ਕੇ ਸੂਰਜ ਮੰਡਲ ਬਣਿਆ। ਹਰ ਤਾਰੇ ਦਾ ਜਨਮ ਹੁੰਦਾ ਹੈ ਅਤੇ ਫਿਰ ਮੌਤ ਹੁੰਦੀ ਹੈ। ਕੋਈ ਪੰਜ ਅਰਬ ਵਰ੍ਹੇ ਪਹਿਲਾਂ ਸੂਰਜ ਦਾ ਜਨਮ ਹੋਇਆ ਸੀ, ਹੁਣ ਇਹ ਪੂਰੇ ਜੋਬਨ ਵਿਚ ਹੈ। ਲੱਗਪਗ ਪੰਜ ਕੁ ਅਰਬ ਵਰ੍ਹੇ ਹੋਰ ਇਹ ਇਸੇ ਤਰ੍ਹਾਂ ਤਪਦਾ ਰਹੇਗਾ। (ਕੁਝ ਤਾਰੇ ਅਜੇ ਵੀ ਜਨਮ ਲੈ ਰਹੇ ਹਨ)

ਅੰਤ ਵਿਚ ਸੂਰਜ ਬਹੁਤ ਵਿਰਾਟ ਰੂਪ ਧਾਰ ਕੇ ਲਾਲ ਦਾਨਵ ਬਣ ਜਾਵੇਗਾ। ਇਹ ਧਰਤੀ ਚੰਨ ਸਮੇਤ ਕਈ ਗ੍ਰਹਿਆਂ ਨੂੰ ਆਪਣੀ ਲਪੇਟ ਵਿਚ ਲੈ ਲਵੇਗਾ। ਉਦੋਂ ਇਸ ਧਰਤੀ ਉਪਰ ਅਤਿ ਅਧੁਨਿਕ ਵਿਕਸਤ ਜੀਵ ਹੋਣਗੇ। ਜਿਸ ਤਰ੍ਹਾਂ ਹੋਰ ਜੀਵਾਂ ਤੋਂ ਮਨੁੱਖ ਦਾ ਵਿਕਾਸ ਹੋਇਆ ਹੈ, ਇਸੇ ਤਰ੍ਹਾਂ ਮਨੁੱਖ ਦੀਆਂ ਨਸਲਾਂ ਤੋਂ ਵਿਕਾਸ ਕਰਕੇ ਉਹ ਜੀਵ ਉਸ ਸਮੇਂ ਦੇ ਹਾਣੀ ਹੋ ਜਾਣਗੇ ਅਤੇ ਕਿਸੇ ਸੁਰੱਖਿਅਤ ਗ੍ਰਿਹ ਤੇ ਚਲੇ ਜਾਣਗੇ। ਇਹ ਬ੍ਰਹਿਮੰਡ ਵਾਰ-2 ਫੈਲਦਾ ਹੈ ਤੇ ਵਾਰ ਵਾਰ ਸੁੰਗੜਦਾ ਹੈ। ਸਿਫਰ ਤੋਂ ਸ਼ੁਰੂ ਹੋ ਕੇ ਫਿਰ ਸਿਫਰ ਵੱਲ ਵਧਦਾ ਹੈ। ਸਮਾਂ ਪਰਮਾਣੂਆਂ ਦੀ ਗਤੀ, ਪ੍ਰਮਾਣੂਆਂ ਦੇ ਮੂਲ ਕਣਾਂ, ਅਤੇ ਇਲੈਕਟ੍ਰਾਨ ਦੀ ਗਤੀ 'ਚੋਂ ਪੈਦਾ ਹੁੰਦਾ ਹੈ। ਇਹ ਸੁੰਗੜਨਾ, ਇਹ ਫੈਲਣਾ, ਇਹ ਬਣਨਾ, ਇਹ ਖਤਮ ਹੋਣਾ ਅਤੇ ਫਿਰ ਬਣਨਾ ਇਸੇ ਤਰ੍ਹਾਂ ਹੀ ਜਾਰੀ ਰਹੇਗਾ। ਪਦਾਰਥ ਇਸੇ ਤਰ੍ਹਾਂ ਸਦਾ ਇਸ ਬ੍ਰਹਿਮੰਡ 'ਚ ਮੌਜੂਦ ਸੀ ਅਤੇ ਮੌਜੂਦ ਰਹੇਗਾ। ਇਸਦੇ ਰੂਪ ਬਦਲਦੇ ਰਹਿਣਗੇ। ਅਸਲ ਵਿਚ ਤਬਦੀਲੀ ਬ੍ਰਹਿਮੰਡ ਦਾ ਠੋਸ ਸੱਚ ਹੈ। ਸਮਾਂ ਅਤੇ ਸਥਾਨ ਮਨੁੱਖ ਦੇ ਘੜੇ ਸੰਕਲਪ ਹਨ। ਅੱਜ ਦੇ ਅਨੁਮਾਨਾਂ ਅਨੁਸਾਰ ਵੱਡਾ ਧਮਾਕਾ (ਬਿਗ-ਬੈਂਗ) ਦਸ ਤੋਂ ਵੀਹ ਬਿਲੀਅਨ ਸਾਲ ਪਹਿਲਾਂ ਹੋਇਆ। ਬੇਅੰਤ (ਇਲਫਿਨਟ) ਤਾਪਮਾਨ ਵਿਚ ਪਹਿਲੇ 100 ਸੈਕਿੰਡਾਂ ਵਿਚ ਸਮਾਂ, ਸਥਾਨ ਅਤੇ ਊਰਜਾ ਹੋਂਦ ਵਿਚ ਆਏ। ਸ਼ਕਤੀਸ਼ਾਲੀ-ਕਮਜ਼ੋਰ ਬਿਜਲੀ ਤਾਕਤਾਂ ਦਾ ਨਿਖੇੜ ਹੋਇਆ। ਕੁਆਰਕ ਬਣੇ, ਸਥਿਰ ਹੋਏ। ਜਿਨ੍ਹਾਂ ਤੋਂ ਬਾਅਦ ਪ੍ਰੋਟੋਨ, ਨਿਊਟ੍ਰੋਨ ਅਤੇ ਇਲੈਕਟ੍ਰਾਨ ਸਥਿਰ ਹੋਏ। ਇਉਂ ਪਹਿਲਾਂ ਐਟਮ ਬਣਿਆ। ਅਗਲੇ ਤਿੰਨ ਮਿੰਟਾਂ ਵਿਚ ਹੀਲੀਅਮ ਐਟਮ ਬਣੇ ਅਤੇ ਫਿਰ ਇਕ ਮਿਲੀਅਨ ਸਾਲ ਹਾਈਡ੍ਰੋਜਨ ਐਟਮ ਬਣਦੇ ਰਹੇ। ਘੱਟੋ-ਘੱਟ ਇਕ ਬਿਲੀਅਨ ਸਾਲ ਬਾਅਦ ਗਲੈਕਸੀਆਂ ਬਣਨੀਆਂ ਸ਼ੁਰੂ ਹੋਈਆਂ। ਇਨ੍ਹਾਂ ਗਲੈਕਸੀਆਂ ਵਿਚ ਤਾਰਿਆਂ ਦੀ ਘਾੜਤ ਕੋਈ 4-5 ਬਿਲੀਅਨ ਸਾਲ ਬਾਅਦ ਹੋਈ। ਇਸ ਸਮੇਂ ਦਿੱਸਦੇ ਬ੍ਰਹਿਮੰਡ ਵਿਚ ਗਲੈਕਸੀਆਂ ਦੀ ਗਿਣਤੀ 1010 ਹੈ। (ਭਾਵ 10 ਨਾਲ 10 ਜ਼ੀਰੋ ਜਾਂ 10,0000000000) ਸੋ ਬ੍ਰਹਿਮੰਡ ਵਿਚ ਔਸਤ ਤਾਰਿਆਂ ਦੀ ਗਿਣਤੀ 1022 ਹੈ। ਬ੍ਰਹਿਮੰਡ ਵਿਚ ਇੰਨੇ ਤਾਰੇ (ਸੂਰਜ) ਹਨ। ਇਨ੍ਹਾਂ ਵਿਚ 16% ਤਾਰੇ ਸਾਡੇ ਸੂਰਜ ਵਰਗੇ ਹਨ। ਭਾਵ 0.16×1022 ਤਾਰੇ ਸਾਡੇ ਸੂਰਜ ਵਰਗੇ ਹਨ। ਇਹਨਾਂ ਵਿਚ 50% ਤੇ ਸੂਰਜ ਵਰਗਾ ਗ੍ਰਹਿ ਪ੍ਰਬੰਧ ਹੋਣ ਦੀਆਂ ਸੰਭਾਵਨਾਵਾਂ ਹਨ। ਇਨ੍ਹਾਂ ਉਪਰ ਸਾਡੀ ਧਰਤੀ ਵਾਂਗ ਜੀਵਨ ਉਪਜਣ ਦੀਆਂ ਸੰਭਾਵਨਾਵਾਂ ਮੌਜੂਦ ਹਨ। ਬੇਸ਼ੱਕ ਅਜੇ ਇਹ ਅਨੁਮਾਨ ਹੀ ਹੈ। ਅਨੰਤ ਕਾਲ ਪਹਿਲਾਂ ਇਸ ਬ੍ਰਹਿਮੰਡ ਦੀ ਸ਼ੁਰੂਆਤ ਸਿਫਰ ਤੋਂ ਹੋਈ। ਇਹ ਧਨ ਆਵੇਸ਼ ਤੋਂ ਰਿਣ ਆਵੇਸ਼ ਤੇ ਬਣਿਆ। ਜਿਵੇਂ 1+1=0, ਰਿਣ ਆਵੇਸ਼ ਧਨ ਆਵੇਸ਼ ਦੇ ਚਾਰੇ ਪਾਸੇ ਚੱਕਰ ਲਗਾਉਣ ਲੱਗਿਆ। ਇਸ ਦੀ ਗਤੀ ਕਾਰਣ ਇਲੈਕਟ੍ਰਾਨ ਅਤੇ ਪ੍ਰੋਟਾਨ ਬਣੇ। ਇਲੈਕਟ੍ਰਾਨ, ਨਿਊਟ੍ਰਾਨ ਅਤੇ ਪ੍ਰੋਟ੍ਰਾਨ ਤੋਂ ਹਾਈਡ੍ਰੋਜਨ ਅਤੇ ਆਕਸੀਜਨ ਗੈਸਾਂ ਬਣੀਆਂ। ਹਾਈਡ੍ਰੋਜਨ ਅਤੇ ਆਕਸੀਜਨ ਦੇ ਮੇਲ ਤੋਂ ਪਾਣੀ ਬਣਿਆ। ਇਲੈਕਟ੍ਰਾਨ ਰਿਣ ਚਾਰਜਿਤ ਅਤੇ ਪ੍ਰੋਟਾਨ ਧਨ ਚਾਰਜਿਤ ਹੈ। ਨਿਊਟ੍ਰਾਨ ਉਪਰ ਕੋਈ ਚਾਰਜ ਨਹੀਂ ਹੁੰਦਾ ਹੈ। ਇਹ ਸਾਰੇ ਊਰਜਾ ਦੇ ਕਣ ਹਨ। ਮਹਾਨ ਵਿਗਿਆਨੀ ਆਇਨਸਟਾਈਨ ਦੇ ਸਿਧਾਂਤ ਅਨੁਸਾਰ ਪੁੰਜ ਵੀ ਊਰਜਾ ਦਾ ਹੀ ਰੂਪ ਹੈ। ਪੁੰਜ ਨੂੰ ਊਰਜਾ ਵਿਚ ਬਦਲਿਆ ਜਾ ਸਕਦਾ ਹੈ।

ਜਦ ਰਿਣ ਆਵੇਸ਼ ਧਨ ਆਵੇਸ਼ ਦੇ ਚਾਰੇ ਪਾਸੇ ਚੱਕਰ ਲਗਾਉਣ ਲੱਗਿਆ, ਇਸ ਦੀ ਗਤੀ ਕਾਰਨ ਇਲੈਕਟ੍ਰਾਨ, ਪ੍ਰੋਟਾਨ ਬਣੇ ਤਾਂ ਇਨ੍ਹਾਂ ਕਣਾਂ ਦੀ ਗਤੀ ਕਾਰਨ ਕਿਰਣਾਂ ਬਣੀਆਂ। ਪ੍ਰਮਾਣੂ ਤੋਂ ਅਣੂੰ, ਅਣੂੰ ਤੋਂ ਕਣ, ਕਣ ਤੋਂ ਗੈਸ, ਗੈਸ ਤੋਂ ਦ੍ਰਵ, ਦ੍ਰਵ ਤੋਂ ਠੋਸ, ਠੋਸ ਤੋਂ ਗ੍ਰਹਿ, ਨਛੱਤਰ, ਤਾਰੇ ਆਦਿ ਤਕ ਯਾਤਰਾ ਚੱਲੀ। ਧਰਤੀ ਵਰਗੀ ਜਗ੍ਹਾ ਅਨੁਕੂਲ ਪ੍ਰਸਥਿਤੀਆਂ ਹੋਣ ਕਾਰਨ ਪਾਣੀ ਵਿਚ ਧਰਤੀ ਤੇ ਪੌਦੇ ਉੱਗੇ। ਸਭ ਤੋਂ ਪਹਿਲਾਂ ਰਸਾਇਣਕ ਕ੍ਰਿਆਵਾਂ ਰਾਹੀਂ ਇਕ ਸੈਲਾ ਜੀਵ ਅਮੀਬਾ ਬਣਿਆ। ਸਿਫਰ ਨੂੰ ਅਜ ਤਕ ਦੀ ਅਵਸਥਾ ਤਕ ਪਹੁੰਚਣ ਲਈ ਅਣਗਿਣਤ ਸਮਾਂ ਲੱਗਿਆ। ਇਨਸਾਨ ਜਾਨਵਰ ਤੋਂ ਇਕਦਮ ਅਲੱਗ ਨਹੀਂ ਹੋਇਆ। ਕੁਦਰਤ ਦੇ ਹਾਲਾਤ ਬਦਲਣ ਨਾਲ ਇਕ ਸੈਲਾ ਜੀਵ ਵਿਕਾਸ ਕਰਦਾ-2 ਮੱਛੀ, ਸੱਪ, ਸ਼ੇਰ, ਹਾਥੀ, ਬਾਂਦਰ, ਚਿੰਪੈਂਜੀ, ਅਤੇ ਆਦਿ ਮਾਨਵ ਬਣਿਆ। ਆਦਿ ਮਾਨਵ ਜਾਨਵਰਾਂ ਤੋਂ ਭਿੰਨ ਸੀ। ਉਸ ਨੂੰ ਅੱਜ ਦਾ ਮਾਨਵ ਬਣਨ ਵਾਸਤੇ 50,000 ਸਾਲ ਲੱਗੇ। ਪਹਿਲਾ ਮਾਨਵ ਉਮਰ ਭਰ ਬਚਪਨ ਦੀ ਸਥਿਤੀ ਵਿਚ ਰਹਿੰਦਾ ਸੀ। ਹੌਲੀ-2 ਇਹ ਸਮਾਂ ਘਟਦਾ ਗਿਆ। ਅੱਜ ਦਾ ਬੱਚਾ ਦੋ ਸਾਲ ਜਾਂ ਇਸ ਤੋਂ ਘੱਟ ਅਵਸਥਾ ਵਿਚ ਰਹਿੰਦਾ ਹੈ। ਬੱਚਾ ਵੀ ਜੇਕਰ ਜਾਨਵਰ ਨਾਲ ਰਹੇ ਤਾਂ ਜਾਨਵਰ ਬਣ ਜਾਂਦਾ ਹੈ। ਸਮਾਜ ਹੀ ਉਸ ਨੂੰ ਜਨਮ, ਮਰਨ, ਅਗਲੇ, ਪਿਛਲੇ, ਜਨਮ ਅਤੇ ਆਤਮਾ ਪ੍ਰਮਾਤਮਾ ਆਦਿ ਦੀਆਂ ਗੱਲਾਂ ਦੱਸਦਾ ਹੈ। ਅਸਲ ਵਿਚ ਔਰਤ ਅਤੇ ਮਰਦ ਦੇ ਬਰੀਕ ਸ਼ੁਕਰਾਣੂਆਂ ਦੇ ਮਿਲਣ ਕਾਰਨ ਮਨੁੱਖ ਦੀ ਹੋਂਦ ਬਣਦੀ ਹੈ (ਹੁਣ ਕਲੋਨ ਵਿਧੀ ਨਾਲ ਇਕੱਲੇ ਨਰ ਜਾਂ ਮਦੀਨ ਤੋਂ ਹੀ ਮਨੁੱਖੀ ਹੋਂਦ ਸੰਭਵ ਹੋ ਗਈ ਹੈ।) ਉਹ ਭੋਜਨ ਰਾਹੀਂ ਖ਼ੁਰਾਕ ਪ੍ਰਾਪਤ ਕਰਕੇ ਆਪਣੇ ਸਰੀਰ ਦਾ ਨਿਰਮਾਣ ਕਰਦਾ ਹੈ। ਪੂਰਨ ਵਿਕਾਸ ਤੋਂ ਬਾਅਦ ਹੌਲੀ-2 ਇਹ ਭਾਗ ਨਸ਼ਟ ਹੋਣ ਲਗਦੇ ਹਨ। ਉਹ ਆਪਣੀ ਔਲਾਦ ਰਾਹੀਂ ਧਰਤੀ 'ਤੇ ਫਿਰ ਵਿਚਰਦਾ ਹੈ। ਅੱਜ ਅਸੀਂ ਸਮਾਜ ਦੀ ਜਿਸ ਅਵਸਥਾ ਵਿਚ ਹਾਂ, ਇਸ ਨੂੰ ਇਸ ਤਰ੍ਹਾਂ ਬਨਾਉਣ 'ਚ ਅਨੇਕਾਂ ਮਨੁੱਖਾਂ ਦਾ ਹੱਥ ਹੈ। ਜਿਸ ਤਰ੍ਹਾਂ ਇਕ ਪੌਦੇ ਤੋਂ ਸੇਬ ਡਿੱਗਣ ਦੀ ਘਟਨਾ ਨੂੰ ਦੇਖ ਕੇ ਨਿਊਟਨ ਨੇ ਗੁਰੂਤਾ ਖਿੱਚ ਦਾ ਸਿਧਾਂਤ ਦਿੱਤਾ ਸੀ। ਚਾਹ ਕੇਤਲੀ 'ਚੋਂ ਨਿਕਲਦੀ ਹੋਈ ਭਾਫ ਕਾਰਨ ਢੱਕਣ ਖੜਕਣ ਕਾਰਨ ਭਾਫ ਦੀ ਤਾਕਤ ਦਾ ਪਤਾ ਲੱਗਿਆ। ਭਾਫ ਇੰਜ਼ਣ ਬਣੇ, ਫਿਰ ਡੀਜ਼ਲ ਇੰਜ਼ਣ ਬਣੇ ਅਤੇ ਫਿਰ ਇਲੈਕਟ੍ਰਿਕ ਇੰਜਣ ਬਣੇ। ਬਿਜਲੀ 'ਚ ਇਕ ਅਰਧ ਚਾਲਕ ਤੇ ਕੁਚਾਲਕ ਦੋ ਤਰ੍ਹਾਂ ਦੇ ਅਰਧ ਚਾਲਕਾਂ ਤੋਂ ਟਰਾਂਜਿਸਟਰ ਚਾਰ ਤਰ੍ਹਾਂ ਦੇ ਅਰਧ ਚਾਲਕਾਂ ਤੋਂ ਥਾਈਰਿਸਟਰ, ਫਿਰ ਮਿਲੇ-ਜੁਲੇ ਸਰਕਟ, ਮਾਈਕਰੋਪ੍ਰੋਸੈਸਰ, ਕੰਪਿਊਟਰਜ਼ ਚੱਲਣ ਫਿਰਨ ਵਾਲੇ ਕੰਪਿਊਟਰਜ਼ ਅਤੇ ਹੋਰ ਉੱਤਮ ਤੋਂ ਉੱਤਮ ਉਪਕਰਣ ਬਣੇ। ਇਹ ਸਿਫਰ ਤੋਂ ਮਨੁੱਖ ਦੀ ਤਰੱਕੀ ਦੀ ਕਹਾਣੀ ਹੈ। ਬੱਸ ਸਿਫਰ ਹੀ ਸੱਚ ਹੈ ਜੋ ਅਨੰਤ ਹੈ। ਜਿਸ ਤਰ੍ਹਾਂ ਸਿਫਰ ਤੋਂ ਅੱਜ ਦਾ ਸੰਸਾਰ ਬਣਨ ਲਈ ਅਨੰਤ ਸਮਾਂ ਲੱਗਿਆ, ਇਸ ਤਰ੍ਹਾਂ ਸੰਸਾਰ ਨੂੰ ਸਿਫਰ ਬਣਨ ਲਈ ਵੀ ਅਨੰਤ ਸਮਾਂ ਲੱਗੇਗਾ। ਡਾ. ਵਾਟਸਨ ਵੱਲੋਂ 1953 ਵਿਚ ਡੀ. ਐਨ. ਏ. ਦੀ ਸੰਰਚਨਾ ਪਤਾ ਲਗਾਉਣ ਤੋਂ ਬਾਅਦ ਜੀਵਨ ਦੀਆਂ ਪ੍ਰੀਕ੍ਰਿਆਵਾਂ ਨੂੰ ਸਮਝਣ ਵਿਚ ਕਾਫੀ ਮਦਦ ਮਿੱਲੀ ਹੈ। ਡੀ. ਐਨ. ਏ. (ਡੀ ਆਕਸੀ ਰਿਬੋਜ ਨਿਊਕਲਿਕ ਐਸਿਡ) ਦੀ ਡਬਲ ਹੈਲਿਕਸ ਸੰਰਚਨਾ ਦੀ

ਖੋਜ ਨਾਲ ਜੈਵ ਵਿਗਿਆਨ ਦੇ ਅਧਿਐਨ ਵਿਚ ਕ੍ਰਾਂਤੀਕਾਰੀ ਮੋੜ ਆਇਆ। ਵਿਗਿਆਨੀਆਂ ਨੇ ਜੀਵਤ ਕੋਸ਼ਿਕਾਵਾਂ ਦੀ ਪ੍ਰਣਾਲੀ ਦਾ ਪਤਾ ਲਗਾ ਕੇ ਖਾਸ (ਜੀਨ) ਦੀ ਪਹਿਚਾਣ ਕੀਤੀ। ਇਕ ਜੀਵ ਤੋਂ ਦੂਜੇ ਵਿਚ ਉਨ੍ਹਾਂ ਨੂੰ ਤਬਦੀਲ ਕਰਨ ਦੀ ਵਿਧੀ ਵਿਕਸਿਤ ਕੀਤੀ ਗਈ। ਹੁਣ ਜੀਵ ਦੀ ਸੰਰਚਨਾ ਕੀਤੀ ਜਾ ਸਕਦੀ ਹੈ ਅਤੇ ਮਨੁੱਖੀ ਕਲੋਨ (ਸਮਰੂਪ) ਵਿਕਸਿਤ ਕੀਤਾ ਜਾ ਸਕਦਾ ਹੈ। ਮਨੁੱਖ ਦੇ 75000 ਤਕ ਦੇ ਜੀਨਾਂ ਦੀ ਪਹਿਚਾਣ ਕਰ ਲਈ ਗਈ ਹੈ। ਬਾਕੀ ਜੀਨਾਂ ਦੀ ਪਹਿਚਾਣ ਵੀ ਜਲਦੀ ਕਰ ਲਏ ਜਾਣ ਦੀ ਸੰਭਾਵਨਾ ਹੈ। ਮਾਨਵ ਜੀ-ਨੋਮ ਮੁਹਿੰਮ ਇਕ ਵਿਸ਼ਵ ਵਿਆਪੀ ਖੋਜ ਯੋਜਨਾ ਹੈ। ਇਹ 1990 ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਦੇ ਸੰਨ 2025 ਤਕ ਪੂਰੇ ਹੋ ਜਾਣ ਦੀ ਸੰਭਾਵਨਾ ਹੈ। ਜੀਨ ਅਤੇ ਵਾਤਾਵਰਣ ਇਕ ਦੂਜੇ ਉੱਪਰ ਨਿਰਭਰ ਕਰਦੇ ਹਨ। ਜੀਨ ਅਧਿਐਨ ਰਾਹੀਂ ਮਨੁੱਖ ਜਾਤੀ 'ਚ ਪਾਈਆਂ ਜਾਂਦੀਆਂ 6 ਹਜ਼ਾਰ ਤਰ੍ਹਾਂ ਦੀਆਂ ਪਿੱਤਰੀ ਖਰਾਬੀਆਂ ਨੂੰ ਜੀਨ ਸੰਸ਼ੋਧਨ ਤਕਨੀਕ ਨਾਲ ਠੀਕ ਕੀਤਾ ਜਾ ਸਕਦਾ ਹੈ। ਇਹ ਧਰਤੀ ਉਸ ਸੰਤਰੇ ਵਰਗਾ ਗੋਲਾ ਹੈ ਜਿਹੜਾ ਜ਼ਰਾ ਕੁ ਫਿੱਸਿਆ ਹੋਵੇ। ਇਸ ਦਾ ਵਿਆਸ 8000 ਮੀਲ ਹੈ। ਅਸੀਂ ਧਰਤੀ ਦੇ ਕੇਂਦਰ ਤੋਂ 4000 ਮੀਲ ਦੀ ਵਿੱਥ 'ਤੇ ਰਹਿੰਦੇ ਹਾਂ ਪਰ ਜੀਵਨ ਦੀਆਂ ਨਿਸ਼ਾਨੀਆਂ ਕੇਵਲ 3 ਮੀਲ ਹੇਠਾਂ ਤਕ ਮਿਲਦੀਆਂ ਹਨ। ਇਸ ਦੀ ਸਤ੍ਹਾ ਤੋਂ 5 ਮੀਲ ਤੋਂ ਵੱਧ ਉਪਰ ਵੱਲ ਵੀ ਨਹੀਂ ਮਿਲਦੀਆਂ। ਬਾਕੀ ਸਾਰਾ ਅਪਾਰ-ਪਸਾਰਾ ਖਾਲੀ ਤੇ ਨਿਰਜਿੰਦ ਹੈ। ਸਮੁੰਦਰ ਵਿਚ ਡੂੰਘੀ ਤੋਂ ਡੂੰਘੀ ਖੱਡ 5 ਮੀਲ ਹੈ। ਅੱਜ ਸਭ ਤੋਂ ਛੋਟੇ ਕਣ ਇਲੈਕਟ੍ਰਾਨ, ਪ੍ਰੋਟਾਨ ਜਾਂ ਵਿਕਰਣਾਂ ਦੀ ਖੋਜ ਹੋ ਗਈ ਹੈ। ਇਸ ਤਰ੍ਹਾਂ ਬ੍ਰਹਿਮੰਡ ਦੇ ਭੇਦ ਦਿਨੋਂ ਦਿਨ ਖੁਲ੍ਹਦੇ ਜਾਣਗੇ। ਠੋਸ ਵਿਚ ਪ੍ਰਮਾਣੂਆਂ ਦੇ ਵਿਚਕਾਰ ਸਭ ਤੋਂ ਜ਼ਿਆਦਾ ਖਿਚਾਅ ਹੈ। ਦ੍ਰਵ ਵਿਚ ਉਸ ਤੋਂ ਘੱਟ ਖਿਚਾਅ ਹੈ। ਜਿਵੇਂ-2 ਖਿਚਾਅ ਘੱਟ ਹੁੰਦਾ ਹੈ ਉਵੇਂ-2 ਗਤੀ ਵਧਦੀ ਜਾਂਦੀ ਹੈ। ਇਕ ਅਵਸਥਾ ਆਉਂਦੀ ਹੈ ਜਦੋਂ ਪੁੰਜ ਸਿਫਰ ਹੋ ਜਾਂਦਾ ਹੈ ਅਤੇ ਗਤੀ ਅਨੰਤ ਹੋ ਜਾਂਦੀ ਹੈ। ਪ੍ਰਮਾਣੂ ਊਰਜਾ ਵੀ ਗਤੀ ਦੇ ਕਾਰਨ ਹੀ ਹੈ। ਸੂਰਜ ਦੀ ਤਾਪ ਊਰਜਾ ਉਸ ਵਿਚ ਹੋਣ ਵਾਲੀਆਂ ਰਸਾਇਣਕ ਕਿਰਿਆਵਾਂ ਹਾਈਡ੍ਰੋਜਨ ਅਤੇ ਹੀਲੀਅਮ ਦੇ ਕਾਰਨ ਹੀ ਹੈ। ਇਹ ਸਭ ਅਣੂਆਂ ਦੀ ਗਤੀ ਕਾਰਨ ਹੈ। ਬੰਨ੍ਹ ਦੇ ਉੱਪਰ ਖੜ੍ਹੇ ਪਾਣੀ ਵਿਚ ਊਰਜਾ ਨਹੀਂ ਹੁੰਦੀ। ਇਹ ਊਰਜਾ ਉਸ ਦੇ ਡਿੱਗਣ ਨਾਲ ਗਤੀ ਦੀ ਅਵਸਥਾ ਵਿਚ ਪੈਦਾ ਹੁੰਦੀ ਹੈ। ਵਿਅਕਤੀ ਦੇ ਗੁਣ-ਔਗੁਣ ਉਸ ਦੇ ਦਾਦਾਦਾਦੀ, ਨਾਨਾ-ਨਾਨੀ ਅਤੇ ਮਾਂ-ਬਾਪ ਤੋਂ ਮਿਲਦੇ ਡੀ. ਐਨ. ਏ. ਅਤੇ ਆਰ. ਐਨ. ਏ. ਦੇ ਕਾਰਨ ਹੁੰਦੇ ਹਨ। ਆਦਿ ਮਾਨਵ ਕੇਵਲ ਇੰਦਰੀਆਂ ਦੇ ਅਨੁਭਵ ਬਾਰੇ ਜਾਣਦਾ ਸੀ। ਇਸ ਲਈ ਉਸ ਨੇ ਸੰਸਾਰ ਪੰਜ ਤੱਤਾਂ ਦਾ ਬਣਿਆ ਮਿਥ ਲਿਆ। ਅੱਜ ਵਿਗਿਆਨ ਨੇ 107 ਤੱਤਾਂ ਦਾ ਪਤਾ ਲਗਾ ਲਿਆ। ਆਦਿ ਮਾਨਵ ਦੀਆਂ ਝੂਠੀਆਂ ਕਲਪਨਾਵਾਂ ਨੇ ਹਜ਼ਾਰਾਂ ਸਾਲਾਂ ਤੋਂ ਮਨੁੱਖ ਨੂੰ ਮਾਨਸਿਕ ਰੂਪ ਵਿਚ ਗੁਲਾਮ ਰੱਖਿਆ। ਸੰਘਰਸ਼ ਤੋਂ ਡਰਨ ਵਾਲੇ ਲੋਕ ਹੀ ਕਿਸਮਤ ਦੀਆਂ ਗੱਲਾਂ ਫੈਲਾਉਂਦੇ ਹਨ। ਪਰਿਵਰਤਨ ਹੋ ਰਿਹਾ ਹੈ ਅਤੇ ਹੁੰਦਾ ਰਹੇਗਾ। ਖਿਚਾਅ ਹੈ ਇਸ ਲਈ ਧਕਾਅ ਹੈ। ਕ੍ਰਿਆ ਹੈ ਇਸ ਲਈ ਪ੍ਰਤੀਕ੍ਰਿਆ ਹੈ। ਹਨੇਰਾ ਹੈ ਇਸ ਲਈ ਚਾਨਣ ਹੈ। ਪਿਆਰ ਹੈ ਇਸ ਲਈ ਨਫ਼ਰਤ ਹੈ। ਜਨਮ ਹੈ ਇਸ ਲਈ ਮੌਤ ਹੈ। ਸਾਡਾ ਦਿਮਾਗ ਜੋ ਯਾਦਾਸ਼ਤ 'ਚ ਸਥਿਰ, ਦ੍ਰਿਸ਼ ਗੱਲਾਂ ਆਦਿ ਦਾ ਵਿਸ਼ਲੇਸ਼ਣ ਕਰਦਾ ਹੈ ਉਸ ਨੂੰ ਮਨ ਕਿਹਾ ਜਾਂਦਾ ਹੈ। ਮਨ ਨੂੰ ਸਥਿਰ ਕਰਨ ਦੀ ਲੋੜ ਨਹੀਂ। ਮਨ ਨੂੰ ਭਟਕਣ ਦਿਓ। ਫਿਰ ਹੀ ਨਵੀਆਂ ਖੋਜਾਂ ਹੋਣਗੀਆਂ। ਜੇ ਸਾਡੇ ਸਾਰਿਆਂ ਦਾ ਮਨ ਸਥਿਰ ਹੋ ਗਿਆ ਤਾਂ ਦਿਮਾਗ ਪੱਥਰ ਹੋ ਜਾਵੇਗਾ ਅਤੇ ਇਹ ਮਨੁੱਖ ਜਾਤੀ ਦੀ ਮੌਤ ਹੈ।

ਮਨੁੱਖ ਨੂੰ ਵੱਧ ਤੋਂ ਵੱਧ ਡਰਾਉਣ ਲਈ ਹੀ ਕੁਝ ਲੋਕਾਂ ਵਲੋਂ ਇਸ ਜੱਗ ਰਚਨਾ ਨੂੰ ਝੂਠ ਕਿਹਾ ਜਾਂਦਾ ਹੈ, ਤਾਂ ਕਿ ਮਨੁੱਖ ਦਾਨ ਪੁੰਨ ਕਰੀ ਜਾਵੇ ਤੇ ਇਸ ਦਾਨ ਪੁੰਨ ਦੇ ਆਸਰੇ ਵਿਹਲੜ ਲੋਕ ਮੌਜਾਂ ਮਾਣ ਸਕਣ। ਜੇ ਝੂਠ ਹੈ ਤਾਂ ਉਹ ਨਰਕ-ਸਵਰਗ ਦੇ ਅਗਲੇ ਪਿਛਲੇ ਜਨਮ ਦੀਆਂ ਗੱਲਾਂ, ਇਨ੍ਹਾਂ ਨਰਕਾਂ-ਸੁਰਗਾਂ ਦੇ ਝੂਠੇ ਡਰਾਵੇ ਅਤੇ ਲਾਲਚ ਦੇ ਕੇ ਇਸ ਜੱਗ ਰਚਨਾ ਨੂੰ ਝੂਠ ਕਹਿੰਦੇ ਲੋਕਾਂ ਵਲੋਂ ਕਿਰਤੀ ਲੋਕਾਂ ਦੀ ਕਮਾਈ ਲੁੱਟੀ ਜਾਂਦੀ ਹੈ। "ਆਪ ਮਾਣਦੇ ਨੇ ਸੇਜ ਜ਼ਿੰਦਗੀ ਦੀ ਸਾਨੂੰ ਕਹਿੰਦੇ ਨੇ ਇਹ ਜਹਾਨ ਝੂਠਾ।" ਆਪਣੇ ਮਨ ਵਿਚੋਂ ਡਰ ਦਾ ਤਿਆਗ ਕਰਕੇ ਸਾਨੂੰ ਇਸ ਜ਼ਿੰਦਗੀ ਅਤੇ ਸਮਾਜ ਨੂੰ ਖ਼ੂਬਸੂਰਤ ਬਣਾਉਣ ਲਈ ਨਿਰੰਤਰ ਯਤਨ ਕਰਦੇ ਰਹਿਣਾ ਚਾਹੀਦਾ ਹੈ।

431 374 6646
ਵਟਸ ਐਪ 94171 20427

# ਬੰਦਾ ਸਿੰਘ ਬਹਾਦਰ ਅਤੇ ਜ਼ਮੀਨੀ ਘੋਲ



ਪਰਦੀਪ ਕਸਬਾ
9478613328



ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਸਿੱਖ ਇਤਿਹਾਸ ਵਿੱਚ ਸਾਰਥਿਕ ਮਾਇਨੇ ਰੱਖਦੀ ਹੈ? 9 ਜੂਨ 1716 ਨੂੰ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਨੇ ਸਿੱਖ ਇਤਿਹਾਸ ਵਿੱਚ ਨਵਾਂ ਅਧਿਆਇ ਲਿਖ ਦਿੱਤਾ ,ਬੰਦਾ ਸਿੰਘ ਬਹਾਦਰ ਨੇ ਸਿੱਖ ਵਿਰਸੇ ਵਿੱਚੋਂ ਮਿਲੀ ਪਰਿਵਾਰ ਸਮੇਤ ਕੁਰਬਾਨੀ ਦੀ ਪਰੰਪਰਾ ਨੂੰ ਜਾਰੀ ਰੱਖਦੇ ਹੋਏ ਖੁਦ ਆਪ ਤੇ ਆਪਣੇ ਪਰਿਵਾਰ ਦੀ ਕੁਰਬਾਨੀ ਦਿੱਤੀ ,ਬੰਦਾ ਸਿੰਘ ਬਹਾਦਰ ਨੇ ਸਿੱਖ ਗੁਰੂਆਂ ਦੁਆਰਾ ਚਲਾਏ ਸੰਘਰਸ਼ ਨੂੰ ਦੁਆਰਾ ਪੂਰੇ ਸਿਖਰ ਤੇ ਲੈਕੇ ਗਿਆ ?ੁਹ ਸਿੱਖ ਖ਼ਾਲਸਾ ਰਾਜ ਦਾ ਪਹਿਲਾ ਸੰਸਥਾਪਕ ਸੀ ਜਿਸ ਨੇ ਗੁਰੂ ਦਾ ਬੰਦਾ ਹੋਣ ਦਾ ਫਰਜ਼ ਅਦਾ ਕੀਤਾ ਤੇ ਮੱਠੀ ਪੈ ਚੁੱਕੀ ਸਿੱਖ ਲਹਿਰ ਨੂੰ ਉੱਚਾਈ ਤੱਕ ਲੈ ਗਿਆ, ਬੰਦਾ ਸਿੰਘ ਬਹਾਦਰ ਅਨਿਆਂ ਦੇ ਖਿਲਾਫ ਖ਼ਾਲਸਾਈ ਜੁਝਾਰੂ ਢੰਗ ਨਾਲ ਲੜਿਆ ਉਹ ਅਜਿਹਾ ਸ਼ਹੀਦ ਸੀ ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਅੱਠ ਸਾਲ ਤਕ ਸਿੱਖ ਕੌਮ ਦੀ ਰਹਿਨੁਮਾਈ ਕੀਤੀ ਇਹ ਸਮਾਂ ਸਿੱਖਾਂ ਲਈ ਮੁੜ ਸੁਰਜੀਤ ਹੋ ਕੇ ਰਾਜਨੀਤਿਕ ਮਾਲਕੀ ਹਾਸਲ ਕਰਨ ਦਾ ਸੀ, ਇਹ ਉਹ ਵਕਤ ਸੀ ਜਦੋਂ ਨੀਵੀਆਂ ਜਾਤਾਂ ਦੇ ਲੋਕਾਂ ਦੀ ਪੁਗ ਦੇ ਦਿਨ ਸਨ, ਇਹ ਉਹ ਵਕਤ ਸੀ ਜਦੋਂ ਰਾਜ ਕਰਨ ਵਾਲਾ ਰਾਜਾ ਵੀ ਸਿੰਘ ਦਾ ਰੁਤਬਾ ਰੱਖਦਾ ਸੀ ਤੇ? ਸਦੀ ਪਰਜਾ ਦਾ ਹਰ ਨਾਗਰਿਕ ਵੀ ਸਿੰਘ ਹੋਣ ਦਾ ਮਾਣ ਪ੍ਰਾਪਤ ਕਰਦਾ ਸੀ, ਇਹ ਉਹ ਲੋਕ ਨਾਇਕ ਸੀ ਜਿਸ ਨੇ ਆਪਣੇ ਅਸੂਲਾਂ ਨੂੰ ਗੁਰੂ ਦੇ ਬੋਲਾਂ ਤੋਂ ਕੁਰਬਾਨ ਕਰ ਦਿੱਤਾ ਗੁਰੂ ਦੇ ਮੂੰਹ ਵਿੱਚੋਂ ਨਿਕਲਿਆ ਹਰ ਸ਼ਬਦ ਉਸ ਲਈ ਗੌਰਵਮਈ ਅਸੂਲ ਸੀ ਗੁਰੂ ਜੀ ਵੱਲੋਂ ਬੰਦਾ ਸਿੰਘ ਨੂੰ ਸਮੁੱਚੀ ਕੌਮ ਦੀ ਅਗਵਾਈ ਸੌਂਪਣਾ ਬਾ-ਕਮਾਲ ਦੂਰ ਦ੍ਰਿਸ਼ਟੀਵਾਲਾ ਕੰਮ ਸੀ ਇਹ ਮਹਾਨ ਕੰਮ ਸੂਰਬੀਰ ਲੋਕਧਾਰਾ ਦਾ ਵੀ ਇੱਕ ਅਨਿੱਖੜਵਾਂ ਅੰਗ ਬਣ ਗਿਆ ਲੋਕਾਈ ਨੇ ਬੰਦਾ ਸਿੰਘ ਦੀ ਬਹਾਦਰੀ ਦੀ ਦਾਦ ਨੂੰ ਨਾ ਵਿਸਾਰਿਆ ਸਗੋਂ ਇੱਟ ਨਾਲ ਇੱਟ ਖੜਕਾਉਣ ਦਾ ਮੁਹਾਵਰਾ ਬਣ ਬੰਦੇ ਦੀ ਦਾਸਤਾਨ ਵਿਅਕਤ ਕਰਨ ਦਾ ਪ੍ਰਤੀਕ ਬਣਾ ਦਿੱਤਾ? ਸਿੱਖ ਸਮਾਜ ਵਿੱਚ ਬੰਦਾ ਸਿੰਘ ਬਹਾਦਰ ਦਾ ਨਾਂ ਬਹੁਤ ਹੀ ਸਤਿਕਾਰ ਨਾਲ ਲਿਆ ਜਾਂਦਾ ਹੈ, ਖਾਲਸਾ ਰਾਜ ਦੀ ਨੀਂਹ ਰੱਖਣ ਵਾਲੇ ਬੰਦਾ ਸਿੰਘ ਬਹਾਦਰ ਜੀ ਦੇ ਜੀਵਨ ਅਤੇ ਸ਼ਖ਼ਸੀਅਤ ਸਬੰਧੀ ਭਾਵੇਂ ਇਤਿਹਾਸਕਾਰਾਂ ਨੇ ਬਹੁਤ ਕੁਝ ਲਿਖਿਆ? ਇਸ ਲੇਖ ਵਿੱਚ ਡਾ ਗੰਡਾ ਸਿੰਘ, ਖੁਸਵੰਤ ਸਿੰਘ, ਐੱਮ. ਐੱਸ ਚਾਂਦਲਾ, ਡਾ ਸੁਖਦਿਆਲ ਸਿੰਘ, ਗੁਰਦੀਪ ਸਿੰਘ ਦਿਓਲ, ਗੋਲਕ ਚੰਦ ਨਾਰੰਗ ਆਦਿ ਇਤਿਹਾਸਕਾਰਾਂ ਦੀਆਂ ਖੋਜ ਲਿਖਤਾਂ ਨੂੰ ਆਧਾਰ ਬਣਾ ਕੇ ਗੱਲਬਾਤ ਕਰਨ ਦੀ ਕੋਸ਼ਿਸ਼ ਕਰਾਂਗਾ? ਬੰਦਾ ਸਿੰਘ ਬਹਾਦਰ ਦੀ ਸ਼ਖ਼ਸੀਅਤ ਦੀ ਕਲਪਨਾ ਕਰਨ ਤੇ ਉਸ ਦੇ ਚਿਹਰੇ ਤੇ ਸਰੀਰ ਦੀ ਪ੍ਰਭਾਵਸ਼ਾਲੀ ਦਿੱਖ ਉੱਭਰ ਕੇ ਸਾਹਮਣੇ ਆਉਂਦੀ ਹੈ, ਬਹੁਤ ਸਾਰੇ ਇਤਿਹਾਸਕਾਰਾਂ ਨੇ ਬੰਦਾ ਸਿੰਘ ਦੀ ਸਰੀਰਕ ਦਿੱਖ ਬਾਰੇ ਵੱਖ ਵੱਖ ਕਿਆਸੇ ਲਗਾਏ ਹਨ ਡਾ. ਗੰਡਾ ਸਿੰਘ ਨੇ ਬੰਦਾ ਸਿੰਘ ਬਹਾਦਰ ਦੀ ਸਰੀਰਕ ਦਿੱਖ ਦਾ ਚਿਤਰਣ ਵਿਲੱਖਣ ਤਰੀਕੇ ਨਾਲ ਕੀਤਾ ਹੈ?

ਬੰਦਾ ਸਿੰਘ ਬਹਾਦਰ ਨੇ ਸਿੱਖ ਧਰਮ ਦੇ ਵਿਸਥਾਰ ਲਈ ਅਹਿਮ ਕਦਮ ਚੁੱਕੇ, ਜਬਰੀ ਧਰਮ ਪਰਿਵਰਤਨ ਕਰਨਾ ਉਸ ਦੀ ਮੁਹਿੰਮ ਦਾ ਕਦੇ ਵੀ ਹਿੱਸਾ ਨਹੀਂ ਰਿਹਾ ਮੁਸਲਿਮ ਲੇਖਕਾਂ ਦੀ ਇਸ ਯੋਧੇ ਬਾਰੇ ਰਾਏ ਵੀ ਵੱਖਰੀ ਰਹੀ ਹੈ, ਡਾ. ਬਲਵੰਤ ਸਿੰਘ ਢਿੱਲੋਂ ਬੰਦਾ ਸਿੰਘ ਬਹਾਦਰ ਦੇ ਜੀਵਨ ਨੂੰ ਘੋਖਣ ਲਈ ਫਾਰਸੀ ਸਰੋਤਾਂ ਦੀ ਵਰਤੋਂ ਕਰਕੇ ਸਾਡੇ ਸਾਹਮਣੇ ਮੁਸਲਿਮ ਲੇਖਕਾਂ ਦੇ ਦ੍ਰਿਸ਼ਟੀਕੋਣ ਨੂੰ ਸਨਮੁੱਖ ਕਰਦਾ ਹੈ? ਮੁਸਲਮਾਨ ਲੇਖਕਾਂ ਦੀ ਇਸ ਯੋਧੇ ਦੇ ਬਾਰੇ ਕੋਈ ਭੁਲੇਖੇ ਵਾਲੀ ਗੱਲ ਨਹੀਂ ਪਰ ਇਨ੍ਹਾਂ ਸਰੋਤਾਂ ਵਿੱਚ ਅਜਿਹੇ ਸਵਾਲਾਂ ਦੇ ਜਵਾਬ ਵੀ ਹਨ ਜਿਨ੍ਹਾਂ ਦੇ ਬਾਰੇ ਸਿੱਖ ਵਿਦਵਾਨ ਵੀ ਸਪੱਸ਼ਟਤਾ ਨਾਲ ਬਿਆਨ ਨਹੀਂ ਕਰਦੇ, ਸਿੱਖ ਇਤਿਹਾਸਕਾਰਾਂ ਨੇ ਬੰਦਾ ਸਿੰਘ ਬਹਾਦਰ ਨਾਲ ਇਨਸਾਫ਼ ਨਹੀਂ ਕੀਤਾ ਤੇ ਉਸ ਦੇ ਵਿਅਕਤੀਤਵ ਨੂੰ ਵਿਗਾੜ ਕੇ ਪੇਸ਼ ਕੀਤਾ ਹੈ, ਜਿਨ੍ਹਾਂ ਵਿਚ ਸਰੂਪ ਦਾਸ ਭੱਲਾ, ਕੇਸਰ ਸਿੰਘ ਸਿੱਬਰ, ਰਤਨ ਸਿੰਘ ਭੰਗੂ, ਭਾਈ ਸੰਤੋਖ ਸਿੰਘ , ਗਿਆਨ ਸਿੰਘ ਗਿਆਨੀ ਅਤੇ ਕਰਮ ਸਿੰਘ ਹਿਸਟੋਰੀਅਨ ਆਦਿ ਸ਼ਾਮਿਲ ਹਨ ਜਿਨਾਂ ਦੀਆਂ ਰਚਨਾਵਾਂ ਵਿੱਚ ਬੰਦਾ ਸਿੰਘ ਬਹਾਦਰ ਦੀ ਸ਼ਖ਼ਸੀਅਤ ਨੂੰ ਵਿਗਾੜ ਕੇ ਪੇਸ਼ ਕੀਤਾ ਗਿਆ ਹੈ? ਜਦਕਿ ਦਸਤੂਰ ਉਲ ਇੰਸਾ ਦੇ ਲੇਖਕ ਯਾਰ ਮੁਹੰਮਦ ਖਾਨ ਅਨੁਸਾਰ ਕੋਈ ਵੀ ਹਿੰਦੂ ਜਾਂ ਮੁਸਲਮਾਨ ਬੰਦਾ ਸਿੰਘ ਕੋਲ ਸਿੱਖ ਧਰਮ ਵਿੱਚ ਪ੍ਰਵੇਸ਼ ਲਈ ਆਉਂਦਾ ਸੀ ਉਹ ਉਸ ਨੂੰ ਸਿੰਘ ਦੇ ਨਾਂ ਨਾਲ ਸੰਬੋਧਨ ਕਰਦਾ ਤੇ ਕਰਵਾਉਂਦਾ ਸੀ? ਹਾਤੂ ਫਤੂਤਨਾਮਾ-ਏ ਸਮਦੀ ਦਾ ਲੇਖਕ ਗੁਲਾਮ ਮਹੀਉਦੀਨ ਦਾ ਮੱਤ ਹੈ ਕਿ ਜੋ ਵੀ ਕੋਈ ਉਸ ਪਾਸ ਆਉਂਦਾ ਉਹ ਉਸ ਨੂੰ ਆਪਣੇ ਵਰਗਾ ਲਿਬਾਸ ਪਹਿਨਾ ਕੇ ਸਿੰਘ ਸਜਾ ਦਿੰਦਾ ਸੀ? ਰਾਜਿੰਦਰ ਸਿੰਘ ਭੋਗਲ ਦਾ ਨਾਟਕ "ਨਾਇਕ ਧਰਮੀ ਯੋਧਾ" ਬੰਦਾ ਸਿੰਘ ਬਹਾਦਰ ਵਿੱਚ ਨਾਟਕ ਵਿੱਚ ਭੰਡ ਹਾਸਰਸੀ ਟੋਟਕਿਆਂ ਨਾਲ ਜਿੱਥੇ ਬੰਦਾ ਸਿੰਘ ਬਹਾਦਰ ਦੀ ਸ਼ਖਸੀਅਤ ਉੱਪਰ ਲੱਗੇ ਝੂਠੇ ਦੋਸ਼ਾਂ ਨੂੰ ਲੋਕ ਨਾਟਕੀ ਸ਼ੈਲੀ ਵਿੱਚ ਪੇਸ਼ ਕਰਦੇ ਹਨ ਉੱਥੇ ਉਹ ਬੰਦਾ ਸਿੰਘ ਬਹਾਦਰ ਨੂੰ ਧਰਮ ਨਿਰਪੱਖ ਅਤੇ ਸਰਬ ਸਾਂਝੀਵਾਲਤਾ ਦਾ ਪੁਜਾਰੀ ਵੀ ਸਿੱਧ ਕਰਦਾ ਹੈ ਬੰਦਾ ਸਿੰਘ ਬਹਾਦਰ ਦਾ ਕਾਰਜਕਾਲ ਸਹੀ ਅਰਥਾਂ ਵਿੱਚ ਧਰਮ ਨਿਰਪੱਖਤਾ ਤੇ ਸਰਬ ਸਾਂਝੀਵਾਲਤਾ ਦਾ ਸੰਕਲਪ ਪੇਸ਼ ਕਰਦਾ ਹੈ ਬੰਦਾ ਸਿੰਘ ਬਹਾਦਰ ਤੋਂ ਪ੍ਰਭਾਵਿਤ ਹੋ ਕੇ ਬਹੁਤ ਲੋਕਾਂ ਨੇ ਜਿਨ੍ਹਾਂ ਵਿੱਚ ਹਿੰਦੂ ਮੁਸਲਮਾਨ ਵੀ ਸਨ ਅੰਮ੍ਰਿਤ ਛੱਕ ਕੇ ਗੁਰੂ ਦੇ ਸਿੰਘ ਸਜੇ ਇਨ੍ਹਾਂ ਵਿੱਚ ਦੀਦਾਰ ਖਾਨ ਅੰਮ੍ਰਿਤ ਛੱਕ ਕੇ ਦੀਦਾਰ ਸਿੰਘ ਬਣ ਗਿਆ ਮੀਰ ਨਾਸਿਰ ੍ਰ?-ਦੀਨ ਭਾਈ ਨਾਸੀਰ ਸਿੰਘ ਬਣ ਗਿਆ, ਬੰਦਾ ਸਿੰਘ ਬਹਾਦਰ ਦਾ ਐਲਾਨ ਸੀ ਕਿ ਜੋ ਕੋਈ ਮੁਸਲਮਾਨ ਖਾਲਸਾ ਫੌਜ ਵਿੱਚ ਭਰਤੀ ਹੋਣਾ ਚਾਹੁੰਦਾ ਹੈ ਤਾਂ ਉਨ੍ਹਾਂ ਨੂੰ ਨਮਾਜ਼ ਰੋਜ਼ੇ ਦੀ ਪੂਰੀ ਖੁੱਲ੍ਹ ਹੋਵੇਗੀ ਇਸ ਐਲਾਨ ਨਾਲ ਪੰਜ ਹਜ਼ਾਰ ਮੁਸਲਮਾਨ ਖ਼ਾਲਸਾਈ ਫ਼ੌਜ ਵਿੱਚ ਭਰਤੀ ਹੋ ਗਏ ਇਹਨਾਂ ਵਿੱਚੋਂ ਬਹੁਤ ਸਾਰਿਆਂ ਨੇ ਬਾਅਦ ਵਿੱਚ ਸਿੱਖ ਧਰਮ ਹੀ ਅਖਤਿਆਰ ਕਰ ਲਿਆ ਸੀ ਇਸ ਘਟਨਾ ਦੀ ਖ਼ਬਰ 18 ਅਪ੍ਰੈਲ 1711 ਈਸਵੀ ਨੂੰ ਬਹਾਦਰ ਸ਼ਾਹ ਨੂੰ ਭੇਜੀ ਗਈ? ਜਿਸ ਦਾ ਜ਼ਿਕਰ ਡਾ.ਗੰਡਾ ਸਿੰਘ ਨੇ ਆਪਣੀ ਖੋਜ ਲ਼ਿਖਤ ਵਿਚ ਕੀਤਾ ਹੈ? ਬੰਦਾ ਸਿੰਘ ਬਹਾਦਰ ਨੇ ਗੁਰੂ ਦੇ ਹੁਕਮਾਂ ਤੇ ਚੱਲਦੇ ਹੋਏ ਖਾਲਸਾ ਰਾਜ ਦੀ ਸਥਾਪਨਾ ਦਾ ਮੁੱਢ ਬੰਨ੍ਹਿਆ ਤੇ ਉਸ ਦੀ ਨੀਂਹ ਨੂੰ ਮਜ਼ਬੂਤ ਕਰਨ ਲਈ ਅਹਿਮ ਕਦਮ ਚੁੱਕੇ ਗੋਕਲ ਚੰਦ ਨਾਰੰਗ ਆਪਣੀ ਕਿਤਾਬ ਸਿੱਖ ਮੱਤ ਦਾ ਪਰਿਵਰਤਨ ਵਿੱਚ ਕੁਝ ਇਸ ਤਰ੍ਹਾਂ ਬਿਆਨ ਕਰਦਾ ਹੈ ਸਰਹੰਦ (50 ਲੱਖ) ਜਲੰਧਰ ਬਿਸਤ ਦਆਬ (28 ਲੱਖ) ਨੇ ਸਿੱਖਾਂ ਨੂੰ ਇੱਕ ਵੱਡੀ ਲਾਗਤ ਧਰਤ ਦਾ ਮਾਲਕ ਬਣਾ ਦਿੱਤਾ ਜਿੱਤੇ ਹੋਏ ਇਲਾਕਿਆਂ ਵਿੱਚ ਆਪਣੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਢੁਕਵੀਂ ਨੀਤੀ ਬੰਦਾ ਸਿੰਘ ਬਹਾਦਰ ਦੀ ਰਾਜਨੀਤਕ ਸੂਝ ਦਾ ਸਬੂਤ ਸੀ ਲੋਹਗੜ ਨੂੰ ਰਾਜਧਾਨੀ ਬਣਾ ਨਵਾਂ ਸੰਮਤ ਸਿੱਕਾ ਅਤੇ ਮੋਹਰ ਜਾਰੀ ਕਰ ਬੰਦਾ ਸਿੰਘ ਨੇ ਸਿੱਖੀ ਨੂੰ ਇੱਕ ਤਰ੍ਹਾਂ ਨਾਲ ਰਾਜਨੀਤਕ ਸੰਪੂਰਨਤਾ ਪ੍ਰਦਾਨ ਕਰ ਦਿੱਤੀ? ਸਿੱਕਾ ਕਿਸੇ ਵੀ ਰਾਜੇ ਦੇ ਰਾਜ ਦੀ ਆਰਥਿਕਤਾ ਅਤੇ ਸੁਤੰਤਰਤਾ ਨੂੰ ਬਿਆਨ ਕਰਦਾ ਹੈ, ਜਿੱਥੇ ਬੰਦਾ ਸਿੰਘ ਨੇ ਸਿੱਕਾ ਚਲਾ ਕੇ ਸਿੱਖੀ ਸੁਤੰਤਰਤਾ ਨੂੰ ਹੋਰ ਪਕੇਰਾ ਕੀਤਾ, ਉੱਥੇ ਹੀ ਇਸ ਤੇ ਉਕੇਰੇ ਸ਼ਬਦ ਉਸ ਦੀ ਖੁਦ ਦੀ ਗੁਰੂ ਸਾਹਿਬਾਨ ਅੱਗੇ ਅਧੀਨਗੀ ਅਤੇ ਆਸਥਾ ਨੂੰ ਦਰਸਾਉਂਦੇ ਹਨ? ਬੰਦਾ ਸਿੰਘ ਨੇ ਖਾਲਸਾ ਰਾਜ ਦੀ ਸਥਾਪਨਾ ਹੋਣ ਉਪਰੰਤ ਭੂਮੀ ਸੁਧਾਰਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਗੀਰਦਾਰਾਂ ਤੋਂ ਜਬਰੀ ਜ਼ਮੀਨਾਂ ਖੋਹ ਕੇ ਜ਼ਿਮੀਦਾਰਾਂ ਪ੍ਰਥਾ ਖਤਮ ਕਰਨ ਵਾਲੇ ਪਾਸੇ ਵਧਿਆ? ਉਸ ਨੇ ਜ਼ਿਮੀਂਦਾਰਾ ਪ੍ਰਬੰਧ ਨੂੰ ਖ਼ਤਮ ਕਰਕੇ ਜੱਟਾਂ ਗੁੱਜਰਾਂ, ਸੈਣੀਆਂ ਅਤੇ ਕੰਬੋਆਂ ਨੂੰ ਨਿਰਦਈ ਜ਼ਿਮੀਂਦਾਰਾਂ ਦੀ ਗ਼ੁਲਾਮੀ ਤੋਂ ਮੁਕਤ ਕੀਤਾ ਅਤੇ ਹਲਵਾਹਕਾਂ ਨੂੰ ਭੂਮੀ ਦਾ ਮਾਲਕ ਬਣਾ ਦਿੱਤਾ ਉਸ ਨੇ ਪਿੰਡਾਂ ਦੀ ਚੌਧਰ ਚਮਾਰਾਂ ਤੇ ਉਨ੍ਹਾਂ ਵਰਗੇ ਸਭ ਤੋਂ ਨੀਵੀਆਂ ਜਾਤਾਂ ਵਾਲਿਆਂ ਨੂੰ ਵੀ ਬਖ਼ਸ਼ੀ,ਉਸਨੇ ਝਿਉਰਾਂ, ਘੁਮਾਰਾਂ ,ਤੇਲੀਆਂ ਲੱਕੜਹਾਰਿਆਂ ਆਦਿ ਵੱਲੋਂ ਉਸ ਦੀ ਕੀਤੀ ਥੋੜ੍ਹੀ ਜਿਹੀ ਖਿਦਮਤ ਬਦਲੇ ਉਨ੍ਹਾਂ ਨੂੰ ਖੁੱਲ੍ਹੇ ਦਿਲ ਨਾਲ ਬਖਸ਼ੀਸ਼ ਦਿੱਤੀ ਅਤੇ ਜਿੱਤੇ ਹੋਏ ਸ਼ਹਿਰਾਂ ਅਤੇ ਕਸਬਿਆਂ ਨੂੰ ਲੁੱਟਣ ਦੀ ਵੀ ਇਨ੍ਹਾਂ ਨੂੰ ਛੋਟ ਦਿੱਤੀ ਤਾਂ ਜੋ ਉਹ ਖ਼ੁਸ਼ਹਾਲੀ ਦਾ ਅਨੁਭਵ ਕਰ ਸਕਣ? ਡਾ. ਗੰਡਾ ਸਿੰਘ ਨੇ ਵੀ ਬੰਦਾ ਸਿੰਘ ਬਹਾਦਰ ਦੇ ਗਰੀਬ ਪੱਖੀ ਹੋਣ ਦੀ ਬੜੀ ਤੱਕੜੀ ਗਵਾਹੀ ਦਿਤੀ ਹੈ, ਉਸ ਅਨੁਸਾਰ ਦੀਨ ਅਤੇ ਦੁਖੀ ਲੋਕਾਂ ਦੀ ਰੱਖਿਆ ਕਰਨ ਵਿਚ ਉਸ ਨੂੰ ਉਨ੍ਹਾਂ ਲੋਕਾਂ ਦੀਆਂ ਅਸੀਸਾਂ ਪ੍ਰਾਪਤ ਹੋਈਆਂ ਜਿਨ੍ਹਾਂ ਦੀ ਪੁਕਾਰ ਸਦੀਆਂ ਤੋਂ ਕੋਈ ਨਹੀਂ ਸੀ ਸੁਣਦਾ ਉਸ ਨੇ ਆਪਣੇ ਰਾਜ ਪ੍ਰਬੰਧ ਵਿੱਚ ਨੀਵਿਆਂ ਤੋਂ ਨੀਵੇਂ ਲੋਕਾਂ ਨੂੰ ਉੱਚੀਆਂ ਪਦਵੀਆਂ ਤੱਕ ਪਹੁੰਚਾ ਦਿੱਤਾ ਅਤੇ ਨੀਚਾਂ ਚੂਹੜੇ ਅਤੇ ਚਮਾਰਾਂ ਨੂੰ ਉਸ ਨੇ ਹਾਕਮ ਬਣਾ ਦਿੱਤਾ? ਇਰਵਨ ਲਿਖਦਾ ਹੈ ਕਿ ਇੱਕ ਚੂੜੇ ਜਾਂ ਚਮਾਰ ਲਈ ਜੋ ਕਿ ਹਿੰਦੁਸਤਾਨੀਆਂ ਵਿੱਚ ਨੀਚਾਂ ਤੋਂ ਵੀ ਨੀਚ ਗਿਣਿਆ ਜਾਂਦਾ ਹੈ ਕੇਵਲ ਘਰੋਂ ਆ ਕੇ ਗੁਰੂ ਬੰਦਾ ਸਿੰਘ ਪਾਸ ਹਾਜ਼ਰ ਹੋਣਾ ਹੀ ਹੁੰਦਾ ਸੀ ਕਿ ਥੋੜ੍ਹੇ ਸਮੇਂ ਵਿੱਚ ਉਹ ਆਪਣੀ ਆਪਣੀ ਜਨਮ ਭੂਮੀ ਦਾ ਹਾਕਮ ਬਣ ਕੇ ਆ ਜਾਂਦਾ (ਫਿਰ ਕੀ ਸੀ) ਵੱਡੀਆਂ ਵੱਡੀਆਂ ਉੱਚੀਆਂ ਜਾਤਾਂ ਵਾਲੇ ਅਤੇ ਧਨਾਡ ਲੋਕ ਉਸ ਦਾ ਸਵਾਗਤ ਕਰਦੇ ਅਤੇ ਅੱਗੇ ਹੋ ਕੇ ਲੈ ਜਾਂਦੇ ਇਸ ਗੱਲ ਦੀ ਗਵਾਈ ਐੱਮ. ਐੱਸ. ਚਾਂਦਲਾ ਆਪਣੀ ਪੁਸਤਕ ਬੰਦਾ ਸਿੰਘ ਆਪਣੇ ਨਾਇਕਾਂ ਦੀ ਗ਼ਦਾਰੀ ਦਾ ਸ਼ਿਕਾਰ ਵਿੱਚ ਕਰਦਾ ਹੈ ਿ?ਹੋ ਗੱਲ ਬਲਦੇਵ ਸਿੰਘ ਆਪਣੇ ਨਾਵਲ ਸੂਰਬੀਰਾਂ ਵਿੱਚ ਆਪਣੇ ਪਾਤਰਾਂ ਦੇ ਮੂੰਹੋਂ ਕਹਾਉਂਦਾ ਹੈ.

ਬੰਦਾ ਸਿੰਘ ਬਹਾਦਰ ਮੁਗਲਾਂ ਦੇ ਵਿਰੁੱਧ ਨਹੀਂ ਸੀ ਉਹ ਜ਼ੁਲਮ ਦੇ ਵਿਰੁੱਧ ਸੀ ਤੇ ਜੋ ਜ਼ੁਲਮ ਕਰਦਾ ਸੀ ਉਹ ਭਾਵੇਂ ਕਿਸੇ ਵੀ ਫਿਰਕੇ ਦਾ ਸੀ? ਇਸੇ ਕਰਕੇ ਬੰਦਾ ਸਿੰਘ ਦੇ ਸੰਘਰਸ਼ ਤੇ ਬੰਦਾ ਸਿੰਘ ਦੀ ਚਰਚਾ ਹਰ ਪਾਸੇ ਸੀ ਤੇ ਨਿੱਤ ਦਿਨ ਵਧ ਰਹੀ ਸੀ ਬੰਦਾ ਸਿੰਘ ਦਾ ਹਥਿਆਰਬੰਦ ਸੰਘਰਸ਼ ਨਿੱਤ ਦਿਨ ਅੱਗੇ ਵੱਧ ਰਿਹਾ ਸੀ ਪਰ ਮੁਗਲ ਸਾਮਰਾਜ ਦੇ ਇਹ ਗੱਲ ਹਜ਼ਮ ਨਹੀਂ ਸੀ ਹੋ ਰਹੀ ਸੀ, ਕਿ ਵਾਰ ਵਾਰ ਬੰਦਾ ਸਿੰਘ ਕੋਲੋਂ ਹਾਰ ਦਾ ਮੂੰਹ ਦੇਖ ਦੇਖ ਕਿ ਮੁ਼ਗਲ ਸ਼ਾਸਕ ਨਿਰਾਸ਼ਾਜਨਕ ਸਥਿਤੀ ਵਿਚ ਗੁਜ਼ਰ ਰਹੇ ਸਨ ਤੇ ਦੂਸਰੇ ਪਾਸੇ ਬੰਦਾ ਸਿੰਘ ਸਿੱਖ ਖ਼ਾਲਸਾ ਰਾਜ ਦਾ ਵਿਸਥਾਰ ਕਰ ਰਿਹਾ ਸੀ ਇਹ ਸਥਿਤੀ ਮੁਗਲ ਸ਼ਾਸਕਾਂ ਲਈ ਕਰੋ ਜਾਂ ਮਰੋ ਵਾਲੀ ਬਣਦੀ ਜਾ ਰਹੀ ਸੀ ਬੰਦਾ ਸਿੰਘ ਦੇ ਹਥਿਆਰਬੰਦ ਸੰਘਰਸ਼ ਨੂੰ ਜੇਕਰ ਸ਼ੁਰੂ ਤੋਂ ਗੌਰ ਨਾਲ ਦੇਖਦੇ ਹਾਂ ਤਾਂ ਉਸ ਦੀ ਯੁੱਧ ਕਰਨ ਦੀ ਕਲਾ ਦਾ ਨਮੂਨਾ ਤਜਰਬੇਕਾਰ ਸੈਨਾਪਤੀ ਵਾਲਾ ਲੱਗਦਾ ਹੈ, ਉਸ ਦੀ ਗੁਰੀਲਾ ਜੰਗ ਕਰਨ ਦੀ ਤਕਨੀਕ ਨੇ ਮੁਗਲ ਸੈਨਾ ਤੇ ਮੁਗਲ ਸ਼ਾਸਕਾਂ ਦੇ ਹੌਂਸਲੇ ਪਸਤ ਕਰ ਦਿੱਤੇ ਖਾਸ ਕਰ ਸ਼ੁਰੂ ਵਿੱਚ ਯੁੱਧ ਦੀ ਸ਼ੁਰੂਆਤ ਵਿੱਚ ਇੱਥੇ ਮੁ਼ਗਲ ਸੈਨਾ ਤੇ ਹਮਲੇ ਬੰਦਾ ਸਿੰਘ ਦੀ ਯੁੱਧ ਕਰਨ ਦੀ ਸਮਝ ਤੇ ਵਿਉਂਤਬੰਦੀ ਦਾ ਸਿਖਰ ਸੀ ਬੰਦਾ ਸਿੰਘ ਨੇ ਸਰਹਿੰਦ ਤੇ ਸਿੱਧਾ ਹਮਲਾ ਕਰਨ ਤੋਂ ਪਹਿਲਾਂ ਮੁਗਲ ਸਾਮਰਾਜ ਦੀਆਂ ਸੈਨਿਕ ਚੌਕੀਆਂ ਅਤੇ ਮੁੱਖ ਕੇਂਦਰਾਂ ਨੂੰ ਨਿਸ਼ਾਨਾ ਬਣਾਇਆ ਸੋਨੀਪਤ, ਕੈਥਲ, ਸਮਾਣਾ, ਘੁੜਾਮ, ਸ਼ਾਹਬਾਦ, ਕਪੂਰੀ ਸਢੌਰਾ ਲੋਹਗੜ ਆਦਿ ਮੁਗਲ ਸਾਮਰਾਜ ਦੀਆਂ ਸੈਨਿਕ ਚੌਕੀਆਂ ਅਤੇ ਮੁੱਖ ਕੇਂਦਰ ਸਨ ਬੰਦਾ ਸਿੰਘ ਬਹਾਦਰ ਨੇ ਇਨ੍ਹਾਂ ਸਭ ਨੂੰ ਤਹਿਸ ਨਹਿਸ ਕਰਕੇ ਇੱਕ ਨਵੇਂ ਰਾਜ ਦੀ ਸ਼ੁਰੂਆਤ ਕਰ ਦਿੱਤੀ ਸੀ ਜਿਹੜੇ ਵੀ ਮੁਗਲ ਸਥਾਪਤੀ ਵਾਲੇ ਸ਼ਹਿਰ ਜਾਂ ਨਗਰ ਸੈਨਿਕ ਟਿਕਾਣੇ ਬੰਦਾ ਸਿੰਘ ਦੀ ਮਾਰ ਵਿੱਚ ਆਉਂਦੇ ਸਨ ਸਭ ਤਬਾਹ ਕਰ ਦਿੱਤੇ ਗਏ ਅਤੇ ਉਨ੍ਹਾਂ ਦੀ ਥਾਂ ਖਾਲਸਾ ਪੰਚਾਇਤਾਂ ਸਥਾਪਤ ਕਰਕੇ ਲੋਕਾਂ ਦਾ ਆਪਣਾ ਰਾਜ ਸਥਾਪਤ ਕੀਤਾ ਜਾਂਦਾ ਸੀ, ਮੁਹੰਮਦ ਕਾਸਮ ਅਤੇ ਮਿਰਜ਼ਾ ਮੁਹੰਮਦ ਦੋਵੇਂ ਹੀ ਸਮਕਾਲੀ ਲੇਖਕ ਲਿਖਦੇ ਹਨ ਕਿ ਕਰਨਾਲ ਤੋਂ ਲੈ ਕੇ ਲੁਧਿਆਣੇ ਦੇ ਸਤਲੁਜ ਦਰਿਆ ਤੱਕ ਮੁਗਲ ਹਕੂਮਤ ਨੂੰ ਉਲਟਾ ਕੇ ਬੰਦਾ ਸਿੰਘ ਨੇ ਆਪਣਾ ਰਾਜ ਸਥਾਪਤ ਕਰ ਲਿਆ ਸੀ ਮਾਝੇ ਦੇ ਜੱਟ ਬਾਜ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਨਿਯੁਕਤ ਕੀਤਾ ਸਿਰ਼ਫ ਇਤਨਾ ਹੀ ਨਹੀਂ ਹਕੂਮਤ ਉਲਟਾਉਣ ਦੇ ਨਾਲ ਨਾਲ ਹੀ ਮੁਗਲ ਸਿੱਕਾ ਅਤੇ ਮੋਹਰਾਂ ਨੂੰ ਖ਼ਤਮ ਕਰਕੇ ਆਪਣੀ ਖਾਲਸਾਈ ਸਿੱਕੇ ਅਤੇ ਮੋਹਰਾਂ ਜਾਰੀ ਕੀਤੇ ਗਏ ਸਨ? ਬੰਦਾ ਸਿੰਘ ਬਹਾਦਰ ਦੇ ਜੇਤੂ ਰੱਥ ਨੂੰ ਰੋਕਣ ਲਈ ਮੁਗਲ ਸਾਮਰਾਜ ਨੇ ਟਿੱਲ ਦਾ ਜ਼ੋਰ ਲਗਾ ਦਿੱਤਾ ਆਖ਼ਿਰਕਾਰ ਬੰਦਾ ਸਿੰਘ ਗੁਰਦਾਸ ਨੰਗਲ ਦੇ ਕਿਲੇ ਵਿੱਚ ਮੁ਼ਗਲਾਂ ਨੇ ਘੇਰ ਲਿਆ , ਗੁਰਦਾਸ ਨੰਗਲ ਦੇ ਕਿਲ੍ਹੇ ਵਿੱਚ ਅੱਠ ਮਹੀਨੇ ਲਗਾਤਾਰ ਮੁਗਲ ਸੈਨਾ ਦਾ ਮੁਕਾਬਲਾ ਕਰਦਾ ਹੋਇਆ ਬੰਦਾ ਸਿੰਘ 7 ਦਸੰਬਰ 1715 ਨੂੰ ਹੋਰ 740 ਸਿੱਖਾਂ ਨਾਲ ਗ੍ਰਿਫਤਾਰ ਕਰ ਲਿਆ ਗਿਆ ਜਿਨ੍ਹਾਂ ਵਿੱਚ ਬੰਦਾ ਸਿੰਘ ਦੀ ਪਤਨੀ ਰਤਨ ਕੌਰ ਅਤੇ ਪੁੱਤਰ ਅਜੇ ਸਿੰਘ ਵੀ ਸਨ ਇਸ ਹਾਰ ਦਾ ਕਾਰਨ ਇਹ ਨਹੀਂ ਸੀ ਕਿ ਬੰਦਾ ਸਿੰਘ ਮੁ਼ਗਲ ਸੈਨਾ ਤੋਂ ਮਾਤ ਖਾ ਗਿਆ ਸੀ ਸਗੋਂ ਹਾਰ ਦਾ ਕਾਰਨ ਨਿਰੰਤਰ ਭੁੱਖੇ ਰਹਿਣਾ ਸੀ ਭੁੱਖ ਨੇ ਉਨ੍ਹਾਂ ਦੀ ਸਰੀਰਕ ਤਾਕਤ ਨੂੰ ਖ਼ਤਮ ਕਰ ਦਿੱਤਾ ਪਰ ਉਨ੍ਹਾਂ ਦੀ ਮਾਨਸਿਕ ਤਾਕਤ ਨੂੰ ਨਾ ਖ਼ਤਮ ਕਰ ਸਕੀ ਜਿਸ ਦਾ ਅੰਦਾਜ਼ਾ ਗੁਰਦਾਸ ਨੰਗਲ ਦੀ ਗੜ੍ਹੀ ਵਿੱਚ ਸਿੱਖਾਂ ਕੋਲੋਂ ਜੋ ਹਥਿਆਰ ਬਰਾਮਦ ਹੋਏ ਉਨ੍ਹਾਂ ਤੋਂ ਲਗਾਇਆ ਜਾ ਸਕਦਾ ਹੈ ਬਰਾਮਦ ਕੀਤੇ ਹਥਿਆਰਾਂ ਵਿੱਚ ਇੱਕ 1000 ਤਲਵਾਰਾਂ ,278 ਢਾਲਾਂ, 173 ਕਮਾਨ, 180 ਤਰਕਸ਼,114 ਛੂਰੇ ,217 ਬਦੂਕਾਂ ਸ਼ਮਿਲ ਸਨ. ਕਾਮਰਾਨ ਖ਼ਾਨ ਨੇ ਸਿੱਖਾਂ ਦੀ ਬਹਾਦਰੀ ਬਾਰੇ ਚਰਚਾ ਕਰਦਿਆਂ ਕਿਹਾ ਹੈ ਕਿ ਅਸਲ ਵਿੱਚ ਇਹ ਬੜੀ ਅਸਚਰਜਤਾ ਵਾਲੀ ਗੱਲ ਹੈ ਕਿ ਇਤਨੇ ਘੱਟ ਸਾਧਨ ਹੁੰਦਿਆਂ ਵੀ ਸਿੱਖਾਂ ਨੇ ਇੰਨੇ ਅਧਿਕ ਸਮੇਂ ਤੱਕ ਸਭ ਤੋਂ ਵੱਧ ਤਾਕਤਵਾਰ ਮੁਗਲ ਸਾਮਰਾਜ ਦਾ ਦ੍ਰਿੜਤਾ ਪੂਰਬ ਮੁਕਾਬਲਾ ਕੀਤਾ।

ਬੰਦਾ ਸਿੰਘ ਦਾ ਗੁਰੂ ਨਾਲ ਮਿਲਾਪ ਤੋਂ ਬਾਅਦ ਦਾ ਸਮਾਂ ਸੰਘਰਸ਼ਾਂ ਵਿੱਚ ਰਿਹਾ ਹੈ ਬੰਦਾ ਸਿੰਘ ਦਾ ਜੀਵਨ ਗੁਰੂ ਨੂੰ ਸਮਰਪਿਤ ਰਿਹਾ ਹੈ, ਬੰਦਾ ਸਿੰਘ ਦੀ ਸ਼ਹਾਦਤ ਦੀ ਦਾਸਤਾਨ ਦੀ ਗੱਲ ਕੀਤੇ ਬਿਨਾਂ ਉਨ੍ਹਾਂ ਦੇ ਜੀਵਨ ਦਾ ਵਰਨਣ ਅਧੂਰਾ ਰਹਿ ਜਾਂਦਾ ਹੈ, ਵੈਸੇ ਤਾਂ ਸੱਚਾਈ ਜਾਂ ਧਰਮ ਦੇ ਮਾਰਗ ਉੱਪਰ ਚੱਲਦਿਆਂ ਆਪਣਾ ਜੀਵਨ ਅਰਪਨ ਕਰਨ ਵਾਲੇ ਵਿਅਕਤੀ ਨੂੰ ਸ਼ਹੀਦ ਕਿਹਾ ਜਾਂਦਾ ਹੈ ਸਿੱਖ ਧਰਮ ਦੇ ਪ੍ਰਸੰਗ ਵਿੱਚ ਸ਼ਹਾਦਤ ਦਾ ਰੁਤਬਾ ਆਪਣੇ ਬਹੁਤ ਹੀ ਨਿਆਰਾ ਅਤੇ ਉੱਚਤਮ ਪਦਵੀ ਦੇ ਰੂਪ ਵਿੱਚ ਆਇਆ ਹੈ ਸਿੱਖਾਂ ਨੇ ਸ਼ਹਾਦਤ ਦਾ ਪਹਿਲਾਂ ਸਬਕ ਗੁਰੂ ਅਰਜਨ ਦੇਵ ਜੀ ਦੇ ਜੀਵਨ ਦੇ ਪਾਕ ਸਫਰ ਤੋਂ ਸਿੱਖਿਆ ਹੈ "ਤੇਰਾ ਭਾਣਾ ਮੀਠਾ ਲਾਗੇ" ਸ਼ਬਦ ਉਚਾਰਨ ਕਰਨਾ ਇਹ ਸਾਬਤ ਕਰ ਗਿਆ ਕਿ ਆਪਣੇ ਅਸੂਲਾਂ ਤੋਂ ਉੱਪਰ ਸਰੀਰਕ ਕਸ਼ਟ ਨਹੀਂ ਹੋਇਆ ਕਰਦਾ ਗੁਰੂ ਤੇਗ ਬਹਾਦਰ ਜੀ ਨੇ ਸਹਾਦਤ ਦੇ ਇਸ ਪਾਠ ਦੀ ਦੁਹਰਾਈ ਨੇ ਇੱਕ ਵਾਰ ਫਿਰ ਸਪੱਸ਼ਟ ਕਰ ਦਿੱਤਾ ਕਿ ਸੰਸਾਰ "ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ" ਵਾਂਗ ਹੈ ਸਿੱਖ ਧਰਮ ਵਿੱਚ ਸ਼ਹਾਦਤ ਪ੍ਰਾਪਤ ਕਰਨ ਵਾਲਿਆਂ ਨੂੰ ਸਰਬ ਉੱਚ ਸਥਾਨ ਪ੍ਰਾਪਤ ਹੁੰਦਾ ਮੰਨਿਆ ਗਿਆ ਹੈ ਬੰਦਾ ਸਿੰਘ ਦੀ ਸ਼ਹਾਦਤ ਨੂੰ ਵੀ ਇਸੇ ਦਿਸ਼ਾ ਵਿੱਚ ਦੇਖਣ ਦੀ ਲੋੜ ਹੈ ਬੰਦਾ ਸਿੰਘ ਦੀ ਸ਼ਹਾਦਤ ਦਾ ਵਰਣਨ ਡਾ. ਗੰਡਾ ਸਿੰਘ ਆਪਣੀ ਲਿਖਤ ਵਿੱਚ ਉੱਚ ਦਰਜੇ ਦੀ ਰੂਹਾਨੀਅਤ ਵਿਚ ਪੇਸ਼ ਕਰਦਾ ਹੈ ਜਿਸ ਦਾ ਵਰਨਣ ਇੱਥੇ ਅਤਿ ਮਹੱਤਵਪੂਰਨ ਹੈ ਡਾ.ਗੰਡਾ ਸਿੰਘ ਅਨੁਸਾਰ 'ਤਾਰੀਖ ਮਾਜਫਰੀ ਦੇ ਸ਼ਬਦਾਂ ਵਿੱਚ ਕੁਝ ਇਸ ਤਰ੍ਹਾਂ ਕਰਦਾ ਹੈ ਗੁਰੂ ਗੋਬਿੰਦ ਸਿੰਘ ਦੇ ਚੁਣੇ ਹੋਏ ਸਿੱਖ ਨੇ ਥੋੜ੍ਹੇ ਜਿਹੇ ਦਿਨਾਂ ਦੀ ਜ਼ਿੰਦਗੀ ਲਈ ਆਪਣਾ ਧਰਮ ਤਿਆਗਣ ਦੀ ਥਾਂ ਇੱਕ ਸਿਦਕੀ ਸਿੱਖ ਦੀ ਤਰ੍ਹਾਂ ਆਪਣੀ ਜਾਨ ਕੁਰਬਾਨ ਕਰਨਾ ਪ੍ਰਵਾਨ ਕਰ ਲਿਆ ਬੰਦਾ ਸਿੰਘ ਦਾ ਚਾਰ ਸਾਲ ਦਾ ਬੱਚਾ ਅਜੈ ਸਿੰਘ ਉਸ ਦੀ ਗੋਦੀ ਵਿੱਚ ਬਿਠਾ ਦਿੱਤਾ ਗਿਆ ਅਤੇ ਉਸ ਨੂੰ ਕਿਹਾ ਗਿਆ ਕਿ ਇਸ ਨੂੰ ਕਤਲ ਕਰੇ ਪਰ ਕਦੀ ਕੋਈ ਪਿਤਾ ਵੀ ਆਪਣੇ ਬੱਚੇ ਨੂੰ ਕਤਲ ਕਰ ਸਕਦਾ ਹੈ ਉਸ ਨੇ ਨਾਂਹ ਕਰ ਦਿੱਤੀ ਬਸ ਫੇਰ ਕੀ ਸੀ ਜਲਾਦ ਨੇ ਇੱਕ ਛੂਰੇ ਨਾਲ ਬੱਚੇ ਦੇ ਟੋਟੇ ਟੋਟੇ ਕਰ ਦਿੱਤੇ ਅਤੇ ਉਸ ਦਾ ਤੜਫਦਾ ਦਿਲ ਕੱਢ ਕੇ ਬੰਦੇ ਦੇ ਮੂੰਹ ਵਿੱਚ ਦੇ ਦਿੱਤਾ, ਹੁਣ ਕਤਲ ਲਈ ਬੰਦਾ ਸਿੰਘ ਦੀ ਆਪਣੀ ਵਾਰੀ ਆਈ ਪਹਿਲਾਂ ਜਲਾਦ ਨੇ ਛੁਰੇ ਨਾਲ ਉਸ ਦੀ ਸੱਜੀ ਅੱਖ ਕੱਢ ਦਿੱਤੀ ਫਿਰ ਖੱਬੀ ਇਸ ਤੋਂ ਬਾਅਦ ਉਸ ਦਾ ਖੱਬਾ ਪੈਰ ਵੱਢ ਦਿੱਤਾ ਅਤੇ ਉਸ ਪਿੱਛੋਂ ਦੋਨੋਂ ਹੱਥ ਵੱਢ ਕੇ ਵੱਖ ਵੱਖ ਕਰ ਦਿੱਤੇ ਫੇਰ ਭਖਦੇ ਲਾਲ ਗਰਮ ਲੋਹੇ ਦੀਆਂ ਚਿਮਟਿਆਂ ਨਾਲ ਉਸ ਦੇ ਪਿੰਡੇ ਦੇ ਮਾਸ ਦੀਆਂ ਬੋਟੀਆਂ ਖਿੱਚ ਖਿੱਚ ਕੇ ਤੋੜੀਆਂ ਗਈਆਂ ਅੰਤ ਉਨ੍ਹਾਂ ਦਾ ਸਿਰ ਵੱਡ ਦਿੱਤਾ ਅਤੇ ਸਰੀਰ ਦੇ ਬੰਦ ਬੰਦ ਕੱਟ ਦਿੱਤੇ ਗਏ ਇਨ੍ਹਾਂ ਸਾਰੇ ਦੁੱਖਾਂ ਭਰਿਆ ਤਸੀਹਿਆਂ ਵਿੱਚ ਬੰਦਾ ਸਿੰਘ ਬਹਾਦਰ ਗੁਰੂ ਦੀ ਰਜ਼ਾ ਵਿੱਚ ਰਾਜ਼ੀ ਬਿਲਕੁਲ ਅਡੋਲ, ਸਥਿਰ ਸ਼ਾਂਤ ਚਿੱਤ ਰਿਹਾ, ਗੈਰ ਸਿੱਖ ਇਤਿਹਾਸਕਾਰਾਂ ਵੱਲੋਂ ਕਹਿਣਾ ਕਿ ਬੰਦਾ ਸਿੰਘ ਅਨੇਕਾਂ ਤਸੀਹਿਆਂ ਦੌਰਾਨ ਅਡੋਲ ਸਥਿਰ ਰਿਹਾ ਬੰਦੇ ਦੀ ਲਾਮਿਸਾਲ ਕੁਰਬਾਨੀ ਨੂੰ ਦਿੱਤੀ ਸਭ ਤੋਂ ਮੁੱਲਵਾਨ ਅਤੇ ਬੇਲਾਗ ਸ਼ਰਧਾਂਜਲੀ ਹੈ? ਗੁਰੂ ਜੀ ਦੇ ਬੰਦੇ ਨੇ ਆਪਣਾ ਬੰਦ ਬੰਦ ਕਟਵਾ ਕੇ ਗੁਰੂ ਜੀ ਦਾ ਬੰਦਾ ਹੋਣ ਦਾ ਮੁੱਲ ਤਾਰਿਆ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਹਮੇਸ਼ਾ ਹੀ ਧੱਕੇ ਅਤੇ ਜ਼ੁਲਮ ਦੇ ਖ਼ਿਲਾਫ਼ ਲੜਨ ਵਾਲਿਆਂ ਲਈ ਹੌਂਸਲਾ ਤੇ ਪ੍ਰੇਰਨਾਦਾਇਕ ਰਹੇਗੀ?

ਅੱਖਾਂ ਬੱਧੇ ਢੱਗੇ ਵਾਂਗੂ,
ਗੇੜਾਂ ਮੈਂ ਤੇ ਖੂਹ ਬਾਬਾ।
ਮਾਲਕ ਜਾਣੇ ਖੂਹ ਦਾ ਪਾਣੀ,
ਜਾਵੇ ਕਿਹੜੀ ਜੂਹ ਬਾਬਾ।
ਰੱਬ ਜਾਣੇ ਕੱਲ ਕਿਹੜਾ ਦਿਨ ਸੀ,
ਦੀਵੇ ਬਾਲ਼ੇ ਲੋਕਾਂ ਨੇ,
ਮੈਂ ਵੀ ਨਾਲ਼ ਸ਼ਰੀਕਾਂ ਰਲਿਆ,
ਆਪਣੀ ਕੁੱਲੀ ਲੂਹ ਬਾਬਾ..।

ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਦੇ ਕਈ ਵਾਰਸ ਅਰਦਾਸ ਤਾਂ ਇਹੀ ਕਰਦੇ ਨੇ ਪਰ ਅਮਲਾਂ ਚ ਇਸ ਸਿਧਾਂਤ ਤੋਂ ਥਿੜਕੇ ਹੋਏ ਨੇ, ਜ਼ਿਲਾ ਕਪੂਰਥਲਾ ਚ ਪੈਂਦੇ ਦਿਆਲਪੁਰ ਪਿੰਡ ਚ ਚੱਲਦੇ ਹਾਂ, ਸਾਫ ਹੋ ਜਾਏਗਾ ਕਿ ਜੋ ਬਾਬਾ ਨਜ਼ਮੀ ਸਾਹਿਬ ਨੇ ਕਿਹਾ ਹੈ ਕਿ ਅਸੀਂ ਸ਼ਰੀਕਾਂ ਨਾਲ ਰਲ ਕੇ ਆਪਣੀ ਕੁੱਲੀ ਵੀ ਲੂਹ ਰਹੇ ਹਾਂ ਤੇ ਸਰਬੱਤ ਦੇ ਭਲੇ ਵਾਲੇ ਸਿਧਾਂਤ ਤੋਂ ਵੀ ਕਿਵੇਂ ਖੁੰਝ ਰਹੇ ਹਾਂ। ਜਿਸ ਕੌਮ ਦਾ ਗੁਰੂ ਹੀ ਸ਼ਬਦ ਹੈ,ਗਿਆਨ ਹੈ, ਉਸ ਕੌਮ ਦੇ ਕੁਝ ਵਾਰਸ ਅਗਿਆਨਤਾ ਦੇ ਰਾਹੇ ਤੁਰਦੇ ਹੋਏ ਗਿਆਨ ਦੇ ਦੀਵੇ ਵੰਡਣ ਵਾਲੇ ਸਥਾਨ ਦਾ ਹੀ ਕਿੰਨਾ ਨੁਕਸਾਨ ਕਰ ਰਹੇ ਨੇ।

# ਦਿਆਲਪੁਰ 'ਚ ਚੱਲਦੀ ਹੈ ਸਕੂਲ ਦੀਆਂ ਕੰਧਾਂ ਭੰਨ ਮੁਹਿੰਮ

**ਦਿਆਲਪੁਰ ਤੋਂ ਅਮਨਦੀਪ ਹਾਂਸ ਦੀ ਵਿਸ਼ੇਸ਼ ਰਿਪੋਰਟ**

ਦਿਆਲਪੁਰ ਪਿੰਡ ਚ ਸ਼ਹੀਦ ਸਿਪਾਹੀ ਅਵਤਾਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਣਿਆ ਹੋਇਆ ਹੈ, 6ਵੀਂ ਜਮਾਤ ਤੋਂ 12ਵੀਂ ਤੱਕ ਸਾਰੇ ਵਿਸ਼ੇ ਹੀ ਪੜਾਏ ਜਾਂਦੇ ਨੇ, ਕੁੱਲ 320 ਵਿਦਿਆਰਥੀ ਤੇ 16 ਅਧਿਆਪਕ ਨੇ, ਪ੍ਰਿੰਸੀਪਲ ਮੈਡਮ ਲੀਨਾ ਸ਼ਰਮਾ ਦੀ ਅਗਵਾਈ ਚ ਸਕੂਲ ਚ ਕੋਈ ਕਮੀ ਨਹੀਂ, ਪੂਰਾ ਅਨੁਸ਼ਾਸਨ, ਸਾਫ ਸਫਾਈ ਦਾ ਪੂਰਾ ਖਿਆਲ, ਪੂਰੀਆਂ ਸੂਰੀਆਂ ਪ੍ਰਯੋਗਸ਼ਾਲਾਵਾਂ, ਸਾਰਾ ਸਟਾਫ ਮਿਹਨਤੀ, ਡਿਊਟੀ ਨੂੰ ਮਹਿਜ ਡਿਊਟੀ ਨਹੀਂ, ਬਲਕਿ ਫਰਜ਼ ਸਮਝ ਕੇ ਗਿਆਨ ਦੇ ਦੀਵੇ ਜਗਾਉਂਦੇ ਨੇ ।ਇਸ ਸਕੂਲ ਚ ਸਿਰਫ ਕਪੂਰਥਲਾ ਤੇ ਜਲੰਧਰ ਵਾਲੇ ਦੋਵਾਂ ਦਿਆਲਪੁਰ ਪਿੰਡਾਂ ਦੇ ਹੀ ਨਹੀਂ, ਬਲਕਿ ਆਲੇ ਦੁਆਲੇ ਦੇ ਕਈ ਪਿੰਡਾਂ ਦੇ ਵਿਦਿਆਰਥੀ ਪੜਦੇ ਨੇ, ਕਿਉਂਕਿ ਨਜ਼ਦੀਕ ਕੋਈ ਹੋਰ ਸਰਕਾਰੀ ਸੈਕੰਡਰੀ ਸਕੂਲ ਨਹੀਂ ਹੈ।

ਜਲੰਧਰ ਅੰਮ੍ਰਿਤਸਰ ਮੁੱਖ ਸੜਕ ਤੋਂ ਪਿੰਡ ਦੇ ਅੰਦਰ ਵੜਦਿਆਂ ਹੀ ਕੁਝ ਦੂਰੀ ਤੇ ਇਹ ਸੋਹਣੀ ਇਮਾਰਤ ਵਾਲਾ ਸਕੂਲ ਹੈ.. ਪਰ ਕਹਿੰਦੇ ਨੇ ਨਾ ਕਿ ਚੰਦ ਨੂੰ ਦਾਗ ਹੁੰਦਾ ਹੀ ਹੁੰਦਾ ਹੈ.. ਚੰਦ ਦੇ ਦਾਗ ਤਾਂ ਕੁਦਰਤੀ ਨੇ, ਪਰ ਇਸ ਸਕੂਲ ਨੂੰ ਤਾਂ ਦਾਗ ਲੋਕਾਂ ਵਲੋਂ ਉਹ ਵੀ ਆਪਣਿਆਂ ਵਲੋਂ ਲਾ ਦਿੱਤਾ ਗਿਆ ਹੈ।

ਸਕੂਲ ਤੇ ਪਿੰਡ ਦੀਆਂ ਗਲੀਆਂ ਦਾ ਪੱਧਰ ਕਿਸੇ ਵੇਲੇ ਇਕੋ ਜਿਹਾ ਸੀ, ਪਰ ਵਕਤ ਦੇ ਨਾਲ ਨਾਲ ਗਲੀਆਂ ਨਾਲੀਆਂ ਉੱਚੀਆਂ ਹੁੰਦੀਆਂ ਗਈਆਂ, ਤੇ ਸਕੂਲ ਓਥੇ ਹੀ ਰਿਹਾ। ਸਕੂਲ ਦੇ ਪ੍ਰਿੰਸੀਪਲਜ਼ ਵਲੋਂ ਪੰਚਾਇਤਾਂ ਤੇ ਮੋਹਤਬਰਾਂ ਦਾ ਇਸ ਵੱਲ ਧਿਆਨ ਵੀ ਦਵਾਇਆ ਜਾਂਦਾ ਰਿਹਾ ਕਿ ਲੈਵਲ ਉੱਚਾ ਨੀਂਵਾ ਹੋਣ ਨਾਲ ਮੁਸ਼ਕਲਾਂ ਆਉਣਗੀਆਂ, ਖਾਸ ਕਰਕੇ ਮੀਂਹ ਦੇ ਮੌਸਮ ਵਿਚ, ਕਿਉਂਕਿ ਪਿੰਡ ਵਿਚ ਘਰਾਂ ਦੇ ਗੰਦੇ ਪਾਣੀ ਤੇ ਮੀਂਹ ਦੇ ਪਾਣੀ ਦੀ ਨਿਕਾਸੀ ਲਈ ਨਾਲੀਆਂ ਤਾਂ ਹਨ, ਸੀਵਰੇਜ ਦਾ ਢੁਕਵਾਂ ਪ੍ਰਬੰਧ ਨਾ ਹੋਣ ਕਰਕੇ ਨਾਲੀਆਂ ਦਾ ਪਾਣੀ ਕਿਤੇ ਹੋਰ ਨਹੀਂ ਜਾਂਦਾ, ਪਿੰਡ ਦੀਆਂ ਗਲੀਆਂ ਚ ਹੀ ਓਵਰਫਲੋਅ ਹੋ ਕੇ ਘੁੰਮਦਾ ਹੈ। ਜਦੋਂ ਵੀ ਮੀਂਹ ਪੈਂਦਾ ਹੈ ਤਾਂ ਸਕੂਲ ਨੀਵਾਂ ਹੋਣ ਕਰਕੇ ਇਹ ਪਾਣੀ ਸਕੂਲ ਦੇ ਅੰਦਰ ਜਮਾ ਹੋ ਜਾਂਦਾ ਹੈ।

ਅਜਿਹਾ ਦਸ ਬਾਰਾਂ ਸਾਲਾਂ ਤੋਂ ਹੋ ਰਿਹਾ ਹੈ, ਤੇ ਕੁਝ ਸਾਲਾਂ ਤੋਂ ਹਾਲਤ ਇਹ ਹੈ ਕਿ ਜਦੋਂ ਵੀ ਮੀਂਹ ਚ ਸੀਵਰੇਜ ਬਲੌਕ ਹੁੰਦਾ ਹੈ, ਤੇ ਪਾਣੀ ਪਿੰਡ ਦੀਆਂ ਗਲੀਆਂ ਨਾਲੀਆਂ ਚ ਨੱਕੋ ਨੱਕ ਭਰ ਜਾਂਦਾ ਹੈ ਤਾਂ ਪਿੰਡ ਦੇ ਹੀ ਪਰ ਅਣਪਛਾਤੇ ਲੋਕ ਰਾਤ ਵੇਲੇ ਸਕੂਲ ਦੀ ਚਾਰਦੀਵਾਰੀ ਨੂੰ ਸੰਨ ਲਾ ਦਿੰਦੇ ਨੇ, ਪਿੰਡ ਦਾ ਸਾਰਾ ਗੰਦਾ ਪਾਣੀ ਸਕੂਲ ਚ ਇਕੱਠਾ ਹੋ ਜਾਂਦਾ ਹੈ, ਮੇਨ ਸੜਕ ਦਾ ਪਾਣੀ ਵੀ ਇਥੇ ਆ ਇਕਠਾ ਹੁੰਦਾ ਹੈ, ਰਹਿੰਦੀ ਕਸਰ ਲੋਕ ਕੰਧਾਂ ਚ ਪਾੜ ਲਾ ਕੇ ਗਲੀਆਂ ਨਾਲੀਆਂ ਦਾ ਗੰਦਾ ਪਾਣੀ ਸਕੂਲ ਚ ਕੱਢ ਕੇ ਪੂਰੀ ਕਰਦੇ ਨੇ।

ਪ੍ਰਿੰਸੀਪਲ ਤੇ ਸਟਾਫ ਨੇ ਪਿਛਲੀ ਪੰਚਾਇਤ ਨੂੰ ਵੀ ਤੇ ਇਸ ਵਾਰ ਵਾਲੀ ਪੰਚਾਇਤ ਨੂੰ ਵੀ ਜ਼ੁਬਾਨੀ ਕਲਾਮੀ ਅਜਿਹਾ ਕਰਨ ਵਾਲੇ ਸ਼ਖਸ ਨੂੰ ਭਾਲ ਕੇ ਰੋਕਣ ਲਈ ਕਿਹਾ ਤਾਂ ਮੋਹਤਬਰਾਂ ਨੇ ਹਰ ਵਾਰ ਇਹੀ ਜੁਆਬ ਦਿੱਤਾ ਕਿ ਅਸੀਂ ਕੀ ਕਰ ਸਕਦੇ ਹਾਂ, ਸਕੂਲ ਹੈ ਹੀ ਨੀਂਵਾਂ ਸਕੂਲ ਬਾਹਰੋਂ ਸੜਕ ਨਾਲੋਂ ਕਰੀਬ ਸਾਢੇ ਚਾਰ ਫੁੱਟ ਨੀਂਵਾਂ ਹੈ।



ਸਟਾਫ ਨੇ ਕਈ ਵਾਰ ਚਾਰਦੀਵਾਰੀ ਚ ਪਾਏ ਪਾੜ ਪੂਰੇ ਕਰਵਾਏ, ਤੇ ਅੰਦਰਵਾਰ ਮਲਬਾ ਸੁਟਵਾਇਆ ਤਾਂ ਜੋ ਪਾੜ ਪੈ ਹੀ ਨਾ ਸਕੇ, ਪਰ ਕੰਧਾਂ ਨੀਵੀਆਂ ਹੋਣ ਕਰਕੇ ਲੋਕ ਉਪਰੋਂ ਝਾਤੀ ਮਾਰ ਕੇ ਅਸਾਨੀ ਨਾਲ ਵੇਖ ਲੈਂਦੇ ਨੇ ਕਿ ਕਿਥੇ ਕੰਧ ਨਿੱਧਰੀ ਹੈ, ਪਾੜ ਓਥੇ ਲਾ ਦਿੰਦੇ ਨੇ।

ਹੁਣ ਪੈ ਕੇ ਹਟੇ ਮੀਂਹ ਦੌਰਾਨ ਵੀ ਤਿੰਨ ਥਾਵਾਂ ਤੋਂ ਸਕੂਲ ਦੀ ਚਾਰਦੀਵਾਰੀ ਚ ਪਾੜ ਪਾਇਆ ਗਿਆ, ਸਾਰਾ ਪਾਣੀ ਸਕੂਲ ਚ ਜਮਾ ਹੈ, ਪ੍ਰਿੰਸੀਪਲ ਆਫਿਸ ਪਾਣੀ ਚ ਡੁੱਬ ਗਿਆ, ਸਾਰੀਆਂ ਲੈਬਜ਼ ਚ ਪਾਣੀ ਭਰ ਗਿਆ, ਪਿਛਲ਼ੀ ਵਾਰ ਆਏ ਪਾਣੀ ਚ ਇਕ ਲੈਕਚਰਾਰ ਦਾ ਲੈਬ ਚ ਪਏ ਬਾਕੀ ਸਮਾਨ ਨਾਲ ਲੈਪਟਾਪ ਵੀ ਖਰਾਬ ਹੋ ਗਿਆ ਸੀ। ਪਿਛਲੇ ਸਾਲ ਸਰਦੀ ਦੀ ਸ਼ੁਰੂਆਤ ਵੇਲੇ ਪਏ ਮੀਂਹ ਦੌਰਾਨ ਵੀ ਕੰਧਾਂ ਚ ਪਾੜ ਲਾ ਕੇ ਪਿੰਡ ਦਾ ਗੰਦਾ ਪਾਣੀ ਸਕੂਲ ਚ ਵਾੜ ਦਿਤਾ ਗਿਆ ਸੀ, ਅਗਲੀ ਸਵੇਰ ਜਦੋਂ ਵਿਦਿਆਰਥੀ ਤੇ ਸਟਾਫ ਮੈਂਬਰ ਆਏ ਤਾਂ ਸਕੂਲ ਦੇ ਅੰਦਰ ਜਮਾ ਪਾਣੀ ਚ ਕਰੰਟ ਸੀ, ਤੁਰੰਤ ਬਿਜਲੀ ਵਿਭਾਗ ਦੇ ਮੁਲਾਜ਼ਮਾਂ ਨੂੰ ਸੱਦਿਆ ਗਿਆ, ਤੇ ਬਿਜਲੀ ਕੁਨੈਕਸ਼ਨ ਕਟਵਾਇਆ ਗਿਆ, ਮੋਹਤਬਰਾਂ ਤੱਕ ਵੀ ਮਾਮਲਾ ਪੁਚਾਇਆ ਗਿਆ,ਪਰ ਲੋਕ ਫੇਰ ਨਹੀਂ ਹਟਦੇ।

ਹੁਣ ਜਦੋਂ ਵੀ ਮੀਂਹ ਪੈਂਦਾ ਹੈ, ਸਕੂਲ ਸਟਾਫ ਬਿਜਲੀ ਦਾ ਕੁਨੈਕਸ਼ਨ ਦੋ ਤਿੰਨ ਦਿਨ ਲਈ ਪਹਿਲਾਂ ਹੀ ਅਹਤਿਆਤ ਵਜੋਂ ਕਟਵਾ ਦਿੰਦਾ ਹੈ। ਤਾਂ ਜੋ ਕਿਸੇ ਬੱਚੇ ਨਾਲ ਜਾਂ ਕਿਸੇ ਸਟਾਫ ਮੈਂਬਰ ਨਾਲ ਕੋਈ ਭਾਣਾ ਨਾ ਵਾਪਰ ਜਾਏ। ਅੰਦਰ ਗੰਦੇ ਪਾਣੀ ਨਾਲ ਜਮਾਂ ਹੋਈ ਗਾਬ ਵੀ ਸਿਰਦਰਦੀ ਹੈ, ਪਾਣੀ ਉਤਰ ਜਾਂਦਾ ਹੈ ਤਾਂ ਕਈ ਕਈ ਦਿਨ ਓਥੇ ਤੁਰ ਹੀ ਨਹੀਂ ਹੁੰਦਾ, ਤਿਲਕਣ ਹੋ ਜਾਂਦੀ ਹੈ, ਕਈ ਵਾਰ ਸਟਾਫ ਮੈਂਬਰ ਤੇ ਬੱਚੇ ਤਿਲਕ ਕੇ ਡਿਗਦੇ ਵੀ ਨੇ।

ਪ੍ਰਿੰਸੀਪਲ ਮੈਡਮ ਲੀਨਾ ਸ਼ਰਮਾ ਨੇ ਕਿਹਾ ਕਿ ਸਾਨੂੰ ਜੋ ਵੀ ਗਰਾਂਟ ਕਿਸੇ ਉਸਾਰੀ ਲਈ ਆਉਂਦੀ ਹੈ,ਅਸੀਂ ਉਹ ਉਸਾਰੀ ਸਕੂਲ ਗਰਾਊਂਡ ਤੋਂ ਕਈ ਫੁੱਟ ਉੱਚੀ ਕਰਵਾ ਰਹੇ ਹਾਂ, ਹੁਣ ਵੀ ਪੁਰਾਣੇ ਕਮਰਿਆਂ ਚ ਪਾਣੀ ਭਰਨ ਕਰਕੇ ਜਮਾਤਾਂ ਨਵੇਂ ਉੱਚੇ ਦੋ ਕਮਰਿਆਂ ਚ ਲਾਈਆਂ ਹੋਈਆਂ ਸਨ, ਪ੍ਰਿੰਸੀਪਲ ਦੇ ਦਫਤਰ ਚ ਪਾਣੀ ਭਰਿਆ ਹੋਣ ਕਰਕੇ ਮੈਡਮ ਵਰਾਂਡੇ ਚ ਬਹਿ ਕੇ ਕੰਮ ਕਰ ਰਹੇ ਸਨ, ਸਾਰੀਆਂ ਜਮਾਤਾਂ ਦੋ ਕਮਰਿਆਂ ਚ ਐਡਜਸਟ ਕੀਤੀਆਂ ਸਨ, ਮਿਡ ਡੇਅ ਮੀਲ ਦਾ ਖਾਣਾ ਪੁਰਾਣੀ ਰਸੋਈ ਚ ਪਾਣੀ ਭਰਨ ਕਰਕੇ ਬਾਹਰ ਜੁਗਾੜ ਲਾ ਕੇ ਓਟ ਕਰਕੇ ਬਣਾਇਆ ਗਿਆ।

ਇਕ ਵਾਰ ਪਾਵਰ ਗਰਿੱਡ ਵਾਲਿਆਂ ਤੋਂ ਸਵੱਛ ਭਾਰਤ ਅਭਿਆਨ ਤਹਿਤ ਨਿੱਜੀ ਗੁਜ਼ਾਰਿਸ਼ ਕਰਕੇ ਸਕੂਲ ਸਟਾਫ ਨੇ ਉੱਚੇ ਬਾਥਰੂਮ ਬਣਵਾਏ, ਉਦੋਂ ਵੀ ਸਕੂਲ ਦੇ ਆਲੇ ਦੁਆਲੇ ਰਹਿੰਦੇ ਲੋਕਾਂ ਨੇ ਬਾਥਰੂਮਾਂ ਦਾ ਪਾਣੀ ਬਾਹਰ ਨਾਲੀਆਂ ਚ ਨਹੀਂ ਸੀ ਪੈਣ ਦਿੱਤਾ, ਤਾਂ ਮਜਬੂਰੀ ਚ ਸਕੂਲ ਦੇ ਅੰਦਰ ਹੀ ਡੂੰਘੇ ਪੱਕੇ ਟੋਏ ਪੁੱਟ ਕੇ ਵੇਸਟ ਓਥੇ ਸੁਟਣਾ ਪਿਆ ।

ਲੋਕਾਂ ਦੀ ਮਾਨਸਿਕਤਾ ਕਿੰਨੀ ਗਰਕ ਚੁੱਕੀ ਹੈ ਕਿ ਬੱਚੇ ਉਹਨਾਂ ਦੇ ਹੀ ਪੜਦੇ ਨੇ, ਸਟਾਫ ਜਾਂ ਪ੍ਰਿੰਸੀਪਲ ਤਾਂ ਬਦਲੀ ਕਰਵਾ ਕੇ ਕਿਤੇ ਹੋਰ ਚਲੇ ਜਾਣਗੇ, ਸਮਸਿਆ ਤਾਂ ਬੱਚਿਆਂ ਲਈ ਹੈ, ਫੇਰ ਵੀ ਕੋਈ ਪਰਵਾਹ ਨਹੀਂ ਕਰਦਾ। ਲੋਕ ਕਹਿੰਦੇ ਨੇ, ਕਿ ਸਾਡੇ ਘਰਾਂ ਚ ਪਾਣੀ ਵੜਦਾ ਹੈ, ਨੀਂਵੇ ਥਾਂ ਵੱਲ ਹੀ ਜਾਏਗਾ, ਕੰਧਾਂ ਚ ਪਾੜ ਪਾਉਣ ਦੀ ਗੱਲ ਕੋਈ ਨਹੀਂ ਮੰਨਦਾ, ਆਂਹਦੇ, ਪਾਣੀ ਦੇ ਜ਼ੋਰ ਨਾਲ ਕੰਧ ਟੁਟ ਜਾਂਦੀ ਹੈ। ਮੋਹਤਬਰ ਕਹਿੰਦੇ ਸਕੂਲ ਦਾ ਮੇਨ ਗੇਟ ਮੁੱਖ ਸੜਕ ਤੋਂ ਹਟਾ ਕੇ ਪਿੱਛੇ ਕਰ ਲਓ, ਸਾਰੀ ਮੁਸ਼ਕਲ ਦਾ ਹੱਲ ਹੋ ਜਾਊ.. ਸਮਸਿਆ ਤਾਂ ਸਕੂਲ ਦੀ ਗਰਾਊਂਡ ਦਾ ਪਿੰਡ ਦੀਆਂ ਗਲੀਆਂ ਨਾਲੀਆਂ ਤੋਂ ਨੀਂਵਾਂ ਹੋਣਾ ਹੈ, ਇਹਦਾ ਗੇਟ ਨਾਲ ਕੀ ਸੰਬੰਧ..

ਪਰ ਕਿਸੇ ਨੇ ਸੁਹਿਰਦਤਾ ਨਾਲ ਮਸਲੇ ਦਾ ਹੱਲ ਕਰਨਾ ਹੋਵੇ, ਗੱਲ ਕਰਨ ਦਾ, ਦਲੀਲਾਂ ਦੇਣ ਦਾ ਵੀ ਤਾਂ ਹੀ ਫਾਇਦਾ ਹੁੰਦਾ ਹੈ।

ਹੁਣ ਵੀ ਸਕੂਲ ਦੀ ਗਰਾਊਂਡ ਚ ਫਿਰਦਾ ਮੁਸ਼ਕ ਮਾਰਦਾ ਪਾਣੀ ਪਿੰਡ ਦੇ ਲੋਕਾਂ ਦੀ ਨਲਾਇਕੀ ਤੇ ਪੰਚਾਇਤ ਦੀ ਲਾਪਰਵਾਹੀ ਅਤੇ ਪਰਸ਼ਾਸਨ ਦੀ ਘੇਸਲ ਦੀ ਦਾਸਤਾਨ ਆਪ ਹੀ ਸੁਣਾ ਰਿਹਾ ਹੈ।

ਪ੍ਰਿੰਸੀਪਲ ਤੇ ਕੁਝ ਵਿਦਿਆਰਥੀਆਂ ਦੇ ਮਾਪਿਆਂ ਨੇ ਦੱਸਿਆ ਕਿ ਸਾਰਾ ਮਾਮਲਾ ਮੀਡੀਆ ਜ਼ਰੀਏ, ਤੇ ਲਿਖਤੀ ਅਰਜ਼ੀਆਂ ਜ਼ਰੀਏ ਡੀ ਸੀ ਕਪੂਰਥਲਾ ਤੱਕ ਕਈ ਵਾਰ ਪੁਚਾਇਆ ਗਿਆ। ਪਿਛਲੀ ਵਾਰ ਲੈਕਚਰਾਰ ਸੁਨੀਲ ਖੁਦ ਜਾ ਕੇ ਡੀ ਸੀ ਜਨਾਬ ਮੁਹੰਮਦ ਤਾਇਬ ਨੂੰ ਮਿਲੇ ਸਨ, ਲਿਖਤੀ ਅਪੀਲ ਕੀਤੀ ਸੀ ਕਿ ਮਸਲੇ ਦਾ ਹੱਲ ਕਰਵਾਇਆ ਜਾਏ, ਤਾਂ ਜੋ ਕੋਈ ਅਣਹੋਣੀ ਨਾ ਵਾਪਰੇ, ਡੀ ਸੀ ਨੇ ਢਿੱਲਵਾਂ ਦੇ ਵੇਲੇ ਦੇ ਬੀ ਡੀ ਪੀ ਓ ਸ. ਸੇਵਾ ਸਿੰਘ ਨੂੰ ਕਾਰਵਾਈ ਲਈ ਕਿਹਾ, ਸੇਵਾ ਸਿੰਘ ਇਕ ਇੰਜੀਨੀਅਰ ਨੂੰ ਲੈ ਕੇ ਆਏ ਵੀ, ਮੌਕਾ ਦੇਖਿਆ, ਪਲਾਨ ਬਣਾ ਕੇ ਲੈ ਗਏ, ਪਰ ਹੋਇਆ ਕੁਝ ਨਹੀਂ, ਹੁਣ ਡੀ ਸੀ ਤਾਇਬ ਸਾਹਿਬ ਬਦਲ ਚੁੱਕੇ ਨੇ।

7 ਅਗਸਤ ਨੂੰ ਡਿਪਟੀ ਡੀ ਓ ਬਿਕਰਮਜੀਤ ਸਿੰਘ ਵੀ ਮੌਕਾ ਦੇਖਣ ਆਏ, ਮੋਹਤਬਰਾਂ ਨੂੰ ਵੀ ਮਿਲੇ ਸਨ, ਗੱਲਾਂ ਗੱਲਾਂ ਚ ਮਸਲਾ ਹੱਲ ਹੋਣ ਦੇ ਪਲਾਨ ਬਣੇ, ਪਰ ਹੋਇਆ ਕੁਝ ਨਹੀਂ।

19 ਅਗਸਤ ਨੂੰ ਜਦੋਂ ਅਸੀਂ ਮੀਂਹ ਤੇ ਸੀਵਰੇਜ ਦੇ ਪਾਣੀ ਚ ਡੁੱਬੇ ਸਕੂਲ ਦਾ ਦੌਰਾ ਕੀਤਾ ਤਾਂ ਓਸ ਦਿਨ ਵੀ ਸਟਾਫ ਨੇ ਕਪੂਰਥਲਾ ਦੇ ਡੀ ਸੀ ਨੂੰ ਲਿਖਤੀ ਮਾਮਲਾ ਪੁਚਾਇਆ ਸੀ, ਡੀ ਸੀ ਸਾਹਿਬ ਹੜ ਦੇ ਸੰਭਾਵੀ ਖਤਰੇ ਕਾਰਨ ਸੁਲਤਾਨਪੁਰ ਲੋਧੀ ਹਲਕੇ ਚ ਸਨ, ਤਾਂ ਉਹਨਾਂ ਦੇ ਪੀ ਏ ਦਵਿੰਦਰਪਾਲ ਸਿੰਘ ਨੂੰ ਸਾਰਾ ਮਾਮਲਾ

ਵਟਸਅਪ ਕਰ ਦਿੱਤਾ ਗਿਆ, ਉਹਨਾਂ ਡੀ ਸੀ ਸਾਹਿਬ ਦੇ ਧਿਆਨ ਚ ਮਾਮਲਾ ਲਿਆਉਣ ਦਾ ਵਾਅਦਾ ਕੀਤਾ।

ਸਕੂਲ ਚ ਪੜਦੇ ਜਾਣਕਾਰ ਪਰਿਵਾਰਾਂ ਦੇ ਬੱਚਿਆਂ ਨੇ ਇਹ ਮਾਮਲਾ ਟੋਰਾਂਟੋ ਦੇ ਰੰਗਲਾ ਪੰਜਾਬ ਰੇਡੀਓ ਅਤੇ ਸੂਹੀ ਸਵੇਰ ਮੀਡੀਆ ਅਦਾਰੇ ਦੇ ਧਿਆਨ ਚ ਲਿਆਂਦਾ ਸੀ, ਤੇ ਕਿਹਾ ਸੀ ਕਿ ਸਾਡੇ ਡੁਬਦੇ ਸਕੂਲ ਨੂੰ ਦੇਖਣ ਜ਼ਰੂਰ ਆਓ। ਉਹਨਾਂ ਦੇ ਮਾਪਿਆਂ ਨੇ ਕਿਹਾ ਕਿ ਉਕਤ ਅਦਾਰਿਆਂ ਤੱਕ ਇਹ ਮਾਮਲਾ ਤਾਂ ਪੁਚਾਉਣਾ ਹੈ ਕਿਉਂਕਿ ਉਮੀਦ ਹੈ ਕਿ ਪਰਵਾਸੀ ਪੰਜਾਬੀ,ਅਤੇ ਜਾਗਰੂਕ ਤੇ ਪੰਜਾਬ ਦੇ ਫਿਕਰਮੰਦ ਲੋਕ, ਜਿਹਨਾਂ ਚ ਇਸ ਪਿੰਡ ਦੇ ਵੀ ਲੋਕ ਨੇ, ਉਹਨਾਂ ਤੱਕ ਸਾਡੀ ਤਕਲੀਫ ਜਾਏ, ਬੱਚਿਆਂ ਤੇ ਸਕੂਲ ਸਟਾਫ ਨੂੰ ਚਾਰ - ਸਾਢੇ ਚਾਰ ਫੁੱਟ ਤੱਕ ਜਮਾਂ ਹੋ ਜਾਂਦੇ ਗੰਦੇ ਪਾਣੀ ਦੇ ਖਤਰੇ ਬਾਰੇ ਪਤਾ ਲੱਗ ਸਕੇ ਤੇ ਉਹ ਇਧਰ ਮੋਹਤਬਰਾਂ ਤੱਕ ਤੇ ਪਰਸ਼ਾਸਨ ਤੱਕ ਮਸਲੇ ਦੇ ਹੱਲ ਲਈ ਦਬਾਅ ਪਾਉਣਗੇ।ਗੱਲ ਸਾਡੇ ਵੱਸ ਦੀ ਨਹੀਂ ਰਹੀ, ਤਾਂ ਕਰਕੇ ਪਰਵਾਸੀਆਂ ਵੱਲ ਮਦਦ ਦੀ ਆਸ ਲਾਈ ਹੈ।

ਸਾਡੀ ਟੀਮ ਵੀ ਇਹਨਾਂ ਆਸਵੰਦਾਂ ਨੂੰ ਨਿਰਾਸ਼ ਨਹੀਂ ਕਰੇਗੀ, ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਦੇ ਕਾਰਕੁੰਨਾਂ ਨਾਲ ਮਿਲ ਕੇ ਸਾਰਾ ਮਾਮਲਾ, ਜੁਡੀਸ਼ਰੀ, ਡੀ ਸੀ , ਏਡੀਸੀ, ਐਸਡੀਐਮ ਕਪੂਰਥਲਾ, ਤੱਕ ਪੁਚਾਉਣ ਦੇ ਨਾਲ ਨਾਲ ਸਕੂਲ ਐਜੂਕੇਸ਼ਨ ਪੰਜਾਬ ਦੇ ਸੈਕਟਰੀ ਸ੍ਰੀ ਕ੍ਰਿਸ਼ਨ ਕੁਮਾਰ ਤੱਕ ਵੀ ਸਾਰੇ ਸਬੂਤਾਂ ਸਮੇਤ ਪੁਚਾਉਣ ਦਾ ਵਾਅਦਾ ਕਰਕੇ ਆਈ ਹੈ ਤੇ ਜਦ ਤੱਕ ਮਸਲੇ ਦਾ ਠੋਸ ਹੱਲ ਨਹੀਂ ਹੁੰਦਾ, ਤਦ ਤੱਕ ਪਰਸ਼ਾਸਨ ਦਾ ਖਹਿੜਾ ਨਹੀਂ ਛੱਡਿਆ ਜਾਵੇਗਾ..

ਕਿ ਜਾਂ ਤਾਂ ਪਾਣੀ ਦੀ ਨਿਕਾਸੀ ਦਾ ਪਰਬੰਧ ਹੋਵੇ ਜਾਂ ਸਕੂਲ ਕਿਤੇ ਹੋਰ ਸ਼ਿਫਟ ਹੋਵੇ, ਤੇ ਜੇ ਸਰਕਾਰਾਂ ਨੇ ਮਿਥਿਆ ਹੀ ਹੈ ਕਿ ਪੰਜਾਬ ਦੀ ਪਨੀਰੀ ਨੂੰ ਗਿਆਨ ਦੇ ਦੀਵਿਆਂ ਦੀ ਲੋੜ ਕੋਈ ਨਹੀਂ ਤਾਂ ਫੇਰ ਸਕੂਲ ਨੂੰ ਛੱਪੜ ਐਲਾਨ ਦਿੱਤਾ ਜਾਵੇ।

ਇਹ ਰਿਪੋਰਟ ਪੰਜਾਬ ਦੇ ਆਪੋਧਾਪੀ ਚ ਪਏ ਲੋਕਾਂ ਦੀ ਮਾਨਸਿਕਤਾ ਚ ਆਈ ਗਿਰਾਵਟ ਦਾ ਜਿਉਂਦਾ ਜਾਗਦਾ ਸਬੂਤ ਹੈ, ਫੇਰ ਕਿਵੇਂ ਭਾਲਦੇ ਹੋ ਇਥੋਂ ਇਨਕਲਾਬ..।

ਸੱਚ ਇਹ ਵੀ ਹੈ ਕਿ ਸਕੂਲ ਚ ਧੱਕੇ ਨਾਲ ਗੰਦਾ ਪਾਣੀ ਪਾਉਣ ਦਾ ਮਸਲਾ ਸਿਆਸੀ ਧਿਰਾਂ ਲਈ ਮਸਲਾ ਨਹੀਂ ਹੈ, ਜਵਾਕਾਂ ਦੀ ਹਾਲੇ ਵੋਟ ਨਹੀਂ ਬਣੀ..

ਫਰਜ਼ ਮੇਰਾ ਸੀ ਸ਼ੀਸ਼ਾ ਧਰਨਾ
ਸ਼ੀਸ਼ਾ ਧਰ ਕੇ ਮੁੜਿਆ ਵਾਂ...

## ਆਖਿਰ ਕੁਲਵੰਤ ਤੁਰ ਗਿਆ



ਆਖਿਰ ਕੁਲਵੰਤ ਤੁਰ ਗਿਆ। ਉਹ ਕੁਝ ਵਕਤ ਤੋਂ ਕੈਂਸਰ ਵਰਗੀ ਨਾਮੁਰਾਦ ਬੀਮਾਰੀ ਨਾਲ ਜੂਝਦਾ ਆ ਰਿਹਾ ਸੀ। ਹਲਾਤਾਂ ਨਾਲ ਜੂਝਣਾ ਉਸ ਦੀ ਮੁਢ ਤੋਂ ਫਿਤਰਤ ਸੀ। ਮੇਰੇ ਨਾਲ ਉਹ 67 ਤੋਂ ਬਲਬੀਰ ਸਕੂਲ ਫਰੀਦਕੋਟ ਮਿਡਲ ਕਲਾਸ ਵਿੱਚ ਆ ਦਾਖਲ ਹੋ ਗਿਆ ਸੀ। ਦੋਸਤੀ ਪੀਐਸਯੂ ਵਿੱਚ ਇਕੱਠਿਆਂ ਕੰਮ ਕਰਨ ਦੁਰਾਨ ਵਿਚਾਰਾਂ ਦੀ ਸਾਂਝ ਵਿੱਚ ਬਦਲ ਗਈ। ਬੇਹੱਦ ਤਹੱਮਲ ਸੀ ਉਸ ਵਿੱਚ। ਉਸਦੀ ਹਰ ਖੁਸ਼ੀ ਤੇ ਪੀੜ ਮੇਰੇ ਨਾਲ ਸਾਂਝੀ ਸੀ। ਮਨ ਰਾਤ ਦਾ ਯਾਦਾਂ ਦੀ ਰੋਹੀ ਵਿੱਚ ਭਟਕ ਰਿਹਾ ਹੈ। ਢੁਡੀ ਕੇ ਵਾਲੇ ਨਿਰਭੈ ਸਿੰਘ ਤੇ ਮੇਰੀ ਨਿੱਕੀ ਭੈਣ ਇਕਬਾਲ ਨਾਲ ਬਹੁਤ ਹੀ ਸਾਦਾ ਬਿਨਾ ਦਾਜ ਦਹੇਜ ਦੇ ਵਿਆਹ ਕਰ ਲਿਆ। ਦੋ ਪੁੱਤਰ... ਇਕ ਕਨੇਡਾ ਵਿੱਚ ਸੈਟਲ ਦੂਸਰਾ ਚੰਡੀਗੜ੍ਹ ਵਿਖੇ ਆਪਣੇ ਕਾਰੋਬਾਰ ਵਿੱਚ ਹੈ। ਸਾਡੇ ਸਾਂਝੇ ਦੋਸਤ ਮਨਜੀਤ ਸਿੰਘ ਚੰਡੀਗੜ੍ਹ ਨੇ ਪੀਐਸਯੂ ਦੀ ਅਗਵਾਈ ਵਿੱਚ ਲੜੇ ਵੱਖ ਵੱਖ ਘੋਲਾਂ ਵਿਚ ਸਾਡੀ ਸ਼ਮੂਲੀਅਤ ਦਾ ਭਾਵੁਕ ਜਿਕਰ ਕੀਤਾ। ਮਨਜੀਤ ਤੇ ਕੁਲਵੰਤ ਆਈਟੀਆਈ ਫਰੀਦਕੋਟ ਇਕੱਠੇ ਪੜ੍ਹੇ ਸਨ। ਜ਼ਿੰਦਗੀ ਦੀਆਂ ਤਲਖੀਆਂ ਨੂੰ ਵਕਤੀ ਤੌਰ 'ਤੇ ਭੁਲਾਉਣ ਲਈ ਅਕਸਰ ਦੋਵੇਂ ਮੇਰੇ ਕੋਲ ਜੈਤੋ ਆ ਜਾਂਦੇ, ਬਾਲੇ ਪੰਡਿਤ ਕੇ ਖੇਤ ਖੂਬ ਮਹਿਫਲਾਂ ਲਗਦੀਆਂ। ਕੁਲਵੰਤ ਤੇ ਮਨਜੀਤ ਦਾ ਜੈਤੋ ਨਾਲ ਮੋਹ ਵਿੱਚ ਬੇਹੱਦ ਗੜੁੱਚ ਰਿਸ਼ਤਾ ਸੀ ਫਰਜ਼ਾਂ ਤੋਂ ਜਦ ਵੀ ਵਿਹਲ ਮਿਲਦੀ ਉਹ ਮੇਰੇ ਕੋਲ ਜੈਤੋ ਆ ਜਾਂਦੇ। ਬੇਸ਼ੱਕ ਜਰਮਨੀ ਹੁੰਦਾ ਉਹ ਅਮਰੀਕਾ ਵਿੱਚ ਸੈਟ ਹੋ ਗਿਆ ਸੀ। ਪਰ ਅਠਾਰਾਂ ਸਾਲ ਬਾਅਦ ਵਾਪਸ ਵਤਨ ਪਰਤ ਆਇਆ। ਗੱਲਾਂ ਤੇ ਜਜ਼ਬਾਤਾਂ ਦੀਆਂ ਛੱਲਾਂ ਤਾਂ ਬਹੁਤ ਹਨ ਮਨ ਵਿਆਕੁਲ ਹੈ। ਮਨਜੀਤ ਨੇ ਦੱਸਿਆ ਹੈ ਕਿ, ਉਸ ਦੇ ਬੇਟੇ ਲੋਕਦੀਪ ਦੇ ਕੈਨੇਡਾ ਤੋਂ ਚੰਡੀਗੜ੍ਹ ਪਹੁੰਚਣ ਤੇ 10 ਅਗਸਤ ਨੂੰ ਇਸ ਘੁਲਾਟੀਏ ਨੂੰ ਸਪੁਰਦ ਏ ਅਗਨ ਕੀਤਾ ਜਾਵੇਗਾ। ਬੇਸ਼ੱਕ ਕੁਲਵੰਤ ਦੀ ਕਮੀ ਪੂਰੀ ਨਹੀਂ ਹੋ ਸਕਦੀ। ਪਰ ਹਜਾਰਾਂ ਯੋਧੇ ਇਸ ਇਨਕਲਾਬੀ ਪਰਿਵਾਰ ਦੀ ਅੰਗ ਸੰਗ ਰਹਿਣਗੇ। (ਅਲਵਿਦਾ ਕੁਲਵੰਤ)

## ਅਦਾਰਾ 'ਸਰੋਕਾਰਾਂ ਦੀ ਆਵਾਜ਼' ਭੈਣਜੀ ਬਲਵੀਰ ਕੌਰ ਦੇ ਵਿਛੋੜੇ 'ਤੇ ਦੁੱਖ ਦਾ ਇਜ਼ਹਾਰ



ਅਦਾਰਾ 'ਸਰੋਕਾਰਾਂ ਦੀ ਆਵਾਜ਼' ਦੀ ਸਾਰੀ ਟੀਮ ਸਾਡੇ ਸਤਿਕਾਰਯੋਗ ਭੈਣਜੀ ਬਲਵੀਰ ਕੌਰ ਪਤਨੀ ਪਰਮਜੀਤ ਸਿੰਘ ਬੜਿੰਗ ਜੋ ਕਲ ਸਦਾ ਲਈ ਸਾਨੂੰ ਸਰੀਰਕ ਤੌਰ ਵਿਛੋੜਾ ਦੇ ਗਏ ਹਨ, ਅਸੀਂ ਸਾਰੇ ਪਰਿਵਾਰ ਨਾਲ ਇਸ ਦੁੱਖ ਦਾ ਇਜ਼ਹਾਰ ਕਰਦੇ ਹਾਂ ।

ਪਰਮਜੀਤ ਸਿੰਘ ਬੜਿੰਗ ਜੀ ਜੋ ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ ਦੇ ਪ੍ਰਧਾਨ ਹਨ ਦੀ ਧਰਮ ਪਤਨੀ ਬਲਵੀਰ ਕੌਰ ਬੜਿੰਗ ਜੋ ਕਾਫ਼ੀ ਸਮੇਂ ਤੋਂ ਬਿਮਾਰ ਸਨ ਸਾਥੋਂ ਸਦਾ ਲਈ ਸਰੀਰਕ ਤੌਰ 'ਤੇ ਵਿਛੜ ਗਏ ਹਨ। ਪਰਮਜੀਤ ਬੜਿੰਗ ਸਾਹਿਬ ਬੜੇ ਲੰਮੇ ਸਮੇਂ ਤੋਂ ਅਗਾਂਹਵਧੂ ਵਿਚਾਰਾਂ ਨਾਲ ਜੁੜੇ ਹੋਏ ਹਨ ਘਰ ਹਮੇਸ਼ਾ ਹੀ ਆਉਣ ਜਾਣ ਵਾਲਿਆਂ ਦੀ ਰੌਣਕ ਲੱਗੀ ਰਹਿੰਦੀ ਸੀ। ਭੈਣ ਬਲਵੀਰ ਹਮੇਸ਼ਾ ਹੀ ਸਾਰਿਆਂ ਦੀ ਆਪਣੇ ਪ੍ਰੀਵਾਰਕ ਮੈਂਬਰਾਂ ਵਾਂਗ ਹੀ ਰੋਟੀ ਪਾਣੀ ਦੀ ਸੇਵਾ ਕਰਦੀ ਸੀ। ਜੱਥੇਬੰਦੀਆਂ ਵੱਲੋਂ ਉਲੀਕੇ ਪਰੋਗਰਾਮਾਂ 'ਚ ਵੱਧ ਚੜ ਕੇ ਹਿੱਸਾ ਲੈਂਦੀ ਸੀ। ਅਸੀਂ ਸਾਰੇ ਪ੍ਰੀਵਾਰ ਦੇ ਇਸ ਗਹਿਰੇ ਦੁੱਖ 'ਚ ਸ਼ਰੀਕ ਹੁੰਦੇ ਹਾਂ। ਤੁਸੀਂ ਪ੍ਰੀਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਰਮਜੀਤ ਬੜਿੰਗ ਜੀ ਨਾਲ 647-963-0331 ਤੇ ਜਾਂ ਉਹਨਾਂ ਦੇ ਬੇਟੇ ਬਲਜੀਤ ਸਿੰਘ ਅਤੇ ਕੁਲਵਿੰਦਰ ਸਿੰਘ ਨਾਲ 647-993-3131 ਤੇ ਫ਼ੋਨ ਕਰ ਸਕਦੇ ਹੋ।

# ਸਰਕਾਰੀ ਸਕੂਲੀ ਸਿੱਖਿਆ-ਦਸ਼ਾ, ਦਿਸ਼ਾ, ਹੱਲ ਤੇ ਨਿੱਜੀਕਰਨ ਦਾ ਖਤਰਾ


ਜਸਦੇਵ ਸਿੰਘ ਲਲਤੋਂ
0161-2805677




ਪੰਜਾਬ ਸਰਕਾਰ, ਇਸਦਾ ਸਿੱਖਿਆ ਵਿਭਾਗ ਤੇ ਇਸਦੀ ਉੱਚ ਪੱਧਰੀ ਅਫਸਰਸ਼ਾਹੀ ਲਗਾਤਾਰ ਦਾਅਵਾ ਕਰ ਰਹੀ ਹੈ ਕਿ ਸਰਕਾਰੀ ਸਕੂਲਾਂ ਦੀ ਸਿੱਖਿਆ ਦਾ ਪੱਧਰ ਉੱਚਾ ਉਠ ਰਿਹਾ ਹੈ, ਇਸ ਵਿਚ ਸੁਧਾਰ ਹੋ ਰਿਹਾ ਹੈ। ਵਰਨਣਯੋਗ ਹੈ ਕਿ ਪਹਿਲੀ ਤੋਂ ਅੱਠਵੀਂ ਤੱਕ ਥੋਕ ਰੂਪ 'ਚ ਸਭ ਨੂੰ ਪਾਸ ਕਰਨ ਦੀ ਪੁੱਠਪੈਰੀ ਨੀਤੀ 2011 ਤੋਂ 2018 ਅਤੇ (2019 'ਚ ਬਦਲਵੇਂ ਢੰਗ ਨਾਲ) ਲਗਾਤਾਰ ਅੱਜ ਵੀ ਜਾਰੀ ਹੈ। ਆਓ ਇਸ ਲਿਖਤ ਰਾਹੀਂ ਇਨ੍ਹਾਂ ਦਾਅਵਿਆਂ ਦੀ ਅਸਲ ਹਕੀਕਤ, ਮੌਜੂਦਾ ਹਾਲਤ, ਇਸ ਪਿਛੇ ਖੜੇ ਕਾਰਨਾਂ ਤੇ ਢੁਕਵੇਂ ਹੱਲ ਤੇ ਚੁਣੌਤੀਆਂ ਬਾਰੇ ਭਰਵਾਂ ਤੇ ਡੂੰਘਾ ਵਿਚਾਰ ਕਰੀਏ:

**'ਸਮਾਰਟ' ਤੇ 'ਸੈਲਫ ਸਮਾਰਟ' ਸਕੂਲ ਬਣਾਉਣ ਬਾਰੇ**

ਜੂਨ 2018 ਦੇ ਸਿੱਖਿਆ ਵਿਭਾਗ ਦੇ ਹੁਕਮ ਅਨੁਸਾਰ 1000 ਪ੍ਰਾਇਮਰੀ ਤੇ 1800 ਸੈਕੰਡਰੀ ਸਕੂਲ, ਕੁੱਲ 2800 ਸਕੂਲ ਸਮਾਰਟ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਤਾਜਾ ਫੈਸਲੇ ਅਨੁਸਾਰ ਹਰ ਬਲਾਕ 'ਚ ਇਕ ਸੀਨੀਅਰ ਸੈਕੰਡਰੀ ਸਕੂਲ ਨੂੰ ਸਮਾਰਟ ਤੇ ਕਈ ਹੋਰਾਂ ਨੂੰ ਸਿਟੀ ਸਮਾਰਟ ਬਣਾਇਆ ਜਾ ਰਿਹਾ ਹੈ। ਇਨ੍ਹਾਂ ਨੂੰ ਦਿੱਤੀਆਂ ਜਾ ਰਹੀਆਂ ਵੱਡੀਆਂ/ਛੋਟੀਆਂ ਗਰਾਂਟਾਂ ਨਾਲ ਫੁੱਲ, ਬੂਟਿਆਂ ਵਾਲੇ ਪਾਰਕ, ਸਕੂਲਾਂ ਨੂੰ ਰੰਗ ਰੋਗਨ, ਕਮਰਿਆਂ ਦੇ ਅੰਦਰ/ਬਾਹਰ ਕੰਧਾਂ 'ਤੇ ਸਿਖਿਆਦਾਇਕ ਤਸਵੀਰਾਂ ਵਾਲੇ ਮਾਟੋ, ਵੱਖਰੀ ਕਿਸਮ ਦੀਆਂ ਵਰਦੀਆਂ, ਕੁਝ ਕਮਰਿਆਂ 'ਚ ਹਰੇ/ਚਿੱਟੇ ਬੋਰਡ ਤੇ ਪਰੋਜੈਕਟਰ ਲਾਉਣ ਦਾ ਕਾਰਜ ਕੀਤਾ ਜਾਵੇਗਾ। ਬਾਕੀ ਸਕੂਲਾਂ 'ਚੋਂ ਕਾਫ਼ੀਆਂ ਨੂੰ ਸੈਲਫ-ਸਮਾਰਟ ਬਣਨ ਲਈ ਜ਼ੋਰ ਪਾਇਆ ਜਾ ਰਿਹਾ ਹੈ। ਸ਼ਹਿਰੀ ਸਕੂਲਾਂ ਦੇ ਘੱਟੋ ਘੱਟ 60% ਤੇ ਪੇਂਡੂ ਸਕੂਲਾਂ ਦੇ 40% ਬੱਚਿਆਂ ਨੂੰ ਛੇਵੀਂ ਜਮਾਤ ਤੋਂ ਹੀ ਗਣਿਤ ਤੇ ਵਿਗਿਆਨ ਵਿਸ਼ੇ ਅੰਗਰੇਜ਼ੀ ਮੀਡੀਅਮ 'ਚ ਪੜ੍ਹਾਉਣ ਦੇ ਆਦੇਸ਼ ਜਬਰੀ (ਬਗੈਰ ਪੰਜਾਬ ਦੇ ਸਿੱਖਿਆ-ਮਾਹਿਰਾਂ, ਮਾਪਿਆਂ ਤੇ ਵਿਦਿਆਰਥੀਆਂ ਦੀ ਰਾਏ ਲੈਣ ਤੋਂ) ਜ਼ਾਰੀ ਕੀਤੇ ਗਏ ਹਨ। ਸੋ ਕੁਲ ਮਿਲਾ ਕੇ ਇਸ ਮੀਡੀਅਮ ਦੇ ਸਿੱਟੇ ਬਹੁਤ ਮਾਰੂ ਹੋਣਗੇ। ਬਾਹਰੀ/ਅੰਦਰੂਨੀ ਦਿਖ, ਕੰਧਾਂ ਦਾ ਸਜਾਵਟੀਕਰਨ ਸਹਾਇਕ ਸਮੱਗਰੀ, ਵੱਖਰੀਆਂ ਵਰਦੀਆਂ ਤੇ ਅੰਗਰੇਜ਼ੀ ਮੀਡੀਅਮ ਰਾਹੀਂ ਰੂਪਕ ਪਹਿਲੂ ਨੂੰ ਨਿੱਜੀ ਮਾਡਲ ਸਕੂਲਾਂ ਵਰਗਾ ਲੱਗਣ 'ਤੇ ਮੁੱਖ ਜ਼ੋਰ ਕੇਂਦਰਤ ਕੀਤਾ ਗਿਆ ਹੈ।

**ਸਿੱਖਿਆ ਦੇ ਕੇਂਦਰੀ ਧੁਰੇ-ਅਧਿਆਪਕਾਂ ਬਾਰੇ**

ਜਗਿਆਸੂ ਵਿਦਿਆਰਥੀਆਂ ਤੇ ਕਾਬਲ ਅਧਿਆਪਕ ਵਿਚਕਾਰ ਜਮਾਤ ਦੇ ਸ਼ਾਂਤ, ਇਕਾਂਤ, ਇਕਾਗਰ ਤੇ ਉਤਸ਼ਾਹੀ ਮਾਹੌਲ ਅੰਦਰ ਗਿਆਨ ਦੇ ਆਦਾਨ-ਪ੍ਰਦਾਨ ਵਾਲੀ ਸਿੱਖਿਆ ਪ੍ਰਕਿਰਿਆ ਦਾ ਕੋਈ ਵੀ ਬਦਲ ਨਾਂ ਹੈ ਤੇ ਨਾਂ ਹੀ ਹੋ ਸਕੇਗਾ। ਅਧਿਆਪਕ ਦੇ ਪ੍ਰਭਾਵਸ਼ਾਲੀ ਬੋਲਣ, ਲਿਖਣ, ਢੁਕਵੇਂ ਐਕਸ਼ਨਾਂ ਤੇ ਸੁਆਲ-ਜੁਆਬ ਦਾ ਸਥਾਨ ਕੋਈ ਵੀ ਸਹਾਇਕ ਸਮੱਗਰੀ ਨਹੀਂ ਲੈ ਸਕਦੀ। ਬਿਨ੍ਹਾਂ ਸ਼ੱਕ ਸਹਾਇਕ ਸਮੱਗਰੀ-ਮਾਡਲ, ਚਾਰਟ, ਪ੍ਰੋਜੈਕਟਰ ਤੇ ਹੋਰ ਸਾਜੋ-ਸਮਾਨ ਸਿੱਖਿਆ ਦੀ ਪ੍ਰਕਿਰਿਆ ਲਈ ਸਹਾਇਕ ਭੂਮਿਕਾ ਜ਼ਰੂਰ ਨਿਭਾਉਂਦੀ ਹੈ। ਲੇਕਿਨ ਅਧਿਆਪਕ ਦਾ ਕੇਂਦਰੀ ਸਥਾਨ ਨਹੀਂ ਲੈ ਸਕਦੀ। ਸੋ ਆਓ ਅਧਿਆਪਕ ਦੇ ਪਹਿਲੂ ਨੂੰ ਵਿਚਾਰੀਏ:-

**1. ਵਿਦਿਆਰਥੀ-ਅਧਿਆਪਕ ਅਨੁਪਾਤ ਦਾ ਕੀ ਹਾਲ ਹੈ?**

ਪੰਜਾਬ 'ਚ ਦਹਾਕਿਆਂ ਬੱਧੀ ਚੱਲਦੀ ਰਹੀ ਵਿਦਿਆਰਥੀ-ਅਧਿਆਪਕ ਅਨੁਪਾਤ ਛੇਵੀਂ ਤੋਂ ਦੱਸਵੀਂ ਤੱਕ 1:30 ਰਹਿੰਦੀ ਰਹੀ ਹੈ। ਜਿਸ ਨੂੰ 2009-10 ਤੋਂ ਸੋਧ ਕੇ 1:40 (ਸਮੇਤ 10% ਵਾਧੇ ਤੱਕ), 10+1 ਤੇ 10+12 ਲਈ 1:40 ਤੋਂ ਸੋਧ ਕੇ 1:60 (ਸਮੇਤ 10% ਵਾਧੇ ਤੱਕ) ਕਰ ਦਿੱਤਾ ਗਿਆ ਸੀ। ਅਮਲੀ ਰੂਪ 'ਚ ਅਨੇਕਾਂ ਸਕੂਲਾਂ 'ਚ ਇਸ ਤੋਂ ਵੀ ਕਿਤੇ ਵਧੇਰੇ ਹੈ। ਪਿਛਲੇ 20 ਸਾਲਾਂ 'ਚ ਵਿਦਿਆਰਥੀ ਦੀ ਗਿਣਤੀ 'ਚ ਵੱਡਾ ਵਾਧਾ ਹੋਣ ਦੇ ਬਾਵਜੂਦ, ਅਧਿਆਪਕਾਂ ਦੀ ਗਿਣਤੀ ਕਰੀਬ ਅੱਧੀ ਰਹਿ ਗਈ ਹੈ। ਤਕਰੀਬਨ 1.50 ਲੱਖ ਦੀ ਬਜਾਏ ਕਰੀਬ 85 ਹਜ਼ਾਰ। ਜਦ ਕਿ ਭਾਰਤ ਦੀ ਸਿੱਖਿਆ ਦੇ ਉਤਮ ਕਮਿਸ਼ਨ-ਕੋਠਾਰੀ ਕਮਿਸ਼ਨ (1966) ਮੁਤਾਬਕ ਇਹ 1:20 ਹੋਣੀ ਚਾਹੀਦੀ ਹੈ। ਜਿਸ ਤੋਂ ਬਗੈਰ ਵਿਦਿਆਰਥੀ ਨੂੰ ਅਧਿਆਪਕ ਦਾ ਵਿਅਕਤੀਗਤ ਧਿਆਨ, ਠੋਸ ਅਗਵਾਈ, ਕੰਮ ਦੀ ਚੈਕਿੰਗ ਤੇ ਸੋਧਾਂ ਸੰਭਵ ਨਹੀਂ। ਇਸ ਫਾਰਮੂਲੇ ਨਾਲ ਅੱਜ 1.25 ਲੱਖ ਤੋਂ ਉਪਰ ਹੋਰ ਅਧਿਆਪਕਾਂ ਦੀ ਲਾਜ਼ਮੀ ਲੋੜ ਹੈ। ਦੂਜੇ ਪਾਸੇ ਮੌਜੂਦਾ ਖਾਲੀ ਆਸਾਮੀਆਂ ਭਰਨ ਲਈ 30,000 ਤੋਂ ਉਪਰ ਅਧਿਆਪਕਾਂ ਦੀ ਅੱਜ ਖੜੇ ਪੈਰ ਲੋੜ ਹੈ। 1978 'ਚ ਪ੍ਰਾਇਮਰੀ ਡਾਇਰੈਕਟੋਰੇਟ ਅੱਡ ਬਣਨ ਤੋਂ ਬਾਅਦ ਅੱਜ ਤੱਕ ਕਦੇ ਵੀ ਪ੍ਰਾਇਮਰੀ ਦੀਆਂ 5 ਜਮਾਤਾਂ ਨੂੰ ਘੱਟੋ ਘੱਟ ਪੂਰੇ 5 ਅਧਿਆਪਕ ਵੀ ਨਹੀਂ ਮਿਲੇ।

**ਹੱਲ**:- ਵਿੱਦਿਆ ਦੀ ਹੋਰ ਬਰਬਾਦੀ ਨੂੰ ਰੋਕਣ ਲਈ ਸਮੇਂ ਦੀ ਤਿਖੀ ਲੋੜ ਹੈ ਕਿ ਮੌਜੂਦਾ ਖਾਲੀ ਆਸਾਮੀਆਂ ਭਰਨ ਲਈ 30,000 ਪੱਕੇ ਅਧਿਆਪਕ ਫੌਰੀ ਭਰਤੀ ਕੀਤੇ ਜਾਣ। ਪਹਿਲਾਂ ਮੌਜੂਦ 28,000 ਠੇਕੇ ਵਾਲੇ ਅਧਿਆਪਕ ਪੂਰੇ ਤਨਖਾਹ ਸਕੇਲ 'ਚ ਰੈਗੂਲਰ ਕੀਤੇ ਜਾਣ ਤਾਂ ਜੋ ਉਨ੍ਹਾਂ ਦੀ ਨਿਰਾਸ਼ਤਾ ਦੂਰ ਹੋ ਸਕੇ ਤੇ ਉਹ ਉਤਸ਼ਾਹੀ ਰੌਂਅ ਨਾਲ ਕੰਮ 'ਚ ਜੁਟ ਸਕਣ।

**2. ਵਰਤਮਾਨ ਅਧਿਆਪਕਾਂ ਸਿਰ ਡਾਕਾਂ ਦੇ ਅੰਬਾਰ ਕਿਉਂ?**

ਹਰ ਸਕੂਲ 'ਚੋਂ ਆਏ ਦਿਨ ਉਪਰਲੇ ਵੱਖ-ਵੱਖ ਦਫ਼ਤਰਾਂ ਵੱਲੋਂ ਮੰਗੀਆਂ ਜਾਂਦੀਆਂ ਤਰ੍ਹਾਂ-ਤਰ੍ਹਾਂ ਦੀਆਂ ਵਿਭਾਗੀ ਡਾਕਾਂ ਭੇਜਣ ਦਾ ਜ਼ੋਰਦਾਰ ਸਿਲਸਿਲਾ ਬੇਰੋਕ ਜਾਰੀ ਰਹਿੰਦਾ ਹੈ। ਸਿਟੇ ਵਜੋਂ ਸਕੂਲ ਮੁਖੀ ਤੇ ਹੋਰ ਅਧਿਆਪਕ ਡਾਕਾਂ ਦੇ ਕਾਗਜ਼ ਤਿਆਰ ਕਰਨ, ਵੱਟਸਐਪ ਫੋਟੋ ਭੇਜਣ, ਈ ਮੇਲ ਕਰਨ ਦੇ ਕੰਮ, ਜਮਾਤਾਂ ਦੇ ਕਮਰਿਆਂ 'ਚ ਚੱਲਣ ਵਾਲੀ ਵਿੱਦਿਆ ਨੂੰ ਵੱਡਾ ਰਗੜਾ ਲਾਉਂਦੇ ਹਨ। "ਜਮਾਤਾਂ ਤਰਸਣ ਉਸਤਾਦਾਂ ਨੂੰ, ਜਿਉਂ ਪੁੱਤਰਾਂ ਨੂੰ ਮਾਵਾਂ।"

**ਹੱਲ**:- ਅਧਿਆਪਕ ਸਿਰੋਂ ਡਾਕਾਂ ਦੇ ਬੋਝ ਦਾ ਮੁਕੰਮਲ ਖਾਤਮਾ ਕਰਕੇ, ਹਰ ਪ੍ਰਾਇਮਰੀ ਸਕੂਲ ਨੂੰ।, ਹਰ ਮਿਡਲ ਨੂੰ 1, ਹਰ ਹਾਈ ਨੂੰ 2, ਹਰ ਪ੍ਰਾਇਮਰੀ ਸੈਂਟਰ ਨੂੰ 2 ਤੇ ਹਰ ਸੀਨੀਅਰ ਸੈਕੰਡਰੀ ਨੂੰ 4 ਕੰਪਿਊਟਰ ਕਮ ਕਲਰਕ ਦਿੱਤੇ ਜਾਣ ਤਾਂ ਜੋ ਡਾਕਾਂ ਦਾ ਕੁਲ ਕੰਮ ਇਹ ਨਵਾਂ ਸਟਾਫ ਨਜਿੱਠੇ ਅਤੇ ਜਮਾਤਾਂ 'ਚ ਪੜ੍ਹਾਈ ਨਾਂ ਦੀ ਚੀਜ਼ ਬਹਾਲ ਹੋ ਸਕੇ।

**3. ਮਿਡ-ਡੇ-ਮੀਲ ਦਾ ਬੋਝ ਅਧਿਆਪਕ ਸਿਰ ਕਿਉਂ?**

ਹਰ ਸਕੂਲ 'ਚ ਸੈਂਕੜੇ ਵਿਦਿਆਰਥੀ ਨੂੰ ਮਿਡ ਡੇ ਮੀਲ ਮੁਹੱਈਆ ਕਰਨ ਦੇ ਕੰਮਾਂ ਲਈ ਰੋਜ਼ਾਨਾ 1 ਤੋਂ 4 ਅਧਿਆਪਕਾਂ (ਸਕੂਲ ਦੀ ਗਿਣਤੀ ਅਨੁਸਾਰ) ਜੁਟੇ ਰਹਿੰਦੇ ਹਨ। ਰਾਸ਼ਨ ਦਾ ਗਰਾਮਾਂ ਤੱਕ ਤੇ ਰਾਸ਼ੀ ਦਾ ਪੈਸਿਆਂ ਤੱਕ ਰੋਜ਼ ਹਿਸਾਬ-ਕਿਤਾਬ ਕਰਨ ਤੇ ਡਾਕਾਂ ਭੇਜਣ ਲਈ ਉਨ੍ਹਾਂ ਦਾ ਬਹੁਤ ਸਮਾਂ ਜਾਇਆ ਜਾਂਦਾ ਹੈ।

**ਹੱਲ**:- ਇਹ ਕੰਮ ਅਧਿਆਪਕਾਂ ਪਾਸੋਂ ਲੈ ਕੇ, ਲੋੜੀਂਦੀ ਯੋਗਤਾ ਵਾਲੇ ਵੱਖਰੇ ਮਿਡ ਡੇ ਮੀਲ ਮਾਸਟਰ ਭਰਤੀ ਕਰਕੇ (ਲੋੜ ਅਨੁਸਾਰ 1 ਜਾਂ 2) ਉਨ੍ਹਾਂ ਨੂੰ ਸੌਂਪਿਆ ਜਾਵੇ।

**4. ਬੀ.ਐਲ.ਓ., ਨੀਲੇ/ਪੀਲੇ ਕਾਰਡ, ਐਕਸਾਈਜ਼ ਆਰਥਿਕ ਸਰਵੇ, ਮਰਦਮਸ਼ੁਮਾਰੀ ਵਗੈਰਾ ਗੈਰ ਵਿਦਿਅਕ ਡਿਊਟੀਆਂ ਲਈ ਅਧਿਆਪਕ ਕਿਉਂ?**

ਵੋਟਾਂ ਬਣਾਉਣ, ਕੱਟਣ, ਸੋਧਣ ਲਈ ਸਾਰਾ ਸਾਲ ਚੱਲਣ ਵਾਲੀਆਂ ਬੀ.ਐਲ.ਓ ਡਿਊਟੀਆਂ, ਤਰ੍ਹਾਂ ਤਰ੍ਹਾਂ ਦੇ ਆਰਥਿਕ ਸਰਵੇ, ਨੀਲੇ/ਪੀਲੇ ਕਾਰਡਾਂ ਦੀ ਚੈਕਿੰਗ ਐਕਸਾਈਜ਼, ਮਰਦਮਸ਼ੁਮਾਰੀ ਵਗੈਰਾ ਦੀਆਂ ਗੈਰ ਵਿਦਿਅਕ ਡਿਊਟੀਆਂ, 26 ਜਨਵਰੀ, 15 ਅਗਸਤ ਤੇ ਮੰਤਰੀਆਂ ਦੇ ਹੋਰ ਸਮਾਗਮਾਂ ਲਈ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਇਕੱਠਾਂ ਨੂੰ ਪੂਰੀ ਤਰ੍ਹਾਂ ਬੰਦ ਕਰਕੇ, ਵਿਦਿਆ ਦੀ ਘੋਰ ਬਰਬਾਦੀ ਨੂੰ ਠੱਲ੍ਹ ਪਾਈ ਜਾਵੇ।

**ਹੱਲ**:- ਇਨ੍ਹਾਂ ਗੈਰ ਵਿਦਿਅਕ ਕਾਰਜਾਂ ਲਈ ਹਰ ਪਿੰਡ/ਮੁਹੱਲੇ 'ਚ ਮਿਲਦੇ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਲੋੜੀਂਦੀ ਸਿਖਲਾਈ ਤੇ ਵਾਜਬ ਮਿਹਨਤਾਨਾ ਦੇ ਕੇ ਤਾਇਨਾਤ ਕੀਤਾ ਜਾਵੇ।

**5. ਬੇਲੋੜੇ ਤੇ ਫਜ਼ੂਲ ਸੈਮੀਨਾਰ ਤੇ ਮੀਟਿੰਗਾਂ ਕਿਉਂ?**

ਸਰਕਾਰੀ ਸਕੂਲਾਂ ਦੇ ਅਧਿਆਪਕ ਵੱਡੀ ਪੱਧਰ 'ਤੇ ਡਿਗਰੀ/ਮਾਸਟਰ ਡਿਗਰੀ ਹੋਲਡਰ ਹੋਣ ਕਰਕੇ, ਵਿਭਾਗੀ ਟੈਸਟਾਂ ਤੇ ਇੰਟਰਵਿਊਆਂ 'ਚੋਂ ਪਾਸ ਹੋਣ ਕਰਕੇ, ਬਹੁਤ ਲਾਇਕ ਤੇ ਤਜਰਬੇਕਾਰ ਹਨ। ਸੋ ਇਨ੍ਹਾਂ ਦਾ ਕੀਮਤੀ ਸਮਾਂ ਸਾਲ 'ਚ ਵਾਰ-ਵਾਰ ਲੱਗਦੇ ਬੇਲੋੜੇ ਤੇ ਫਜ਼ੂਲ ਸੈਮੀਨਾਰਾਂ/ਮੀਟਿੰਗ ਰਾਹੀਂ ਨਸ਼ਟ ਨਾ ਕੀਤਾ ਜਾਵੇ। ਹਫਤਾ-ਹਫਤਾ ਚੱਲਣ ਵਾਲੇ ਵਿਸ਼ਾ ਵਾਰ ਮੇਲੇ ਲਾਹੇਵੰਦ ਘੱਟ ਤੇ ਬਾਕੀ ਵਿਸ਼ਿਆਂ ਦੀ ਪੜ੍ਹਾਈ ਨੂੰ ਠੱਪ ਕਰਵਾਉਣ ਦਾ ਵੱਧ ਕਾਰਨ ਬਣਦੇ ਹਨ। ਸੋ ਬੰਦ ਕੀਤੇ ਜਾਣ।

**ਹੱਲ**:- ਹਰ ਅਧਿਆਪਕ ਲਈ ਵਿਸ਼ਾਵਾਰ ਸੈਮੀਨਾਰ ਹਰ 3 ਸਾਲ ਬਾਅਦ ਕੇਵਲ ਹਫਤੇ ਦਾ ਕਾਫੀ ਹੈ। ਜੇਕਰ ਮਹਿਕਮੇ ਨੇ ਕੋਈ ਨਵੀਂ ਖੋਜ ਕੀਤੀ ਹੋਵੇ, ਤਾਂ ਉਸ ਨੂੰ ਕਿਤਾਬਚੇ ਦੇ ਰੂਪ 'ਚ ਛਾਪਕੇ। ਵੈਬਸਾਈਟ 'ਤੇ ਪਾ ਕੇ ਹਰ ਸਕੂਲ 'ਚ ਪਹੁੰਚਦੀ ਕੀਤੀ ਜਾਵੇ। ਅਧਿ. ਇਸ ਤੋਂ ਲੋੜੀਂਦਾ ਲਾਭ ਉਠਾ ਲੈਣਗੇ।

**6. ਅਧਿਆਪਕ ਨੂੰ 'ਸੈਲਫ-ਸਮਾਰਟ' ਸਕੂਲਾਂ ਲਈ ਉਗਰਾਹੀ ਦਾ ਕੰਮ ਕਿਉਂ?**

ਅਨੇਕਾਂ ਗੈਰ-ਵਿਦਿਅਕ ਕਾਰਜਾਂ ਦੀ ਤਰ੍ਹਾਂ ਹੁਣ ਸਿੱਖਿਆ ਵਿਭਾਗ ਨੇ ਅਧਿਆਪਕਾਂ ਨੂੰ ਬਾਕੀ ਸਕੂਲਾਂ ਨੂੰ ਸੈਲਫ-ਸਮਾਰਟ ਬਣਾਉਣ ਲਈ ਸੰਬੰਧਤ ਪਿੰਡਾਂ/ਸ਼ਹਿਰਾਂ 'ਚੋਂ ਦਾਨੀ ਸੱਜਣਾਂ/ਆਮ ਲੋਕਾਂ ਪਾਸੋਂ ਉਗਰਾਹੀ ਦਾ ਕੰਮ ਸੌਂਪ ਕੇ ਰਹਿੰਦੀ ਕਸਰ ਪੂਰੀ ਕਰ ਦਿੱਤੀ ਹੈ। ਜਿਸ ਕਰਕੇ ਵਿਦਿਆ ਦੇ ਕਾਰਜ ਨੂੰ ਹੋਰ ਧੱਕਾ ਵੱਜੇਗਾ।

**ਹੱਲ**:- ਇਸ ਕੰਮ ਲਈ ਸਰਕਾਰ ਪੰਚਾਇਤਾਂ/ਕਮੇਟੀਆਂ ਨੂੰ ਜ਼ੁੰਮੇਵਾਰੀ ਦੇਵੇ, ਜੋ ਕਿ ਸਥਾਨਕ ਲੋਕਾਂ ਦੀ ਬੇਹਤਰ ਜਾਣਕਾਰੀ ਤੇ ਉਨ੍ਹਾਂ 'ਚ ਬੇਹਤਰ ਪ੍ਰਭਾਵ ਰੱਖਦੀਆਂ ਹਨ। ਅਧਿਆਪਕ ਨੂੰ ਫੰਡ-ਉਗਰਾਹਕ ਬਣਾਉਣ ਦੀ ਬਜਾਏ ਅਧਿਆਪਕ ਹੀ ਰਹਿਣ ਦਿੱਤਾ ਜਾਵੇ।

**7. ਅਧਿਆਪਕਾਂ 'ਚੋਂ ਚੈਕਿੰਗ ਲਈ ਤਾਇਨਾਤ ਸਟਾਫ ਬਾਰੇ**

'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ' ਪ੍ਰੋਜੈਕਟ ਤਹਿਤ ਤੇ ਵਿਸ਼ਾ ਮਾਹਿਰਾਂ ਦੇ ਪ੍ਰਾਇਮਰੀ ਤੇ ਸੈਕੰਡਰੀ ਸਭਲਾਂ 'ਚ ਚੈਕਿੰਗ ਲਈ 5000 ਦੇ ਕਰੀਬ ਅਧਿਆਪਕ ਚੈਕਿੰਗ ਲਈ ਲਗਾਏ ਹੋਏ ਹਨ। ਹਾਸੋਹੀਣੀ ਇਹ ਹੈ ਕਿ ਇਨ੍ਹਾਂ 'ਚੋਂ ਬਹੁ ਗਿਣਤੀ ਜੂਨੀਅਰ ਅਧਿਆਪਕਾਂ ਦੀ ਹੈ, ਜਦ ਕਿ ਚੈੱਕ ਕੀਤੇ ਜਾਣ ਵਾਲੇ ਬਹੁਤੇ ਸੀਨੀਅਰ ਅਧਿਆਪਕ ਹਨ। ਇਹ ਵਰਤਾਰਾ ਗੈਰ ਨਿਯਮੀ ਤੇ ਗੈਰ ਕਾਨੂੰਨੀ ਵੀ ਹੈ। ਦੂਜੇ ਪਾਸੇ ਪਹਿਲਾਂ ਹੀ ਅਧਿਆਪਕ ਦੀ ਭਾਰੀ ਘਾਟ ਹੋਣ ਕਰਕੇ, ਪੜ੍ਹਾਈ ਦਾ ਹੋਰ ਭੱਠਾ ਬੈਠਾਇਆ ਜਾ ਰਿਹਾ ਹੈ।

**ਹੱਲ**:- ਚੈਕਿੰਗ ਲਈ ਇੰਸਪੈਕਟਰੀ ਸਟਾਫ-ਬਲਾਕ ਪੱਧਰ 'ਤੇ ਸਹਾਇਕ ਬੀ.ਪੀ.ਈ.ਓ (ਪ੍ਰਾਇਮਰੀ ਲਈ), ਜਿਲ੍ਹਾ ਪੱਧਰ 'ਤੇ ਲੋੜ ਅਨੁਸਾਰ ਹੋਰ ਡਿਪਟੀ ਡੀ.ਈ.ਓ. ਭਰਤੀ ਕੀਤੇ ਜਾਣ, ਜੋ ਚੈਕਿੰਗ ਦਾ ਕੰਮ ਰੋਜ਼ਾਨਾ ਕਰਨ। ਉਪਰੋਕਤ 5000 ਅਧਿਆਪਕ ਨੂੰ ਵਾਪਸ ਸਕੂਲਾਂ 'ਚ ਭੇਜ ਕੇ, ਵਿੱਦਿਆ ਦੀ ਸਾਰ ਲਈ ਜਾਵੇ।

**ਸਰਕਾਰੀ ਸਕੂਲਾਂ ਦੇ ਨਿੱਜੀਕਰਨ ਦਾ ਖਤਰਾ**

ਇਕ ਪਾਸੇ ਸਕੂਲਾਂ ਨੂੰ ਸਾਲਾਂ-ਬੱਧੀ ਹਜ਼ਾਰਾਂ ਅਧਿਆਪਕਾਂ ਦੀਆਂ ਪੋਸਟਾਂ ਖਾਲੀ ਰੱਖ ਕੇ ਨਵੀਂ ਭਰਤੀ ਬਾਰੇ ਸਰਕਾਰ ਚੁੱਪ ਧਾਰੀ ਬੈਠੀ ਹੈ। ਦੂਜੇ ਪਾਸੇ ਸਕੂਲਾਂ ਦੀ ਬਾਹਰੀ/ਅੰਦਰੂਨੀ ਦਿਖ ਵਾਲੇ ਰੂਪਕ ਪੱਖ ਨੂੰ ਆਕਰਸ਼ਕ ਬਣਾ ਰਹੀ ਹੈ। ਇਹ ਵਰਤਾਰਾ ਦਰਸਾਉਂਦਾ ਹੈ ਕਿ ਪੰਜਾਬ ਸਰਕਾਰ ਤੇਜੀ ਨਾਲ, ਕੇਂਦਰ ਸਰਕਾਰ ਦੀ 2019 ਦੀ ਸਿੱਖਿਆ ਨੀਤੀ ਵਾਲੇ ਖਰੜੇ ਦੀ ਨਿੱਜੀਕਰਨ ਵਾਲੀ ਦਿਸ਼ਾ 'ਚ ਚੱਲ ਕੇ, ਸਕੂਲਾਂ ਨੂੰ ਮੁਨਾਫੇਖੋਰ ਨਿੱਜੀ ਕਾਰਪੋਰੇਟ ਕੰਪਨੀਆਂ/ਨਿੱਜੀ ਸਿੱਖਿਆ ਸੰਸਥਾਵਾਂ ਨੂੰ ਵੇਚਣ 'ਤੇ ਉਤਾਰੂ ਹੋ ਰਹੀ ਹੈ। ਇਸ ਖਤਰੇ ਦਾ ਟਾਕਰਾ ਕਰਨ ਲਈ ਸਰਕਾਰੀ ਸਕੂਲਾਂ ਨੂੰ ਬਚਾਉਣ ਲਈ ਸਮੁੱਚੇ ਅਧਿਆਪਕ ਵਰਗ, ਵਿਦਿਆਰਥੀਆਂ, ਮਾਪਿਆਂ ਸਮੇਤ ਸਮੂਹ ਪੰਜਾਬ ਪੱਖੀ ਧਿਰਾਂ ਤੇ ਲੋਕ ਪੱਖੀ ਜੱਥੇਬੰਦੀਆਂ ਦਾ ਪਵਿੱਤਰ ਫਰਜ਼ ਬਣਦਾ ਹੈ ਕਿ ਉਹ ਵੱਡੀ ਲੋਕ ਲਹਿਰ ਦੀ ਉਸਾਰੀ ਲਈ ਮੈਦਾਨ 'ਚ ਨਿੱਤਰਨ।

## ਸੁੱਚੀ ਥਾਲੀ

ਇੱਕ ਆਮ ਸਾਧਾਰਨ ਜਿਹਾ ਵਿਅਕਤੀ ਜਸਪਾਲ, ਜਸਪਾਲ ਸਿੰਘ ਪਾਲਾ ਇੱਕ ਕਰਿਆਨੇ ਦੀ ਨਿੱਕੀ ਦੀ ਦੁਕਾਨ ਤੋਂ ਕੰਮ ਸ਼ੁਰੂ ਕੀਤਾ ਹੌਲੀ ਹੌਲੀ ਸ਼ਰਾਬ ਦੇ ਠੇਕਿਆਂ ਦੇ ਕਾਰੋਬਾਰ ਚ ਕਿਸਮਤ ਅਜਮਾਈ ਤਾਂ ਜਿਵੇਂ ਕੁਬੇਰ ਦਾ ਖਜ਼ਾਨਾ ਮਿਲ ਗਿਆ ਹੋਵੇ ਦਿਨਾ ਚ ਹੀ ਪੈਸੇ ਦ ਅੰਮਬਾਰ ਲੱਗ ਗਏ ਐਸਾ ਭੇਤ ਆਇਆ ਇਸ ਕਾਰੋਬਾਰ ਦਾ ਕਿ 5, 7 ਸਾਲਾ ਚ ਹੀ ਪਿੰਡ ਦਾ ਹੀ ਨਹੀ ਇਲਾਕੇ ਦੇ ਵੱਡਿਆਂ ਧਨਾਡਾ ਵਿੱਚ ਗਿਣਿਆਂ ਜਾਣ ਲੱਗਾ.... ਅੱਜ ਸ਼ਹਿਰ ਵਿੱਚ ਸਭ ਤੋਂ ਵੱਡਾ ਬੰਗਲਾ ਪਾਲੇ ਦਾ ਸੀ ਲਗਜ਼ਰੀ ਗੱਡੀਆਂ ਘਰ ਚ ਹਰ ਐਸ਼ੋ ਅਰਾਮ ਦਾ ਸਮਾਨ ਫੌਰਨ ਤੋਂ ਇਮਪੋਰਟ ਕੀਤਾ ਗਿਆ ਸੀ ਹੁਣ ਕਾਮਯਾਬੀ ਦਾ ਇਹ ਆਲਮ ਸੀ ਕਿ ਸਰਪੰਚ ,ਐਮ ਐਲ ਏ ,ਐਮ ਪੀ ਹੀ ਨਹੀ ਸਾਰੇ ਵੀ ਵੀ ਆਈ ਪੀ ਲੋਗ ਪਾਲੇ ਦੇ ਇਸ਼ਾਰਿਆਂ ਤੇ ਨੱਚਦੇ...ਪਾਲੇ ਨੇ ਆਪਣੀ ਇਕਲੌਤੀ ਬੇਟੀ ਦਾ ਵਿਆਹ ਰੱਖਿਆ ਸ਼ਾਨਦਾਰ ਘਰ ਹੋਣ ਦੇ ਬਾਵਜੂਦ ਸ਼ਹਿਰ ਦਾ ਸਭ ਤੋਂ ਵੱਡਾ ਰਿਜੌਟ ਬੁੱਕ ਕੀਤਾ ਡੈਕੋਰੇਸ਼ਨ,ਵੇਟਰਾਂ ਦਾ ਖਰਚਾ ਮਿਲਾ, ਜੀ ਐਸ ਟੀ ਪਾ ਲਾ ਕੇ 1500 ਬੰਦਿਆਂ ਦੇ ਰੇਜਮੈਂਟ ਤੇ ਕੈਟਰਿੰਗ ਦਾ ਕੁੱਲ ਖਰਚਾ 23 ਕੁ ਲੱਖ ਦਾ ਅਨੁਮਾਨ ਲਾਇਆ ਗਿਆ। ਸਿਆਣੇ ਕਹਿੰਦੇ ਨੇ ਕਿ ਮਿਥਿਆ ਹੋਇਆ ਦਿਨ ਬੜੀ ਜਲਦੀ ਨਾਲ ਆਉਂਦਾ ਹੈ ਇਵੇਂ ਹੀ ਹੋਇਆ ਅੱਜ ਵਿਆਹ ਦਾ ਦਿਨ ਸੀ ਇਲਾਕੇ ਦੀਆਂ ਨਾਮਵਰ ਹਸਤੀਆਂ ਵਿਆਹ ਵਿੱਚ ਸ਼ਿਰਕਤ ਕਰਨ ਲਈ ਪਹੁੰਚੀਆਂ ਬਾਰਾਤ ਵੀ ਪਹੁੰਚ ਚੁੱਕੀ ਸੀ ...ਸ਼ਾਨਦਾਰ ਸੋਫਿਆਂ ਤੇ ਬੈਠ ਲੋਕ ਪੈੱਗ ਤੇ ਲੈੱਗ ਨੋਚ ਰਹੇ ਸਨ....ਹਰ ਪਾਸੇ ਇਸ ਸ਼ਾਨਦਾਰ ਵਿਆਹ ਦੀ ਤਾਰੀਫ਼ ਹੋ ਰਹੀ ਸੀ ਕਿਤੇ ਨਾ ਕਿਤੇ ਪਾਲਾ ਅੰਦਰੋਂ ਅੰਦਰੀ ਬੜਾ ਖੁਸ਼ ਸੀ ਉਸ ਦੀ ਹਉਮੈ ਅਤੇ ਹੰਕਾਰ ਬੜਾ ਸਿਖਰਾਂ ਤੇ ਸੀ ਜਦੋਂ ਲੋਕ ਇਲਾਕੇ ਦਾ ਸਭ ਤੋਂ ਵਧੀਆ ਵਿਆਹ ਕਹਿ ਰਹੇ ਸੀ ..ਡੋਲੀ ਤੁਰਨ ਤੱਕ ਲੱਗਭੱਗ ਅੱਧਿਓ ਵਧ ਲੋਕ ਜਾ ਚੁੱਕੇ ਸਮਾਂ ਬੀਤਿਆ ਡੋਲੀ ਦਾ ਵੇਲਾ ਆਇਆ ਤਾਂ ਸਿਰਫ ਕੁਝ ਇਕ ਪਰਿਵਾਰਕ ਮੈਂਬਰ ਹੀ ਸਨ ਡੋਲੀ ਵਿਦਾ ਹੋਈ ਬਾਕੀ ਲੋਕ ਫਿਰ ਤੋਂ ਪੈਲੇਸ ਦੇ ਅੰਦਰ ਗਏ...ਧੀ ਵਿੱਦਿਆ ਹੋਈ ਪਾਲਾ ਥੋੜ੍ਹਾ ਜਿਹਾ ਉਦਾਸ ਸੀ ਮਨ ਹੌਲਾ ਕਰਨ ਲਈ ਥੋੜ੍ਹਾ ਜਿਹਾ ਸਾਈਡ ਨੂੰ ਟੈੱਲਨ ਨਿਕਲਿਆ ਤਾਂ ਇੱਕ ਦਮ ਰੂਹ ਕੰਬ ਗਈ ਜਦੋਂ ਇੱਕ ਬਜ਼ੁਰਗ ਮਹਿਲਾ ਤੇ ਉਹਦੇ ਨਾਲ ਇੱਕ ਛੋਟੀ ਜਿਹੀ ਬੱਚੀ ਨੂੰ ਝੂਠੀਆਂ ਪੱਤਲਾਂ ਵਿੱਚੋਂ ਖਾਣਾ ਖਾਂਦੇ ਦੇਖਿਆ ਛੋਟੀ ਜਿਹੀ ਬੱਚੀ ਉਮਰ ਸੱਤ ਅੱਠ ਸਾਲ ਉੱਚੀ ਜਿਹੀ ਫਰਾਕ ਪਾਈ ਹੋਈ ਉਹਦੇ ਗੋਡੇ ਅਤੇ ਸਿਰ ਵਿੱਚੋਂ ਖ਼ੂਨ ਸਿਮ ਰਿਆ ਸੀ ਅੱਖਾਂ ਵਿੱਚ ਹੰਝੂ ਪਰ ਉਹ ਖਾਣ ਵਿੱਚ ਮਗਨ ਸੀ। ਕੋਲ ਜਾ ਕੇ ਪਾਲਾ ਬੋਲਿਆ ਮਾਤਾ ਜੀ ਇਹ ਕੀ ਕਰ ਰਹੇ ਹੋ ਜੂਠਾ ਖਾਣਾ ਕਿਉਂ ਖਾ ਰਹੇ ਜੋ ਆਓ ਅੰਦਰ ਆ ਕੇ ਖਾਣਾ ਖਾ ਲਓ ਮਾਤਾ ਬੋਲੀ ਬੇਟਾ ਗਈ ਸੀ ਬੱਚੀ ਅੰਦਰ ਪਰ ਤੁਹਾਡੇ ਕਿਸੇ ਪ੍ਰਬੰਧਕ ਨੇ ਖਾਣਾ ਤਾਂ ਕੀ ਦੇਣਾ ਸੀ ਧੱਕਾ ਮਾਰਿਆ ਜਿਸ ਕਾਰਨ ਬੱਚੀ ਦੇ ਸਿਰ ਤੇ ਗੋਡੇ ਉੱਤੇ ਸੱਟ ਵੀ ਲੱਗੀ ਏ ਬਾਕੀ ਕੋਈ ਗੱਲ ਵੀ ਪੁੱਤਰਾਂ ਆ ਜੂਠ, ਸੁੱਚ ਰੱਜੇ ਪੁੱਜੇ ਲੋਕਾਂ ਦਾ ਬਹਾਨਾ ਹੁੰਦਾ.... ਤਿੰਨ ਦਿਨ ਤੋਂ ਭੁੱਖੇ ਲਈ ਇਹ ਜੂਠ ਨਹੀਂ ਇਹ ਵੀ ਅੰਮ੍ਰਿਤ ਈ ਏ....ਨਾਲੇ ਬੇਟਾ ਜੀ ਹੁਣ ਤਾਂ ਭਰ ਪੇਟ ਖਾਣਾ ਖਾ ਲਿਆ ਏ ਤ੍ਰਿਪਤ ਹੋ ਗਈ ਆਂ ਪੰਜਾਂ ਛਿਆਂ ਪੱਤਲ਼ਾਂ ਦੇ ਵਿੱਚੋਂ ਇੱਕ ਪੱਤਰ ਵਿੱਚ ਇਕੱਠੇ ਕੀਤੇ ਚੌਲ ਲਿਫਾਫੇ ਚ ਪਾਉਂਦੀ ਹੋਈ ਬੋਲੀ ਮੈਂ ਤਾਂ ਰਾਤ ਜੋਗੇ ਵੀ ਲੈਂ ਲਏ ਨੇ ...ਕਹਿੰਦੀ ਹੋਈ ਉੱਠ ਕੇ ਤੁਰਨ ਲੱਗੀ....ਪਾਲੇ ਨੇ ਗੌਹ ਨਾਲ ਤੱਕਿਆ ਉਹ ਮੰਗਤੀ ਨਹੀਂ ਸੀ ਕਿਉਂਕਿ ਉਸ ਨੇ ਪਾਲੇ ਅੱਗੇ ਹੱਥ ਨਹੀਂ ਅੱਡਿਆ ਬਲਕਿ ਚੁੰਨੀ ਨਾਲ ਲਿੱਬੜੇ ਹੋਏ ਹੱਥ ਨੂੰ ਪੂੰਝਦੇ ਹੋਏ ਪਾਲੇ ਦੇ ਸਿਰ ਤੇ ਰੱਖ ਕੇ ਬੋਲੀ

.....ਜਿਉਂਦਾ ਰਹਿ ਪੁੱਤਰਾ ਰੱਬ ਤੈਨੂੰ ਬਹੁਤਾ ਦੇਵੇ ...

ਉਹ ਚਲੀ ਗਈ ਨਾਲ ਉਂਗਲ ਲੱਗੀ ਛੋਟੀ ਜਿਹੀ ਬੱਚੀ ਪਿੱਛੇ ਪਰਤ ਵੇਖਿਆ ਤਾਂ ਪਾਲੇ ਦੀਆਂ ਭੁੱਬਾਂ ਨਿਕਲ ਗਈਆਂ ਹੰਕਾਰ ਚੂਰੋ ਚੂਰ ਹੋ ਗਿਆ ...

ਪਾਲੇ ਨੇ ਮਹਿਸੂਸ ਕੀਤਾ ਕਿ ਅੱਜ ਨਾ ਸ਼ੁਕਰੇ ਲੋਕਾਂ ਤੇ ਲੱਖਾਂ ਰੁਪਿਆ ਖ਼ਰਚ ਕਰ ਦਿੱਤੇ ਨੇ ਪਰ ਜਦੋਂ ਰੱਬ ਖੁਦ ਆਇਆ ਸੀ ਅਸ਼ੀਰਵਾਦ ਦੇਣ ਉਸ ਨੂੰ ਇੱਕ..... ਸੁੱਚੀ ਥਾਲੀ .......ਵੀ ਨਹੀਂ ਭੇਟ ਕਰ ਸਕਿਆ ।

ਧੰਨਵਾਦ ਸਾਹਿਤ।



ਗੁਰਚਰਨ ਕੌਰ ਥਿੰਦ
403-293-2625



ਕਹਾਣੀ

# ਮੁਜ਼ਾਹਰਾ

"ਪਿਛਲੇ ਕਈ ਦਿਨਾਂ ਤੋਂ ਕਿਸਾਨ ਧਰਨੇ ਤੇ ਬੈਠੇ ਹਨ। ਰੱਬ ਦੀਆਂ ਦਿੱਤੀਆਂ ਖਾਣ ਵਾਲਾ ਸਮਝਿਆ ਜਾਂਦਾ ਕਿਸਾਨ ਆਪਣੀਆਂ ਲੋੜਾਂ ਦੀ ਅਪੂਰਤੀ ਤੇ ਥੋੜਾਂ ਦੇ ਕਾਰਨਾਂ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਪਛਾਨਣ ਲਗ ਗਿਆ ਹੈ। ਉਹ ਆਪਣੀਆਂ ਮੰਗਾਂ ਦੀ ਪੂਰਤੀ ਖਾਤਰ ਲੜਨਾ ਸਿੱਖ ਗਿਆ ਹੈ। ਉਹ ਦਾਤਰੀ-ਹਥੌੜੇ ਵਾਲੇ ਲਾਲ ਝੰਡੇ ਹੇਠਾਂ ਇੱਕਮੁੱਠ ਹੋ ਆਪਣੇ ਹੱਕਾਂ ਲਈ ਜਦੋਜਹਿਦ ਕਰ ਰਿਹਾ ਹੈ।" ਰੋਜ਼ਾਨਾ ਅਖ਼ਬਾਰਾਂ ਅਜਿਹੀਆਂ ਖ਼ਬਰਾਂ ਤੇ ਲੇਖਾਂ ਜ਼ਰੀਏ ਮਿੱਟੀ ਨਾਲ ਮਿੱਟੀ ਹੁੰਦੇ ਕਿਸਾਨ ਮਜ਼ਦੂਰਾਂ ਦੀ ਜਾਗਰੂਕਤਾ ਅਤੇ ਇੱਕਮੁੱਠਤਾ ਨੂੰ ਪਾਠਕਾਂ ਸਾਹਮਣੇ ਪੇਸ਼ ਕਰ ਰਹੇ ਹਨ।

ਕੁੱਝ ਦਿਨ ਪਹਿਲਾਂ ਸੂਬੇ ਭਰ ਵਿੱਚ ਜ਼ਿਲਾ ਪੱਧਰ ਤੇ ਰੈਲੀਆਂ ਕੀਤੀਆਂ ਗਈਆਂ ਸਨ। ਕਿਸਾਨ ਆਗੂਆਂ ਨੇ ਹਜ਼ਾਰਾਂ ਦੀ ਗਿਣਤੀ ਦੇ ਇਕੱਠਾਂ ਨੂੰ ਸੰਬੋਧਨ ਕਰਦੇ ਹੋਏ ਥਾਂ ਪਰਥਾਂ ਧਰਨੇ ਤੇ ਬੈਠ ਹਕੂਮਤ ਦੇ ਬੋਲ਼ੇ ਕੰਨਾਂ ਤੱਕ ਆਪਣੀ ਅਵਾਜ਼ ਪੁਚਾਉਣ ਦੇ ਆਦੇਸ਼ ਦਿੱਤੇ ਸਨ।

ਹੁਣ ਮੁੱਖ ਸੜਕਾਂ, ਲਿੰਕ ਸੜਕਾਂ, ਰੇਲਵੇ ਲਾਈਨਾਂ, ਗੱਲ ਕੀ ਜਿੱਥੇ ਵੀ ਸੂਤ ਲਗਾ ਕਿਸਾਨ ਘਰਾਂ ਤੇ ਖੇਤਾਂ ਨੂੰ ਛੱਡ ਧਰਨੇ ਤੇ ਆ ਬੈਠੇ ਹਨ। ਨਾਲ ਹੀ ਖੁੰਬਾਂ ਵਾਂਗ ਨਿਕਲ ਆਏ ਪੱਤਰ ਪ੍ਰੇਰਕ। ਇੱਕ ਮੱਘਦਾ ਵਿਸ਼ਾ ਸਾਹਮਣੇ ਹੈ। ਕੁਝ ਦਿਨਾਂ ਲਈ ਅਖ਼ਬਾਰਾਂ ਰਸਾਲਿਆਂ ਵਾਸਤੇ ਬਲਦੀ ਮਸ਼ਾਲ ਵਰਗੀਆਂ ਖ਼ਬਰਾਂ ਦੀ ਕੋਈ ਘਾਟ ਨਹੀਂ ਰਹਿਣੀ।

ਇੱਕ ਧਰਨੇ ਵਾਲੀ ਥਾਂ ਤੇ ਚੰਗਾ ਵੱਡਾ ਇੱਕਠ ਹੈ। ਬਜ਼ੁਰਗ, ਅੱਧਖੜ, ਨੌਜੁਆਨ, ਮੁੱਛ-ਫੁੱਟ ਗਭਰੂ ਸਭ ਇਸ ਵਿੱਚ ਸ਼ਾਮਲ ਹਨ। ਕੋਈ ਦੁੱਧ ਚਿੱਟੇ ਕਪੜੇ ਪਾਈ, ਕੋਈ ਜੀਨਾਂ ਪੈਂਟਾਂ, ਕਈ ਅਧੋਰਾਣੇ ਅਤੇ ਕਈਆਂ ਨੇ ਖੁੰਗੀਆਂ ਲਗੇ ਮਟਮੈਲ਼ੇ ਕਪੜੇ ਪਾਏ ਹੋਏ ਹਨ। ਕੁੱਝ ਮੰਜਿਆਂ ਤੇ ਬੈਠੇ ਹਨ। ਕੁੱਝ ਥੱਲੇ ਵਿਛੀ ਦਰੀ 'ਤੇ ਅਤੇ ਕੁੱਝ ਭੁੰਜੇ ਹੀ ਪੈਰਾਂ ਭਾਰ ਜਾਂ ਪਥੱਲਾ ਮਾਰੀ ਬੈਠੇ ਹੋਏ ਹਨ। ਇੱਕ ਮੋਟਰਸਾਈਕਲ ਉਹਨਾਂ ਕੋਲ ਆ ਕੇ ਰੁਕਿਆ ਅਤੇ ਦੋ ਜਣੇ ਕਾਪੀ ਪੈੱਨ ਸੰਭਾਲਦੇ ਮੰਜੇ ਤੇ ਬੈਠੇ ਸੂਝਵਾਨ ਦੀਂਹਦੇ ਸੱਜਣ ਨੂੰ ਮੁਖਾਤਬ ਹੋਏ।

-ਕੀ ਤੁਹਾਨੂੰ ਲਗਦਾ ਕਿ ਕਿਸਾਨਾਂ ਦੀਆਂ ਖੁਦਕਸ਼ੀਆਂ ਲਈ ਸਰਕਾਰ ਜ਼ਿੰਮੇਵਾਰ ਹੈ?

ਬਿਲਕੁਲ ਜੀ ਸਰਕਾਰ ਹੀ ਜ਼ਿੰਮੇਵਾਰ ਹੈ।

-ਉਹ ਕਿਵੇਂ?

ਸਰਕਾਰ ਦੀਆਂ ਗਲਤ ਨੀਤੀਆਂ ਸਦਕਾ ਕਿਸਾਨ ਸਿਰ ਮਣਾਂ ਮੂੰਹੀਂ ਕਰਜ਼ਾ ਚੜ੍ਹਦਾ। ਜਦੋਂ ਕਰਜ਼ਾ ਲਾਹੁੰਦਾ ਲਾਹੁੰਦਾ ਉਹ ਬੇਵਸ ਹੋ ਜਾਂਦਾ ਤੇ ਕਰਜ਼ਾ ਅਜੇ ਵੀ ਹਨੂੰਮਾਨ ਦੀ ਪੂਛ ਵਾਂਗ ਵਧਦਾ ਤੁਰਿਆ ਜਾਂਦਾ ਤਾਂ ਫਿਰ ਉਹਨੇ ਮੌਤ ਨੂੰ ਈ ਗਲ਼ੇ ਲਾਉਣਾ।

-ਤੁਹਾਨੂੰ ਨਹੀਂ ਲਗਦਾ ਕਿ ਕਿਸਾਨਾਂ ਵਲੋਂ ਆਪਣੀ ਵਿੱਤ ਤੋਂ ਵੱਧ ਕੀਤੇ ਜਾਂਦੇ ਖਰਚੇ ਵੀ ਇਸ ਦਾ ਕਾਰਨ ਹੋ ਸਕਦੇ ਨੇ।

ਕਿਸਾਨ ਦੂਜਿਆਂ ਨਾਲੋਂ ਕਿਹੜੇ ਵਾਧੂ ਖਰਚ ਕਰਦਾ ਏ? ਖਾਣ ਨੂੰ ਰੋਟੀ ਚਾਹੀਦੀ ਆ। ਰਹਿਣ ਲਈ ਘਰ ਕੁੱਲਾ ਵੀ ਹਰੇਕ ਨੂੰ ਚਾਹੀਦਾ ਈ ਆ। ਤੇ ਫਿਰ ਤਨ ਵੀ ਢੱਕਣਾ ਹੁੰਦਾ। ਬਾਲ ਬੱਚੇ ਦੇ ਮੂੰਹ'ਚ ਵੀ ਚੋਗਾ ਪਾਉਣਾ। ਉਹਨਾਂ ਦੀ ਪੜ੍ਹਾਈ, ਵਿਆਹ-ਸ਼ਾਦੀਆਂ, ਘਰ 'ਚ ਮਰਨਾ ਪਰਨਾ। ਸਾਰੇ ਘਰਾਂ ਵਿੱਚ ਇਹੋ ਕੁਝ ਹੀ ਹੁੰਦਾ। ਫਿਰ ਉਹ ਵਾਧੂ ਕੀ ਕਰਦਾ?

ਦੂਸਰਾ ਜਣਾ ਕੋਲ ਬੈਠੇ ਸਧਾਰਨ ਜਿਹੇ ਦੀਂਹਦੇ ਜ਼ਿੰਮੀਦਾਰ ਨੂੰ ਸੰਬੋਧਤ ਹੋਇਆ।

-ਅੱਜ ਕੱਲ੍ਹ ਜ਼ਿੰਮੀਦਾਰ ਵਿਆਹ ਸ਼ਾਦੀਆਂ ਤੇ ਵੇਖਾ ਵੇਖੀ ਵਿਤੋਂ ਬਾਹਰੇ ਖਰਚ ਨਹੀਂ ਕਰਨ ਲਗ ਪਏ?

ਸਾਰੇ ਹੀ ਆਪਣੇ ਬੱਚਿਆਂ ਦੇ ਵਿਆਹ ਦੀਆਂ ਰੀਝਾਂ ਕਰਦੇ ਆ। ਪੁੱਤ ਦੇ ਵਿਆਹ ਦੀ ਸੱਧਰ ਕੀਹਨੂੰ ਨਹੀਂ ਹੁੰਦੀ? ਧੀ ਨੂੰ ਵੀ ਹਰੇਕ ਨੇ ਬੂਹਿਓਂ ਉਠਾਲਣਾ। ਉਹਦੇ ਲਈ ਚਾਰ ਪੈਸੇ ਤਾਂ ਖਰਚਣੇ ਈ ਹੋਏ ਨਾ। ਐਵੇਂ ਤਾਂ ਨਹੀਂ ਧੱਕਿਆ ਜਾਂਦਾ ਧੀ ਧਿਆਣੀ ਨੂੰ ਬੂਹਿਓਂ ਬਾਹਰ। ਆਪੋ ਆਪਣੇ ਨੱਕ ਨਜ਼ੂਮ ਨੂੰ ਹਰ ਕੋਈ ਕਰਦਾ। ਭਾਈ ਅਸੀਂ ਵੀ ਤੇ ਕਰਨਾ ਹੋਇਆ ਨਾ। ਅਸੀਂ ਕਿਹੜਾ ਅਲੋਕਾਰ ਕਰਦੇ ਆਂ। ਜੱਟ ਜ਼ਿੰਮੀਦਾਰਾਂ ਨੂੰ ਐਵੇਂ ਬਦਨਾਮ ਕਰਨ 'ਤੇ ਲੱਕ ਬੰਨ੍ਹਿਆ ਤੁਹਾਡੇ ਵਰਗਿਆਂ ਨੇ।

ਪਹਿਲੇ ਵਾਲਾ ਪੋਚਵੀਂ ਬੰਨੀ ਬਲੰਬਰੀ ਪੱਗ ਤੇ ਭਰਵੀਂ ਦਾਹੜੀ ਵਾਲੇ ਕੋਲ ਜਾ ਬੈਠਾ।

-ਤੁਹਾਡੀਆਂ ਮੰਗਾਂ ਕੀ ਹਨ?

ਵੇਖੋ ਜੀ ਸਧਾਰਨ ਜਿਹੀ ਮੰਗ ਏ, ਭਈ ਡੁੱਬਦੀ ਕਿਸਾਨੀ ਨੂੰ ਬਚਾਇਆ ਜਾਵੇ।

-ਉਹ ਕਿਵੇਂ?

ਜਿੰਵੇਂ ਹੋਰ ਚੀਜ਼ਾਂ ਦੇ ਬੀਮੇ ਹੁੰਦੇ ਨੇ ਉਸੇ ਤਰ੍ਹਾਂ ਕਿਸਾਨ ਦੀ ਫ਼ਸਲ ਦਾ ਬੀਮਾ ਹੋਣਾ ਚਾਹੀਦਾ। ਤਾਂ ਜੋ ਕੋਈ ਕੁਦਰਤੀ ਆਫ਼ਤ ਆਵੇ ਤਾਂ ਕਿਸਾਨ ਆਰਥਿਕ ਤੌਰ ਤੇ ਡੁੱਬਣ ਤੋਂ ਬਚ ਸਕੇ। ਸਰਕਾਰ ਨੂੰ ਇਸ ਸਬੰਧੀ ਠੋਸ ਕਦਮ ਚੁੱਕਣੇ ਚਾਹੀਦੇ ਨੇ।

-ਕੁਦਰਤੀ ਆਫ਼ਤ ਸਮੇਂ ਹੋਣ ਵਾਲੀ ਫ਼ਸਲਾਂ ਦੀ ਤਬਾਹੀ ਦੀ ਸਰਕਾਰੀ ਰਾਹਤ ਤਾਂ ਦਿੱਤੀ ਜਾਂਦੀ ਹੈ?

ਬਿਲਕੁਲ ਦਿੱਤੀ ਜਾਂਦੀ ਹੈ, ਕੋਈ ਸ਼ੱਕ ਨਹੀਂ। ਪਰ ਪੀੜਤ ਕਿਸਾਨਾਂ ਤੱਕ ਕਿੰਨੀ ਕੁ ਪਹੁੰਚਦੀ ਏ? ਸੌ ਰੁਪਏ ਵਿਚੋਂ ਮਸਾਂ ਵੀਹ ਰੁਪਏ। ਬਾਕੀ ਅੱਸੀ ਰੁਪਏ ਤਾਂ ਰਾਹ ਵਿੱਚ ਹੀ ਖ਼ੁਰਦ ਬੁਰਦ ਹੋ ਜਾਂਦੇ ਆ। ਸਾਡੀ ਮੰਗ ਏ ਕਿ ਰਾਹਤ ਸਿੱਧੀ ਕਿਸਾਨਾਂ ਦੇ ਖਾਤਿਆਂ ਵਿੱਚ ਜਮ੍ਹਾਂ ਹੋਵੇ।ਵਿੱਚ ਵਿਚਾਲੇ ਦੇ ਵਿਚੋਲਿਆਂ ਨੂੰ ਖਤਮ ਕੀਤਾ ਜਾਵੇ ਤਾਂ ਜੋ ਉਹ ਆਪਣਾ ਟੈਕਸ ਉਗਰਾਹੁਣਾ ਬੰਦ ਕਰ ਦੇਣ।

-ਟੈਕਸ ਤਾਂ ਖੇਤੀਬਾੜੀ ਦੀ ਆਮਦਨ ਤੇ ਕੋਈ ਲਗਦਾ ਹੀ ਨਹੀਂ।

ਦੂਸਰਾ ਪੱਤਰ ਪ੍ਰੇਰਕ ਵਿਚੋਂ ਹੀ ਬੋਲਿਆ ਤਾਂ ਪਰ੍ਹਾਂ ਬੈਠਾ ਇੱਕ ਜਣਾ ਰਤਾ ਕੁ ਤੱਤਾ ਹੋ ਬੋਲਿਆ, ਉਟੈਕਸ ਤਾਂ ਰੱਬ ਸਾਤਅਤ" ਪਤਾ ਨਹੀਂ ਆਪਣੀ ਗਲਤੀ ਸੁਧਾਰਦਾ ਜਾਂ ਸਤਿਕਾਰ ਵਜੋਂ ਜਾਂ ਖ਼ਵਰੇ ਜਨਮ ਤੋਂ ਹੀ ਅੰਦਰਲੇ ਡਰ ਜਾਂ ਖ਼ੌਫ਼ ਕਾਰਨ ਗਾਹਲ ਦਾ ਬਾਕੀ ਹਿੱਸਾ ਕੌੜੇ ਥੁੱਕ ਵਾਂਗ ਅੰਦਰ ਹੀ ਨਿਗਲ ਗਿਆ। ਉਓਏ ਟੈਕਸ ਤਾਂ ਕਿਸਾਨ ਤੋਂ ਰੱਬ ਈ ਲੈ ਲੈਂਦਾ। ਕਦੀ ਬੇਵਕਤ ਸੋਕਾ, ਕਦੀ ਡੋਬਾ ਤੇ ਕਦੀ ਗੜੇਮਾਰ ਕਰਕੇ। ਸਰਕਾਰੀ ਟੈਕਸਾਂ ਦੀ ਕਸਰ ਰਹਿ ਜਾਂਦੀ ਕੋਈ।"

ਇੰਜ ਥੋੜ੍ਹੀ ਦੇਰ ਗੱਲਾਂ ਬਾਤਾਂ ਕਰ ਦੋਵੇਂ ਮੋਟਰਸਾਈਕਲ ਸਵਾਰ ਕਿਸੇ ਹੋਰ ਪਾਸੇ ਨੂੰ ਰਵਾਨਾ ਹੋ ਗਏ ਅਤੇ ਧਰਨੇ ਤੇ ਬੈਠੇ ਸ਼ਾਮ ਤੱਕ ਇਸੇ ਬਾਰੇ ਬਹਿਸ ਮੁਬਾਹਸਾ ਕਰਦੇ ਰਹੇ। ਰਾਤ ਤੱਕ ਕੁੱਝ ਗਿਣੇ ਚੁਣੇ ਹੀ ਰਹਿ ਗਏ।

ਅਗਲੀ ਸਵੇਰ ਉਸੇ ਥਾਂ ਫਿਰ ਗਹਿਮਾ ਗਹਿਮੀ ਹੋਣ ਲਗ ਪਈ। ਅੱਜ ਦੀਆਂ ਅਖ਼ਬਾਰਾਂ ਦੀਆਂ ਖ਼ਬਰਾਂ ਦੀ ਪੁਣ-ਛਾਣ ਹੋਣੀ ਸ਼ੁਰੂ ਹੋ ਗਈ। ਹਰ ਕੋਈ ਆਪਣੀ ਜਾਣਕਾਰੀ ਦੂਸਰਿਆਂ ਨਾਲ ਸਾਂਝੀ ਕਰਨ ਲਈ ਕਾਹਲਾ ਸੀ। ਅਖ਼ਬਾਰਾਂ ਦੀ ਸਲਾਹੁਤਾ ਤੇ ਨਿੰਦਿਆ ਨਾਲੋ ਨਾਲ ਚਲ ਰਹੀ ਸੀ। ਕੋਈ ਇਨ੍ਹਾਂ ਨੂੰ ਸਰਕਾਰ ਪੱਖੀ ਆਖ ਭੰਡ ਰਿਹਾ ਸੀ ਅਤੇ ਕਈਆਂ ਨੂੰ ਇਹ ਕਿਸਾਨਾਂ ਦੇ ਦੁਖ ਦਰਦਾਂ ਨੂੰ ਬਿਆਨਦੀਆਂ ਮਸੀਹਾ ਪ੍ਰਤੀਤ ਹੁੰਦੀਆਂ ਸਨ।

ਤਦ ਹੀ ਪਿੰਡ ਵਲੋਂ ਇੱਕ ਮੁੱਛ-ਫੁੱਟ ਸਾਈਕਲ ਸਵਾਰ ਸਾਹੋ ਸਾਹ ਹੋਇਆ ਉਹਨਾਂ ਕੋਲ ਆ ਉਤਰਿਆ।

"ਚਾਚਾ, ਬਾਪੂ ਪੂਰਾ ਹੋ ਗਿਆ।" ਉਹ ਮੰਜੇ ਤੇ ਬੈਠੇ ਬਣੇ ਫੱਬੇ ਅੱਧਖੱੜ੍ਹ ਜਿਹੇ ਵਿਅਕਤੀ ਕੋਲ ਜਾ ਅੱਖਾਂ ਪੂੰਝਦਾ ਬੋਲਿਆ।

"ਹੱਛਾ, ਕਦੋਂ ਕੁ?" ਉਸ ਸਹਿਜ-ਭਾਅ ਜਿਹੇ ਨਾਲ ਪੁੱਛਿਆ।

"ਬੱਸ ਹੁਣੇ ਈ। ਮੈਂ ਉਸੇ ਵੇਲੇ ਇੱਧਰ ਨੂੰ ਆ ਗਿਆਂ।"

"ਚੰਗਾ ਚੱਲ ਫਿਰ" ਕਹਿੰਦਾ ਉਹ ਉੱਠ ਖੜਾ ਹੋਇਆ।

"ਬੜਾ ਮਾੜਾ ਹੋਇਆ ਜਗਤਾਰ ਸਿੰਹਾਂ!...." ਇਹ ਬੋਲ ਲਗਪਗ ਸਾਰਿਆਂ ਦੇ ਮੂੰਹੋਂ ਨਿਕਲੇ ਹੀ ਸਨ ਕਿ ਬਿਨਾ ਕੁਝ ਬੋਲਿਆਂ ਜਗਤਾਰ ਆਪਣੇ ਭਤੀਜੇ ਨਾਲ ਸਾਈਕਲ ਤੇ ਪਿੰਡ ਵੱਲ ਨੂੰ ਹੋ ਤੁਰਿਆ।

"ਲਓ ਭਈ ਸਾਧੂ ਸਿੰਹੁ ਵੀ ਤੁਰ ਗਿਆ। ਕਿੰਨ੍ਹੇ ਚਿਰ ਦਾ ਮੰਜੇ ਨਾਲ ਮੰਜਾ ਹੋਇਆ ਪਿਆ ਸੀ। ਸਾਰਾ ਟੱਬਰ ਅਰਦਾਸਾਂ ਕਰਦਾ ਸੀ ਭਈ ਰੱਬ ਹੁਣ ਪੜਦਾ ਪਾਦੇ ਤਾਂ ਚੰਗਾ ਆ।" ਇੱਕ ਬਜ਼ੁਰਗ ਨੇ ਦਾਹੜੀ ਖੁਰਕਦਿਆਂ ਆਖਿਆ।

"ਆਹੋ ਜੀ, ਸਾਰਿਆਂ ਈ ਜਾਣਾ ਇੱਕ ਦਿਨ," ਕੋਲ ਬੈਠਾ ਦੂਸਰਾ ਬੋਲਿਆ। ਹੁਣ ਗੱਲਾਂ ਦਾ ਵਿਸ਼ਾ ਸਾਧੂ ਸਿੰਘ ਸੀ। ਮੰਜੇ ਤੇ ਬੈਠੇ ਦੋ ਚਿੱਟ-ਕਪੜੀਆਂ ਨੇ ਇੱਕ ਦੂਜੇ ਨਾਲ ਘੁਸਰ ਮੁਸਰ ਕੀਤੀ। ਥੋੜ੍ਹੀ ਦੇਰ ਬਾਦ ਇੱਕ ਦੂਜੇ ਨੂੰ ਸੈਨਤ ਮਾਰੀ ਤੇ ਤੁਰਦੇ ਬਣੇ।

"ਇਹ ਦੋਵੇਂ ਕਿੱਧਰ ਤੁਰਗੇ?" ਅਲਬੇਲੇ ਜਿਹੇ ਸੁਭਾਅ ਵਾਲਾ ਕਰਮ ਸਿੰਹੁ ਪੱਗ ਦਾ ਢਿੱਲਾ ਲੜ ਟੁੰਗਦਾ ਬੋਲਿਆ।

"ਗਏ ਹੋਣੇ ਕਿਸੇ ਮਾਰ ਤੇ! ਨਾਲੇ ਇਹ ਕਿਹੜਾ ਨਿੱਠ ਕੇ ਬਹਿਣ ਵਾਲਿਆਂ 'ਚੋਂ ਆ। ਬੱਸ ਹਾਜ਼ਰੀ ਲੁਆਉਣ ਆਉਂਦੇ ਆ, ਭਈ ਕੱਲ੍ਹ ਨੂੰ ਕੋਈ ਐਂ ਨਾ ਕਵ੍ਹੇ ਤੁਸੀਂ ਸਾਡਾ ਸਾਥ ਨਹੀਂ ਦਿੱਤਾ।" ਉਹਦੇ ਨਾਲ ਬੈਠੇ ਨੇ ਛੁਰਲੀ ਛੱਡੀ। ਉਸਾਧੂ ਕਿਆਂ ਵੱਲ ਹੀ ਗਏ ਹੋਣੇ ਆ। ਵੇਲਾ ਖੁੰਝਾਉਣ ਵਾਲਿਆਂ 'ਚੋਂ ਤਾਂ ਇਹ ਹੈ ਨੀ।?"

"ਗੱਲ ਇਹ ਆ ਭਈ ਸਾਧੂ ਸਿੰਹੁ ਨਾਂ ਦਾ ਹੀ 'ਸਾਧੂ' ਸੀ। ਉਂਜ ਸਾਧੂਆਂ ਵਾਲੀ ਤਾਂ ਉਹ ਘੱਟ ਵੱਧ ਹੀ ਕਰਦਾ ਸੀ। ਹਰ ਗੱਲ ਨੂੰ ਕੁੰਡੀ ਪੁੱਠੇ ਪਾਸਿਓਂ ਹੀ ਲਾਉਂਦਾ ਸੀ।" ਕਿਸੇ ਹੋਰ ਨੇ ਸਾਧੂ ਦੀ ਸਾਧੂਗਿਰੀ ਬਿਆਨੀ ਤਾਂ ਗੱਲਬਾਤ ਸਾਧੂ ਸਿੰਹੁ ਤੇ ਉਹਦੇ ਟੱਬਰ ਵੱਲ ਹੋ ਤੁਰੀ।

ਕੋਈ ਘੰਟੇ ਕੁ ਬਾਦ ਪਿੰਡ ਵਲੋਂ ਬੰਦਿਆਂ ਨਾਲ ਭਰੀਆਂ ਦੋ ਟਰਾਲੀਆਂ ਆਉਂਦੀਆਂ ਵੇਖ ਹਰੇਕ ਦਾ ਧਿਆਨ ਉਧਰ ਹੋ ਗਿਆ।

"ਓਏ! ਆਹ ਕੀ ਹੋ ਗਿਆ? ਆਹ ਕਿਧਰ ਨੂੰ ਚਲੇ ਆ ਐਨੇ ਲੋਕ?" ਇੱਕ ਜਣੇ ਨੇ ਆਖਿਆ ਤਾਂ ਕੁਝ ਨਿਚੱਲੇ ਉੱਠ ਟਰਾਲੀਆਂ ਵੱਲ ਨੂੰ ਭੱਜ ਤੁਰੇ। ਥੋੜ੍ਹੇ ਚਿਰ ਬਾਦ ਇੱਕ ਜਣਾ ਦੌੜਦਾ ਹੋਇਆ ਧਰਨੇ ਵਾਲੀ ਥਾਂ ਤੇ ਆਇਆ ਤੇ ਸਾਹੋ ਸਾਹ ਹੋਇਆ ਬੋਲਿਆ, "ਓਏ, ਉਹ ਤਾਂ ਸਾਧੂ ਸਿੰਹੁ ਦੀ ਲਾਸ਼ ਨੂੰ ਮੇਨ ਰੋਡ 'ਤੇ ਲੈ ਕੇ ਚਲੇ ਆ। ਕਹਿੰਦੇ ਉਥੇ ਪੁਲ਼ੀ ਕੋਲ ਮੁਜਾਹਰਾ ਕਰਨਾ। ਹੁਣ ਸਾਰੇ ਉੱਥੇ ਪਹੁੰਚੋ।"

ਉੱਥੇ ਬੈਠੇ ਸਾਰਿਆਂ ਦੇ ਮੂੰਹ ਹੈਰਾਨੀ ਨਾਲ ਟੱਡੇ ਰਹਿ ਗਏ। "ਹੈਂ! ਇਹ ਕੀ! ਕਿਉਂ?" ਹਰੇਕ ਦੀ ਜ਼ੁਬਾਨ 'ਤੇ ਸੀ। ਦੋ ਚਾਰ ਜਣੇ ਉੱਥੇ ਬੈਠੇ ਰਹੇ, ਬਾਕੀ ਸੁਣਦੇ ਹੀ ਉਧਰ ਨੂੰ ਹੋ ਤੁਰੇ।

ਲਓ ਜੀ, 'ਧਰਨੇ ਤੇ ਬੈਠੇ ਇੱਕ ਕਿਸਾਨ ਦੀ ਮੌਤ' ਦੀ ਖ਼ਬਰ ਜੰਗਲ ਦੀ ਅੱਗ ਵਾਂਗ ਚੁਫ਼ੇਰੇ ਫੈਲ ਗਈ।

ਮ੍ਰਿਤਕ ਦੇਹ ਵਾਲੀ ਟਰਾਲੀ ਸੜਕ ਦੇ ਕਿਨਾਰੇ ਖੜੀ ਕਰ ਦਿੱਤੀ ਗਈ। ਇਸ ਵਿੱਚ ਬੈਠੇ ਮਰਦ ਤੇ ਔਰਤਾਂ 'ਸਾਧੂ ਸਿੰਘ ਅਮਰ ਰਹੇ' 'ਕਿਸਾਨ ਯੂਨੀਅਨ-ਜ਼ਿੰਦਾਬਾਦ' ਦੇ ਨਾਹਰੇ ਲਗਾ ਰਹੇ ਸਨ।

ਦੂਸਰੀ ਟਰਾਲੀ ਨੂੰ ਸਟੇਜ ਵਜੋਂ ਵਰਤਿਆ ਜਾਣ ਲਗ ਪਿਆ। ਉਹੋ ਦੋ ਜਣੇ ਜਿਹੜੇ ਧਰਨੇ ਵਿਚੋਂ ਸਭ ਤੋਂ ਪਹਿਲਾਂ ਉੱਠ ਕੇ ਆਏ ਸਨ, ਵਾਰੀ ਵਾਰੀ ਨਾਹਰੇ ਲਾਉਂਦੇ, ਵਿੱਚ ਵਿੱਚ ਸਾਧੂ ਸਿੰਘ ਦੀ ਲਾਸਾਨੀ ਕੁਰਬਾਨੀ ਦਾ ਜ਼ਿਕਰ ਕਰ ਰਹੇ ਸਨ।

ਵਿੰਹਦਿਆਂ ਵਿੰਹਦਿਆਂ ਲਾਗਲੇ ਪਿੰਡਾਂ ਤੋਂ ਅਤੇ ਫਿਰ ਦੂਰ ਦੁਰਾਡੇ ਤੋਂ ਟਰਾਲੀਆਂ, ਕਾਰਾਂ, ਸਕੂਟਰਾਂ 'ਤੇ ਲੋਕ ਪਹੁੰਚਣ ਲਗ ਪਏ ਤਾਂ ਖਾਸੀ ਤਗੜੀ ਭੀੜ ਜਮ੍ਹਾਂ ਹੋ ਗਈ। ਹੌਲੀ ਹੌਲੀ ਸੜਕ ਤੇ ਵਾਹਨਾਂ ਦਾ ਲੰਘਣਾ ਔਖਾ ਹੋਣ ਲਗਾ ਅਤੇ ਆਖਰ ਆਵਾਜਾਈ ਲਗਪਗ ਠੱਪ ਹੋ ਗਈ।

ਜ਼ਿਲੇ ਦੇ ਕਿਸਾਨ ਨੇਤਾ ਵੀ ਪਹੁੰਚ ਗਏ। ਹਰ ਕੋਈ ਆਪਣੀ ਸੂਝ ਅਨੁਸਾਰ ਮ੍ਰਿਤਕ ਨੂੰ ਸ਼ਰਧਾਂਜਲੀ ਭੇਟ ਕਰਦਾ ਅਤੇ ਉਸ ਦੀ ਮੌਤ ਦਾ ਸਬੱਬ ਬਣੇ ਕਾਰਨਾਂ ਲਈ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਾ ਆਪਣੀ ਵਾਰੀ ਭੁਗਤਾਈ ਜਾਂਦਾ ਸੀ। ਇਲਾਕੇ ਦੇ ਐਮ.ਐਲ.ਏ. ਸਾਹਿਬ ਵੀ ਆ ਗਏ।

ਹੁਣੇ ਹੁਣੇ ਪਹੁੰਚਿਆ ਇੱਕ ਵਿਅਕਤੀ ਜਿਹਦੇ ਚਿਹਰੇ ਤੇ ਸੂਝਵਾਨ ਸੰਜੀਦਾ ਸਿਆਣਪ ਝਲਕਦੀ ਸੀ, ਆਪਣੇ ਕਿਸੇ ਜਾਣੂ ਨੂੰ ਭੀੜ ਤੋਂ ਰਤਾ ਕੁ ਪਸਿੱਤਾ ਖੜਾ ਵੇਖ ਉੱਧਰ ਨੂੰ ਹੋ ਤੁਰਿਆ।

ਉਸ ਕੋਲ ਪਹੁੰਚ ਉਸ ਵੱਲ ਹੱਥ ਵਧਾਉਂਦਾ ਬੋਲਿਆ, "ਇਹ ਕੀ ਭਾਣਾ ਵਾਪਰ ਗਿਆ?"

"ਭਾਣਾ ਵਾਪਰਿਆ ਨਹੀਂ, ਵਪਰਾਇਆ ਗਿਆ," ਜੁਆਬ ਦੇਣ ਵਾਲਾ ਉਹੋ ਬਲੰਬਰੀ ਪੱਗ ਤੇ ਭਰਵੀਂ ਦਾਹੜੀ ਵਾਲਾ ਸੀ ਜਿਸ ਅਖ਼ਬਾਰ ਵਾਲਿਆਂ ਨੂੰ ਆਪਣੀਆਂ ਮੰਗਾਂ ਬਾਰੇ ਦੱਸਿਆ ਸੀ।

"ਹੈ! ਉਹ ਕਿੰਵੇਂ?"

"ਮਰੇ ਬਾਪੂ ਦਾ ਮੁੱਲ ਪਾਉਣ ਲਗੇ ਆ ਰਲ ਕੇ ਸਾਰੇ," ਉਹਦੇ ਬੋਲਾਂ ਵਿੱਚ ਵਿਅੰਗ ਸੀ। "ਔਹ ਐਮ.ਐਲ.ਏ. ਨੂੰ ਸੁਣੋ ਜ਼ਰਾ," ਉਸ ਚਲਦੀ ਗੱਲਬਾਤ ਨੂੰ ਰੋਕ ਉਧਰ ਧਿਆਨ ਦਵਾਇਆ। ਐਮ.ਐਲ.ਏ. ਸਾਹਿਬ ਭੀੜ ਨੂੰ ਮੁਖਾਤਬ ਸਨ।

"ਮੈਨੂੰ ਸਰਦਾਰ ਸਾਧੂ ਸਿੰਘ ਦੀ ਮੌਤ ਤੇ ਦਿਲੀ ਅਫ਼ਸੋਸ ਹੈ ਜਿਹਨਾਂ ਨੇ ਆਪਣੇ ਆਖਰੀ ਸਾਹ ਕਿਸਾਨਾਂ ਦੇ ਦੁੱਖ-ਤਕਲੀਫ਼ਾਂ ਦੇ ਨਿਵਾਰਣ ਹਿੱਤ ਲੇਖੇ ਲਾ ਦਿੱਤੇ। ਮੈਂ ਇਨ੍ਹਾਂ ਦੇ ਪਰਿਵਾਰ ਦੇ ਦੁੱਖ ਵਿੱਚ ਸ਼ਾਮਲ ਹਾਂ। ਮੈਂ ਪਰਵਾਰ ਨੂੰ ਸਰਕਾਰ ਤੋਂ ਵੱਧ ਤੋਂ ਵੱਧ ਮੁਆਵਜ਼ਾ ਦੁਵਾਉਣ ਦਾ ਯਤਨ ਕਰਾਂਗਾ।..." ਐਮ.ਐਲ.ਏ. ਸਾਹਿਬ ਰਾਜਨੀਤੀ ਦੀ ਬਸਾਤ 'ਤੇ ਗੋਟੀਆਂ ਸੁੱਟੀ ਜਾ ਰਹੇ ਸਨ।

"ਸੁਣ ਲਿਆ ਭਾਈ ਸਾਹਿਬ! ਹੁਣ ਸਾਰਾ ਦਾਰੋਮਦਾਰ ਮੁਆਵਜ਼ੇ ਤੇ ਆ ਕੇ ਰੁਕ ਗਿਆ। ਇਹਨਾਂ ਧਰਨਿਆਂ ਅਤੇ ਰੈਲੀਆਂ ਦੀ ਖੇਹ ਖਰਾਬੀ ਕਰ ਇਸ ਮੁਜਾਹਰੇ ਨੇ ਮੁਆਵਜ਼ਿਆਂ ਦੀ ਮਾਲੀ ਲੁੱਟ ਕੇ ਲੈ ਜਾਣੀ ਆ। ਅਸਲੀ ਮੰਗਾਂ ਪਈਆਂ ਖੂਹ ਖਾਤੇ।" ਉਹਦੇ ਅੰਦਰਲਾ ਰੋਹ ਉਹਦੇ ਬੋਲਾਂ ਵਿੱਚ ਪ੍ਰਤੱਖ ਸੀ।

"ਇੰਜ ਤਾਂ ਕਿਰਸਾਨੀ-ਸੰਘਰਸ਼ ਕੁਰਾਹੇ ਪੈ ਜੂ" ਦੂਸਰੇ ਦੀ ਚਿੰਤਾ ਸੀ।

"ਇਹਨਾਂ ਮੌਕਾ ਪ੍ਰਸਤਾਂ ਨੂੰ ਕੀ ਲਗੇ। ਇਨ੍ਹਾਂ ਤਾਂ ਹਰ ਮੌਕੇ ਦਾ ਫਾਇਦਾ ਉਠਾਉਣਾ ਹੁੰਦਾ। ਵੱਧ ਤੋਂ ਵੱਧ ਮੁਆਵਜ਼ਾ ਲੈਣਗੇ। ਅੱਧ ਪਚੱਧਾ ਪ੍ਰਵਾਰ ਨੂੰ ਦੇਣਗੇ, ਬਾਕੀ ਇਹਨਾਂ ਦਾ ਆਪਣਾ ਨੁਕਲ ਪਾਣੀ ਚਲੂ।" ਉਹ ਡਾਹਢਾ ਪ੍ਰੇਸ਼ਾਨ ਸੀ।

"ਇੰਜ ਈ ਤਾਂ ਮੈਨੀਪੂਲੇਟ ਕਰਦੇ ਆ ਲੋਕ-ਘੋਲਾਂ ਨੂੰ ਇਹੋ ਜਿਹੇ ਮੌਕਾਪ੍ਰਸਤ ਲੋਕ। ਇਹਨਾਂ ਦੇ ਖ਼ੁਰਾਫ਼ਾਤੀ ਦਿਮਾਗ ਨੇ ਮਿੰਟਾਂ ਵਿੱਚ ਯੋਜਨਾ ਬਣਾ ਲਈ ਅਤੇ ਵਰ੍ਹਿਆਂ ਤੋਂ ਮੰਜੇ ਨਾਲ ਮੰਜਾ ਹੋਏ ਬਜ਼ੁਰਗ ਦੀ ਸੁੱਖਾਂ ਸੁੱਖ ਸੁੱਖ ਲਈ ਮੌਤ ਦਾ ਲਾਹਾ ਲੈਣ ਲਈ ਐਨ ਮੌਕੇ ਤੇ ਉਹਦੀ ਚੀਚੀ ਨੂੰ ਲਹੂ ਲਾ ਉਹਨੂੰ ਸ਼ਹੀਦ ਬਣਾ ਧਰਿਆ।" ਉਹ ਦੋਵੇਂ ਸੁਹਿਰਦ ਮਿੱਤਰ ਕਿੰਨੀ ਦੇਰ ਸ਼ਾਤਰਾਂ ਦੀ ਇਸ ਖੇਡ ਤੇ ਝੂਰਦੇ ਰਹੇ।

ਥੋੜ੍ਹੀ ਦੂਰ ਖੜ੍ਹਾ ਇੱਕ ਨੌਜੁਆਨ ਜੋ ਇਸ ਮਜ੍ਹਮੇ ਤੋਂ ਧਿਆਨ ਹਟਾ ਉਹਨਾਂ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣ ਰਿਹਾ ਸੀ ਉਹਨਾਂ ਕੋਲ ਆ ਹੌਲੀ ਜਿਹੀ ਬੋਲਿਆ, "ਅੰਕਲ ਜੀ, ਇਹ ਸਭ ਕੁਝ ਇਤਰਾਂ ਈ ਚਲਦਾ ਰਹੂ ਕਿ ਕੋਈ ਹੱਲ ਵੀ ਹੈਗਾ ਇਸ ਗੰਧਲ ਚੌਦੇਂ ਦਾ?"

ਉਹ ਦੋਵੇਂ ਰਤਾ ਕੁ ਚੌਂਕੇਂ। ਫਿਰ ਉਸੇ ਬਲੰਬਰੀ ਪੱਗ ਵਾਲੇ ਨੇ ਪੁੱਛਿਆ, "ਕਾਕਾ ਤੂੰ! ਕੀ ਨਾਂ ਏ ਤੇਰਾ??

"ਜੀ ਆਦਰਸ਼! ਮੈਂ ਆਹ ਨਾਲ ਦੇ ਪਿੰਡ ਦਾਂ ਜੀ। ਮੈਂ ਕਾਲਜ ਪੜ੍ਹਦਾਂ ਪਰ ਆਪਣੇ ਡੈਡੀ ਨਾਲ ਵਾਹੀ 'ਚ ਪੂਰਾ ਹੱਥ ਵਟਾਉਂਦਾ ਜੀ।" ਉਸ ਬੜੇ ਮਾਣ ਨਾਲ ਆਪਣੇ ਬਾਰੇ ਇਕੋ ਵਾਰ ਹੀ ਸਾਰੀ ਜਾਣਕਾਰੀ ਦੇ ਦਿੱਤੀ।

"ਆਦਰਸ਼ ਪੁੱਤਰ, ਕਿਹੜੀ ਗੁੰਝਲ ਦਾ ਹੱਲ ਨਹੀਂ। ਹਰ ਸਮੱਸਿਆ ਦਾ ਹੱਲ ਲਭ ਸਕਦਾ ਬੰਦਾ। ਬੱਸ ਲੱਭਣ ਵਾਲਾ ਹੋਵੇ ਸਹੀ। ਕਿਰਸਾਨੀ ਦੇ ਇਨ੍ਹਾਂ ਡੁੱਬਦੇ ਘੋਲਾਂ ਲਈ ਜ਼ਿੰਮੇਵਾਰ ਇਹੋ ਜਿਹੇ ਮੌਕਾ ਪ੍ਰਸਤ ਝੋਲੀ ਚੁੱਕਾਂ ਨੂੰ ਸਬਕ ਸਿਖਾਉਣ ਲਈ ਤੇਰੇ ਵਰਗੇ ਨੌਜੁਆਨਾਂ ਦੀ ਸੂਝ ਤੇ ਸੁਚਾਰੂ ਸੋਚ ਦੀ ਲੋੜ ਆ।" ਉਸ ਉਹਦਾ ਮੋਢਾ ਥਾਪੜਦਿਆਂ ਕਿਹਾ।

ਚਾਰ ਪੰਜ ਘੰਟੇ ਦੇ ਸ਼ੋਰਗੁੱਲ ਤੋਂ ਬਾਦ ਫੁੱਲਾਂ ਨਾਲ ਲੱਦੀ ਮ੍ਰਿਤਕ ਦੇਹ ਵਾਲੀ ਟਰਾਲੀ ਪਿੰਡ ਦੀ ਸ਼ਮਸ਼ਾਨ ਘਾਟ ਵਿੱਚ ਆ ਪਹੁੰਚੀ, ਜਿੱਥੇ ਅੰਤਮ ਸੰਸਕਾਰ ਦੀਆਂ ਰਸਮਾਂ ਪੂਰੀਆਂ ਕੀਤੀਆਂ ਜਾ ਰਹੀਆਂ ਸਨ। ਦੋਵੇਂ ਨੇਤਾ-ਨੁਮਾ ਵਿਅਕਤੀ ਆਪਣੀ ਕਾਮਯਾਬੀ ਤੇ ਅੰਦਰੋਂ ਮੁਸਕੜੀਆਂ ਹੱਸਦੇ, ਚਿਹਰਿਆਂ ਤੇ ਬਨਾਵਟੀ ਸੰਜੀਦਗੀ ਦਾ ਮਖੌਟਾ ਪਹਿਨੀ ਚੌੜੇ ਹੋ ਖੜੇ ਸਨ। ਭੀੜ ਵਿਚੋਂ ਤਿੰਨ ਜੋੜੇ ਅੱਖਾਂ ਲਗਾਤਾਰ ਉਹਨਾਂ ਦੇ ਚਿਹਰਿਆਂ ਵੱਲ ਘੂਰ ਰਹੀਆਂ ਸਨ। ਉਹਨਾਂ ਨਿਗਾਹਾਂ ਦੀ ਕੌੜ ਨੂੰ ਅਨੁਭਵ ਕਰ ਉਹਨਾਂ ਉੱਥੋਂ ਛੇਤੀ ਖਿਸਕਣ ਦੀ ਕੀਤੀ।

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

### ਦਿਲ ਨੂੰ ਟੁੰਬ ਜਾਣ ਵਾਲੀ ਇਕ ਨਾਇਕ ਦੀ ਗਾਥਾ

# ਸਰਘੀਆਂ ਦੇ ਬੋਲਾਂ ਦਾ ਮਘਦਾ ਸੂਰਜ ਦਰਸ਼ਨ ਦੁਸਾਂਝ

**ਜਸਵੀਰ ਕੌਰ ਮੰਗੂਵਾਲ**

**"ਛਿੜ ਪਈ ਚਰਚਾ ਹੈ ਕਿਸਦੀ**
**ਕੌਣ ਹੈ ਉਹ ਸੂਰਮਾ ।**
**ਸਰਘੀਆਂ ਦੇ ਬੋਲ**
**ਜੋ ਖੇਤਾਂ 'ਚ ਸਾਡੇ ਗਾ ਰਿਹਾ।"**

"ਸਰਘੀਆਂ ਦੇ ਬੋਲਾਂ ਰਾਹੀ ਖੇਤਾਂ, ਕਾਰਖਨਿਆਂ , ਮਿੱਲਾਂ 'ਚ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਭੱਠਾ ਮਜ਼ਦੂਰਾਂ, ਵਿਦਿਆਰਥੀਆਂ ਦੀ ਅਗਵਾਈ ਕਰਨ ਵਾਲਾ ਦਰਸ਼ਨ ਦੁਸਾਂਝ ਨਕਸਲਵਾੜੀ ਲਹਿਰ ਦਾ ਉਹ ਜਾਂਬਾਜ਼ ਸਿਪਾਹੀ ਸੀ, ਜੋ ਬੰਗਾਲ ਦੀ ਧਰਤੀ ਤੇ ਜੰਮਿਆ ਆਪਣੀ ਜਨਮ ਦਾਤੀ ਤੋਂ ਐਸਾ ਵਿਛੜਿਆਂ ਕਿ ਬੱਦਲਾਂ ਵਾਂਗੂੰ ਭਟਕਦਾ ਹੀ ਰਿਹਾ। ਉਹ ਅਕਸਰ ਹੀ ਗੱਲ ਕਰਦੇ ਕਾਸ਼ ਉਹ ਆਪਣੀ ਮਾਂ ਨੂੰ ਲੱਭ ਸਕਦਾ, ਉਸ ਦਾ ਕੋਈ ਨਾਲ ਦਾ ਜੰਮਿਆ ਭਰਾ ਹੁੰਦਾ। ਭਾਵੇਂ ਮਾਤਾ ਹਰਨਾਮ ਕੌਰ ਤੇ ਪਿਤਾ ਹਜ਼ਾਰਾ ਸਿੰਘ ਨੇ ਉਸ ਨੂੰ ਪਿਆਰ ਨਾਲ ਪਾਲਿਆ ਸੀ ਪਰ ਉਹ ਜਦ ਵੀ ਕਦੇ ਬੰਗਾਲ ਜਾਂਦਾ ਤਾਂ ਉਸ ਮਿੱਟੀ ਪ੍ਰਤੀ ਉਸ ਦਾ ਮੋਹ ਜਾਗ ਪੈਂਦਾ ਤੇ ਉਸ ਨੂੰ ਲੱਗਦਾ ਕਿ ਇੱਥੇ ਉਸ ਦਾ ਕੁਝ ਗਵਾਚਿਆ ਹੈ। ਦਰਸ਼ਨ ਹਮੇਸ਼ਾਂ ਨਿਤਾਣਿਆਂ ਤੇ ਮਜ਼ਲੂਮਾਂ ਦੇ ਹੱਕ ਵਿੱਚ ਖੜ੍ਹਦਾ। ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਵੱਲੋਂ ਖੁਸ਼ਹੈਸੀਅਤੀ ਟੈਕਸ ਲਗਾਉਣ ਤੇ ਉਸ ਨੇ ਨਰਿੰਦਰ ਦੁਸਾਂਝ ਦੀ ਨਿਰਦੇਸ਼ਨਾਂ ਹੇਠ 'ਜੋਗੀ ਮੰਗੇ ਦਾਨ ਵੇ ਲਾਲੋ' ਨਾਟਕ ਖੇਡਿਆ ਪਿੱਛੋਂ ਪੁਲਿਸ ਫੜ ਕੇ ਲੈ ਗਈ। ਫਿਰ ਲੋਕਾਂ ਦੇ ਦਬਾਅ ਕਾਰਨ ਛੱਡ ਦਿੱਤਾ। ਰੰਗ ਮੰਚ ਦੇ ਨਾਲ ਨਾਲ ਉਹ ਸਿਆਸੀ ਸੂਝ ਵੀ ਲੈਣ ਲੱਗਾ। ਉਹ ਪੁਰਾਣੇ ਦੇਸ਼ ਭਗਤ ਕਮਿਊਨਿਸਟਾਂ, ਗਦਰੀ ਬਾਬਿਆਂ ਅਤੇ ਕਿਰਤੀ ਕਾਮਰੇਡਾਂ ਦੇ ਨੇੜੇ ਰਹਿ ਇਹ ਸਿੱਖ ਗਿਆ ਸੀ, ਕਿ ਪੀੜਤ ਵਰਗ ਦੀ ਮੁਕਤੀ ਤੇ ਅਜ਼ਾਦ ਫ਼ਿਜ਼ਾ ਲਈ ਇੱਕੋ -ਇੱਕ ਹੱਲ ਸੰਪੂਰਨ ਇਨਕਲਾਬ ਹੀ ਹੈ ਤੇ ਜੋ ਮਾਰਕਸਵਾਦੀ ਵਿਚਾਰਧਾਰਾ ਅਧੀਨ ਹੀ ਕੀਤਾ ਜਾ ਸਕਦਾ ਹੈ ਮਾਰਕਸਵਾਦ ਹੀ ਇੱਕ ਅਜਿਹੀ ਵਿਗਿਆਨਕ ਵਿਚਾਰਧਾਰਾ ਹੈ ਜੋ ਸਭ ਦੇ ਭਲੇ ਲਈ ਰਾਹ ਦਸੇਰਾ ਹੈ। ਉਹ ਪਹਿਲਾ ਨਰਿੰਦਰ ਦੁਸਾਂਝ, ਜੋਗਿੰਦਰ ਬਾਹਰਲਾ ਤੇ ਫਿਰ ਅੰਮ੍ਰਿਤਸਰ ਆਤਮਜੀਤ ਦੀ ਨਿਰਦੇਸ਼ਨਾਂ ਹੇਠ ਡਰਾਮਾ ਸਕੁਐਡ ਨਾਲ ਕੰਮ ਕਰਨ ਲੱਗਾ, ਜਿੱਥੇ ਉਸ ਦੀ ਮਿੱਤਰਤਾ ਆਤਮਜੀਤ ਨਾਲ ਹੋਈ, ਉੱਥੇ ਉਸ ਦਾ ਰਿਸ਼ਤਾ ਦੁਆਬੀਆ ਹੋਣ ਕਰਕੇ ਮਹਿੰਦਰ ਕੌਰ, ਆਤਮਜੀਤ ਦੀ ਪਤਨੀ ਨਾਲ ਵੀ ਐਸਾ ਜੁੜਿਆ ਕਿ ਉਮਰ ਭਰ ਇਸ ਰਿਸ਼ਤੇ ਨੇ ਮੋਹ ਦੀਆਂ ਤੰਦਾਂ ਨੂੰ ਪੀਡੀਆਂ ਕੀਤਾ ਭੈਣ ਹੋਣ ਨਾਤੇ ਮਹਿੰਦਰ ਕੌਰ ਦਰਸ਼ਨ ਦੀ ਗ੍ਰਿਫਤਾਰੀ ਸਮੇਂ ਪੁਲਿਸ ਦੀਆਂ ਬਦਸਲੂਕੀਆਂ ਸਹਿੰਦੀ ਰਹੀ। ਦਰਸ਼ਨ ਨੂੰ ਹੌਸਲਾ ਦਿੰਦੀ "ਅਸਲੀ ਇਨਸਾਨ ਦੀ ਕਹਾਣੀ" ਵਰਗੀ ਕਿਤਾਬ ਦੇ ਕੇ ਦੁਸ਼ਮਣ ਦੇ ਘੇਰੇ ਵਿੱਚ ਵੀ ਸਿਦਕਦਿਲੀ ਨਾਲ ਜਿਉਣ ਦੀ ਜਾਂਚ ਸਿਖਾਉਂਦੀ ਰਹੀ। ਜਿੰਦਗੀ ਦੇ ਹਰ ਮੋੜ ਤੇ ਮਹਿੰਦਰ ਕੌਰ ਦਾ ਪਰਿਵਾਰ ਦਰਸ਼ਨ ਲਈ ਮੋਹ ਪਿਆਰ ਦਾ ਆਸਰਾ ਬਣਿਆ। ਦਰਸ਼ਨ ਨੇ ਵੀ ਆਤਮਜੀਤ ਦੀ ਮੌਤ ਤੋਂ ਬਾਅਦ ਆਪਣੇ ਭਾਣਜਿਆਂ ਨੂੰ ਪਾਲ਼ਿਆ-ਪੜ੍ਹਾਇਆ ਤੇ ਉਨ੍ਹਾਂ ਦੇ ਹੱਥੀਂ ਵਿਆਹ ਕੀਤੇ। ਦਰਸ਼ਨ ਕਹਿਣੀ ਤੇ ਕਥਨੀ ਦਾ ਪੂਰਾ ਸੀ, ਕਿ ਇੱਕ ਕਮਿਊਨਿਸਟ ਇਨਕਲਾਬੀ ਦੀ ਕੋਈ ਗੋਤ, ਜਾਤ, ਧਰਮ ਜਾਂ ਇਲਾਕਾ ਨਹੀਂ ਹੁੰਦਾ ਉਸ ਨੇ ਆਪਣੇ ਚਾਰੇ ਭਾਣਜਿਆ ਦੇ ਅੰਤਰਜਾਤੀ ਵਿਆਹ ਕੀਤੇ ।

ਉਹ ਵਿਤਕਰਿਆਂ ਤੋਂ ਬਿਨਾਂ ਬਰਾਬਰੀ ਦਾ ਸਮਾਜ ਸਿਰਜਣਾ ਚਾਹੁੰਦਾ ਸੀ। ਇਨਕਲਾਬ ਉਸ ਦਾ ਅਕੀਦਾ ਸੀ, ਮੰਜ਼ਿਲ ਸੀ। ਜਿਸ ਨੂੰ ਪਾਉਣ ਲਈ ਉਸ ਨੇ ਪੰਜਾਬ ਦੀ ਬੰਦ-ਬੰਦ ਕਟਵਾਉਣ ਦੀ ਪੰਰਪਰਾ ਨੂੰ ਆਪਣੇ ਪਿੰਡੇ ਤੇ ਹੰਡਾਇਆ। ਜਿੱਥੇ ਉਹ ਕੇਰਲਾ ਦੀ ਇਨਕਲਾਬੀ ਕੁੜੀ ਅਜੀਤਾ ਨਰਾਇਨ ਤੋਂ ਪ੍ਰਭਾਵਿਤ ਹੋ ਕੇ ਨਕਸਲਵਾੜੀ ਲਹਿਰ ਵਿੱਚ ਸ਼ਾਮਿਲ ਹੋਇਆ ਓਥੇ ਉਸ ਦੇ ਪ੍ਰੇਰਨਾ ਸ੍ਰੋਤ ਬਾਬਾ ਬੂਝਾ ਸਿੰਘ ਜੀ ਵੀ ਸਨ। ਜਿਨ੍ਹਾਂ ਬਿਆਸੀ ਸਾਲਾਂ ਦੀ ਉਮਰ ਵਿੱਚ ਸ਼ਹੀਦੀ ਦੇ ਕੇ ਦਰਸ਼ਨ ਦਾ ਮਾਰਗ ਦਰਸ਼ਨ ਕੀਤਾ। ਉਹ ਅਕਸਰ ਹੀ ਬਾਬਾ ਜੀ ਦੀ ਅੱਸੀ ਸਾਲਾ ਦੀ ਉਮਰ ਵਿੱਚ ਸਾਇਕਲ ਚਲਾਉਣ ਤੇ ਮਾਰਕਸਵਾਦ ਪੜ੍ਹਾਉਣ ਦੀ ਸਰਲ ਵਿਧੀ ਦੀ ਚਰਚਾ ਕਰਦੇ ਰਹਿੰਦੇ, ਕਿ ਜੋ ਵੀ ਇੱਕ ਵਾਰੀ ਬਾਬਾ ਜੀ ਦੀ ਸਕੂਲਿੰਗ ਵਿੱਚ ਬੈਠ ਜਾਂਦਾ ਉਹ ਮੁੜ ਪਿੱਛੇ ਨਾ ਦੇਖਦਾ। ਉਨ੍ਹਾਂ ਵਿੱਚ ਕਿਸੇ ਵੀ ਵਿਅਕਤੀ ਨੂੰ ਕੀਲ ਲੈਣ ਦੀ ਸਮਰੱਥਾ ਸੀ। ਜਦੋਂ ਦਰਸ਼ਨ ਦੁਸਾਂਝ, ਜੋਗਿੰਦਰ ਸਿੰਘ ਦੇ ਖੂਹ ਤੋਂ ਫੜ੍ਹਿਆ ਗਿਆ ਤਾਂ ਪੁਲਿਸ ਬੰਗੇ ਥਾਣੇ ਲੈ ਗਈ। ਪੁੱਛ-ਗਿੱਛ ਕੀਤੀ, ਪੱਲੇ ਕੁਝ ਨਾ ਪਿਆ ਤਾਂ ਤਸ਼ੱਦਦ ਸ਼ੁਰੂ ਹੋ ਗਿਆ...ਬੇਰਹਿਮ ਲਾਠੀਚਾਰਜ, ਮਾਨਸਿਕ ਦਬਾਅ, ਕੈਦ ਵਿੱਚ ਇਕੱਲੇ ਰੱਖਣਾ, ਪਿਸ਼ਾਬ ਨਾਲ਼ ਭਰੇ ਮੱਟ ਕੋਲ ਖੜ੍ਹੇ ਰੱਖਣਾ, ਨਹੁੰ ਉਖਾੜ ਦੇਣੇ, ਸੂਈਆਂ ਨਾਲ਼ ਸਰੀਰ ਦੇ ਅੰਗਾਂ ਨੂੰ ਵਿੰਨਣਾ, ਹੱਥ ਪੈਰ ਬੰਨ੍ਹ ਕੇ ਛੱਤ ਨਾਲ਼ ਟੰਗੀ ਰੱਖਣਾ, ਬਿਜਲੀ ਦੇ ਝਟਕੇ ਦੇਣੇ ਅਤੇ ਅਜਿਹੇ ਹੋਰ ਬਹੁਤ ਸਾਰੇ ਅਕਿਹ ਤਸੀਹੇ ਦੇਣੇ। ਹਕੂਮਤੀ ਜਬਰ ਅੱਗੇ ਡੋਲਣ ਤੋਂ ਬਚਾਉਣ ਲਈ ਉਸ ਅੱਗੇ ਇਤਿਹਾਸ ਦੇ ਕਈ ਨਾਇਕ, ਬਾਬਾ ਬੂਝਾ ਸਿੰਘ, ਗਦਰੀ ਬਾਬੇ, ਤੇਲੰਗਾਨਾ ਘੋਲ ਦੇ ਮਹਾਨ ਮਰਜੀਵੜੇ ਤੇ ਅਜੀਤਾ ਨਰਾਇਨ ਵਰਗੀ ਇਨਕਲਾਬੀ ਕੁੜੀ ਆ ਜਾਂਦੀ। ਉਸ ਨੇ ਕੁਝ ਵੀ ਨਾ ਦੱਸਣ ਦਾ ਪ੍ਰਣ ਕਰ ਲਿਆ। ਉਹ ਸੂਰਮਾਂ ਬਣ ਗਿਆ। ਸ਼ਰਾਬੀ ਪੁਲਸੀਆਂ ਨੇ ਕੁੱਟ-ਕੁੱਟ ਕੇ ਉਸ ਦੀਆਂ ਲੱਤਾਂ ਤੋੜ ਦਿੱਤੀਆਂ। ਥੜੇ ਉੱਤੇ ਲਿਟਾ ਕੇ ਥਾਣੇਦਾਰ ਇੱਟਾਂ ਮਾਰਨ ਲੱਗ ਪਿਆ ਤੇ ਲੱਤਾਂ ਦਾ ਕਚਰਾ ਬਣਾ ਦਿੱਤਾ। ਪੁਲਿਸ ਦੇ ਤਸ਼ੱਦਦ ਬਾਰੇ ਪ੍ਰਸਿੱਧ ਜੁਝਾਰਵਾਦੀ ਕਵੀ ਦਰਸ਼ਨ ਖਟਕੜ ਆਪਣੀ ਕਵਿਤਾ ਵਿੱਚ ਲਿਖਦਾ ਹੈ:

**"ਚਿਣੇ ਨੀਹਾਂ ਵਿੱਚ ਜਾਇਏ**
**ਜਾਂ ਲੱਤਾਂ ਚੂਰ ਕਰਵਾਇਏ**
**ਸਰਹੰਦ ਦੀ ਦੀਵਾਰ ਹੋਵੇ**
**ਜਾਂ ਥਾਣਾ ਬੰਗਿਆਂ ਦਾ"**

ਬੰਗਾ ਥਾਣੇ ਤੋਂ ਬਾਅਦ ਦੁਸਾਂਝ ਨੂੰ ਵੱਖ-ਵੱਖ ਤਸੀਹਾ ਕੇਂਦਰਾਂ ਵਿੱਚ ਘੁਮਾਇਆ ਗਿਆ।ਵੱਖ-ਵੱਖ ਤਰ੍ਹਾਂ ਦੇ ਸਰੀਰਕ ਤੇ ਮਾਨਸਿਕ ਤਸੀਹੇ ਦਿੱਤੇ ਜਾਂਦੇ। ਜੋ ਕਾਮਰੇਡ ਨੇ ਹੱਗਣਾ ਮੂਤਣਾ, ਉਹ ਗੰਦ ਕੱਪੜੇ ਵਿੱਚ ਰੱਖ ਕੇ ਉਸ ਦੇ ਮੂੰਹ ਤੇ ਬੰਨ੍ਹ ਦੇਣਾ। ਇਸ ਤੋਂ ਬਾਅਦ ਦਰਸ਼ਨ ਨੂੰ ਜੁਡੀਸ਼ੀਅਲ ਹਵਾਲਾਤ ਜਲੰਧਰ ਭੇਜ ਦਿੱਤਾ। ਉਹ ਦਰਦਾਂ ਨਾਲ ਕਰਾਹ ਰਿਹਾ ਸੀ। ਰੌਲਾ ਪਾਉਂਦਾ, ਚੀਕਾਂ ਮਾਰਦਾ। ਤੀਜੇ ਦਿਨ ਹਸਪਤਾਲ ਲੈ ਕੇ ਗਏ। ਇੱਕ ਲੱਤ ਲਟਕ ਰਹੀ ਸੀ, ਉਸ ਦਾ ਪਲਾਸਤਰ ਕੀਤਾ, ਦੂਜੀ ਲੱਤ ਬਾਰੇ ਕਿਹਾ ਕਿ ਟੁੱਟੀ ਹੋਈ ਹੈ। ਪਰ ਜੋੜ ਪੈ ਚੁੱਕਾ, ਆਪੇ ਠੀਕ ਹੋ ਜਾਵੇਗੀ। ਦਰਸ਼ਨ ਦੇ ਅੰਗ-ਅੰਗ ਵਿੱਚ ਪੈਂਦੀਆ ਚੀਸਾਂ ਨੂੰ ਕੇਵਲ ਕੌਰ ਨੇ ਪਿਆਰ-ਹਮਦਰਦੀ ਦੇ ਫਹੇ ਲਾਏ, ਹੌਂਸਲਾ ਬੁਲ਼ੰਦ ਕੀਤਾ, ਤੇ ਨਿੱਤ ਵਰਤੋਂ ਦਾ ਜ਼ਰੂਰੀ ਸਮਾਨ ਦਿੱਤਾ ਅਤੇ ਇਹ ਦੱਸਿਆ ਕਿ ਦਰਬਾਰਾ ਸਿੰਘ ਢਿੱਲੋਂ ਉਸ ਦਾ ਕੇਸ ਮੁਫ਼ਤ ਵਿੱਚ ਲੜੇਗਾ । ਉਸ ਨੇ ਇਹ ਵੀ ਦੱਸਿਆ ਕਿ ਐਡਵੋਕੇਟ ਹਰਭਜਨ ਸੰਘਾ ਤੇ ਐਡਵੋਕੇਟ ਹਰਦਿਆਲ ਵੀ ਨਕਸਲੀਆਂ ਦੇ ਮੁਫ਼ਤ ਕੇਸ ਲੜ ਰਹੇ ਹਨ। ਦਰਸ਼ਨ ਦਾ ਦਰਬਾਰਾ ਸਿੰਘ ਢਿੱਲੋਂ ਤੇ ਬਾਕੀਆਂ ਪ੍ਰਤੀ ਸਤਿਕਾਰ ਵੱਧ ਗਿਆ ।ਦਰਸ਼ਨ ਦੀ ਜਿਉਣ ਦੀ ਆਸ ਜ਼ਿੰਦਾ ਹੋ ਗਈ।ਭਾਵੇਂ ਕਿ ਪੁਲਿਸ ਵੱਲੋਂ ਦਰਬਾਰਾ ਸਿੰਘ ਨੂੰ ਧਮਕਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਉਹ ਡਰਿਆ ਨਹੀਂ ਸਗੋਂ ਦਲੇਰੀ ਨਾਲ ਜਵਾਬ ਦਿੱਤਾ। ਦੁਸਾਂਝ ਅਕਸਰ ਦਰਬਾਰਾ ਸਿੰਘ ਦੀ ਬਹਾਦਰੀ ਦੀਆਂ ਗੱਲਾਂ ਕਰਦੇ ਸਨ। ਸੰਨ 2005 ਵਿੱਚ ਦਰਬਾਰਾ ਸਿੰਘ ਢਿੱਲੋਂ ਦਾ ਨਵਾਂਸ਼ਹਿਰ ਵਿਖੇਂ ਸਨਮਾਨ ਕੀਤਾ ਗਿਆ। ਉਸ ਨੇ ਸਨਮਾਨ ਦੀ ਰਾਸ਼ੀ ਲੈਣ ਤੋਂ ਇਨਕਾਰ ਕਰ ਦਿੱਤਾ। ਪਰ ਸਨਮਾਨ ਦਾ ਸ਼ਾਲ ਲੈ ਕੇ ਬਹੁਤ ਖੁਸ਼ ਹੋਇਆ। ਉਸ ਦੇ ਕੀਤੇ ਕੰਮ ਨੂੰ ਲੋਕੀ ਸਦੀਆਂ ਤੱਕ ਯਾਦ ਰੱਖਣਗੇ। ਦਰਸ਼ਨ ਦੁਸਾਂਝ ਉੱਪਰ ਢਾਹੇ ਜ਼ੁਲਮ ਦੀਆਂ ਗੱਲਾਂ ਘਰ-ਘਰ ਦੰਦ-ਕਥਾਵਾਂ ਬਣ ਹੋ ਰਹੀਆ ਸਨ। ਕਹਿੰਦੇ ਕਿ ਉਸ ਦੀਆਂ ਲੱਤਾਂ ਲੋਹੇ ਦੀਆਂ ਆ.. ਨਲਕੇ ਦੇ ਹੈਂਡਲ ਨਾਲ ਵੀ ਨਾ ਟੁੱਟੀਆਂ, ਉਹਦੇ ਕੋਲ ਗੁਰੂਆਂ ਵਾਲੀ ਸ਼ਕਤੀ ਹੈਂ, ਉਸ ਨੇ ਥਾਣੇਦਾਰ ਨੂੰ ਦਬਕਾ ਮਾਰਿਆ ਉਸ ਦਾ ਮੂਤ ਨਿਕਲ ਗਿਆ ।ਅੱਤ ਦੀ ਕੁੱਟ ਖਾ ਕੇ ਵੀ ਉਹ ਥਾਣੇਦਾਰ ਨੂੰ ਕਹਿੰਦਾ 'ਕਾਹਨੂੰ ਜਵਾਈ ਨੂੰ ਮਾਰਦਾ ਏਂ'। ਕਈ ਜੁਝਾਰਵਾਦੀ ਕਵੀਆਂ ਨੇ ਉਸ ਤੇ ਕਵਿਤਾਵਾਂ ਲਿਖੀਆਂ

**"ਹਾਂ ਤੇ ਬਾਬਾ ਦੀਪ ਸਿੰਘ**
**ਆਪਣਾ ਤੇ ਕੁਝ ਵੀ ਵੰਡਿਆ ਨਹੀਂ**
**ਜਾਂਚ ਤਾਂ ਦੱਸ**
**ਸੀਸ ਤਲੀ ਤੇ ਕਿੰਝ ਧਰੀਦਾ ਏ"**

ਪੁਲਿਸ ਵਾਲ਼ੇ ਉਸ ਨੂੰ ਤਰੀਕ ਭੁਗਤਾਉਣ ਨਵਾਂਸ਼ਹਿਰ ਕਚਹਿਰੀ ਵਿੱਚ ਲੈ ਕੇ ਆਉਂਦੇ। ਕਾਲਜਾਂ ਦੇ ਵਿਦਿਆਰਥੀ ਉਸ ਨੂੰ ਦੇਖਣ ਆਉਂਦੇ। ਉਸ ਤੋਂ ਤੁਰਿਆ ਨਾ ਜਾਣਾ, ਦੋ ਸਿਪਾਹੀਆ ਨੇ ਸਹਾਰਾ ਦੇ ਕੇ ਚੁੱਕਿਆ ਹੋਣਾ। ਬੇੜੀਆਂ ਤੇ ਹੱਥਕੜੀਆਂ ਵਿੱਚ ਜਕੜਿਆ ਹੋਣਾ, ਇਸ ਦੇ ਬਾਵਜੂਦ ਵੀ ਉਹ ਨਾਅਰੇ ਮਾਰਦਾ ਕਚਿਹਰੀ ਵਿੱਚ ਆਉਂਦਾ ਤੇ ਨਾਅਰੇ ਮਾਰਦਾ ਵਾਪਸ ਜਾਂਦਾ। ਉਸ ਦੌਰ ਵਿੱਚ ਅੰਮ੍ਰਿਤਸਰ ਦਾ ਇੰਟੈਰੋਗੇਸ਼ਨ ਸੈਂਟਰ ਬਹੁਤ ਮਸ਼ਹੂਰ ਸੀ ਤਸ਼ਦੱਦ ਲਈ। ਦੁਸਾਂਝ ਤੇ ਉਸ ਦੇ ਸਾਥੀ ਅਜੀਤ ਰਾਹੀ ਨੂੰ ਵੀ ਇੱਥੇ ਲਿਆਂਦਾ। ਉਨ੍ਹਾਂ ਧਮਕਾਉਂਦਿਆਂ ਦੁਸਾਂਝ ਨੂੰ ਕਿਹਾ, "ਦੇਖ ਜੋ ਪੁੱਛੀਏ... ਬੰਦੇ ਦਾ ਪੁੱਤ ਬਣ ਕੇ ਦੱਸ ਦੇਵੀਂ, ਝੂਠ ਬੋਲਿਆ ਤਾਂ ਬਹੁਤ ਤੰਗ ਹੋਵੇਂਗਾ, ਇੱਥੇ ਅਸੀਂ ਕੰਧਾਂ ਤੋਂ ਵੀ ਸੱਚ ਪੁੱਛ ਲੈਂਦੇ ਆਂ"। ਉਨ੍ਹਾਂ ਤਸੀਹੇ ਯੰਤਰਾਂ ਦੀ ਜਾਣਕਾਰੀ ਦੇ ਡਰਾਉਣ ਦੀ ਕੋਸ਼ਿਸ਼ ਕੀਤੀ। ਹਰ ਰੋਜ਼ ਉਹਦਾ ਗੂੰਹ ਉਹਦੇ ਮੂੰਹ ਤੇ ਬੰਨ ਦੇਣਾ, ਜਾਗੇ ਦੀ ਸਜ਼ਾ ਦੇਣੀ, ਮੋਮਬੱਤੀਆਂ ਨਾਲ ਚਮੜੀ ਵੀ ਸਾੜੀ। ਪਰ ਉਹ ਸੂਰਮਾਂ ਡੋਲਿਆਂ ਨਾ। ਬਾਬਾ ਬੂਝਾ ਸਿੰਘ ਦੀ ਸ਼ਹੀਦੀ ਉਸ ਦੀਆਂ ਅੱਖਾਂ ਵਿੱਚ ਖੂਨ ਲੈ ਆਉਂਦੀ, ਉਹ ਅਡੋਲ ਹੋ ਜਾਂਦਾ। ਸਾਰੀ ਜਿੰਦਗੀ ਉਹ ਪੁਲਸੀ ਜਰਵਾਣਿਆਂ ਨੂੰ ਨਫ਼ਰਤ ਕਰਦਾ ਰਿਹਾ। ਰੋਜ਼ੀ ਰੋਟੀ ਲਈ ਭਰਤੀ ਹੋਏ ਪੁਲਿਸ ਮੁਲਾਜ਼ਮ ਉਸ ਦੀ ਬਹੁਤ ਇੱਜ਼ਤ ਕਰਦੇ ਸਨ। ਪਰ ਉਸ ਦੇ ਜਿਸਮ ਦੀ ਪੀੜ ਉਸ ਨੂੰ ਤੜਫਾਉਂਦੀ ਰਹੀ। ਉਹ ਉਨ੍ਹਾਂ ਤੇ ਵਿਸ਼ਵਾਸ਼ ਨਾ ਕਰਦਾ। ਉਹ ਜ਼ਰਵਾਣਿਆ ਦੇ ਜੁਲਮ ਨੂੰ ਸਾਰੀ ਜ਼ਿੰਦਗੀ ਭੁੱਲ ਨਾ ਸਕਿਆ। ਉਸ ਦਾ ਇਹ ਇਨਕਲਾਬ ਪ੍ਰਤੀ ਮੋਹ ਹੀ ਸੀ ਕਿ ਉਹ ਲਗਾਤਾਰ ਕਈ ਕਈ ਦਿਨ ਮੀਟਿੰਗਾਂ ਕਰਵਾਉਂਦਾ। ਸਾਇਕਲ ਤੇ ਇੱਕ ਲੱਤ ਦੇ ਸਹਾਰੇ ਬਹੁਤ ਦੂਰ-ਦੂਰ ਤੱਕ ਜਾਂਦਾ। ਛੇਤੀ-ਛੇਤੀ ਸਾਇਕਲ ਬਦਲ ਦਿੰਦਾ। ਸਾਡੇ ਘਰ ਉਹ ਮੇਰੇ ਸੁਰਤ ਸੰਭਾਲਣ ਤੋਂ ਪਹਿਲਾਂ ਦੇ ਆਉਂਦੇ ਸਨ। ਨਕਸਲਵਾੜੀ ਲਹਿਰ ਵਿੱਚ ਸਾਡੇ ਪਿੰਡ ਦੇ ਤਿੰਨ ਮੁੰਡੇ ਸ਼ਹੀਦ ਹੋਏ ਸਨ। ਪਾਸ਼ ਨੇ ਆਪਣੇ ਗੀਤ "ਕਿਰਤੀ ਦੀਏ ਕੁੱਲੀਏ" ਵਿੱਚ ਮੰਗੂਵਾਲ ਨੂੰ ਕਮਿਊਨਿਸਟਾਂ ਦੀ ਰਾਜਧਾਨੀ ਕਿਹਾ ਸੀ। ਮੰਗੂਵਾਲ ਦੇ ਸ਼ਹੀਦਾਂ ਦੇ ਸ਼ਹੀਦੀ ਦਿਨ ਮਨਾਏ ਜਾਂਦੇ, ਅਸੀ ਭਾਸ਼ਨ ਸੁਣਦੇ, ਗੀਤ ਗਾਉਂਦੇ।

ਮੇਰੇ ਡੈਡੀ ਜੀ ਦੇ ਵਿਦੇਸ਼ ਜਾਣ ਤੋਂ ਬਾਅਦ ਮੇਰੇ ਡੈਡੀ ਜੀ ਨੇ ਮੇਰੀ ਮੰਮੀ ਜੀ ਨੂੰ ਕਿਹਾ ਸੀ, "ਮੇਰੇ ਦੋਸਤਾਂ ਦਾ ਪਹਿਲਾ ਵਾਂਗ ਹੀ ਸਤਿਕਾਰ ਕਰਨਾ। ਉਹ ਸੱਚੇ ਸੁੱਚੇ ਦੇਸ਼ ਭਗਤ ਹਨ। ਸਾਡੇ ਘਰ ਲਗਭਗ ਸਾਰੇ ਇਨਕਲਾਬੀ ਗਰੁੱਪਾਂ ਦੇ ਕਾਮਰੇਡ ਆਉਂਦੇ। ਉਨ੍ਹਾਂ ਸਾਨੂੰ ਹਮੇਸ਼ਾ ਕਹਿਣਾ ਤੁਸੀਂ ਸਭ ਦੀ ਸੇਵਾ ਕਰਿਆ ਕਰੋ, ਜੋ ਵੀ ਇਨਕਲਾਬ ਲਈ ਤੁਰਿਆ ਹੋਇਆ ਹੈ। ਉਹ ਸਾਨੂੰ ਮਾਰਕਸਵਾਦ ਬਾਰੇ ਸਿੱਖਿਆ ਦਿੰਦੇ। ਪਤਾ ਹੀ ਨਹੀਂ ਲੱਗਾ ਕਦੋਂ ਅਸੀ ਵੀ ਉਨਾਂ ਨੂੰ ਪਿਆਰ ਕਰਨ ਲੱਗ ਪਏ। ਉਨ੍ਹਾਂ ਜਦੋਂ ਕੁਝ ਲਿਖਣਾ ਮੈਨੂੰ ਤੇ ਮੇਰੇ ਭਰਾ ਨੂੰ ਸੁਣਾਉਣਾ ਸਾਨੂੰ ਸਾਹਿਤ ਦੀ ਛੋਟੇ ਹੋਣ ਕਰਕੇ ਜ਼ਿਆਦਾ ਸਮਝ ਨਹੀਂ ਸੀ। ਕਈ ਵਾਰੀ ਅਸੀਂ ਹੱਸ ਪੈਣਾ ਤਾਂ ਉਨ੍ਹਾਂ ਸਾਨੂੰ ਝਿੜ੍ਹਕਾਂ ਮਾਰਨੀਆਂ ਪਿਆਰ ਵੀ ਬਹੁਤ ਕਰਨਾ। ਚੰਗਾ ਸਾਹਿਤ ਪੜ੍ਹਨ ਲਿਖਣ ਲਈ ਪ੍ਰੇਰਤ ਹੀ ਨਹੀਂ ਕਰਨਾ ਸਗੋਂ ਚੰਗੀਆਂ ਕਿਤਾਬਾਂ ਲਿਆ ਕੇ ਦੇਣੀਆਂ। ਕੁਝ ਲਿਖਣਾ ਤਾਂ ਉਤਸ਼ਾਹਿਤ ਕਰਨਾ, ਗਲਤੀਆਂ ਦੱਸਣੀਆਂ, ਜੀਵਨ ਜਾਂਚ ਸਿਖਾਉਣੀ। ਮਨੁੱਖਤਾਂ ਦਾ ਦਰਦ ਸਮਝਣ ਦੀ ਸੋਝੀ ਦੇਣੀ। ਉਨ੍ਹਾਂ ਦਾ ਦਿਲ ਬਹੁਤ ਹੀ ਨਰਮ ਸੀ। ਨੰਦ ਲਾਲ ਸਹਿਗਲ ਨੂੰ ਮਾਰਨ ਸਮੇਂ ਜਦੋਂ ਨਕਸਲੀਆਂ ਨੇ ਗੋਲੀ ਚਲਾਈ ਤਾਂ ਚਾਹ ਦੀ ਦੁਕਾਨ ਕਰਦਾ ਇੱਕ ਨਿਹੰਗ ਸਿੰਘ ਇਨ੍ਹਾਂ ਮਗਰ ਕਿਰਪਾਨ ਕੱਢ ਕੇ ਮਗਰ ਦੌੜ ਪਿਆ। ਇਹਨਾਂ ਨੇ ਆਪਣੇ ਬਚਾਅ ਲਈ ਉਹਦੇ ਵੱਲ ਗੋਲੀ ਚਲਾ ਦਿੱਤੀ, ਉਹ ਡਿੱਗ ਪਿਆ। ਦੁਸਾਂਝ ਨੂੰ ਸਾਰੀ ਰਾਤ ਨੀਂਦ ਨਾ ਆਈ ਕਿ ਕਿਤੇ ਮਜ਼ਦੂਰ ਆਦਮੀ ਮਰ ਨਾ ਗਿਆ ਹੋਵੇ। ਪਰ ਉਹਦੇ ਗੋਲ਼ੀ ਲੱਗੀ ਨਹੀਂ ਸੀ। ਇਸ ਤਰ੍ਹਾਂ ਹੀ ਦਰਸ਼ਨ ਦੁਸਾਂਝ ਦੀ ਗ੍ਰਿਫਤਾਰੀ ਸਮੇਂ ਸੋਹਣ ਲਾਲ ਜੋਸ਼ੀ ਨੂੰ ਸ਼ੱਕ ਦੀ ਬਿਨਾਹ ਤੇ ਬਿਨ੍ਹਾਂ ਪੜਤਾਲ਼ ਕੀਤਿਆ ਸ਼ਹੀਦ ਕਰ ਦਿੱਤਾ। ਜਦੋਂ ਦਰਸ਼ਨ ਨੂੰ ਜੇਲ੍ਹ ਵਿੱਚ ਪਤਾ ਲੱਗਾ ਤਾਂ ਉਹ ਸੁੰਨ ਹੋ ਗਿਆ। ਉਸ ਦਾ ਭਰਾ ਮੋਹਣੀ ਜੇਲ੍ਹ ਵਿੱਚ ਬੰਦ ਸੀ। ਜਦੋਂ ਸੋਹਣ ਦੀ ਮਾਂ ਤੇ ਮਾਸੀ ਮਿਲਣ ਆਉਂਦੀਆਂ ਤਾਂ ਦਰਸ਼ਨ ਨੂੰ ਕਹਿੰਦੀਆਂ "ਸੋਹਣ ਨੂੰ ਮਿਲਿਆ ਬੜਾ ਚਿਰ ਹੋ ਗਿਆ, ਪੁੱਤ ਨੂੰ ਆਖੀਂ ਕਿਤੇ ਮਿਲ ਜਾਵੇ"।

ਮਾਂ ਦਾ ਤਰਲਾ ਦੇਖ ਦਰਸ਼ਨ ਦਾ ਗਚ ਭਰ ਆਉਂਦਾ। ਇਸ ਤਰਾਂ ਹੀ ਕਾਮਰੇਡ ਰਾਮ ਕਿਸ਼ਨ ਕਿਸ਼ੂ 'ਆਪਣਿਆਂ' ਦੀ ਗੋਲੀ ਦਾ ਸ਼ਿਕਾਰ ਹੋ ਭੇਦ ਭਰੀ ਹਾਲਤ ਵਿੱਚ ਸ਼ਹੀਦ ਹੋ ਗਿਆ। ਦਰਸ਼ਨ ਨੇ ਜੇਲ੍ਹ ਤੋਂ ਬਾਹਰ ਆ ਕੇ, ਪੜਤਾਲ ਕਮੇਟੀਆਂ ਬਿਠਾ ਕੇ ਦੋਨ੍ਹਾਂ ਨੂੰ ਨਿਰਦੋਸ਼ ਕਰਾਰ ਦਿਵਾ, ਸ਼ਹੀਦ ਦਾ ਦਰਜਾ ਦੁਆਇਆ। ਸਾਰੀ ਜਿੰਦਗੀ ਉਸ ਦੀਆਂ ਅੱਖਾਂ ਅੱਗੇ ਸੋਹਣ ਦੀ ਮਾਂ ਦਾ ਤਰਲਾ ਘੁੰਮਦਾ ਰਿਹਾ ਤੇ ਯਾਦ ਕਰ ਉਹ ਉਦਾਸ ਹੋ ਜਾਂਦਾ। ਉਹ ਆਪਣੇ ਉਨ੍ਹਾਂ ਸਾਥੀਆਂ ਨੂੰ, ਜੋ ਪੁਲਿਸ ਦੀ ਗੋਲੀ ਨਾਲ ਸ਼ਹੀਦ ਨਹੀਂ ਹੋਏ ਪਰ ਲਹਿਰ ਲਈ ਮੀਲ ਪੱਥਰ ਬਣਨ ਦਾ ਕੰਮ ਕੀਤਾ ਸੀ, ਹਮੇਸ਼ਾ ਯਾਦ ਕਰਦੇ ਰਹਿੰਦੇ। ਉਨ੍ਹਾਂ ਦੀਆਂ ਜੀਵਨੀਆਂ ਦੇ ਅਧਾਰਿਤ 'ਅਮਿੱਟ ਪੈੜਾਂ' ਕਿਤਾਬ ਲਿਖੀ। ਕਦੇ ਕਦੇ ਉਹ ਪਾਰਟੀ ਫੁੱਟਾਂ ਤੋਂ ਉਦਾਸ ਹੋ ਕਹਿਣ ਲੱਗਦੇ ਲਹਿਰ ਉਸਰ ਨਹੀਂ ਰਹੀ, ਮੰਜ਼ਿਲ ਦਿੱਸਦੀ ਨਹੀਂ; ਚੰਗਾ ਹੁੰਦਾ ਕਿ ਮੈਂ ਪੁਲਿਸ ਦੀ ਗੋਲੀਂ ਨਾਲ਼ ਹੀ ਸ਼ਹੀਦ ਹੋ ਜਾਂਦਾ। ਤੇ ਫਿਰ ਇੱਕ ਦਮ ਉਹ ਆਪਣੇ ਵਿੱਚ ਉਤਸ਼ਾਹ ਭਰ ਕੇ ਕਹਿੰਦੇ ਕਿ ਇੱਕ ਸੱਚਾ ਇਨਕਲਾਬੀ ਕਦੇ ਹਾਰਦਾ ਨਹੀਂ। ਉਹ ਹਰ ਜਬਰ-ਜ਼ੁਲਮ ਦਾ ਮੁਕਾਬਲਾ ਅਡੋਲ ਹੋ ਕਰਦਾ ਹੈ। ਉਹ ਸੁਭਾਅ ਦੇ ਸ਼ਰਮਾਕਲ ਸਨ। ਜਿਆਦਾ ਛੇਤੀ ਕਿਸੇ ਨਾਲ਼ ਘੁਲਦੇ-ਮਿਲਦੇ ਨਹੀਂ ਸਨ। ਘਰ ਦੀਆਂ ਸੁਆਣੀਆਂ ਦੀ ਇੱਜਤ ਕਰਦੇ, ਪਿਆਰ ਸਤਿਕਾਰ ਕਰਦੇ। ਉਹ ਉਨ੍ਹਾਂ ਤੋਂ ਦੂਰੀ ਵੀ ਬਣਾਈ ਰੱਖਦੇ। ਉਹ ਕਹਿੰਦੇ ਸਨ ਕਿ ਹਰ ਕਮਿਊਨਿਸਟ ਵਿਅਕਤੀ ਦਾ ਇਮਾਨ ਤੇ ਇਖਲਾਕ ਹਮੇਸ਼ਾ ਉੱਚਾ ਰਹਿਣਾ ਚਾਹੀਦਾ ਹੈ। ਉਹ ਚਾਹੁੰਦੇ ਸਨ ਕਿ ਹੋ ਸਕੇ ਤਾਂ ਰੋਟੀ-ਪਾਣੀ ਦੇਣ ਲਈ ਕੋਈ ਮੇਲ ਮੈਂਬਰ ਆਵੇ। ਕਾਮਰੇਡਾਂ ਦਾ ਲੋਕਾਂ ਦੇ ਚੁੱਲ੍ਹਿਆਂ ਚੌਂਕਿਆਂ ਵਿੱਚ ਘੁੰਮਣਾ ਉਨ੍ਹਾਂ ਨੂੰ ਪਸੰਦ ਨਹੀਂ ਸੀ। ਉਹ ਸਮਝੌਤਾਵਾਦੀ ਨਹੀਂ ਸਨ। ਉਹ ਅਕਸਰ ਹੀ ਕਹਿੰਦੇ ਸਨ ਕਿ ਮੈਂ ਨਿੰਮ ਵਰਗਾ ਕੌੜਾ ਹਾਂ। ਨਿੰਮ ਕੌੜੀ ਜਰੂਰ ਹੁੰਦੀ ਹੈ, ਪਰ ਖੂਨ ਸਾਫ਼ ਕਰ ਦਿੰਦੀ ਹੈ।

ਬਰਸਾਤਾਂ ਦੇ ਦਿਨਾਂ ਵਿੱਚ ਉਨ੍ਹਾਂ ਦੀ ਲੱਤ ਗਲ਼ ਜਾਣੀ, ਪਾਕ ਪੈ ਜਾਣੀ। ਉਨ੍ਹਾਂ ਘੁੱਟ ਕੇ ਪਿਸ ਕੱਢਣੀ, ਗਰਮ ਪਾਣੀ ਨਾਲ ਧੋਹ ਕੇ ਕਦੇ ਨਾਰੀਅਲ ਦਾ ਤੇਲ ਲਾਉਣਾ, ਕਦੇ ਨਿਊਸਪਰੀਨ ਪਾਊਡਰ ਲਾਉਣਾ, ਪੱਟੀ ਕਰਨੀ। ਮੇਰੇ ਦਾਦਾ, ਦਾਦੀ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ ਸਨ। ਜੇ ਉਨ੍ਹਾਂ ਕੁਝ ਦਿਨ ਨਾ ਆਉਣਾ ਤਾਂ ਮੇਰੀ ਦਾਦੀ ਜੀ ਨੇ ਕਾਂ ਉਡਾਉਣੇ ਕਿ ਦਰਸ਼ਨ ਠੀਕ ਹੋਵੇ ਆਇਆ ਨਹੀਂ। ਉਹ ਆਪਣੇ ਕੋਲ ਹੋਮੀਓਪੈਥੀ ਦੀਆਂ ਕਿਤਾਬਾਂ ਤੇ ਦੁਆਈਆਂ ਰੱਖਦੇ ਸਨ। ਜੇਕਰ ਮੇਰੀ ਦਾਦੀ ਦੀ ਕੋਈ ਸਹੇਲੀ ਬਿਮਾਰ ਹੋ ਜਾਂਦੀ ਤਾਂ ਦੁਸਾਂਝ ਅੰਕਲ ਉਸ ਨੂੰ ਦੁਆਈ ਦਿੰਦੇ। ਅਸੀਂ ਹੱਸੀ ਜਾਣਾ ਕਿ ਅੰਕਲ ਡਾਕਟਰ ਬਣੇ ਹੋਏ ਆ। ਇੱਕ ਵਾਰੀ ਉਨ੍ਹਾਂ ਨੇ ਕਵਿਤਾ ਲਿਖੀ "ਮੈਂ ਕੱਲਰ ਦਾ ਫੁੱਲ ਓ ਯਾਰਾ" ਸੁਣ ਕੇ ਮੈਂ ਉਦਾਸ ਹੋ ਗਈ। ਮੈਂ ਸੁੱਤੇ ਸਿੱਧ ਹੀ ਕਿਹਾ, "ਅੰਕਲ ਜੀ, ਤੁਸੀਂ ਕੱਲਰ ਦਾ ਫੁੱਲ ਨਹੀਂ, ਮੈਂ ਤੁਹਾਡੀ ਧੀ ਹਾਂ", ਤਾਂ ਉਨ੍ਹਾਂ ਉਦਾਸ ਲਹਿਜੇ ਵਿੱਚ ਕਿਹਾ, "ਕੌਣ ਬਣਦਾ ਧੀ? ਕਹਿਣਾ ਸੌਖਾ ਨਿਭਾਉਣਾ ਬੜਾ ਔਖਾ"। ਮੈਂ ਫਿਰ ਕਿਹਾ, "ਮੈਂ ਨਿਭਾਵਗੀ"। ਮੈਂ ਉਨ੍ਹਾਂ ਦੀ ਡਾਇਰੀ ਤੇ ਲਿਖ ਦਿੱਤਾ ਕਿ ਅੱਜ ਤੋਂ ਮੈਂ ਤੁਹਾਡੀ ਧੀ ਮੈਂ ਹਰ ਦੁੱਖ ਸੁੱਖ ਵਿੱਚ ਸਾਥ ਦੇਵਾਂਗੀ ਤੇ ਸਾਡਾ ਰਿਸ਼ਤਾ ਉਨ੍ਹਾਂ ਦੇ ਜਿਉਂਦਿਆਂ ਤੱਕ ਨਿਭਿਆ। ਉਹ ਕਹਿੰਦੇ ਸਨ ਕਿ ਮੇਰਾ ਸੰਸਕਾਰ ਵੀ ਮੰਗੂਵਾਲ ਹੀ ਕਰੀਂ ਤਿੰਨਾਂ ਸਹੀਦਾਂ ਨਾਲ, ਪਰ ਦੁਸਾਂਝ ਕਲਾਂ ਵਾਲੇ ਨਹੀਂ ਮੰਨੇ। ਬਿਮਾਰੀਆਂ ਦਾ ਚੁਤਰਫਾ ਹਮਲਾ ਨਾ ਸਹਾਰਦੇ ਹੋਏ, ਉਹ 15 ਅਗਸਤ, 2000 ਨੂੰ ਨਈਅਰ ਹਸਪਤਾਲ ਅੰਮ੍ਰਿਤਸਰ, ਸਾਡੇ ਕੋਲੋਂ ਸਦਾ ਲਈ ਵਿਛੜ ਗਏ।

ਅੱਜ ਉਨ੍ਹਾਂ ਨੂੰ ਸਾਡੇ ਕੋਲੋਂ ਗਿਆਂ ਬਾਰਾਂ ਸਾਲ ਹੋ ਗਏ। ਸੋ ਆਓ ਸੋਚੀਏ ਕੀ ਬਦਲਿਆ ਇਨ੍ਹਾਂ ਸਾਲਾਂ ਵਿੱਚ? ਕੀ ਸਿਰਜ ਹੋਇਆਂ ਉਨ੍ਹਾਂ ਦੇ ਸੁਪਨਿਆਂ ਦਾ ਸਮਾਜ? ਬਿਲਕੁਲ ਨਹੀਂ, ਅੱਜ ਵੀ ਮੇਹਨਤਕਸ਼ ਭੁੱਖਾ ਮਰਦਾ ਹੈ, ਕਿਸਾਨ ਖੁਦਕਸ਼ੀਆਂ ਕਰ ਰਿਹਾ ਹੈ, ਲੋਕਾਂ ਦੀ ਚੁਣੀ ਹੋਈ ਸਰਕਾਰ ਮੁਲਾਜ਼ਮ ਵਰਗ ਤੇ ਅੱਤਿਆਚਾਰ ਢਾਉਂਦੀ ਤੇ ਫਤਵੇ ਲਾਉਂਦੀ ਹੈ। ਨੌਜਵਾਨ ਨਸ਼ਿਆਂ ਦਾ ਸ਼ਿਕਾਰ ਹੈ ਤੇ ਧੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਦਿੱਤਾ ਜਾਂਦਾ ਹੈ। ਔਰਤਾਂ ਦੀ ਬੇਪੱਤੀ ਹੋ ਰਹੀ ਹੈ। ਗੰਦੇ ਸੱਭਿਆਚਾਰ ਨੂੰ ਫੈਲਾਇਆ ਜਾ ਰਿਹਾ ਹੈ।ਜਾਤ, ਧਰਮ ਦੇ ਨਾਂ ਤੇ ਨਿੱਤ ਦਿਨ ਦੰਗੇ ਹੋ ਰਹੇ ਹਨ।ਅਮੀਰ ਗਰੀਬ ਦਾ ਪਾੜਾ ਵੱਧ ਗਿਆ ਹੈ ।ਅੱਜ ਵੀ ਝੂਠੇ ਪੁਲਿਸ ਮੁਕਾਬਲੇ ਬਣਾਏ ਜਾਂਦੇ ਹਨ। ਅੱਜ ਵੀ ਸਲਵਾ ਜੁਡਮ ਰਾਹੀਂ ਪਿੰਡਾਂ ਦੇ ਪਿੰਡ ਉਜਾੜੇ ਤੇ ਤਬਾਹ ਕੀਤੇ ਜਾ ਰਹੇ ਹਨ। ਅੱਜ ਵੀ ਸਰਕੇਗੁਡਾ ਵਿੱਚ ਪੁਲਿਸ ਵੱਲੋਂ ਮਾਓਵਾਦੀਆਂ ਦੇ ਸਫਾਏ ਦੇ ਨਾਂ ਹੇਠ ਆਦਿਵਾਸੀਆਂ ਤੇ ਕਹਿਰ ਢਾਹਿਆ ਗਿਆ। ਪੰਦਰ੍ਹਾਂ ਸੋਲ੍ਹਾਂ ਸਾਲਾਂ, ਇੱਥੋਂ ਤੱਕ ਅੱਠ ਸਾਲਾਂ ਦੇ ਬੱਚਿਆਂ ਤੇ ਔਰਤਾਂ ਨੂੰ ਵੀ ਨਹੀਂ ਬਖਸ਼ਿਆ ਜਾਂਦਾ। ਅੱਜ ਵੀ ਸੋਨੀ ਸੋਰੀ ਵਰਗੀਆਂ ਅਨੇਕਾਂ ਔਰਤਾਂ ਤੇ ਅਣਮਨੁੱਖੀ ਜੁਲਮ ਢਾਹੇ ਜਾਂਦੇ ਹਨ।

ਅਸੀਂ ਹਰ ਜਾਇਜ਼ ਨਜਾਇਜ਼ ਤਰੀਕੇ ਨਾਲ ਦੁਨੀਆਂ ਦੇ ਸਭ ਤੋਂ ਵਿਕਸਤ ਮੁਲਕਾਂ ਵਿੱਚ ਆਏ ਹਾਂ। ਜਿਸ ਨੂੰ ਧਰਤੀ ਤੇ ਸਵਰਗ ਕਿਹਾ ਜਾਂਦਾ ਹੈ। ਕੀ ਇੱਥੇ ਸਭ ਕੁਝ ਠੀਕ ਹੈ? ਜੇਕਰ ਦੁਸਾਂਝ ਇੱਥੇ ਹੁੰਦਾ ਤਾਂ ਉਸ ਨੂੰ ਇੱਥੋਂ ਦੀਆਂ ਅਲਾਮਤਾਂ ਨਾ ਦਿਸਦੀਆਂ, ਤਾਂ ਇਹ ਝੂਠ ਹੋਵੇਗਾ। ਦਰਸ਼ਨ ਤੇ ਹਰ ਸੂਝਵਾਨ ਮਨੁੱਖ ਨੂੰ ਇੱਥੋਂ ਦੀਆਂ ਸਮੱਸਿਆਵਾਂ ਭਲੀ ਭਾਂਤੀ ਦਿਸਦੀਆਂ ਤਾਂ ਹਨ ਪਰ ਬਹੁਤ ਵਾਰੀ ਅਸੀਂ ਦੇਖ ਕੇ ਅੱਖਾਂ ਮੀਟ ਲੈਂਦੇ ਹਾਂ, ਜੋ ਦਰਸ਼ਨ ਸ਼ਾਇਦ ਨਾ ਕਰਦਾ ਉਹ ਜਰੂਰ ਜਾਣ ਜਾਂਦਾ ਇੱਥੋਂ ਦੇ ਮੂਲ ਵਾਸੀਆਂ ਦੀ ਹਾਲਤ, ਕਿ ਉਨ੍ਹਾਂ ਨੂੰ ਨਸ਼ਿਆਂ ਦੇ ਆਦੀ ਬਣਾਇਆ ਜਾ ਰਿਹਾ ਹੈ ਜਿੱਥੇ ਉਹ ਰਹਿੰਦੇ ਖਾਣ-ਪੀਣ ਦਾ ਸਮਾਨ ਮਹਿੰਗਾ ਹੈ ਅਤੇ ਸ਼ਰਾਬ ਤੇ ਹੋਰ ਨਸ਼ੇ ਆਮ ਮਿਲ ਜਾਂਦੇ ਹਨ। ਸਾਫ਼ ਪਾਣੀ ਦੀ ਸਮੱਸਿਆ ਹੈ ਤੇ ਰਹਿਣ-ਸਹਿਣ ਦਾ ਪੱਧਰ ਬਹੁਤ ਨੀਵਾਂ ਹੈ ਤੀਜੇ ਦਰਜੇ ਦੇ ਦੇਸ਼ਾਂ ਵਾਂਗੂੰ। ਉਨਾਂ ਦੀ ਨਸਲਕੁਸ਼ੀ ਕੀਤੀ ਜਾ ਰਹੀ ਹੈ। ਇੱਥੇ ਵੀ ਆਰਥਿਕ ਮੰਦੀ ਦਾ ਦੈਂਤ ਮੂੰਹ ਅੱਡੀ ਖੜ੍ਹਾ ਹੈ। ਇੱਥੇ ਵੀ ਬਹੁਤ ਸਾਰੇ ਲੋਕ ਆਪਣੀ ਯੋਗਤਾ ਅਨੁਸਾਰ ਨੌਕਰੀਆਂ ਨਹੀਂ ਪ੍ਰਾਪਤ ਕਰ ਸਕਦੇ। ਇੱਥੇ ਵੀ ਸਰੀ ਫੂਡ ਬੈਂਕ ਤੇ ਵਿਨੀਪੈੱਗ ਹਾਰਵੈਸਟ ਮੂਹਰੇ ਖਾਣਾ ਪ੍ਰਾਪਤ ਕਰਨ ਲਈ ਲੰਬੀਆਂ ਲਾਇਨਾਂ ਲੱਗੀਆਂ ਹੁੰਦੀਆਂ ਹਨ । ਇੱਥੇ ਵੀ ਲੋਕ ਗਾਰਬੇਜ਼ ਬਿੰਨ ਫਰੋਲਦੇ ਆਮ ਦਿਖ ਜਾਂਦੇ ਹਨ ਕਿ ਕੋਈ ਖਾਣ ਵਾਲੀ ਚੀਜ਼ ਮਿਲ ਜਾਵੇ। ਇੱਥੇ ਵੀ ਬੱਚਿਆਂ ਨੂੰ ਭੁੱਖੇ ਢਿੱਡ ਸਕੂਲ ਜਾਣਾ ਪੈਂਦਾਂ ਹੈ। ਇੱਥੇ ਵੀ ਲੋਕਾਂ ਨੂੰ ਨਜਾਇਜ਼ ਜੰਗਾਂ ਵਿੱਚ ਝੋਕਿਆ ਜਾਂਦਾ ਹੈ। ਇੱਥੇ ਵੀ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਦੋ ਵੇਲੇ ਦੀ ਰੋਟੀ ਨਹੀਂ ਮਿਲਦੀ। ਸੋ ਜੇਕਰ ਦਰਸ਼ਨ ਦੁਸਾਂਝ ਇੱਥੇ ਹੁੰਦਾ ਤਾਂ ਉਹ ਕਦੇ ਚੁੱਪ ਨਾ ਬੈਠਦਾ, ਜਰੂਰ ਆਪਣੇ ਹਿੱਸੇ ਦੀ ਲੜਾਈ ਲੜ ਸਮਾਜ ਨੂੰ ਬਰਾਬਰਤਾ ਵਾਲ਼ਾ ਤੇ ਮਨੁੱਖਤਾ ਦੇ ਰਹਿਣ ਯੋਗ ਬਣਾਉਦਾ ਸੋ ਦਰਸ਼ਨ ਦੇ ਵਾਰਸਾ ਦਾ ਵੀ ਇਹ ਹੀ ਫਰਜ਼ ਹੈ। ਸੋ ਆਓ ਦਰਸ਼ਨ ਦੇ ਸੁਪਨਿਆਂ ਦਾ ਸਮਾਜ ਸਿਰਜਨ ਲਈ ਧਰਤੀ ਦੇ ਹਰ ਖਿੱਤੇ ਤੇ ਹਰ ਪ੍ਰਕਾਰ ਦੀ ਨਾਬਰਾਬਰੀ ਵਿਰੁੱਧ ਸੰਘਰਸ਼ ਕਰੀਏ।

# ਯੂ ਪੀ ਅੰਦਰ ਯੋਗੀ ਦੇ ਰਾਜ ਵਿੱਚ ਪੰਜਾਹ ਹਜ਼ਾਰ ਗੰਨਾ ਕਿਸਾਨਾਂ ਦੇ ਕੀ ਹਨ ਦੁੱਖੜੇ ?



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301



ਯੂਪੀ ਦੇ ਜ਼ਿਲ੍ਹਾ ਮਹਾਰਾਜਗੰਜ ਦੀ ਨਿਚਲੌਲ ਤਹਿਸੀਲ ਦੇ ਕਿਸ਼ਨਪੁਰ ਸਮੇਤ ਸੈਂਕੜੇ ਪਿੰਡਾਂ ਦੇ ਕਿਸਾਨਾਂ ਨੇ ਗੰਨੇ ਦੀ ਫ਼ਸਲ ਤੋਂ ਸੰਭਾਵਤ ਆਮਦਨ ਦੀ ਉਮੀਦ ਨਾਲ ਕਈ ਸਕੀਮਾਂ ਤਿਆਰ ਕਰ ਲਈਆਂ ਸਨ, ਕਿਸੇ ਨੇ ਧੀ ਦਾ ਵਿਆਹ ਤਹਿ ਕਰ ਲਿਆ ਤਾਂ ਕਿਸੇ ਨੇ ਕਿਰਾਏ ਤੇ ਖੇਤ ਅਤੇ ਕਰਜ਼ ਲੈ ਕੇ ਗੰਨਾਂ ਬੀਜ ਦਿੱਤਾ। ਹੁਣ ਜਦ ਕਿ ਜੇ ਐੱਚ ਵੀ ਸ਼ੂਗਰ ਲਿਮਟਿਡ ਗੜੌਰਾ ਦੇ ਚੱਲਣ ਦੀ ਉਮੀਦ ਖਤਮ ਹੋ ਚੁੱਕੀ ਹੈ ਤਾਂ ਉਨ੍ਹਾਂ ਦੀਆਂ ਅੱਖਾਂ ਦੀ ਨੀਂਦ ਗਾਇਬ ਹੋ ਗਈ ਹੈ।

ਕਿਸਾਨਾਂ ਮੁਤਾਬਿਕ ਸਿਰਫ ਕਿਸ਼ਨਪੁਰ ਵਿੱਚ ਹੀ 750 ਏਕੜ ਚੋਂ ਪੰਜ ਸੌ ਏਕੜ ਗੰਨੇ ਦੀ ਫ਼ਸਲ ਹੈ। ਗੋਡਾਰਾ, ਸ਼ੁੱਕਰਹਰ, ਮੈਰੀ, ਸ਼ਿਤਲਾਪੁਰ, ਧਮੌਰਾ, ਮਟਰਾ, ਇੰਡਹਿਆ, ਰੰਗਹਿਆ, ਲਕਸ਼ਮੀਪੁਰ, ਕੜਜਾ, ਛਿਤੌਣਾ, ਸ਼ਰਕਲਿਆ, ਪਰਾਗਪੁਰ, ਹਰਗਾਵਾਂ, ਕਰਮਿਆ ਸਮੇਤ 99 ਪਿੰਡਾਂ ਦੇ ਗੰਨੇ ਦੀ ਫ਼ਸਲ ਸਿੱਧੀ ਮਿੱਲ ਤੇ ਲਹਿੰਦੀ ਹੈ। 33 ਥਾਵਾਂ ਤੇ ਹਰ ਸਾਲ ਮਿੱਲ ਵੱਲੋਂ ਸੈਂਟਰ ਲਾਇਆ ਜਾਂਦਾ ਹੈ, ਹਰੇਕ ਸੈਂਟਰ ਦਸ ਪਿੰਡਾਂ ਦੇ ਵਿੱਚ ਲਾਇਆ ਜਾਂਦਾ ਹੈ। ਜੇਐਚਵੀ ਮਿੱਲ ਨਾਲ 48 ਹਜ਼ਾਰ ਕਾਸ਼ਤਕਾਰ ਜੁੜੇ ਹੋਏ ਹਨ ਜੋ ਜ਼ਿਆਦਾਤਰ ਛੋਟੇ ਤੇ ਲਘੂ ਕਿਸਾਨ ਹਨ। ਕਿਸਾਨਾਂ ਦਾ ਮਿੱਲ ਸਿਰ 2014-15 ਦਾ 22.92 ਕਰੋੜ ਅਤੇ 2017-18 ਦੇ 23 ਕਰੋੜ ਸਮੇਤ ਕੁੱਲ ਮਿਲਾ ਕੇ 45.92 ਕਰੋੜ ਰੁਪਏ ਬਕਾਇਆ ਹੈ। ਫਿਰ ਵੀ ਕਿਸਾਨਾਂ ਦੀ ਤਰਜੀਹ ਵਿੱਚ ਖੇਤਾਂ ਚ ਖੜ੍ਹੇ ਗੰਨੇ ਨੂੰ ਮਿੱਲ ਤੱਕ ਪਹੁੰਚਾਉਣਾ ਹੈ। ਬਕਾਇਆ ਪੈਸੇ ਦੇ ਲਈ ਉਹ ਸਾਲਾਂਬੱਧੀ ਉਡੀਕ ਕਰਨ ਨੂੰ ਤਿਆਰ ਹਨ। ਫਸਲ ਕੱਟਣ 'ਚ ਹੋਈ ਦੇਰੀ ਦੇ ਕਾਰਨ ਗੰਨੇ ਦੀ ਗੁਣਵੱਤਾ ਵਿੱਚ ਚਾਲੀ ਫ਼ੀਸਦੀ ਗਿਰਾਵਟ ਆ ਚੁੱਕੀ ਹੈ। ਦਲਾਲਾਂ ਦਾ ਸਰਗਰਮ ਗਰੋਹ ਡੇਢ ਸੌ ਰੁਪਏ ਕੁਇੰਟਲ ਤੱਕ ਗੰਨਾ ਖਰੀਦ ਦੇ ਕੇ ਮੁਨਾਫ਼ਾ ਕਮਾ ਰਿਹਾ ਹੈ, ਜਦ ਕਿ ਗੰਨੇ ਦਾ ਘੱਟੋ ਘੱਟ ਸਹਾਇਕ ਮੁੱਲ 310 ਤੋਂ 325 ਰੁਪਏ ਪ੍ਰਤੀ ਕੁਇੰਟਲ ਹੈ।

ਕਿਸਾਨਾਂ ਨੂੰ ਪਤਾ ਲੱਗਿਆ ਕਿ 22 ਜਨਵਰੀ ਤੋਂ ਮਿੱਲ ਚਾਲੂ ਹੋ ਜਾਏਗੀ ਪਰ ਅਜਿਹਾ ਹੋਇਆ ਨਹੀਂ। ਨਵੰਬਰ-ਦਸੰਬਰ 2017 ਵਿੱਚ ਗੰਨੇ ਦੀ ਫ਼ਸਲ ਬੀਜਣ ਲਈ ਜੇਐੱਚਵੀ ਸ਼ੂਗਰ ਮਿੱਲ ਲਿਮਟਿਡ ਗੜੌਰਾ ਨੇ ਕਿਸਾਨਾਂ ਨੂੰ ਬੀਜ ਦਿੱਤਾ, ਇੱਕ ਏਕੜ ਖੇਤੀ ਤੇ ਇੱਕ ਬੋਰੀ ਯੂਰੀਆ, ਇੱਕ ਟਰਾਲੀ ਫਾਸਫੇਟ ਦਿੱਤੀ। ਬੀਜ ਦਾ ਪੈਸਾ ਫ਼ਸਲ ਦੇ ਭੁਗਤਾਨ ਸਮੇਂ ਮਿੱਲ ਪ੍ਰਬੰਧਕ ਕੱਟ ਲੈਂਦਾ ਤੇ ਬਾਕੀ ਸਭ ਕੁਝ ਮੁਫਤ ਸੀ। ਅਕਤੂਬਰ 2018 ਤੋਂ ਮਿੱਲ ਵਿੱਚ ਮੁਰੰਮਤ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਗਿਆ ਸੀ। ਸਾਰੀਆਂ ਤਿਆਰੀਆਂ ਪੂਰੀਆਂ ਹੋ ਗਈਆਂ ਤਾਂ 2 ਦਸੰਬਰ 2018 ਨੂੰ ਜ਼ਿਲ੍ਹਾ ਗੰਨਾ ਅਧਿਕਾਰੀ ਦੀ ਮੌਜੂਦਗੀ ਵਿੱਚ ਮਸ਼ੀਨਾਂ ਦਾ ਪੜ੍ਹਾਈ ਤੋਂ ਪਹਿਲਾਂ ਸ਼ੁਰੂਆਤੀ ਪੂਜਨ ਕੀਤਾ ਗਿਆ। ਸੱਤ ਦਸੰਬਰ ਤੋਂ ਮਿੱਲ ਵਿੱਚ ਨਿਯਮਿਤ ਪੜ੍ਹਾਈ ਸ਼ੁਰੂ ਪੇਸ਼ੀ ਹੋਣੀ ਸੀ ਜੋ ਨਾ ਹੋਣ ਤੇ ਮੁਜ਼ਾਹਰੇ ਦੀ ਵਿਉਂਤ ਬਣਾਈ ਗਈ ਅਤੇ ਸਤਾਰਾਂ ਦਸੰਬਰ ਨੂੰ ਪਹਿਲਾਂ ਮੁਜ਼ਾਹਰਾ ਕੀਤਾ ਗਿਆ। ਹਜ਼ਾਰਾਂ ਮਿਲ ਮਜ਼ਦੂਰਾਂ ਨੇ ਮਿੱਲ ਗੇਟ ਤੇ ਇਕੱਠੇ ਹੋ ਕੇ ਸਰਕਾਰ ਤੇ ਮਿੱਲ ਪ੍ਰਬੰਧਕਾਂ ਖ਼ਿਲਾਫ਼ ਨਾਹਰੇ ਲਾਏ। ਮਿੱਲ ਦੇ ਜੀ ਐੱਮ ਰਣਬੀਰ ਸਿੰਘ ਨੇ ਪ੍ਰਸ਼ਾਸਨ ਨਾਲ ਗੱਲਬਾਤ ਦੇ ਆਧਾਰ ਤੇ 22 ਦਸੰਬਰ ਤੋਂ ਮਿੱਲ ਚਲਾਉਣ ਅਤੇ 60 ਫੀਸਦੀ ਮੌਜੂਦਾ ਤੇ 40 ਫੀਸਦੀ ਪਿਛਲੇ ਭੁਗਤਾਨ ਦਾ ਵਿਸ਼ਵਾਸ ਦਵਾਇਆ। ਕੋਈ ਵੀ ਹਿਲਜੁਲ ਨਾ ਹੁੰਦੀ ਦੇਖ 29 ਦਸੰਬਰ ਨੂੰ ਕਿਸਾਨਾਂ ਨੇ ਗੜੌਰਾ ਚੀਨੀ ਮਿੱਲ ਤੋਂ ਨਿਚਲੌਲ ਤਹਿਸੀਲ ਤੱਕ ਪੈਦਲ ਮਾਰਚ ਕੀਤਾ।

ਕਰੀਬ ਪੰਜ ਹਜ਼ਾਰ ਕਿਸਾਨਾਂ ਨੇ ਮਾਰਚ ਦੌਰਾਨ ਸਥਾਨਕ ਵਿਧਾਇਕ, ਸੰਸਦ ਮਿੱਲ ਪ੍ਰਬੰਧਕ, ਮੁੱਖ ਮੰਤਰੀ ਤੇ ਪ੍ਰਧਾਨ ਮੰਤਰੀ ਦੇ ਖਿਲਾਫ ਨਾਹਰੇ ਲਾਏ। ਏ ਡੀ ਐੱਮ ਨੇ ਇੱਕ ਹਫ਼ਤੇ ਦਾ ਸਮਾਂ ਮੰਗਿਆ, ਸਾਬਕਾ ਫ਼ੌਜੀ ਮਨੋਜ ਕੁਮਾਰ ਰਾਣਾ ਨੇ ਮੰਗਾਂ ਪੂਰੀਆਂ ਨਾ ਹੋਣ ਤੇ ਭੁੱਖ ਹੜਤਾਲ ਦੀ ਚੇਤਾਵਨੀ ਦਿੱਤੀ। ਸਮਾਂ ਸੀਮਾ ਬੀਤਣ ਪਿੱਛੋਂ ਅੱਠ ਜਨਵਰੀ ਤੋਂ ਰਾਣਾ ਦੋ ਸਮਰਥਕਾਂ ਸਮੇਤ ਭੁੱਖ ਹੜਤਾਲ ਤੇ ਬੈਠ ਗਏ। ਨੌਵੇਂ ਦਿਨ ਸਤਾਰਾਂ ਦਸੰਬਰ ਨੂੰ ਏਡੀਐਮ ਨੇ ਜੂਸ ਪਿਲਾ ਕੇ ਭੁੱਖ ਹੜਤਾਲ ਖਤਮ ਕਰਵਾਈ ਅਤੇ ਵਿਸ਼ਵਾਸ਼ ਦਿੱਤਾ ਕਿ 22 ਜਨਵਰੀ ਨੂੰ ਟਰਾਇਲ ਕਰਕੇ ਛੱਬੀ ਜਨਵਰੀ ਤੋਂ ਪੜ੍ਹਾਈ ਸ਼ੁਰੂ ਕਰ ਦਿੱਤੀ ਜਾਵੇ ਜੀ, ਪਰ ਇਹ ਵਾਅਦਾ ਵੀ ਵਫਾ ਨਹੀਂ ਹੋਇਆ। ਸਤਾਰਾਂ ਦਸੰਬਰ ਨੂੰ ਕਿਸਾਨਾਂ ਦੇ ਪਹਿਲੇ ਜਥੇਬੰਧਕ ਮੁਜ਼ਾਹਰੇ ਪਿੱਛੋਂ ਅਲੱਗ ਅਲੱਗ ਥਾਵਾਂ ਤੇ ਦਰਜਨ ਵਾਰੀ ਆਜ਼ਾਦ ਤੌਰ 'ਤੇ ਕਿਸਾਨਾਂ ਦੇ ਇਕੱਠਾਂ ਨੇ ਮੁਜ਼ਾਹਰਾ ਕਰਕੇ ਗੰਨਾ ਮੰਤਰੀ ਅਤੇ ਮੁੱਖ ਮੰਤਰੀ ਦੇ ਪੁਤਲੇ ਵੀ ਸਾੜੇ।

ਲੱਖਾਂ ਲੋਕਾਂ ਦੇ ਪ੍ਰਭਾਵਿਤ ਹੋਣ ਦੇ ਬਾਅਦ ਵੀ ਕਿਸਾਨਾਂ ਕੋਲ ਕਿਸੇ ਪਾਰਟੀ ਦਾ ਨੇਤਾ ਨਹੀਂ ਪਹੁੰਚਿਆ। ਮੁਜ਼ਾਹਰਿਆਂ ਤੇ ਮੀਟਿੰਗਾਂ ਵਿੱਚ ਸਮਾਜਵਾਦੀ ਪਾਰਟੀ, ਬੀਐਸਪੀ ਤੇ ਭਾਜਪਾ ਸਭ ਦੇ ਨੇਤਾ ਆਉਂਦੇ ਰਹੇ ਅਤੇ ਰਾਜਸੀ ਬਿਆਨਬਾਜ਼ੀ ਕਰਕੇ ਚਲੇ ਜਾਂਦੇ। ਪਰ ਕਈ ਮਹੀਨੇ ਚਲੇ ਸੰਘਰਸ਼ ਪਿਛੋਂ ਵੀ ਕਿਸਾਨਾਂ ਦੇ ਹੱਥ ਖਾਲੀ ਹਨ। ਕਿਸ਼ਨਪੁਰ ਅਤੇ ਨੇੜੇ ਤੇੜੇ ਦੇ ਸੈਂਕੜੇ ਪਿੰਡਾਂ ਦੇ ਨੌਜਵਾਨ ਬਾਹਰ ਰਹਿ ਕੇ ਰੁਜ਼ਗਾਰ ਕਰਦੇ ਹਨ ਅਤੇ ਖੇਤੀ ਦੇ ਸਮੇਂ ਘਰ ਆ ਜਾਂਦੇ ਹਨ। ਉਨ੍ਹਾਂ ਨੂੰ ਹੁਣ ਦੂਹਰਾ ਨੁਕਸਾਨ ਹੋ ਰਿਹਾ ਹੈ ਫ਼ਸਲ ਖੇਤ ਵਿੱਚ ਖੜ੍ਹੀ ਹੈ ਤੇ ਉਧਰ ਮਜ਼ਦੂਰੀ ਦਾ ਨੁਕਸਾਨ ਹੋ ਰਿਹਾ ਹੈ। ਮੀਡੀਆ ਵਾਲੇ ਕਿਸਾਨਾਂ ਦੇ ਮੁਜ਼ਾਰਿਆਂ ਦੀਆਂ ਖ਼ਬਰਾਂ ਨਹੀਂ ਲਾਉਂਦੇ। ਜੋ ਵੀ ਖ਼ਬਰਾਂ ਵਿੱਚ ਛਪਦੀਆਂ ਹਨ ਉਨ੍ਹਾਂ ਵਿੱਚ ਮਿੱਲ ਪ੍ਰਬੰਧਕਾਂ ਤੇ ਸਰਕਾਰ ਦਾ ਪੱਖ ਵਿਸ਼ੇਸ਼ ਤੌਰ 'ਤੇ ਛਾਪਿਆ ਹੁੰਦਾ ਹੈ। ਅਖ਼ਬਾਰਾਂ ਵਾਲੇ ਤਾਂ ਬਕਾਏ ਦੇ ਭੁਗਤਾਨ ਦੀ ਹੀ ਗੱਲ ਕਰਦੇ ਹਨ, ਜਦਕਿ ਕਿਸਾਨਾਂ ਦੀ ਮੁੱਖ ਮੰਗ ਮਿੱਲ ਚਾਲੂ ਕਰਾਉਣਾ ਹੈ। 2017 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਭਾਜਪਾ ਦੇ ਮੈਨੀਫੈਸਟੋ ਵਿੱਚ ਵਾਅਦਾ ਕੀਤਾ ਗਿਆ ਸੀ ਕਿ ਗੰਨਾ ਕਿਸਾਨਾਂ ਨੂੰ ਫਸਲ ਵੇਚਣ ਦੇ 14 ਦਿਨਾਂ ਦੇ ਅੰਦਰ-ਅੰਦਰ ਪੂਰਾ ਭੁਗਤਾਨ ਯਕੀਨੀ ਬਣਾਉਣ ਦੀ ਵਿਵਸਥਾ ਸਰਕਾਰ ਲਾਗੂ ਕਰੇਗੀ। ਸਰਕਾਰ ਬਣਨ ਦੇ 120 ਦਿਨਾਂ ਦੇ ਅੰਦਰ ਹੀ ਬੈਂਕਾਂ ਅਤੇ ਚੀਨੀ ਮਿੱਲ ਮਾਲਕਾਂ ਤੋਂ ਗੰਨਾ ਕਿਸਾਨਾਂ ਦੀ ਬਕਾਇਆ ਰਾਸ਼ੀ ਦਾ ਪੂਰਾ ਭੁਗਤਾਨ ਕਰਾਇਆ ਜਾਵੇਗਾ। ਸਰਕਾਰ ਬਣਨ ਦੇ ਦੋ ਸਾਲ ਪੂਰੇ ਹੋਣ ਜਾ ਰਹੇ ਹਨ, ਪਰ ਸਰਕਾਰ ਦੇ ਵਾਅਦੇ ਅਜੇ ਵੀ ਕਾਗਜ਼ਾਂ ਤੋਂ ਬਾਹਰ ਨਹੀਂ ਨਿਕਲ ਸਕੇ। ਮਿੱਲ ਮਜ਼ਦੂਰ ਵੀ ਬਰਬਾਦੀ ਦੇ ਕੰਢੇ ਪਹੁੰਚ ਗਏ ਹਨ, ਜੇਐਚਵੀ ਸ਼ੂਗਰ ਮਿੱਲ ਲਿਮਟਿਡ ਗੌਡਾਰਾ 1998-99 ਤੋਂ ਨਿਰੰਤਰ ਹਰੇਕ ਸੀਜ਼ਨ ਵਿੱਚ ਗੰਨੇ ਦੀ ਪੜ੍ਹਾਈ ਕਰਦੀ ਹੈ। ਮਿੱਲ ਖਾਤਰ ਦੋ ਸੌ ਕਿਸਾਨਾਂ ਦੀਆਂ ਜ਼ਮੀਨਾਂ ਹਥਿਆਈਆਂ ਗਈਆਂ ਸਨ। ਚਾਲੀ ਹਜ਼ਾਰ ਪ੍ਰਤੀ ਏਕੜ ਦੀ ਦਰ ਨਾਲ ਕਿਸਾਨਾਂ ਨੂੰ ਭੁਗਤਾਨ ਕਰਨ ਤੋਂ ਇਲਾਵਾ ਉਨ੍ਹਾਂ ਨੂੰ ਗੰਨਾ ਮਿੱਲਾਂ ਵਿੱਚ ਪੱਕੀ ਨੌਕਰੀ ਦਾ ਵਿਸ਼ਵਾਸ਼ ਦਿਵਾਇਆ ਗਿਆ ਸੀ। ਜਿਨ੍ਹਾਂ ਕਿਸਾਨਾਂ ਤੋਂ ਜ਼ਮੀਨ ਹਥਿਆਈ ਗਈ ਸੀ ਉਨ੍ਹਾਂ ਵਿੱਚੋਂ ਸਿਰਫ਼ ਇੱਕ ਚੌਥਾਈ ਨੂੰ ਹੀ ਨੌਕਰੀ ਦਿੱਤੀ ਗਈ। ਮਿੱਲ ਬੰਦ ਹਣ ਨਾਲ ਹੁਣ ਉਨ੍ਹਾਂ ਤੇ ਵੀ ਸੰਕਟ ਦੇ ਬੱਦਲ ਛਾਏ ਹੋਏ ਹਨ। ਮਿੱਲ ਵਿੱਚ 45 ਪੱਕੇ ਅਤੇ 565 ਕੱਚੇ ਮਜ਼ਦੂਰ ਕੰਮ ਕਰਦੇ ਹਨ। ਮੁਹਜ਼ਾਰੇ ਦੀ ਸ਼ੁਰੂਆਤ ਮਜ਼ਦੂਰਾਂ ਨੇ ਕੀਤੀ ਸੀ ਬਾਅਦ ਵਿੱਚ ਕਿਸਾਨ ਵੀ ਸ਼ਾਮਲ ਹੋ ਗਏ। ਪੂਰਵਾਂਚਲ ਚੀਨੀ ਮਿੱਲ ਮਜ਼ਦੂਰ ਯੂਨੀਅਨ ਗੋਰਖਪੁਰ ਸ਼ਾਖਾ ਜੇਐਚਵੀ ਸ਼ੂਗਰ ਲਿਮਟਿਡ ਦੇ ਪ੍ਰਧਾਨ ਨਵਲ ਕਿਸ਼ੋਰ ਮਿਸ਼ਰਾ ਦੱਸਦੇ ਹਨ ਕਿ ਮਿੱਲ ਮਜ਼ਦੂਰਾਂ ਨੂੰ ਭੁਗਤਾਨ ਨਾ ਹੋਣ ਕਾਰਨ ਮਜ਼ਦੂਰਾਂ ਦਾ 17.80 ਕਰੋੜ ਰੁਪਿਆ ਪ੍ਰਬੰਧਕਾਂ ਕੋਲ ਬਕਾਇਆ ਪਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮਿੱਲ ਮਾਲਕਾਂ ਨੇ ਹਮੇਸ਼ਾਂ ਕਿਰਤ ਕਨੂੰਨਾਂ ਦੀ ਉਲਘੰਣਾ ਕੀਤੀ ਹੈ। ਮਜ਼ਦੂਰਾਂ ਨੂੰ ਪੀਣ ਦੇ ਪਾਣੀ, ਗੁਸਲਖਾਨੇ, ਸੁਰੱਖਿਆ ਉਪਕਰਨ ਤੇ ਜ਼ਰੂਰੀ ਭੱਤੇ ਨਹੀਂ ਦਿੱਤੇ ਜਾਂਦੇ। ਓਵਰ ਟਾਇਮ ਦਾ ਵੀ ਭੁਗਤਾਨ ਸਿੰਗਲ ਰੇਟ ਨਾਲ ਕੀਤਾ ਜਾਂਦਾ ਸੀ। ਇਨ੍ਹਾਂ ਹੀ ਨਹੀਂ ਪ੍ਰਬੰਧਕਾਂ ਦੀ ਮਨਮਾਨੀ ਦੇ ਖਿਲਾਫ਼ ਮੁਜਾਹਰਾ ਕਰਨ ਵਾਲੇ 11 ਮਜ਼ਦੂਰਾਂ ਦੀ ਕੰਮ ਤੋਂ ਛੁੱਟੀ ਕਰ ਦਿੱਤੀ ਗਈ ਸੀ।

ਕਿਸਾਨਾਂ ਦੀ ਕੋਈ ਜਥੇਬੰਦੀ ਨਾ ਹੋਣ ਕਰਕੇ ਸੰਘਰਸ਼ ਦੀ ਅਗਵਾਈ ਪੂਰਵਾਂਚਲ ਚੀਨੀ ਮਿੱਲ ਮਜ਼ਦੂਰ ਯੂਨੀਅਨ ਨੇ ਹੀ ਕੀਤੀ ਸੀ। ਕਿਸਾਨਾਂ ਦੀ ਹਾਲਤ ਬਾਰੇ ਉਹ ਕਹਿੰਦੇ ਹਨ ਕਿ ਜੇ ਐੱਚ ਵੀ ਸ਼ੂਗਰ ਲਿਮਟਡ ਗੜੌਰਾ ਨੂੰ ਪ੍ਰਸ਼ਾਸਨ ਨੇ 59.25 ਕੁਇੰਟਲ ਗੰਨਾ ਦਿੱਤਾ ਸੀ, ਜਿਸ ਨੂੰ ਰੱਦ ਕਰਕੇ ਆਸ ਪਾਸ ਦੀਆਂ ਛੇ ਗੰਨਾ ਮਿੱਲਾਂ ਨੂੰ ਵੰਡ ਦਿੱਤਾ ਗਿਆ ਹੈ। ਜਿਨ੍ਹਾਂ ਪਿੰਡਾਂ ਨੂੰ ਵੰਡਿਆ ਗਿਆ ਹੈ ਉਨ੍ਹਾਂ ਤੇ ਪਹਿਲਾਂ ਤੋਂ ਹੀ ਸਮਰੱਥਾ ਤੋਂ ਵੱਧ ਭਾਰ ਹੈ। ਦੂਸਰੇ ਇਲਾਕੇ ਦਾ ਗੰਨਾ ਉਹ ਪੀੜ ਨਹੀਂ ਸਕਣਗੀਆਂ। ਸਿੱਟੇ ਵਜੋਂ ਕਿਸਾਨਾਂ ਦੇ ਕੋਲ ਖੇਤ ਵਿੱਚ ਗੰਨਾ ਫੂਕਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ। ਸਰਕਾਰ ਜੇਐੱਚਵੀ ਸ਼ੂਗਰ ਲਿਮਟਿਡ ਗੜੌਰਾ ਨੂੰ ਆਪਣੇ ਕਬਜ਼ੇ ਵਿੱਚ ਲੈਣ ਦੀ ਸਕੀਮ ਬਣਾਈ ਬੈਠੀ ਹੈ,ਪਰ ਦੂਜੇ ਪਾਸੇ ਅਧਿਕਾਰੀ ਕਿਸਾਨਾਂ ਨੂੰ ਮਿੱਲ ਚਲਾਉਣ ਤੋਂ ਵਾਇਦਾ ਕਰਕੇ ਗੁੰਮਰਾਹ ਕਰੀ ਜਾਂਦੇ ਹਨ। ਕਿਸਾਨਾਂ ਨੂੰ 45.92 ਕਰੋੜ ਦਾ ਭੁਗਤਾਨ ਨਾ ਕਰਨ ਅਤੇ ਸਰਕਾਰ ਨੂੰ ਗੁੰਮਰਾਹ ਕਰਨ ਦੇ ਦੋਸ਼ ਵਿੱਚ ਮਿੱਲ ਮਾਲਕ ਤੇ ਸਾਬਕਾ ਸਪਾ ਸੰਸਦ ਜਵਾਹਰ ਜਾਇਸਵਾਲ ਦੇ ਖ਼ਿਲਾਫ਼ ਗੰਨਾ ਸਕੱਤਰ ਪ੍ਰੇਮ ਚੰਦ ਦੀ ਤਹਿਰੀਰ ਤੇ ਪੁਲਸ ਧਾਰਾ 408, 409, 417, 418, 420, 427, 465, 468 ਤੇ 120 ਬੀ ਦੇ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਨਾਲ ਹੀ ਯੂ ਪੀ ਗੰਨਾ ਪੂਰਤੀ ਖਰੀਦ ਐਕਟ ਅਤੇ 37 ਈਸੀਏ ਵਰਗੀਆਂ ਗੰਭੀਰ ਧਾਰਾਵਾਂ ਵੀ ਲਾਇਆਂ ਗਈਆਂ ਹਨ। ਸਿਰਵਾਂ ਵਿਧਾਇਕ ਪ੍ਰੇਮ ਸਾਗਰ ਪਟੇਲ ਨੇ ਦੱਸਿਆ ਕਿ "ਮਿੱਲ ਤੇ ਕਿਸਾਨਾਂ ਦਾ 46 ਕਰੋੜ ਰੁਪਏ ਬਕਾਇਆ ਸੀ।

ਸਰਕਾਰ ਨੇ ਪ੍ਰਬੰਧਕਾਂ ਨੂੰ ਕਿਹਾ ਸੀ ਬਕਾਇਦਾ ਭੁਗਤਾਨ ਕਰਵਾਓ ਅਤੇ ਮਿੱਲ ਚਲਾਓ। ਸੱਤ ਮਿੱਲਾਂ ਨੂੰ ਗੰਨੇ ਦੀ ਵੰਡ ਕਰ ਦਿੱਤੀ ਗਈ ਹੈ। ਸੈਂਟਰ ਲੱਗ ਗਏ ਹਨ ਅਤੇ ਗੰਨਾ ਚੁੱਕਿਆ ਜਾਵੇਗਾ। ਕਿਸਾਨਾਂ ਨੂੰ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ ਸੱਤ ਦਿਨਾਂ ਚ ਕਿਸਾਨਾਂ ਦਾ ਭੁਗਤਾਨ ਕੀਤਾ ਜਾਵੇਗਾ ਜਿਸ ਨਾਲ ਉਨ੍ਹਾਂ ਨੂੰ ਰਾਹਤ ਮਿਲੇਗੀ। ਸਰਕਾਰ ਮਿੱਲ ਦੀ ਜ਼ਮੀਨ ਇਕਵਾਇਰ ਕਰਨ ਦੀ ਵੀ ਕਾਰਵਾਈ ਕਰ ਰਹੀ ਹੈ। ਮਿੱਲਾਂ ਨੂੰ ਵੇਚ ਕੇ ਕਿਸਾਨਾਂ ਦੇ ਬਕਾਏ ਦਾ ਭੁਗਤਾਨ ਕੀਤਾ ਜਾਵੇਗਾ। ਹਰ ਵਿਧਾਇਕ ਪ੍ਰੇਮ ਸ਼ੰਕਰ ਪਟੇਲ ਦੇ ਦਾਅਵੇ ਸ਼ੱਕੀ ਹਨ ਕਿਉਂਕਿ ਜਿੰਨਾਂ 6 ਚੀਨੀ ਮਿਲਾਂ ਨੂੰ ਗੜੌਰਾ ਚੀਨੀ ਮਿੱਲ ਦੇ ਗੰਨੇ ਦੀ ਵੰਡ ਕੀਤੀ ਗਈ ਉਨ੍ਹਾਂ ਨੂੰ ਸਮਰੱਥਾ ਤੋਂ ਦੁਗਣੀ ਵੰਡ ਹੋ ਗਈ ਹੈ। ਆਈਪੀਐਲ ਚੀਨੀ ਮਿੱਲ ਸਿਸਵਾਂ ਦੀ ਪਿੜਾਈ ਸਮਰੱਥਾ ਪੱਧਰ ਵੱਧ ਤੋਂ ਵੱਧ 33.90 ਲੱਖ ਕੁਇੰਟਲ ਹੈ। ਮਿੱਲ ਨੂੰ 70.22 ਲੱਖ, ਆਈਪੀਐਲ ਚੀਨੀ ਮਿੱਲ ਖੱਡਾਂ ਦੀ ਸਮਰੱਥਾ 27.89 ਦੇ ਮੁਕਾਬਲੇ 63.35 ਲੱਖ ਕੁਇੰਟਲ, 66.69 ਲੱਖ ਕੁਇੰਟਲ ਦੀ ਸਮਰੱਥਾ ਵਾਲੇ ਦ ਕਨੋਡੀਆ ਕਪਤਾਨਗੰਜ, ਕੁਸ਼ੀਨਗਰ ਮਿੱਲ ਨੂੰ 106.69 ਲੱਖ, ਬਿਰਲਾ ਸ਼ੂਗਰ ਮਿੱਲ ਢਾਢਾ ਨੂੰ 105.60 ਦੇ ਮੁਕਾਬਲੇ 216.18 ਲੱਖ ਅਤੇ 58.17 ਲੱਖ ਕੁਇੰਟਲ ਦੀ ਸਮਰਥਾ ਵਾਲੇ ਤ੍ਰਿਵੈਣੀ ਇੰਜਨੀਅਰਿੰਗ ਰਾਮਕੋਲਾ, ਕੁਸ਼ੀਨਗਰ ਮਿੱਲ ਨੂੰ 205.65 ਲੱਖ ਕੁਇੰਟਲ ਗੰਨਾ ਵੰਡਿਆ ਗਿਆ ਸੀ। ਉਕਤ ਤਿੰਨੇ ਮਿੱਲਾਂ ਨੂੰ ਹੀ ਗੋਡੌਰਾ ਚੀਨੀ ਮਿੱਲ ਦਾ 59.12 ਲੱਖ ਕੁਇੰਟਲ ਗੰਨੇ ਦੀ ਵੰਡ ਕਰ ਦਿੱਤੀ ਗਈ ਹੈ। ਇਨ੍ਹਾਂ ਵਿੱਚੋਂ ਘੋਸੀ ਮਿੱਲ ਨੇ ਗੰਨਾ ਲੈਣ ਤੋਂ ਮਨ੍ਹਾ ਕਰ ਦਿੱਤਾ ਹੈ। ਹੋਰ ਮਿੱਲਾਂ ਨੇ ਹਕੂਮਤ ਦੇ ਦਬਾਅ 'ਚ ਗੰਨਾ ਲੈਣਾ ਤਾਂ ਸਵੀਕਾਰ ਕਰ ਲਿਆ ਪਰ ਗੰਡੌਰਾ ਚੀਨੀ ਮਿਲ ਦੇ ਖੇਤਰ ਵਿੱਚ ਕੋਈ ਸੈਂਟਰ ਨਹੀਂ ਲਾਇਆ ਹੈ, ਜਦ ਕਿ ਗਡੌਰਾ ਮਿੱਲ ਦਾ ਗੰਨਾ ਪੀੜਨ ਲਈ 54 ਹਜ਼ਾਰ ਕੁਇੰਟਲ ਗੰਨਾ ਪ੍ਰਤੀ ਦਿਨ ਚੀਨੀ ਮਿੱਲਾਂ ਨੂੰ ਚੁੱਕਣਾ ਪਵੇਗਾ। ਹਾਲਾਂਕਿ ਮਿਲ ਦੇ ਅੰਦਰ ਇੱਕ ਸੈਂਟਰ ਲਾ ਦਿੱਤਾ ਗਿਆ ਹੈ ਪਰ ਰੋਜ਼ਾਨਾ ਇਹ ਕੇਵਲ 400 ਕੁਇੰਟਲ ਗੰਨਾ ਹੀ ਚੁੱਕ ਰਿਹਾ ਹੈ।

ਮਿੱਲਾਂ ਦੇ ਲਈ ਪਹਿਲਾਂ ਤੋਂ ਵੰਡਿਆ ਗੰਨਾਂ ਪੀੜਣਾ ਮੁਸ਼ਕਿਲ ਹੈ ਤਾਂ ਗੰਡੌਰਾ ਚੀਨੀ ਮਿਲ ਦੇ ਹਿੱਸੇ ਦੀ ਪੜ੍ਹਾਈ ਕਿਵੇਂ ਕਰਨਗੀਆਂ, ਦੂਜਾ ਜੇ ਸਰਕਾਰ ਗੰਨਾ ਮਿੱਲ ਨੂੰ ਆਪਣੇ ਕਬਜ਼ੇ ਚ ਹੀ ਲੈਣਾ ਚਾਹੁੰਦੀ ਸੀ। ਪੜ੍ਹਾਈ ਦੇ ਸੀਜ਼ਨ ਵਿੱਚ ਕਰਨ ਦੀ ਬਜਾਏ ਹੁਣ ਕਿਉਂ ਕੀਤਾ ਜਾ ਰਿਹਾ ਹੈ ? ਮਿੱਲ ਨੂੰ ਬੰਦ ਕਰਨ ਦਾ ਚਾਹੇ ਜੋ ਮਰਜ਼ੀ ਕਾਰਨ ਹੋਵੇ 46 ਕਰੋੜ ਬਕਾਏ ਦਾ ਤਰਕ ਹਜ਼ਮ ਨਹੀਂ ਹੋ ਰਿਹਾ। ਖੇਤਰ ਦੀ ਬਹੁਤੀਆਂ ਮਿੱਲਾਂ ਤੇ ਲੱਗਭਗ ਇੰਨਾ ਹੀ ਬਕਾਇਆ ਹੈ, ਫਿਰ ਵੀ ਸਰਕਾਰ ਜੇ ਮਿੱਲ ਨੂੰ ਆਪਣੇ ਹੱਥ ਲੈਣਾ ਚਾਹੁੰਦੀ ਹੈ ਤਾਂ ਲਵੇ ਪਰ ਮਿੱਲ ਚਲਾਈ ਜ਼ਰੂਰ ਜਾਵੇ। ਮਿੱਲ ਬੰਦ ਹੋਈ ਤਾਂ ਕਿਸਾਨ ਤੇ ਮਜ਼ਦੂਰ ਸੰਕਟ 'ਚ ਆ ਜਾਣਗੇ। ਗੋਡਾਰਾ ਚੀਨੀ ਮਿੱਲ ਦੇ ਮੁੱਖ ਪ੍ਰਬੰਧਕ ਰਾਕੇਸ਼ ਸ਼ਰਮਾ ਸਰਕਾਰ ਦੀ ਕਾਰਵਾਈ ਤੇ ਸ਼ੰਤੁਸ਼ਟ ਨਹੀਂ ਤੇ ਕਹਿੰਦੇ ਹਨ" 48 ਹਜ਼ਾਰ ਕਾਸਤਕਾਰ, ਛੇ ਸੌ ਮਜ਼ਦੂਰ ਤੇ ਅਸਿੱਧੇ ਰੂਪ 'ਚ 50 ਹਜ਼ਾਰ ਲੋਕਾਂ ਦਾ ਰੁਜ਼ਗਾਰ ਅਤੇ ਰੋਟੀ ਰੋਜ਼ੀ ਮਿੱਲ ਨਾਲ ਜੁੜੀ ਹੋਈ ਹੈ। ਪਿਛਲੇ ਅਤੇ ਮੌਜੂਦਾ ਭੁਗਤਾਨ ਅਸੀਂ ਕਰਾਂਗੇ। ਮਿੱਲ ਚਲਾਉਣ ਨੂੰ ਅਸੀਂ ਪੂਰੀ ਤਰ੍ਹਾਂ ਤਿਆਰ ਹਾਂ। ਸਰਕਾਰ ਤੋਂ ਨਿਜਾਤ ਮਿਲ ਮਿਲਦੇ ਹੀ ਅੱਠਵੇਂ ਦਿਨ ਮਿੱਲ ਚਾਲੂ ਹੋ ਜਾਵੇਗੀ। ਮਿੱਲ ਜੇ ਚਲੂ ਨਹੀਂ ਹੁੰਦੀ ਤਾਂ ਲੱਖਾਂ ਲੋਕਾਂ ਤੇ ਬੁਰਾ ਅਸਰ ਪਵੇਗਾ। ਸੂਬੇ ਦੀਆਂ ਮਿੱਲਾਂ ਸਿਰ ਕਿਸਾਨਾਂ ਦਾ 9,453.65 ਕਰੋੜ ਬਕਾਇਆ ਹੈ। ਫਸਲ ਬਰਬਾਦ ਹੋਣ ਤੇ ਤਾਂ ਕਿਸਾਨ ਬਰਬਾਦ ਹੁੰਦੇ ਹੀ ਹਨ ਪਰ ਅੱਛੀ ਫਸਲ ਕਿਸਾਨਾਂ ਨੂੰ ਫਾਇਦਾ ਪਹੁੰਚਾਏਗੀ ਇਹ ਦਾਅਵਾ ਕਰਨਾ ਵੀ ਗਲਤ ਹੋਵੇਗਾ। ਗੰਨੇ ਦੀ ਫ਼ਸਲ ਦਾ ਮਿੱਲਾਂ ਸਿਰ ਬਕਾਇਆ ਸਾਲ ਦਰ ਸਾਲ ਚਲਦਾ ਰਹਿੰਦਾ ਹੈ, ਭੁਗਤਾਨ ਨਹੀਂ ਹੁੰਦਾ ਗੰਨਾ ਕਿਸਾਨਾਂ ਕਿਸਾਨਾਂ ਦਾ ਮਿੱਲਾਂ ਸਿਰ ਕਰੋੜਾਂ ਦਾ ਬਕਾਇਆ ਅਤੇ ਅੱਛੀ ਫਸਲ ਹੋਣ ਦੇ ਬਾਅਦ ਵੀ ਬਦਹਾਲੀ ਦੀ ਦਲਦਲ ਵਿੱਚ ਧਸੇ ਰਹਿਣਾ ਸਿਰਫ ਮਹਾਰਾਜਗੰਜ ਤੱਕ ਸੀਮਤ ਨਹੀਂ ਬਲਕਿ ਪੂਰੇ ਸੂਬੇ ਦੇ ਗੰਨਾ ਕਿਸਾਨਾਂ ਦਾ ਇਹੀ ਹਾਲ ਹੈ।

ਉੱਤਰ ਪ੍ਰਦੇਸ਼ 'ਚ 2017-18 'ਚ ਗੰਨੇ ਦੀ ਫਸਲ 22.99 ਲੱਖ ਹੈਕਟੇਅਰ ਸੀ, ਜੋ 2018 'ਚ ਵਧ ਕੇ 27.94 ਲੱਖ ਹੈਕਟੇਆਰ ਹੋ ਗਈ ਹੈ। ਪਿਛਲੇ ਸਾਲ ਦੀ ਤੁਲਨਾ ਵਿੱਚ ਪੌਦਾ 19.57 ਫੀਸਦੀ, ਪੇਡੀ 23.93 ਫੀਸਦੀ ਸਮੇਤ ਗੰਨੇ ਦੀ ਫਸਲ ਵਿੱਚ 21.53 ਫੀਸਦੀ ਦਾ ਵਾਧਾ ਹੋਇਆ ਹੈ। ਫ਼ਸਲ ਦੀ ਮਾਤਰਾ ਵਧਣ ਨਾਲ ਚੀਨੀ ਦੀ ਪੈਦਾਵਾਰ ਵਧੇਗੀ ਪਰ ਇਸ ਫਾਇਦਾ ਕਿਸਾਨਾਂ ਨੂੰ ਤੇ ਚੀਨੀ ਖਪਤਕਾਰਾਂ ਨੂੰ ਮਿਲੇ ਇਸ ਦੀ ਸੰਭਾਵਨਾ ਘੱਟ ਹੈ। ਉੱਤਰ ਪ੍ਰਦੇਸ਼ ਦੇ ਗੰਨਾ ਕਿਸਾਨਾਂ ਦਾ ਮਿੱਲਾਂ ਸਿਰਫ ਬਕਾਇਆ 9,453 .65 ਕਰੋੜ ਰੁਪਏ ਤਕ ਪਹੁੰਚ ਚੁੱਕਾ ਹੈ, ਇਸ ਵਿੱਚ ਮੌਜੂਦਾ ਪਿੜਾਈ ਸੀਜ਼ਨ 2018-19 ਦਾ 6621.42 ਕਰੋੜ, 2017-18 ਦਾ 2832.23 ਕਰੋੜ ਸ਼ਾਮਲ ਹੈ। ਕਿਸਾਨਾਂ ਨੂੰ ਇਸ ਬਕਾਏ ਦਾ ਭੁਗਤਾਨ ਮਿਲੇਗਾ ਜਾਂ ਸਾਲ ਦਰ ਸਾਲ ਇਹ ਅੱਗੇ ਹੀ ਵਧਦਾ ਜਾਵੇਗਾ ਇਹ ਸਵਾਲ ਹਮੇਸ਼ਾਂ ਦੀ ਤਰ੍ਹਾਂ ਬਣਿਆ ਹੋਇਆ ਹੈ।

(ਕੁਰਟਸੀ ਮੀਡੀਆ ਵਿਜਲ)

ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ

# ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਸੱਤ ਸਤੰਬਰ ਨੂੰ ਹੋਣ ਵਾਲੇ 20ਵੇਂ ਸਲਾਨਾ ਸਮਾਗਮ ਦਾ ਪੋਸਟਰ ਰਿਲੀਜ਼





ਕੈਲਗਰੀ/ਮਾ. ਭਜਨ

ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਅਗਸਤ ਮਹੀਨੇ ਦੀ ਮੀਟਿੰਗ ਦਾ ਆਗਾਜ਼ ਬਹੁਤ ਨਵੇਕਲੇ ਢੰਗ ਨਾਲ ਹੋਇਆ। ਸਾਹਿਤਕ ਪੇਮੀਆਂ ਦੀ ਭਰਪੂਰ ਹਾਜ਼ਰੀ ਵਿੱਚ ਗੁਰਸ਼ਰਨ ਭਾਜੀ ਦੀ ਅਨੀਤਾ ਸ਼ਬਦੀਸ਼ ਵਲੋਂ ਬਣਾਈ ਡਾਕੂਮੈਂਟਰੀ 'ਸਿਰੜ ਨੂੰ ਸਲਾਮ' ਅਤੇ 'ਕ੍ਰਾਂਤੀ ਦਾ ਕਲਾਕਾਰ ਗੁਰਸ਼ਰਨ ਸਿੰਘ' ਟੀ ਵੀ ਤੇ ਦਿਖਾਈ ਗਈ। ਜਿਸ ਵਿੱਚ ਉਹਨਾਂ ਦੇ ਸੰਪੂਰਨ ਜੀਵਨ ਦਾ ਸੰਘਰਸ਼, ਪਰਿਵਾਰ, ਪ੍ਰਾਪਤੀਆਂ ਤੇ ਸਮਾਜ ਵਿੱਚ ਪਾਏ ਵੱਡਮੁੱਲੇ ਯੋਗਦਾਨ ਦਾ ਬੜੇ ਵਧੀਆ ਢੰਗ ਨਾਲ ਜਿਕਰ ਕੀਤਾ ਗਿਆ।

ਸਾਰੇ ਹਾਜ਼ਰੀਨ ਵਲੋਂ ਇਸ ਦੀ ਬਹੁਤ ਹੀ ਸ਼ਲਾਘਾ ਕੀਤੀ ਗਈ। ਇਸ ਤੋਂ ਬਾਅਦ ਜਨਰਲ ਸਕੱਤਰ ਰਣਜੀਤ ਸਿੰਘ ਨੇ ਪ੍ਰਧਾਨਗੀ ਮੰਵਲ ਵਿੱਚ ਬੈਠਣ ਲਈ ਪ੍ਰਧਾਨ ਬਲਜਿੰਦਰ ਸੰਘਾ ਦੇ ਨਾਲ ਮੁੱਖ ਮਹਿਮਾਨ ਰੰਗ ਕਰਮੀ ਕਲਾ ਤਟ ਥੀਏਟਰ ਦੀ ਪ੍ਰਸਿੱਧ ਹਸਤੀ ਅਨੀਤਾ ਸ਼ਬਦੀਸ਼, ਰੰਗ ਮੰਚ ਦੇ ਨਾਲ ਨਾਲ ਤਿੰਨ ਕਿਤਾਬਾਂ ਦੇ ਲੇਖਕ ਹਰਕੰਵਲਜੀਤ ਸਾਹਿਲ, ਰੰਗ ਕਰਮੀ ਤੇ ਪ੍ਰੋਗਰੈਸਿਵ ਕਲਚਰ ਐਸੋਸੀਏਸ਼ਨ ਤੋਂ ਕਮਲਪ੍ਰੀਤ ਪੰਧੇਰ ਨੂੰ ਸੱਦਾ ਦਿੱਤਾ। ਸ਼ੌਕ ਮਤਿਆ ਵਿੱਚ ਉਹਨਾਂ ਮੋਰੀਸਨ, ਨਰਿੰਜਨ ਤਸਲੀਮ, ਹਰਮਹਿੰਦਰ ਸਿੰਘ ਪਲਾਹਾ ਅਤੇ ਮਾਤਾ ਮਹਿੰਦਰ ਕੌਰ ਦੇ ਸਦੀਵੀ ਵਿਛੋੜੇ ਤੇ ਸਭਾ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਰੰਗ ਮੰਚ ਦੀ ਗੱਲ ਕਰਦਿਆਂ ਹਰਕੰਵਲਜੀਤ ਸਾਹਿਲ ਨੇ ਦੱਸਿਆ ਕਿ ਗੁਰਸ਼ਰਨ ਭਾਜੀ ਨੇ ਸ਼ਹਿਰੀ ਥੀਏਟਰ ਨੂੰ ਪਿੰਡਾਂ ਤੱਕ ਲਿਆਂਦਾ ਤੇ ਆਪਣੀ ਨਾਟ ਸ਼ੈਲੀ ਦੀ ਪੇਸ਼ਕਾਰੀ ਵਿੱਚ ਮਾਨਵਤਾ, ਦੱਬੇ ਕੁਚਲੇ ਲੋਕਾਂ ਦੇ ਹੱਕਾਂ ਦੀ ਗੱਲ ਕੀਤੀ। ਉਹਨਾਂ ਕੈਲਗਰੀ ਵਿੱਚ ਆਪਣੇ ਰੰਗ ਮੰਚ ਸਫਰ ਬਾਰੇ ਵੀ ਚਾਨਣਾ ਪਾਇਆ ਤੇ ਸੁਖਦੇਵ ਸਿੰਘ ਕਾਹਲੋਂ ਦੀ ਗੁਰਸ਼ਰਨ ਭਾਜੀ ਬਾਰੇ ਲਿਖੀ ਨਜ਼ਮ ਵੀ ਪੜ੍ਹੀ। ਫਿਰ ਮੁੱਖ ਮਹਿਮਾਨ ਬਹੁ-ਪੱਖੀ ਸ਼ਖਸੀਅਤ ਅਨੀਤਾ ਸਬਦੀਸ਼ ਨੇ ਗੁਰਸ਼ਰਨ ਭਾਜੀ ਨਾਲ ਬਿਤਾਏ ਪਲਾਂ ਦੀ ਗੱਲ ਕਰਦਿਆਂ ਕਿਹਾ ਕਿ ਗੁਰਸ਼ਰਨ ਸਿੰਘ ਇੱਕ ਸੰਸਥਾ ਦਾ ਨਾਮ ਹੈ। ਜਿਨ੍ਹਾਂ ਸਾਰੀ ਜ਼ਿੰਦਗੀ ਰੰਗ ਮੰਚ ਦੀ ਨਿਸ਼ਕਾਮ ਸੇਵਾ ਕੀਤੀ। ਜਿਸ ਵਿੱਚ ਉਹਨਾਂ ਦੀ ਪਤਨੀ ਕੈਲਾਸ਼ ਕੌਰ ਤੇ ਦੋ ਬੇਟੀਆਂ ਨੇ ਪੂਰਾ ਸਾਥ ਦਿੱਤਾ। ਉਹਨਾਂ ਨਾਲ ਕੰਮ ਕਰ ਕੇ ਹਰਭਜਨ ਜੱਬਲ, ਜਤਿੰਦਰ ਕੌਰ, ਸੁਨੀਤਾ ਧੀਰ ਆਦਿ ਬਹੁਤ ਸਾਰੇ ਕਲਾਕਾਰਾਂ ਨੇ ਆਪਣਾ ਕੈਰੀਅਰ ਬਣਾਇਆ ਤੇ ਰੰਗ ਮੰਚ ਦੇ ਨਾਲ ਨਾਲ ਟੀ ਵੀ ਅਤੇ ਫਿਲਮਾਂ ਵਿੱਚ ਵੀ ਨਾਮਣਾ ਖੱਟਿਆ। ਉਹਨਾਂ ਨੇ ਦੱਸਿਆ ਕਿ ਗੁਰਸ਼ਰਨ ਭਾਜੀ ਦੇ ਨਾਮ 'ਗੁਰਸ਼ਰਨ ਕਲਾ ਭਵਨ ਮੁੱਲਾਂਪੁਰ' 'ਗੁਰਸ਼ਰਨ ਔਡੀਟੋਰੀਅਮ' ਬਣਿਆ ਹੈ ਤੇ ਉਹਨਾਂ ਦੇ ਨਾਮ ਤੇ ਹਰ ਸਾਲ 'ਗੁਰਸ਼ਰਨ ਨਾਟ ਉਤਸਵ' ਮਨਾਇਆ ਜਾਂਦਾ ਹੈ। ਅਨੀਤਾ ਸਬਦੀਸ਼ ਨੇ ਹੁਣ ਉਹਨਾਂ ਦੇ ਜੱਦੀ ਘਰ ਨੂੰ ਗੁਰਸ਼ਰਨ ਭਾਜੀ ਨਾਲ ਸਬੰਧਤ ਚੀਜ਼ਾਂ 'ਤੇ ਉਹਨਾਂ ਦੀਆਂ ਫੋਟੋਆਂ ਤੇ ਸਨਮਾਨ ਚਿੰਨਾਂ ਨਾਲ 'ਗੁਰਸ਼ਰਨ ਆਰਟ ਗੈਲਰੀ' ਬਣਾਇਆ ਹੈ। ਮਾਸਟਰ ਬਚਿੱਤਰ ਗਿੱਲ ਨੇ ਗੁਰਸ਼ਰਨ ਭਾਜੀ ਤੇ ਅਨੀਤਾ ਸਬਦੀਸ਼ ਦੇ ਪਿਤਾ ਧਰਮਪਾਲ ਉਪਾਸ਼ਕ ਨਾਲ ਬਿਤਾਏ ਪਲਾਂ ਦਾ ਜ਼ਿਕਰ ਕੀਤਾ ਤੇ 'ਅਸੀਂ ਲੀਡਰ' ਵਿਅੰਗਮਈ ਕਵਿਤਾ ਸੁਣਾਈ। ਗੁਰਚਰਨ ਕੌਰ ਥਿੰਦ ਨੇ ਵੀ ਰੰਗ ਮੰਚ ਬਾਰੇ ਆਪਣੇ ਤਜਰਬੇ ਸਾਂਝੇ ਕੀਤੇ। ਕਮਲਪ੍ਰੀਤ ਪੰਧੇਰ ਨੇ ਅਨੀਤਾ ਸਬਦੀਸ਼, ਮੁਲਾਂਪੁਰ ਦੇ ਰੰਗ ਮੰਚ ਤੇ ਕੈਲਗਰੀ ਵਿੱਚ ਆਪਣੇ ਨਾਟਕਾਂ ਬਾਰੇ ਸਾਂਝ ਪਾਈ। ਉਹਨਾਂ ਕਿਹਾ ਕਿ ਸਮਾਜ ਵਿੱਚ ਜਾਗਰਤੀ ਲਿਆਉਣ ਲਈ ਰੰਗ ਮੰਚ ਦਾ ਬਹੁਤ ਵੱਡਮੁੱਲਾਂ ਯੋਗਦਾਨ ਹੈ।

**ਅਗਸਤ ਮਹੀਨੇ ਦੀ ਮੀਟਿੰਗ ਰੰਗ ਮੰਚ ਦੇ ਸੂਹੇ ਸੂਰਜ ਤੇ ਪਿਤਾਮਾ ਗੁਰਸ਼ਰਨ ਭਾਜੀ ਨੂੰ ਸਮਰਪਿਤ ਰਹੀ**

ਨਰਿੰਦਰ ਢਿੱਲੋਂ ਨੇ ਕਿਹਾ ਗੁਰਸ਼ਰਨ ਭਾਜੀ ਨੇ ਪੰਜਾਬ ਦੇ ਕਾਲੇ ਦੌਰ ਵਿੱਚ ਵੀ ਨਾਟਕ ਕਰਨੇ ਜਾਰੀ ਰੱਖੇ ਤੇ ਨਿਧੱੜਕ ਹੋ ਕੇ ਲੋਕਾਂ ਨੂੰ ਉਹਨਾਂ ਦੇ ਹੱਕਾਂ ਲਈ ਜਾਗਰੁਕ ਕੀਤਾ। ਸਭਾ ਦੀ ਕਾਰਜਕਾਰੀ ਕਮੇਟੀ ਵਲੋਂ ਅਨੀਤਾ ਸਬਦੀਸ਼ ਨੂੰ ਸਨਮਾਨ ਚਿੰਨ੍ਹ ਤੇ ਸਭਾ ਦੇ ਲੇਖਕਾਂ ਦੀਆਂ ਕਿਤਾਬਾਂ ਦਾ ਸੈੱਟ ਭੇਂਟ ਕੀਤਾ। ਇਸ ਮੌਕੇ 7 ਸਤੰਬਰ ਨੂੰ ਸਭਾ ਦੇ ਹੋਣ ਵਾਲੇ 20ਵੇਂ ਸਲਾਨਾ ਸਮਾਗਮ ਦਾ ਪੋਸਟਰ ਰਿਲੀਜ਼ ਕੀਤਾ ਗਿਆ। ਇਹ ਸਮਾਗਮ ਦਿਨ ਸ਼ਨੀਵਾਰ ਨੂੰ ਬਾਅਰ ਦੁਪਹਿਰ 1 ਤੋਂ 4 ਵਜੇ ਤੱਕ ਵਾਈਟਹੌਰਨ ਕਮਿਊਨਟੀ ਹਾਲ ਵਿੱਚ ਹੋਏਗਾ। ਜਿਸ ਵਿੱਚ ਰੰਗ ਕਰਮੀ ਬਹੁ-ਪੱਖੀ ਲੇਖਕਾਂ ਪਰਮਿੰਦਰ ਕੌਰ ਸਵੈਚ ਸਰੀ ਨਿਵਾਸੀ ਦਾ ਪਲੇਕ, ਇੱਕ ਹਜ਼ਾਰ ਡਾਲਰ ਦੀ ਰਾਸ਼ੀ ਤੇ ਸਭਾ ਦੇ ਲੇਖਕਾਂ ਦੀਆਂ ਕਿਤਾਬਾਂ ਨਾਲ ਸਨਮਾਨ ਕੀਤਾ ਜਾਏਗਾ। ਕਵਿਤਾਵਾਂ ਦੇ ਦੌਰ ਵਿੱਚ ਰਾਣਾ ਚਾਨਾ, ਤਰਲੋਚਨ ਸੈਂਭੀ ਤੇ ਜ਼ੋਰਾਵਰ ਬਾਂਸਲ, ਰਾਜਵੰਤ ਮਾਨ, ਬਹਾਦਰ ਡਾਲਵੀ ਨੇ ਹਾਜ਼ਰੀ ਲਵਾਈ। ਅਖੀਰ ਵਿੱਚ ਪ੍ਰਧਾਨ ਬਲਜਿੰਦਰ ਸੰਘਾ ਨੇ ਆਏ ਹਾਜ਼ਰੀਨ ਦਾ ਧੰਨਵਾਦ ਕੀਤਾ ਤੇ ਸੱਤ ਸਤੰਬਰ ਨੂੰ ਹੋਣ ਵਾਲੇ ਸਲਾਨਾ ਸਮਾਗਮ ਵਿੱਚ ਪਹੁੰਚਣ ਲਈ ਸੱਦਾ ਦਿੱਤਾ। ਹੋਰ ਜਾਣਕਾਰੀ ਲਈ ਪ੍ਰਧਾਨ ਬਲਜਿੰਦਰ ਸੰਘਾ ਨੂੰ 403-680-3212 ਅਤੇ ਜਨਰਲ ਸਕੱਤਰ ਰਣਜੀਤ ਸਿੰਘ ਨੂੰ 403-714-6848 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਲੱਗੀ ਜੇ ਤੇਰੇ ਕਾਲਜੇ ਅਜੇ ਛੁਰੀ ਨਹੀਂ ਇਹ ਨਾ ਸੋਚ ਸ਼ਹਿਰ ਦੀ ਹਾਲਤ ਬੁਰੀ ਨਹੀਂ ! ਪਾਤਰ

ਫਾਸੀਵਾਦੀ ਸੰਘਠਨਾ ਨੇ ਇੱਕ ਅਜਿਹਾ ਤਾਕਤਵਰ ਟੋਲਾ ਤਿਆਰ ਕਰ ਲਿਆ ਹੈ, ਜੋ ਵੀ ਸਰਕਾਰ ਜਾ ਉਸਦੀਆਂ ਕਰਤੂਤਾਂ ਵਿਰੁੱਧ ਬੋਲੇਗਾ ਨੂੰ ਜਾਨੋ ਮਾਰਨ ਅਤੇ ਅਜਿਹੀ ਘਟੀਆ ਸ਼ਬਦਾਵਲੀ ਨਾਲ ਗਾਲੀ ਗਲੋਚ ਕਰਕੇ ਤੇ ਇੱਕ ਸਹਿਮ ਤੇ ਅਨਿਸ਼ਚਿਤਾ ਦਾ ਮਹੌਲ ਤਿਆਰ ਕਰਕੇ ਉਸ ਅਵਾਜ਼ ਨੂੰ ਦੱਬਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਫਾਸੀਵਾਦੀ ਟੋਲੇ ਵਿੱਚ ਸਭ ਤੋ ਵੱਡੀ ਗਿਣਤੀ ਨੌਜਵਾਨਾਂ ਦੀ ਹੈ ਜਿਨਾ ਦੇ ਦਿਮਾਗ ਨੂੰ ਧਰਮ ਤੇ ਰਾਸ਼ਟਰਵਾਦ ਦੇ ਨਾਮ ਹੇਠ ਵਰਗਲਾਇਆ ਗਿਆ ਹੈ। ਉਹਨਾਂ ਲਈ ਆਰਥਿਕ ਮੰਦਹਾਲੀ, ਬੇਰੁਜ਼ਗਾਰੀ ਜਾਂ ਸਿੱਖਿਆ ਦੀ ਨਿਘਰਦੀ ਹਾਲਤ ਕੋਈ ਮਾਅਨੇ ਨਹੀਂ ਰੱਖਦੀ ਰਾਸ਼ਟਰਵਾਦ ਜਾਂ ਧਰਮ ਤੇ ਖ਼ਤਰੇ ਦਾ ਕਟੋਰਾ ਫੜਾ ਕੇ ਹਿੰਸਾ




ਵੱਲ ਧੱਕਿਆ ਜਾ ਚੁੱਕਾ ਹੈ।

ਹਰ ਅਵਾਜ਼ ਜੋ ਇਸ ਨਵੇ ਭਾਰਤ ਦੇ ਇਸ ਫਾਸੀਵਾਦੀ ਚਿਹਰੇ ਤੇ ਉਂਗਲ ਉਠਾਉਂਦੀ ਹੈ ਉਸ ਵਿਰੁੱਧ ਇਹ ਤਾਕਤਵਰ ਟੋਲਾ ਭੁੱਖੇ ਕੁੱਤਿਆਂ ਵਾਂਗ ਮਗਰ ਪਾ ਦਿੱਤਾ ਜਾਂਦਾ ਹੈ। ਇਸਦੇ ਪਿੱਛੇ ਸਰਕਾਰ ਆਪਣੀ ਪੂਰੀ ਤਾਕਤ ਨਾਲ ਖੜੀ ਹੈ। ਅਨੁਰਾਗ ਕਸਯਪ ਨੂੰ ਟਵਿਟਰ ਬੰਦ ਕਰਨ ਲਈ ਮਜਬੂਰ ਕਰਨਾ ਇਸੇ ਟੋਲੇ ਦੀਆ ਹੀ ਜਾਨਲੇਵਾ ਧਮਕੀਆਂ ਹਨ।

ਪੰਜਾਬ ਯੂਨੀਵਰਸਿਟੀ ਦੀ ਪ੍ਰਧਾਨ ਕਨੂ ਪ੍ਰਿਆ ਵਿਰੁੱਧ ਵਰਤੀ ਜਾ ਰਹੀ ਸ਼ਬਦਾਵਲੀ ਵੀ ਇਸੇ ਪੱਛੇ ਸਰਕਾਰੀ ਸਹਿ ਤੇ ਕੰਮ ਕਰ ਰਹੀਆਂ ਰਰਸ ਦੀਆ ਸੰਸਥਾਵਾਂ ਦਾ ਹੱਥ ਹੋਣ ਦਾ ਕਿਸੇ ਨੂੰ ਭੁਲੇਖਾ ਨਹੀਂ ਹੈ।

ਇਹਨਾਂ ਖ਼ਤਰਨਾਕ ਸਮਿਆਂ ਵਿੱਚ ਜਿੱਥੇ ਬੋਲਣ ਦੀ ਅਜ਼ਾਦੀ ਖੋਹੀ ਹਾ ਰਹੀ ਤੇ ਨੌਜਵਾਨਾਂ ਨੂੰ ਫਾਸੀਵਾਦ ਆਪਣੀ ਪਕੜ ਵਿੱਚ ਲੈ ਰਿਹਾ ਹੈ।

ਤੁਹਾਡੀ ਚੁੱਪ ਦਾ ਇੱਕ ਦਿਨ ਇਹ ਨਤੀਜਾ ਹੋਵੇਗਾ ਕਿ ਇਹ ਹਿੰਸਕ ਭੀੜ ਤੁਹਾਡੇ ਘਰ ਦੇ ਬਾਹਰ ਖੜੀ ਹੋਵੇਗੀ ਜਾਂ ਤੁਹਾਡਾ ਬੱਚਾ ਵੀ ਇਸ ਜਨੂੰਨੀ ਭੀੜ ਦਾ ਹਿੱਸਾ ਹੋਵੇਗਾ।







# ਵੀਅਤਨਾਮ ਦੀ ਫੇਰੀ

ਚੰਡੀਗੜ੍ਹ 23 ਅਗਸਤ : ਵੀਅਤਨਾਮ ਯੂਨੀਅਨ ਆਫ ਫਰੈਂਡਸਿੱਪ ਆਰਗੇਨਾਈਜ਼ੇਸ਼ਨ ਦੇ ਸੱਦੇ ਤੇ ਆਲ ਇੰਡੀਆ ਪੀਸ ਐਂਡ ਸੋਲਿਡੈਰਿਟੀ ਆਰਗੇਨਾਈਜ਼ੇਸ਼ਨ (ਐਪਸੋ) ਦਾ 27 ਮੈਂਬਰੀ ਡੇਲੀਗੇਸ਼ਨ 12-19 ਅਗਸਤ 2019 ਤੱਕ ਵੀਅਤਨਾਮ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਗਿਆ। ਇਸ ਡੈਲੀਗੇਸ਼ਨ ਵਿੱਚ 13 ਮੈਂਬਰੀ ਸੱਭਿਆਚਾਰਕ ਗਰੁੱਪ ਵੀ ਸ਼ਾਮਲ ਸੀ, ਜਿਸ ਦੀ ਅਗਵਾਈ ਪ੍ਰਸਿੱਧ ਕਲਾਕਾਰ ਸ੍ਰੀ ਬਲਕਾਰ ਸਿੱਧੂ ਕਰ ਰਹੇ ਸਨ। ਇਥੇ ਯਾਦ ਰਹੇ ਕਿ ਪਿਛਲੇ ਸਾਲ ਵੀਅਤਨਾਮ ਤੋਂ 32 ਮੈਂਬਰੀ ਡੈਲੀਗੇਸ਼ਨ ਚੰਡੀਗੜ੍ਹ ਤੇ ਪੰਜਾਬ ਆਇਆ ਸੀ ਜਿਥੇ ਉਹਨਾਂ ਨੇ ਆਪਣੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਸਨ।

ਇਸ ਡੈਲੀਗੇਸ਼ਨ ਦੀ ਅਗਵਾਈ ਐਪਸੋ ਦੇ ਡਿਪਟੀ ਜਨਰਲ ਸੈਕਟਰੀ ਹਰਚੰਦ ਸਿੰਘ ਬਾਠ, ਮੀਤ ਪ੍ਰਧਾਨ ਰੋਸ਼ਨ ਲਾਲ ਮੋਦਗਿੱਲ, ਪੰਜਾਬ ਇਕਾਈ ਦੇ ਜਨਰਲ ਸੈਕਟਰੀ ਜਸਪਾਲ ਸਿੰਘ ਦੱਪਰ ਅਤੇ ਜੇ.ਐਨ.ਯੂ. ਦੇ ਸਾਬਕਾ ਪ੍ਰੋਫੈਸ਼ਰ ਸ੍ਰੀ ਚਮਨ ਲਾਲ ਕਰ ਰਹੇ ਸਨ ਅਤੇ ਅਮਰਜੀਤ ਸਿੰਘ ਲੌਂਗੀਆਂ, ਸਤਨਾਮ ਦਾਊਂ , ਲਵਨੀਤ ਠਾਕੁਰ , ਸੱਜਣ ਸਿੰਘ , ਸੁਰਜੀਤ ਸਿੰਘ ਸਵੈਚ, ਸਤਪਾਲ ਸਿੰਘ , ਇੰਦਰਜੀਤ ਬਿਸ਼ਨੋਈ , ਰੁਪਿੰਦਰ ਸਿੰਘ, ਨਰੇਸ਼ ਕੁਮਾਰ ,ਥੌਮਸ ਬਾਨੀ , ਪਲਵਸੇਨ ਗੁਪਤਾ ,ਅਰੁਣ ਕੁਮਾਰ ਇਸ ਡੈਲੀਗੇਸ਼ਨ ਵਿੱਚ ਸ਼ਾਮਲ ਸਨ। ਡੈਲੀਗੇਸ਼ਨ ਦਾ ਸਵਾਗਤ ਵੀਅਤਨਾਮ ਸਰਕਾਰ ਦੇ ਉਪ ਰਾਸ਼ਟਰਪਤੀ ਮੈਡਮ ਡਾਂਗਥੀ ਨਗੋਕਥਿਨ ਨੇ ਰਾਸ਼ਟਰਪਤੀ ਭਵਨ ਵਿੱਚ ਕਰਦਿਆਂ ਕਿਹਾ ਕਿ ਭਾਰਤ ਅਤੇ ਵੀਅਤਨਾਮ ਦੇ ਸਬੰਧ ਇਤਹਾਸ ਦੀ ਕਸਵੱਟੀ ਤੇ ਪੂਰੇ ਉਤਰੇ ਹਨ ਤੇ ਆਉਣ ਵਾਲੇ ਸਮੇਂ ਵਿੱਚ ਇਹ ਸਬੰਧ ਹੋਰ ਵੀ ਮਜ਼ਬੂਤ ਹੋਣਗੇ।

ਡੈਲੀਗੇਸ਼ਨ ਨੇ ਆਪਣੀ ਫੇਰੀ ਦੌਰਾਨ ਵੀਅਤਨਾਮ ਦੇ ਚਾਰ ਪ੍ਰਮੁੱਖ ਸ਼ਹਿਰਾਂ ਰਾਜਧਾਨੀ ਹਨੋਈ, ਵਪਾਰਕ ਰਾਜਧਾਨੀ ਹੋ ਚੀ ਮਿਨ੍ਹ ਸਿਟੀ, ਨਿਨ੍ਹ ਬਿਨ੍ਹ ਅਤੇ ਨਹਾਂ ਤਰਾਂਗ ਵਿੱਚ ਸੱਭਿਆਚਾਰਕ ਪ੍ਰੋਗਰਾਮ, ਸਮੇਤ ਭੰਗੜਾ ਗਿੱਧਾ, ਝੂਮਰ, ਲੋਕ ਨਾਚ ਅਤੇ ਬਾਲੀਵੁੱਡ ਸੰਗੀਤ ਪੇਸ਼ ਕਰਕੇ ਦਰਸਕਾਂ ਦੇ ਮਨ ਟੁੰਭ ਲਏ। ਇਹਨਾਂ ਪ੍ਰੋਗਰਾਮਾਂ ਨੂੰ ਮੀਡੀਆ ਨੇ ਵੱਡੀ ਜਗ੍ਹਾਂ ਦਿੱਤੀ। ਇਸ ਦੌਰਾਨ ਡੈਲੀਗੇਸ਼ਨ ਦੀਆਂ ਵੀਅਤਨਾਮ ਦੇ ਪ੍ਰਤੀਨਿਧੀਆਂ ਨਾਲ ਬੈਠਕਾਂ ਕਰਦੇ ਦੋਹਾਂ ਦੇਸ਼ਾਂ ਦੇ ਸਬੰਧਾਂ ਨੂੰ ਆਉਣ ਵਾਲੇ ਸਮੇਂ ਵਿੱਚ ਹਰ ਇੱਕ ਖੇਤਰ ਵਿੱਚ ਹੋਰ ਮਜ਼ਬੂਤ ਕਰਨ ਦਾ ਅਹਿਦ ਕੀਤਾ।

ਇਥੇ ਇਹ ਵੀ ਦੱਸਣਯੋਗ ਰਹੇਗਾ ਕਿ ਇਸ ਫੇਰੀ ਦੌਰਾਨ 15 ਅਗਸਤ ਨੂੰ ਭਾਰਤ ਦਾ ਅਜ਼ਾਦੀ ਦਿਵਸ ਵੀਅਤਨਾਮ ਦੇ ਸ਼ਹਿਰ ਨਹਾਂ ਤਰਾਂਗ ਸ਼ਹਿਰ ਦੇ ਲਿਜੇਂਡ ਥੀਏਟਰ ਵਿੱਚ ਮਨਾਇਆ ਗਿਆ, ਜਿਥੇ ਸੱਭਿਆਚਾਰਕ ਗਰੁੱਪ ਨੇ ਆਪਣੇ ਪ੍ਰੋਗਰਾਮ ਪੇਸ਼ ਕੀਤੇ ਤੇ ਨਾਲ ਹੀ ਵੀਅਤਨਾਮ ਦੇ ਵੱਡੇ ਸੱਭਿਆਚਾਰਕ ਗਰੁੱਪ ਨੇਵੀ ਆਪਣੇ ਰਵਾਇਤੀ ਡਾਂਸ ਪੇਸ਼ ਕੀਤੇ। ਅਜ਼ਾਦੀ ਦਿਵਸ ਵਿੱਚ ਨਹਾਂ ਤਰਾਂਗ ਸ਼ਹਿਰ ਵਿੱਚ ਵੀਅਤਨਾਮ ਨੇ ਵੀ ਅਕੈਡਮੀ ਵਿੱਚ ਕੰਮ ਕਰਦੇ ਭਾਰਤੀ ਨਾਗਰਿਕਾਂ ਤੇ ਉਹਨਾਂ ਦੇ ਪ੍ਰੀਵਾਰਾਂ ਨੇ ਵੀ ਹਿੱਸਾ ਲਿਆ ਤੇ ਪ੍ਰੋਗਰਾਮ ਵੇਖ ਕੇ ਬਹੁਤ ਖੁਸ਼ ਹੋਏ। ਆਖਰ ਭਾਰਤੀ ਡੈਲੀਗੇਸ਼ਨ ਨੇ ਵੀਅਤਨਾਮ ਦੇ ਡੈਲੀਗੇਸ਼ਨ ਨੂੰ ਅਗਲੇ ਸਾਲ ਭਾਰਤ ਆਉਣ ਦਾ ਸੱਦਾ ਦਿੱਤਾ ਗਿਆ ਜੋ ਕਿ ਉਹਨਾਂ ਵਲੋਂ ਪ੍ਰਵਾਨ ਕਰ ਲਿਆ ਗਿਆ।





# ਯੰਗਸਿਤਾਨ ਕੈਂਪ ਨੇ ਨਵੀਂਆਂ ਬੁਲੰਦੀਆਂ ਛੋਹੀਆਂ

## ਭੰਗੜਾ ਫਲੇਮਜ਼, ਕੈਲਗਰੀ ਯੂਨੀਵਰਸਿਟੀ, ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਇੰਮੀਗਰਾਂਟ ਸਰਵਿਸਜ਼, ਲੰਡਨ ਸਕੁਏਰ ਡੈਂਟਲ, ਹਰਚਰਨ ਪਰਹਾਰ ਤੇ ਜਸਕਰਨ ਪੁਰਬਾ ਨੇ ਲਵਾਈ ਹਾਜ਼ਰੀ





ਕੈਲਗਰੀ, (ਮਾਸਟਰ ਭਜਨ)-ਗਰਮੀਆਂ ਦੀਆਂ ਛੁੱਟੀਆਂ ਵਿੱਚ ਪੰਜਾਬੀ ਭਾਈਚਾਰੇ ਦੇ ਬੱਚਿਆਂ ਨੂੰ ਕੁਝ ਚੰਗੀਆਂ ਗੱਲਾਂ ਸਿਖਾਉਣ ਦੇ ਮਕਸਦ ਦੇ ਨਾਲ਼ ਨਾਲ਼ ਕੁਝ ਗਤੀਵਿਧੀਆਂ ਵਿੱਚ ਰੁਝਾਉਣ ਲਈ ਲਗਾਇਆ ਗਿਆ ਯੰਗਸਿਤਾਨ ਸਮਰ ਕੈਂਪ ਇਸ ਵਾਰ ਨਵੀਆਂ ਪੈੜਾਂ ਪਾ ਗਿਆ। ਇਸ ਵਾਰ ਦਾ ਯੰਗਸਿਤਾਨ ਸਮਰ ਕੈਂਪ 28 ਜੁਲਾਈ ਤੋਂ 4 ਅਗਸਤ ਤੱਕ ਕੈਲਗਰੀ ਦੇ ਜੈਨਸਿਸ ਸੈਂਟਰ ਤੇ ਫਾਲਕਿੰਨਰਿੱਜ ਕਮਿਊਨਿਟੀ ਹਾਲ ਵਿੱਚ ਲਗਾਇਆ ਗਿਆ।

ਹਰ ਸਾਲ ਦੀ ਤਰਾਂ ਕੈਂਪ ਵਿੱਚ ਮੈਡੀਟੇਸ਼ਨ, ਆਰਟ ਕਰਾਫਟ, ਭੰਗੜਾ, ਖੇਡਾਂ ਤੇ ਜਾਗਰੂਕਤਾ ਸ਼ੈਸ਼ਨਾਂ ਤੋਂ ਇਲਾਵਾ ਪਹਿਲੀ ਵਾਰ ਸ਼ਾਮਲ ਕੀਤੇ ਗਏ ਅੰਗਰੇਜ਼ੀ ਤੇ ਪੰਜਾਬੀ ਬਾਲ ਨਾਟਕਾਂ ਨੂੰ ਬੱਚਿਆਂ ਨੇ ਬਹੁਤ ਪਸੰਦ ਕੀਤਾ। ਕੈਂਪ ਦੇ ਆਖ਼ਰੀ ਦਿਨ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਪੇਸ਼ ਕੀਤੇ ਨਾਟਕ 'ਅਸੀਂ ਨਹੀਂ ਬਣਨਾ ਇਨਸਾਨ' ਦੀ ਪੇਸ਼ਕਾਰੀ 'ਚ ਬੱਚਿਆਂ ਦੀ ਅਦਾਕਾਰੀ ਨੇ ਹਰ ਇੱਕ ਨੂੰ ਪ੍ਰਭਾਵਿਤ ਕੀਤਾ। ਇਸ ਨਾਟਕ ਦੀ ਪ੍ਰਾਪਤੀ ਇਹ ਰਹੀ ਕਿ ਸਾਊਂਡ ਸਿਸਟਮ ਵਿੱਚ ਤਕਨੀਕੀ ਖ਼ਰਾਬੀ ਆ ਜਾਣ ਕਾਰਨ ਬੱਚਿਆਂ ਨੇ ਬਿਨਾਂ ਮਾਈਕਾਂ ਤੋਂ ਸੰਵਾਦ ਬੋਲ ਕੇ ਦਰਸ਼ਕਾਂ ਦੀਆਂ ਤਾੜੀਆਂ ਖੱਟੀਆਂ। ਸੁਰਿੰਦਰ ਸ਼ਰਮਾ ਦੁਆਰਾ ਲਿਖਿਆ ਤੇ ਨਿਰਦੇਸ਼ਿਤ ਇਹ ਨਾਟਕ ਸਿਆਸੀ ਲੀਡਰਾਂ ਵਲੋਂ ਕੀਤੇ ਜਾਂਦੇ ਦਿਲ ਲੁਭਾਊ ਵਾਅਦਿਆਂ ਤੇ ਵੱਡੀ ਚੋਟ ਸੀ। ਕਮਲ ਪੰਧੇਰ ਤੇ ਨਵਕਿਰਨ ਨੇ ਕੁਝ ਦਿਨਾਂ ਵਿੱਚ ਹੀ ਇਸ ਨਾਟਕ ਦੀ ਤਿਆਰੀ ਕਰਵਾਈ। ਮਾਸਟਰ ਭਜਨ ਨੇ ਇਸ ਮੌਕੇ ਯੰਗਸਿਤਾਨ ਦੇ ਕੰਮਾਂ ਦੀ ਪ੍ਰਸ਼ੰਸਾ ਕੀਤੀ।

ਕੈਂਪ ਵਿੱਚ 115 ਬੱਚਿਆਂ ਨੇ ਭਾਗ ਲਿਆ ਤੇ 20 ਵਲੰਟੀਅਰਾਂ ਦੀ ਟੀਮ ਨੇ ਉਹਨਾਂ ਨੂੰ ਵੱਖ ਵੱਖ ਗਤੀਵਧੀਆਂ ਕਰਵਾਈਆਂ। ਲੰਡਨ ਸਕੁਏਰ ਡੈਂਟਲ ਤੇ ਇੰਮੀਗਰਾਂਟ ਸਰਵਿਸਜ਼ ਕੈਲਗਰੀ ਦੇ ਸ਼ੈਸ਼ਨਾਂ ਨਾਲ਼ ਕੈਂਪ ਦੀ ਸ਼ੁਰੂਆਤ ਹੋਈ। ਹਰਚਰਨ ਸਿੰਘ ਪਰਹਾਰ ਦੀ ਅਗਵਾਈ ਵਿੱਚ ਬੱਚਿਆਂ ਨੇ ਮੈਡੀਟੇਸ਼ਨ ਕਿਰਿਆਵਾਂ ਵਿੱਚ ਭਾਗ ਲਿਆ ।ਭੰਗੜਾ ਫਲੇਮਜ਼ ਦੀ ਅਗਵਾਈ ਵਿੱਚ ਬੱਚਿਆਂ ਨੇ ਲੋਕ ਨਾਚ ਦਾ ਆਨੰਦ ਮਾਣਿਆ। ਜਾਗਰੂਕਤਾ ਸ਼ੈਸ਼ਨ ਵਿੱਚ ਜਸਕਰਨ ਪੁਰਬਾ ਨੇ ਨਸ਼ਿਆਂ ਤੇ ਸੈਲ ਫੋਨ ਦੀ ਜ਼ਿਆਦਾ ਵਰਤੋਂ ਬਾਰੇ ਬੱਚਿਆਂ ਤੇ ਮਾਪਿਆਂ ਨੂੰ ਸੁਚੇਤ ਕੀਤਾ। ਕੈਲਗਰੀ ਯੂਨੀਵਰਸਿਟੀ ਦੇ ਨਾਟਕ ਵਿਭਾਗ ਦੇ ਵਿਦਿਆਰਥੀਆਂ ਦੁਆਰਾ ਖੇਡੇ ਗਏ ਅੰਗਰੇਜ਼ੀ ਬਾਲ ਨਾਟਕ 'ਜੰਪੀ ਐਂਡ ਦਿ ਫਰੌਗ' ਨੂੰ ਬੱਚਿਆਂ ਨੇ ਬਹੁਤ ਪਸੰਦ ਕੀਤਾ।

ਟੇਲੈਂਟ ਸ਼ੋਅ ਵਿੱਚ ਬੱਚਿਆਂ ਦੀ ਪੇਸ਼ਕਾਰੀ ਬਹੁਤ ਹੀ ਕਮਾਲ ਦੀ ਸੀ ਜਿਸ ਵਿੱਚ ਬੱਚਿਆਂ ਨੇ ਗੀਤਾਂ ਤੇ ਕਵਿਤਾਵਾਂ ਰਾਹੀਂ ਰੰਗ ਭਰਿਆ। ਇਸ ਦਿਨ ਨਿੱਕੇ-ਨਿੱਕੇ ਬੱਚਿਆਂ ਦਾ ਪੰਜਾਬੀ ਗੀਤਾਂ ਤੇ ਨੱਚਣਾ ਵੀ ਸਭ ਦਾ ਮਨ ਮੋਹ ਕੇ ਲੈ ਗਿਆ।





HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Bay 11 2316 27 Ave. NE, Calgary Ph.: 403-719-4947

IQBAL SIDHU INSURANCE ADVISOR
FINANCIAL SERVICES
- Life Insurance; - Term Life - Universal Life
- Critical Illness Insurance • Segregated Funds
- RRSP

ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Tel: (403) 615-0957
Email: isidhu@sidhuaccounting.ca

SIDHU ACCOUNTING & TAX SERVICES
ACCOUNTING SERVICES
- Personal Tax Returns • Corporate Tax Returns
- Computerized Book Keeping
- Payroll • T4's • Record of Employment

ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Iqbal Sidhu
Tel: (403) 568-2667 Fax: (403) 568-2676
Email:info@sidhuaccounting.ca

Unit 202, 4656 Westwinds Dr. NE Calgary, AB. T3J 3Z5 (Near Sikh Virsa Office)

# ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਨੇ ਅਜ਼ਾਦੀ ਦੇ ਸ਼ਹੀਦਾਂ ਨੂੰ ਯਾਦ ਕਰਨ ਤੋਂ ਇਲਾਵਾ ਸਿਹਤ ਸੰਭਾਲ ਤੇ ਵੀ ਚਰਚਾ ਕੀਤੀ

ਕੈਲਗਰੀ, (ਮਾ. ਭਜਨ): ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ, ਆਪਣੀ ਮਾਸਿਕ ਇਕੱਤਰਤਾ ਵਿੱਚ, ਜਿੱਥੇ ਦਿਨ ਤਿਉਹਾਰਾਂ ਦੇ ਨਾਲ ਨਾਲ, ਭਖਦੇ ਮਸਲਿਆਂ ਤੇ ਵਿਚਾਰ ਵਟਾਂਦਰਾ ਕਰਦੀ ਹੈ- ਉਥੇ ਆਪਣੇ ਮੈਂਬਰਾਂ ਨੂੰ ਸਿਹਤ ਸਬੰਧੀ ਵੀ ਸਮੇਂ ਸਮੇਂ ਤੇ ਜਾਣਕਾਰੀ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਇਸੇ ਲੜੀ ਤਹਿਤ ਅਗਸਤ ਮਹੀਨੇ ਦੀ ਮਾਸਿਕ ਮਿਲਣੀ, ਮਹੀਨੇ ਦੇ ਤੀਜੇ ਸ਼ਚਿਰਨਵਾਰ, ਮੈਂਬਰਾਂ ਦੀ ਭਰਵੀਂ ਹਾਜ਼ਰੀ ਵਿੱਚ, ਜੈਂਸਿਸ ਸੈਂਟਰ ਵਿਖੇ ਹੋਈ- ਜਿਸ ਵਿੱਚ ਯੋਗਾ ਇੰਸਟਰੱਕਟਰ ਰਛਪਾਲ ਕੌਰ ਉਚੇਚੇ ਤੌਰ ਤੇ ਹਾਜ਼ਰ ਹੋਏ।



ਸਟੇਜ ਦੀ ਸੇਵਾ ਨਿਭਾਉਂਦਿਆਂ, ਗੁਰਦੀਸ਼ ਕੌਰ ਗਰੇਵਾਲ ਨੇ, ਪ੍ਰਧਾਨ ਡਾ.ਬਲਵਿੰਦਰ ਕੌਰ ਬਰਾੜ ਤੇ ਗੁਰਚਰਨ ਥਿੰਦ ਨਾਲ, ਸੁਚੇਤ ਲੇਖਿਕਾ ਰਜਿੰਦਰ ਕੌਰ ਚੋਹਕਾ ਨੂੰ ਵੀ, ਪ੍ਰਧਾਨਗੀ ਮੰਡਲ ਵਿੱਚ ਬੈਠਣ ਦਾ ਸੱਦਾ ਦਿੱਤਾ। ਸ਼ੋਕ ਮਤੇ ਪੇਸ਼ ਕਰਦਿਆਂ ਉਹਨਾਂ ਨੇ ਦੱਸਿਆ ਕਿ-ਹਾਲ ਹੀ ਵਿੱਚ ਕੁੱਝ ਸਨਮਾਨਯੋਗ ਸ਼ਖ਼ਸੀਅਤਾਂ ਸਾਨੂੰ ਸਦੀਵੀ ਵਿਛੋੜਾ ਦੇ ਗਈਆਂ ਹਨ- ਜਿਨ੍ਹਾਂ ਵਿੱਚ ਸਾਕਾ ਸੰਸਥਾ ਦੇ ਫਾਊਂਡਰ ਤੇ ਪ੍ਰਧਾਨ ਰਹੇ ਹਰਮੋਹਿੰਦਰ ਪਲਾਹਾ, ਉੱਘੇ ਲੇਖਕ ਤੇ ਨਾਵਲਿਸਟ ਪ੍ਰੋਫੈਸਰ ਨਰਿੰਜਨ ਤਸਨੀਮ ਅਤੇ ਸਭਾ ਦੀ ਮੈਂਬਰ ਡਾ. ਪੂਨਮ ਚੌਹਾਨ ਦੇ ਮਾਤਾ ਜੀ ਸ਼ਾਮਲ ਹਨ।ਵਿਛੜੀਆਂ ਰੂਹਾਂ ਦੀ ਸ਼ਾਂਤੀ ਲਈ, ਇੱਕ ਮਿੰਟ ਦਾ ਮੌਨ ਧਾਰ ਕੇ ਅਰਦਾਸ ਕੀਤੀ ਗਈ। ਬਰਾੜ ਮੈਡਮ ਨੇ ਸਭ ਨੂੰ 'ਜੀ ਆਇਆਂ' ਕਹਿੰਦਿਆਂ ਹੋਇਆਂ, ਪਿਛਲੀ ਗੈਰਹਾਜ਼ਰੀ ਦੀ, ਸਭਾ ਤੋਂ ਮੁਆਫੀ ਮੰਗੀ ਅਤੇ ਨਵੇਂ ਆਏ ਮੈਂਬਰਾਂ ਦਾ ਸਭਾ ਵਲੋਂ ਸੁਆਗਤ ਕੀਤਾ। ਰਜਿੰਦਰ ਕੌਰ ਚੋਹਕਾ ਨੇ ਇਸ ਮੁਲਕ ਵਿੱਚ ਸੀਨੀਅਰਜ਼ ਦੇ ਹਿੱਤਾਂ ਦੀ ਰਾਖੀ ਲਈ ਕੁੱਝ ਮਤੇ ਪੇਸ਼ ਕੀਤੇ- ਜੋ ਸਰਬ ਸੰਮਤੀ ਨਾਲ ਪਾਸ ਕਰ ਦਿੱਤੇ ਗਏ। ਇਹਨਾਂ ਵਿੱਚ- ਸੀਨੀਅਰਜ਼ ਦੀ ਸਿਟੀਜ਼ਨਸ਼ਿਪ ਲਈ ਵਧਾਈ ਫੀਸ ਨੂੰ ਘਟਾਉਣਾ, ਬੱਸ ਟਰੇਨ ਪਾਸ ਸਸਤੇ ਕਰਨੇ, ਪਾਰਕਾਂ ਵਿੱਚ ਬੈਂਚਾਂ ਦੀ ਗਿਣਤੀ ਵਧਾਉਣ ਦੇ ਨਾਲ, ਵਾਸ਼ਰੂਮ ਤੇ ਸ਼ੈੱਡਾਂ ਦਾ ਪ੍ਰਬੰਧ ਕਰਨਾ ਵੀ- ਸ਼ਾਮਲ ਸਨ। ਉਹਨਾਂ ਅਜੋਕੀ ਅਜ਼ਾਦੀ ਤੇ ਕਟਾਖਸ਼ ਕਰਦੀ ਹੋਈ ਇੱਕ ਕਵਿਤਾ ਵੀ ਸਾਂਝੀ ਕੀਤੀ।

ਗੁਰਚਰਨ ਥਿੰਦ ਨੇ ਮੀਡੀਆ ਦੀ ਸ਼ਲਾਘਾ ਕਰਦਿਆਂ ਕਿਹਾ ਕਿ- ਸਾਡੀਆਂ ਰਿਪੋਰਟਸ ਪੜ੍ਹ ਕੇ, ਦੂਜੇ ਪ੍ਰੋਵਿੰਸ ਦੀਆਂ ਔਰਤਾਂ ਵੀ ਸਾਡੇ ਨਾਲ ਆਪਣੀਆਂ ਸਮੱਸਿਆਵਾਂ ਸਾਂਝੀਆਂ ਕਰਕੇਸਕੂਨ ਮਹਿਸੂਸ ਕਰਦੀਆਂ ਹਨ। ਉਹਨਾਂ ਨੇ ਆਉਣ ਵਾਲੇ ਸਮੇਂ ਵਿੱਚ ਉਲੀਕੇ ਪ੍ਰੋਗਰਾਮ ਤੇ ਕੁੱਝ ਸੂਚਨਾਵਾਂ ਸਾਂਝੀਆਂ ਕਰਦੇ ਹੋਏ,3 ਨਵੰਬਰ ਨੂੰ ਹੋਣ ਵਾਲੇ ਸਭਾ ਦੇ ਸਾਲਾਨਾ ਸਮਾਗਮ ਦੀ ਤਿਆਰੀ ਸ਼ੁਰੂ ਕਰਨ ਲਈ, ਸਭਿਆਚਾਰ ਕਮੇਟੀ ਨੂੰ ਬੇਨਤੀ ਕੀਤੀ। ਉਹਨਾਂ ਗਦਰੀ ਬਾਬਿਆਂ ਨੂੰ ਸਮਰਪਿਤ ਬਹੁਤ ਹੀ ਭਾਵਪੂਰਤ ਕਵਿਤਾ- 'ਇਹ ਰਾਹ ਦਿਸੇਰੇ ਨੇ, ਇਹ ਸਾਡੇ ਬਾਬੇ ਨੇ' ਸੁਣਾ ਕੇ- ਆਜ਼ਾਦੀ ਦੇ ਸ਼ਹੀਦਾਂ ਦੀ ਬਾਤ ਵੀ ਪਾਈ। ਸੀਨੀਅਰ ਮੈਂਬਰ ਡਾ. ਰਾਜਵੰਤ ਮਾਨ ਨੇ, ਗਦਰੀ ਬਾਬਿਆਂ ਦੇ ਮੇਲੇ ਵਿੱਚ, ਸਭਾ ਦੀ ਸਕੱਤਰ ਗੁਰਦੀਸ਼ ਕੌਰ ਗਰੇਵਾਲ ਨੂੰ,ਭਾਈ ਵੀਰ ਸਿੰਘ ਅਵਾਰਡ ਮਿਲਣ ਤੇ ਵਧਾਈ ਦਿੱਤੀ- ਜਿਸ ਦਾ ਸਮਰਥਨ ਸਮੂਹ ਮੈਂਬਰਾਂ ਨੇ ਭਰਪੂਰ ਤਾੜੀਆਂ ਨਾਲ ਕੀਤਾ।ਉਹਨਾਂ ਆਜ਼ਾਦੀ ਦੀ ਗੱਲ ਕਰਦਿਆਂ ਦੱਸਿਆ ਕਿ- ਉਸ ਵੇਲੇ ਉਹ 12 ਕੁ ਸਾਲ ਦੇ ਸਨ ਤੇ ਪੰਜਾਬ ਦਾ ਖ਼ੂਨੀ ਮੰਜ਼ਰ ਉਹਨਾਂ ਅੱਖੀਂ ਡਿੱਠਾ ਸੀ। ਗਦਰੀ ਬਾਬਿਆਂ ਦੇ ਪਰਿਵਾਰਾਂ ਨੂੰ ਨੇੜਿਉਂ ਤੱਕਿਆ ਹੋਣ ਕਾਰਨ, ਉਹਨਾਂ ਨੇ ਔਰਤਾਂ ਦੀਆਂ ਕੁਰਬਾਨੀਆਂ ਤੇ ਉਹਨਾਂ ਦੀ ਦਲੇਰੀ ਦਾ ਵੀ ਜ਼ਿਕਰ ਕੀਤਾ। ਉਹਨਾਂ ਦੀ ਹਾਲ ਵਿੱਚ ਹੀ ਛਪੀ ਪੁਸਤਕ-'ਇਪਟਾ ਤੇ ਅਮਨ ਲਹਿਰ ਦਾ ਇਤਿਹਾਸ' ਵੀ ਗਦਰੀ ਬਾਬਿਆਂ ਦੇ ਪਰਿਵਾਰਾਂ ਦੇ ਇਤਿਹਾਸ ਦਾ ਇੱਕ ਅਹਿਮ ਦਸਤਾਵੇਜ਼ ਹੈ। ਗੁਰਚਰਨ ਥਿੰਦ ਨੇ ਵੀ ਇਸ ਪੁਸਤਕ ਦੀ ਸ਼ਲਾਘਾ ਕੀਤੀ। ਗੁਰਦੀਸ਼ ਗਰੇਵਾਲ ਨੇ ਵੀ ਕਿਹਾ ਕਿ- ਗਦਰੀ ਬਾਬਿਆਂ ਦੀ ਬਦੌਲਤ ਹੀ, ਅਸੀਂ ਇਹਨਾਂ ਮੁਲਕਾਂ ਵਿੱਚ ਸਿਰ ਉੱਚਾ ਕਰਕੇ ਜੀਅ ਰਹੇ ਹਾਂ। ਜਸਮਿੰਦਰ ਕੌਰ ਬਰਾੜ ਨੇ ਤਾਂ-'ਕਾਲੀ ਕਾਲੀ ਘਟਾ ਕਾਲੇ ਬੱਦਲਾਂ ਤੇ ਛਾਈ ਏ, ਕਿੰਨੇ ਕੁ ਸ਼ਹੀਦਾਂ ਦੀ ਇਹ ਰਾਖ ਉਡ ਆਈ ਏ'- ਸੁਣਾ ਕੇ ਸਭ ਨੂੰ ਭਾਵੁਕ ਕਰ ਦਿੱਤਾ।

ਗੁਰਦੀਸ਼ ਕੌਰ ਨੇ ਨਵੇਂ ਆਏ ਮੈਂਬਰਾਂ- ਰਮੇਸ਼ ਕੌਰ ਪੰਨੂੰ, ਕੁਲਵੰਤ ਕੌਰ, ਅਮਰਜੀਤ ਕੌਰ ਤੇ ਮਲਕੀਤ ਕੌਰ ਨੂੰ- ਜਦ ਮੰਚ ਤੇ ਸੱਦਾ ਦਿੱਤਾ ਤਾਂ- ਕੁਲਵੰਤ ਕੌਰ ਨੇ ਬੋਲੀਆਂ ਤੇ ਮਲਕੀਤ ਕੌਰ ਨੇ ਲੋਕ ਗੀਤ ਨਾਲ ਹਾਜ਼ਰੀ ਲਗਵਾਈ। ਰਮੇਸ਼ ਪੰਨੂੰ ਨੇ ਆਪਣੀ ਜਾਣ ਪਛਾਣ ਵਿੱਚ ਦੱਸਿਆ ਕਿ- ਉਹ ਘਨੱਈਆ ਮਿਸਲ ਦੀ ਬੇਟੀ ਹਨ ਤੇ ਰੈਡ.ਐਫ.ਐਮ. ਦੇ ਨਿਊਜ਼ ਰੀਡਰ ਅਮਨਜੋਤ ਸਿੰਘ ਪੰਨੂੰ ਦੇ ਮਾਤਾ ਜੀ ਹਨ। ਗੁਰਜੀਤ ਵੈਦਵਾਨ ਨੇ 'ਬੇਬੇ ਦਾ ਸੰਦੂਕ' ਤੇ '..ਪੈਸਾ ਜੁੜਿਆ ਈ ਨਾ' ਗੀਤ,ਸਰਬਜੀਤ ਉੱਪਲ ਨੇ ਅਜੋਕੀ ਪੀੜ੍ਹੀ ਦਾ ਗੀਤ-'ਔਨ ਲਾਈਨ ਹੋ ਜਾ ਨੈੱਟ ਤੇ', ਅਮਰਜੀਤ ਵਿਰਦੀ ਨੇ ਵਿਆਹਾਂ ਤੇ ਖਰਚੇ ਘਟਾਉਣ ਦੀ ਗੱਲ ਕੀਤੀ, ਜਦ ਕਿ ਸਭਾ ਦੇ ਫਾਊਂਡਰ ਮੈਂਬਰ ਜੋਗਿੰਦਰ ਪੁਰਬਾ ਨੇ ਪਿਛਲੇ ਮਹੀਨੇ ਵਿਛੜੇ ਜੀਵਨ ਸਾਥੀ ਦਾ ਦੁੱਖ ਸਾਂਝਾ ਕੀਤਾ।

ਭੈਣ-ਭਰਾ ਦੇ ਪਿਆਰ ਦੇ ਪ੍ਰਤੀਕ ਰੱਖੜੀ ਦੇ ਤਿਉਹਾਰ ਦੀ ਗੱਲ ਵੀ ਹੋਈ। ਇਸ ਸਬੰਧ ਵਿੱਚ ਅਮਰਜੀਤ ਸੱਗੂ ਨੇ ਰੱਖੜੀ ਦਾ ਗੀਤ, ਸੁਰਿੰਦਰ ਸੰਧੂ ਨੇ ਅਮਰੀਕ ਪਲਾਹੀ ਦੀ ਕਵਿਤਾ-'ਮੇਰੇ ਹੱਥ ਬੰਨ੍ਹ ਰੱਖੜੀ'- ਸੁਣਾ ਕੇ ਤਸਵੀਰ ਦਾ ਦੂਜਾ ਪਾਸਾ ਪੇਸ਼ ਕੀਤਾ ਕਿ- ਹੁਣ ਕੁੜੀਆਂ ਮੁੰਡਿਆਂ ਦੀ ਰਾਖੀ ਕਰਦੀਆਂ ਹਨ। ਗੁਰਦੀਸ਼ ਗਰੇਵਾਲ ਨੇ ਵੀ ਆਪਣਾ ਲਿਖਿਆ ਰੱਖੜੀ ਦਾ ਗੀਤ-'ਬਿਨ ਰੱਖੜੀ ਤੋਂ ਦੀਸ਼ ਦੇ ਵੀਰਾਂ ਇੱਜ਼ਤਾਂ ਲੱਖ ਬਚਾਈਆਂ' ਸਾਂਝਾ ਕੀਤਾ।

ਸਿਹਤ ਸੰਭਾਲ ਦੀ ਗੱਲ ਕਰਦਿਆਂ, ਯੋਗਾ ਮਾਹਿਰ ਰਛਪਾਲ ਕੌਰ ਨੇ ਦੱਸਿਆ ਕਿ ਆਯੁਰਵੈਦ ਅਨੁਸਾਰ ਬਹੁਤੇ ਰੋਗ 'ਵਾਯੂ ਰੋਗ' ਹਨ ਜੋ ਪੇਟ ਵਿੱਚ ਗੈਸ ਵਧਣ ਕਾਰਨ ਉਤਪਨ ਹੁੰਦੇ ਹਨ। ਅਜੇਹੇ ਰੋਗ, ਯੋਗ ਰਾਹੀਂ ਕੰਟਰੋਲ ਕੀਤੇ ਜਾ ਸਕਦੇ ਹਨ। ਉਹਨਾਂ ਵਾਯੂ ਮੁਦਰਾ, ਪ੍ਰਿਥਵੀ ਮੁਦਰਾ ਤੇ ਗਿਆਨ ਮੁਦਰਾ ਲਾਉਣ ਦੀ ਪ੍ਰੈਕਟਿਸ ਕਰਵਾਉਣ ਤੋਂ ਇਲਾਵਾ, ਇਹਨਾਂ ਦੇ ਲਾਭ ਵੀ ਦੱਸੇ। ਉਹਨਾਂ ਸਰੀਰ ਤੇ ਧੱਪੇ ਮਾਰ ਕੇ, ਸੈਰ ਕਰਕੇ, ਯੋਗਾ ਕਰਕੇ ਸਰੀਰ ਨੂੰ ਤੰਦਰੁਸਤ ਰੱਖਣ ਦੀ ਸਲਾਹ ਦਿੱਤੀ। ਇਸ ਤੋਂ ਇਲਾਵਾ'ਗੁਆਸ਼ਾ ਥੈਰੇਪੀ' ਦੀ ਡੈਮੋ,ਅਤੇ ਇਸ ਦੇ ਫਾਇਦੇ ਵੀ ਦਰਸਾਏ। ਉਸ ਕਿਹਾ ਕਿ- ਸਾਡੇ ਸਰੀਰ ਨੂੰ, ਪੌਸ਼ਟਿਕ ਖ਼ੁਰਾਕ ਦੇ ਨਾਲ ਨਾਲ, ਕਸਰਤ ਦੀ ਵੀ ਬੇਹੱਦ ਲੋੜ ਹੁੰਦੀ ਹੈ।

ਅੰਤ ਵਿੱਚ ਮੈਡਮ ਬਰਾੜ ਨੇ ਸਭ ਦਾ ਧੰਨਵਾਦ ਕੀਤਾ। ਬਰੇਕ ਦੌਰਾਨ, ਸਭ ਨੇ ਗੁਰਚਰਨ ਥਿੰਦ ਵਲੋਂ ਲਿਆਂਦੇ ਸਨੈਕਸ ਦਾ ਕੋਲਡ ਡਰਿੰਕ ਨਾਲ ਆਨੰਦ ਮਾਣਿਆਂ। ਸੋ ਇਸ ਤਰ੍ਹਾਂ ਇਹ ਮੀਟਿੰਗ ਸਾਰਥਿਕ ਹੋ ਨਿਬੜੀ। ਵਧੇਰੇ ਜਾਣਕਾਰੀ ਲਈ- ਡਾ. ਬਲਵਿੰਦਰ ਬਰਾੜ 403 590 9629, ਗੁਰਚਰਨ ਥਿੰਦ 403 402 9635 ਜਾਂ ਗੁਰਦੀਸ਼ ਕੌਰ ਨਾਲ 403 404 1450 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਵਿਨੀਪੈਗ ਵਿਖੇ ਕਾਮਰੇਡ ਕਰਮਜੀਤ ਗਿੱਲ ਦੇ ਪੋਤਰੇ ਰਿਆਜ਼ ਗਿੱਲ ਦੇ ਜਨਮ ਦੀ ਖੁਸ਼ੀ 'ਚ ਸਜੀ ਸਾਹਿਤਕ ਮਹਿਫ਼ਲ

## ਕੁਦਰਤ 'ਚ ਕਦੇ ਚਮਤਕਾਰ ਨਹੀਂ ਹੁੰਦੇ, ਸਿਰਫ ਘਟਨਾਵਾਂ ਵਾਪਰਦੀਆਂ ਹਨ-ਸੁਰਜੀਤ ਬਰਾੜ ਲੱਖੇਵਾਲੀ



ਵਿਨੀਪੈਗ, (ਅਮਰਜੀਤ ਢਿੱਲੋਂ ਦਬੜ੍ਹੀਖਾਨਾ) ਕੈਨੇਡਾ ਦੇ ਮੈਨੀਟੋਬਾ ਸੂਬੇ ਦੀ ਰਾਜਧਾਨੀ ਵਿਨੀਪੈਗ ਵਿਖੇ ਬਹੋਨੇ ਵਾਲੇ ਕਾਮਰੇਡ ਕਰਮਜੀਤ ਗਿੱਲ ਦੇ ਪੋਤੇ ਰਿਆਜ਼ ਗਿੱਲ ਪੁਤਰ ਗੁਰਪ੍ਰੀਤ ਗਿੱਲ ਦੇ ਜਨਮ ਦੀ ਖੁਸ਼ੀ ਵਿਚ ਐਂਬਰ ਟਰੇਲ ਸਕੂਲ ਵਿਖੇ ਸਾਹਿਤਕ ਮਹਿਫ਼ਿਲ ਸਜਾਈ ਗਈ। ਬੱਚੇ ਦੇ ਜਨਮ ਦੀ ਖੁਸ਼ੀ ਵਿਚ ਲੱਡੂ ਵੰਡਣ ਤੋਂ ਬਾਦ ਸਭ ਤੋਂ ਪਹਿਲਾਂ ਮਾਸਟਰ ਸੁਰਜੀਤ ਸਿੰਘ ਬਰਾੜ ਲਖੇਵਾਲੀ ਨੇ ਆਪਣੇ ਵਿਚਾਰ ਪੇਸ਼ ਕੀਤੇ। ਸ਼੍ਰੀ ਬਰਾੜ ਨੇ ਕਿਹਾ ਕਿ ਮੈਂ 85 ਸਾਲ ਦਾ ਬਜ਼ੁਰਗ ਹਾਂ ਅਤੇ ਮੈਨੂੰ 9 ਬਿਮਾਰੀਆਂ ਨੇ ਘੇਰਿਆ ਹੋਇਆ ਹੈ ਪਰ ਇਸ ਦੇ ਬਾਵਜੂਦ ਮੇਰਾ ਵਿਸ਼ਵਾਸ਼ ਹੈ ਕਿ ਇਸ ਕੁਦਰਤ ਨੂੰ ਚਲਾਉਣ ਵਾਲਾ ਕੋਈ ਕਾਦਰ( ਰੱਬ ) ਨਹੀਂ । ਕੁਦਰਤ ਸਵੈ ਚਾਲਤ ਹੈ ਅਤੇ ਕਰੋੜਾਂ ਵਰ੍ਹਿਆਂ ਵਿਚ ਇਸਦੇ ਨਿਯਮ ਆਪਣੇ ਆਪ ਬਣੇ ਹਨ । ਕੁਦਰਤ ਅੰਨ੍ਹੀ ਅਤੇ ਬੋਲੀ ਹੈ ,ਇਹ ਆਪਣੇ ਵਿਚ ਕਿਸੇ ਦਾ ਦਖਲ ਬਰਦਾਸ਼ਤ ਨਹੀਂ ਕਰਦੀ । ਜਦ ਮਨੁੱਖ ਕੁਦਰਤ ਨਾਲ ਛੇੜਛਾੜ ਕਰਕੇ ਇਸ ਦੇ ਨਿਯਮ ਭੰਗ ਕਰਦਾ ਹੈ ਤਾਂ ਉਦੋਂ ਭੁਚਾਲ ਜਾਂ ਸੁਨਾਮੀ ਵਰਗੀਆਂ ਆਫ਼ਤਾਂ ਆਉਂਦੀਆਂ ਹਨ। ਸ: ਬਰਾੜ ਨੇ ਕਿਹਾ ਕਿ ਕੁਦਰਤ ਵਿਚ ਕਦੇ ਚਮਤਕਾਰ ਨਹੀਂ ਹੁੰਦੇ ਨਾ ਹੀ ਕਰਾਮਾਤਾਂ ਵਾਪਦੀਆਂ ਹਨ ਸਿਰਫ ਘਟਨਾਵਾਂ ਹੁੰਦੀਆਂ ਹਨ ਅਤੇ ਹਰ ਘਟਨਾਂ ਪਿੱਛੇ ਕੋਈ ਕਾਰਨ ਹੁੰਦਾ ਹੈ। ਕਾਰਨ ਅਤੇ ਕਾਰਜ ਦਾ ਨਿਯਮ ਅਟੱਲ ਹੈ। ਗ਼ਮਦੂਰ ਸਿੰਘ ਵਿਰਕ ਨੇ ਕਿਹਾ ਕਿ ਜਿਹੜੇ ਪੰਜਾਬੀ ਕੈਨੇਡਾ ਵਰਗੇ ਵਿਕਸਤ ਮੁਲਕ 'ਚ ਆਕੇ ਵੀ ਆਪਣੇ ਅੰਧਵਿਸ਼ਵਾਸ਼ ਅਤੇ ਲਾਈਲੱਗਤਾ ਨਾਲ ਹੀ ਲਈ ਫਿਰਦੇ ਹਨ ਉਹ ਮਾਨਸਿਕ ਰੋਗੀ ਹਨ। ਜਿਹਨਾਂ ਨੂੰ ਆਪਣੀ ਗੁਲਾਮੀ ਦੀਆਂ ਜ਼ੰਜ਼ੀਰਾਂ ਨਾਲ ਪਿਆਰ ਹੁੰਦਾ ਹੈ ਉਹਨਾਂ ਕੋਲ ਅਜ਼ਾਦੀ ਗੱਲ ਕਰਨਾ ਹੀ ਵਿਅੱਰਥ ਹੈ। ਕਾਮਰੇਡ ਕਰਮਜੀਤ ਗਿੱਲ ਨੇ ਕਿਹਾ ਕਿ ਕੈਨੇਡਾ ਕੋਈ ਸਵੱਰਗ ਨਹੀਂ ਜਿਵੇਂ ਕਿ ਬਹੁਤੇ ਲੋਕ ਸੋਚਦੇ ਹਨ। ਇਥੋਂ ਦੀ ਸਰਮਾਏਦਾਰੀ ਵੀ ਕਿਰਤ ਦੀ ਲੁੱਟ ਹੋਰ ਮੁਲਕਾਂ ਵਾਂਗ ਹੀ ਕਰਦੀ ਹੈ ਪਰ ਇਹ ਐਨੀ ਕੁ ਸ਼ਾਤਰ ਹੈ ਕਿਰਤੀਆਂ ਨੂੰ ਜਿਉਣ ਯੋਗ ਸਹੂਲਤਾਂ ਮੁਹੱਈਆ ਕਰਦੀ ਰਹਿੰਦੀ ਹੈ ਅਤੇ ਦੂਜੇ ਗਰੀਬ ਲੋਕਾਂ 'ਚੋਂ ਆਏ ਬੇਰੁਜ਼ਗਾਰ ਇਸੇ ਨਾਲ ਹੀ ਖੁਸ਼ ਰਹਿੰਦੇ ਹਨ। ਜਿਵੇਂ ਪੰਜਾਬ ਦੇ ਕਿਸਾਨਾਂ ਨੂੰ ਬਿਹਾਰੀ ਭਈਏ ਸਸਤੀ ਕਿਰਤ 'ਤੇ ਮਲ ਜਾਂਦੇ ਹਨ ਬਿਲਕੁਲ ਇਹੋ ਹਾਲ ਹੀ ਕੈਨੇਡਾ ਦੀ ਸਰਮਾਏਦਾਰੀ ਦਾ ਹੈ। ਉਹਨਾਂ ਆਪਣੀਆਂ ਕਈ ਸਾਹਿਤਕ ਰਚਨਾਵਾਂ ਪੇਸ਼ ਕੀਤੀਆਂ ਅਤੇ ਦਰਸ਼ਨ ਸਿੰਘ ਆਵਾਰਾ ਦਾ ਗੀਤ ' ਉਹ ਦੇਸ਼ ' ਤਰੰਨਮ ਵਿਚ ਪੇਸ਼ ਕੀਤਾ। ਅਮਰਜੀਤ ਢਿੱਲੋਂ ਨੇ ਆਪਣੀ ਗ਼ਜ਼ਲ ਪੇਸ਼ ਕੀਤੀ ਜਿਸਦਾ ਮਤਲਾ ਸੀ ' ਉਲੂਆਂ ਵਾਂਗ ਗ਼ੁਫ਼ਾਵਾਂ ਦੇ ਵਿਚ ਮੈਂ ਵੀ ਇੰਜ ਹੀ ਜੀ ਲੈਣਾ ਸੀ, ਜੇ ਚਾਨਣ ਦੀ ਤਾਂਘ ਨਾ ਹੁੰਦੀ ਮੈਂ ਸੂਰਜ ਤੋਂ ਕੀ ਲੈਣਾ ਸੀ। ਇਸਦੇ ਕਾਬਲੇ ਗੌਰ ਸ਼ੇਅਰ ਸਨ -ਜੇ ਮੈਂ ਜਾਣ ਗਿਆ ਨਾ ਹੁੰਦਾ ਚੰਨ ਮਾਰੂਥਲ ਦੀ ਧਰਤੀ ਹੈ।

**ਮਹਿਬੂਬਾ ਦੇ ਚਿਹਰੇ ਵਰਗਾ ਨਾਂ**
**ਇਸਦਾ ਮੈਂ ਵੀ ਲੈਣਾ ਸੀ।**
**ਮੇਰੀ ਸੋਚ ਵੀ ਜੇ ਲਾਈਲੱਗ**
**ਭੀੜ ਦਾ ਹੀ ਇੱਕ ਹਿੱਸਾ ਰਹਿੰਦੀ**
**ਭੇਡਾਂ, ਗਧਿਆਂ ਵਰਗਾ ਜੀਵਨ**
**ਚੁੱਪ ਚੁਪੀਤੇ ਜੀ ਲੈਣਾ ਸੀ।**

ਇਸ ਮੌਕੇ ਬਲਬੀਰ ਸਿੰਘ ਸੇਖਾ ਕਲਾਂ, ਨਛੱਤਰ ਸਿੰਘ ਬੁਟਰ ਸ਼ਰੀਂਹ, ਦਰਸ਼ਨ ਸਿੰਘ ਖਹਿਰਾ ਤਖਾਣਵੱਧ, ਨੰਬਰਦਾਰ ਬਲਕਾਰ ਸਿੰਘ ਭਿੰਡਰ, ਪਵਿੱਤਰ ਸਿੰਘ ਧਮੋਟ ਅਤੇ ਕਸ਼ਮੀਰ ਸਿੰਘ ਝੰਡ ਆਦਿ ਨੇ ਚਰਚਾ ਵਿਚ ਹਿੱਸਾ ਲਿਆ।





SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in

IMMIGRATION
Applications for Family Class and APPEALS,
Skilled Workers, Investors,
Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES


PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals.
We donate part of our fees to Alberta Children Hospital.

* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

# ਕਸ਼ਮੀਰ ਦੇ ਮੁੱਦੇ ਤੇ ਸਰ੍ਹੀ ਦੇ ਹਾਲੈਂਡ ਪਾਰਕ ਵਿੱਚ ਰੋਸ ਰੈਲੀ








ਸਰੀ (ਪਰਮਿੰਦਰ ਸਵੈਚ) : ਭਾਰਤ ਵਿੱਚ ਜਦੋਂ ਦਾ ਮੋਦੀ ਸਰਕਾਰ ਨੇ ਜੰਮੂ ਅਤੇ ਕਮਸ਼ੀਰ ਵਿੱਚੋਂ ਧਾਰਾ 370 ਤੇ 35 ਏ ਨੂੰ ਹਟਾ ਕੇ ਲੋਕਾਂ ਤੇ ਕਰਫਿਊ ਲਾ ਕੇ ਉਹਨਾਂ ਨੂੰ ਘਰਾਂ ਵਿੱਚ ਬੰਦ ਕੀਤਾ ਹੈ ਅਤੇ ਉਹਨਾਂ ਦਾ ਬਾਹਰੀ ਸੰਚਾਰ ਸਿਸਟਮ ਬੰਦ ਕਰਕੇ ਮਿਲਟਰੀ ਦੀ 40 ਹਜ਼ਾਰ ਨਫਰੀ ਵਧਾ ਕੇ ਲੋਕਾਂ ਤੇ ਤਸ਼ੱਦਦ ਕੀਤਾ ਜਾ ਰਿਹਾ ਹੈ। ਕਸ਼ਮੀਰੀ ਲੋਕਾਂ ਦੇ ਹੱਕ ਵਿੱਚ ਦੁਨੀਆਂ ਦੇ ਵੱਡੇ ਵੱਡੇ ਸ਼ਹਿਰਾਂ ਵਿੱਚ ਰੋਸ ਰੈਲੀਆਂ ਹੋ ਰਹੀਆਂ ਹਨ। ਇਸ ਤਰ੍ਹਾਂ 18 ਅਗਸਤ ਨੂੰ ਸਰ੍ਹੀ ਦੇ ਹਾਲੈਂਡ ਪਾਰਕ ਵਿੱਚ ਜਥੇਬੰਦੀ ਵਲੋਂ ਰੈਲੀ ਕੀਤੀ ਗਈ ਜਿਸ ਵਿੱਚ ਬਹੁਤ ਸਾਰੇ ਲੋਕਾਂ ਨੇ ਹਾਜ਼ਰੀ ਦੇ ਕੇ ਕਸ਼ਮੀਰ ਦੇ ਲੋਕਾਂ ਨੂੰ ਸਮਰਥਨ ਦਿੱਤਾ। ਰੈਲੀ ਦੀ ਸ਼ੁਰੂਆਤ ਗੁਰਪ੍ਰੀਤ ਸਿੰਘ ਨੇ ਕਸ਼ਮੀਰ ਦੇ ਤਰੋ ਤਾਜ਼ਾ ਹਲਾਤਾਂ ਬਾਰੇ ਦੱਸ ਕੇ ਕੀਤੀ ਅਤੇ ਕਾਬਲ ਵਿਚ ਧਮਾਕਾ ਹੋਣ ਨਾਲ 63 ਮਨੁੱਖੀ ਜਾਨਾਂ ਨੇ ਹੱਥ ਧੋਇਆ ਹੈ ਉਸ ਸਬੰਧ ਵਿੱਚ ਇੱਕ ਮਿੰਟ ਦਾ ਮੋਨ ਵੀ ਰੱਖਿਆ ਗਿਆ। ਇਸ ਰੈਲੀ ਵਿੱਚ ਕਸ਼ਮੀਰ ਦੇ ਵੀ ਬਹੁਤ ਲੋਕ ਪਹੁੰਚੇ ਹੋਏ ਸਨ, ਉਹਨਾਂ ਵਿਚੋਂ ਹਮਜਾ ਨੇ ਦੱਸਿਆ ਕਿ ਉਹ ਆਪਣੇ ਲੋਕਾਂ ਨਾਲ ਕੋਈ ਸੰਪਰਕ ਨਹੀਂ ਕਰ ਸਕਦੇ। ''ਜੇਬ ਨੇ ਵੀ ਡੀਟੇਲ ਵਿੱਚ ਗੱਲਬਾਤ ਕੀਤੀ ਕਿ ਦੁਨੀਆਂ ਦਾ ਲੋਕਤੰਤਰ ਦਾ ਮੋਢੀ ਅਖਵਾਉਣ ਵਾਲਾ ਦੇਸ਼ ਆਪਣੇ ਦੇਸ਼ ਦੇ ਲੋਕਾਂ ਤੇ ਹੀ ਮਨਮਰਜ਼ੀ ਨਾਲ ਤਸੱਦਦ ਢਾਹ ਰਿਹਾ ਹੈ। ਇਸੇ ਤਰ੍ਹਾਂ ਲੜਕੀ ਜੈਨਬ ਨੇ ਵੀ ਵਿਚਾਰ ਸਾਂਝੇ ਕੀਤੇ ਤੇ ਲੋਕਾਂ ਦਾ ਧੰਨਵਾਦ ਕੀਤਾ ਕਿ ਉਹ ਮਨੁੱਖਤਾ ਤੇ ਹੁੰਦੇ ਜ਼ੁਲਮ ਦੇ ਵਿਰੋਧ ਵਿੱਚ ਇਕੱਠੇ ਹੋਏ ਹਨ। ਖ਼ੂਨਦਾਨ ਔਰਗੇਨਾਈਜੇਸ਼ਨ ਦੇ ਮੋਢੀ ਬਰਜਿੰਦਰ ਸਿੰਘ ਨੇ ਹਲਾਤਾਂ ਤੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਭਾਰਤ ਵਿੱਚ ਘੱਟ ਗਿਣਤੀਆਂ ਤੇ ਤਸ਼ੱਦਦ ਕਦੋਂ ਦਾ ਹੀ ਹੁੰਦਾ ਆ ਰਿਹਾ ਹੈ ਉਹਨਾਂ ਨੇ 84 ਦੇ ਕਤਲੇਆਮ ਅਤੇ ਗੁਜਰਾਤ ਬਾਰੇ ਵੀ ਗੱਲ ਕੀਤੀ। ਗੁਰਦਵਾਰਾ ਗੁਰੂ ਨਾਨਕ ਸਿੱਖ ਟੈਂਪਲ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ ਨੇ ਕਸ਼ਮੀਰੀ ਲੋਕਾਂ ਨਾਲ ਡੱਟ ਕੇ ਖੜ੍ਹਨ ਦਾ ਸੁਨੇਹਾ ਦਿੱਤਾ ਅਤੇ ਉਹ ਆਪਣੇ ਕਾਫੀ ਸਾਥੀਆਂ ਸਮੇਤ ਪਹੁੰਚੇ ਹੋਏ ਸਨ। ਇੰਦਰਜੀਤ ਸਿੰਘ ਬੈਂਸ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਕੰਜਰਵੇਟਿਵ ਪਾਰਟੀ ਦੇ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਾਨੂੰ ਐਥੋਂ ਅਵਾਜ਼ ਉਠਾਉਣੀ ਚਾਹੀਦੀ ਹੈ ਕਿ ਜੋ ਧੱਕਾ ਲੋਕਾਂ ਨਾਲ ਹੋ ਰਿਹਾ ਹੈ। ਦਸ਼ਮੇਸ਼ ਦਰਬਾਰ ਗੁਰਦਵਾਰੇ ਦੇ ਬੁਲਾਰੇ ਗਿਆਨ ਸਿੰਘ ਨੇ ਜੋ ਲਕਸ਼ਮੀ ਨਰਾਇਣ ਮੰਦਰ ਵਿੱਚ ਮੰਦਰ ਦੇ ਮੋਹਤਬਰ ਪ੍ਰਸ਼ੋਤਮ ਗੋਇਲ ਵਲੋਂ ਓਮਨੀ ਟੀ.ਵੀ. ਦੇ ਰਿਪੋਰਟਰ ਹਾਰੂਨ ਦੇ ਕਸ਼ਮੀਰ ਦੇ ਮੁੱਦੇ ਤੇ ਪੁੱਛੇ ਸਵਾਲ ਨੂੰ ਉਸਦੀ ਆਪਣੀ ਪਛਾਣ ਨਾਲ ਜੋੜ ਕੇ ਵੱਧ ਘੱਟ ਬੋਲਿਆ ਗਿਆ ਤਾਂ ਉਸਦੀ ਨਿੰਦਾ ਵੀ ਕੀਤੀ ਗਈ ਤੇ ਪ੍ਰਸ਼ੋਤਮ ਗੋਇਲ ਨੂੰ ਸ਼ੇਮ ਸ਼ੇਮ ਦੇ ਨਾਹਰੇ ਲਾਏ ਗਏ ਤੇ ਰੈੱਡ ਐਫ ਐਮ ਦੇ ਸੁਮੀਤ ਕੌਂਸ਼ਲ ਤੇ ਹਾਰੂਨ ਗਫ਼ਾਰ ਦੇ ਸਟੈਂਡ ਦੀ ਸ਼ਲਾਘਾ ਵੀ ਕੀਤੀ ਗਈ। ਲੋਕਾਂ ਨੂੰ ਅਪੀਲ ਵੀ ਕੀਤੀ ਗਈ ਕਿ ਇਹੋ ਜਿਹੇ ਘਟੀਆ ਕਿਸਮ ਦੇ ਲੋਕ ਜੋ ਮਨੁੱਖਤਾ ਵਿੱਚ ਦਰਾੜਾਂ ਪੈਦਾ ਕਰਦੇ ਹਨ ਉਹਨਾਂ ਨੂੰ ਲਾਂਭੇ ਰੱਖਣਾ ਚਾਹੀਦਾ ਹੈ। ਐਨੀ ਹਿਉਨਾ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਜਿੱਥੇ ਕਸ਼ਮੀਰ ਬਾਰੇ ਗੱਲ ਕੀਤੀ ਉੱਥੇ ਇੱਥੇ ਵੀ ਜੋ ਆਦਿ ਵਾਸੀ ਲੋਕਾਂ ਨਾਲ ਧੱਕਾ ਹੁੰਦਾ ਹੈ ਉਹਦੇ ਬਾਰੇ ਦੱਸਿਆ। ਇਹਨਾਂ ਤੋਂ ਇਲਾਵਾ ਇੰਦਰਜੀਤ ਬੈਂਸ, ਅਮਰਜੀਤ ਸਿੰਘ, ਵਜ਼ਾਹਤ ਅਲੀ, ਗੁਰਵਿੰਦਰ ਧਾਲੀਵਾਲ, ਸ਼ਹਿਯਾਦ, ਸੁਨੀਲ ਨੇ ਵੀ ਆਪਣੀਆਂ ਆਪਣੀਆਂ ਜਥੇਬੰਦੀਆਂ ਵਲੋਂ ਕਸ਼ਮੀਰ ਦੇ ਲੋਕਾਂ ਦੇ ਹੱਕ ਵਿੱਚ ਤੇ ਭਾਰਤ ਦੀ ਸੰਘੀ ਫਾਸ਼ੀਵਾਦੀ ਮੋਦੀ ਸਰਕਾਰ ਦੀਆਂ ਧੱਕੇ ਸ਼ਾਹੀ ਅਤੇ ਮਨੂਵਾਦੀ ਪ੍ਰਵਿਰਤੀਆਂ ਦਾ ਵਿਰੋਧ ਕੀਤਾ।ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਅਵਤਾਰ ਗਿੱਲ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਇਸ ਗੱਲ ਦੀ ਚਿੰਤਾ ਪ੍ਰਗਟ ਕੀਤੀ ਕਿ ਜੋ ਯੂ ਏ ਪੀ ਏ ਦਾ ਬਿੱਲ ਲਾਗੂ ਕੀਤਾ ਜਾ ਰਿਹਾ ਹੈ ਉਹ ਸਾਰੇ ਜਮਹੂਰੀ ਲੋਕਾਂ ਦੀ ਅਵਾਜ਼ ਕੁਚਲਣ ਦਾ ਬਹਾਨਾ ਹੈ ਜੋ ਸਰਕਾਰ ਥੋਪਣ ਦੀ ਕਾਹਲ਼ ਵਿੱਚ ਹੈ। ਬੁਲਾਰਿਆਂ ਵਲੋਂ ਇਹ ਵੀ ਦੁੱਖ ਪ੍ਰਗਟ ਕੀਤਾ ਗਿਆ ਕਿ ਬੀ. ਸੀ. ਦੀ ਐਨ ਡੀ ਪੀ ਸਰਕਾਰ ਦੇ ਨੁਮਾਇੰਦੇ ਜੋ ਆਪਣੇ ਆਪ ਨੂੰ ਲੋਕ ਪੱਖੀ ਕਹਿੰਦੇ ਹਨ, 15 ਅਗਸਤ ਵਾਲੇ ਦਿਨ ਲੋਕ ਕਸ਼ਮੀਰ ਦੇ ਲੋਕਾਂ ਦੇ ਹੱਕ ਵਿੱਚ ਵੈਨਕੂਵਰ ਇੰਡੀਅਨ ਕੌਂਸਲੇਟ ਦੇ ਦਫ਼ਓਮਪ;ਤਰ ਅੱਗੇ ਰੋਸ ਰੈਲੀ ਕਰ ਰਹੇ ਸਨ ਜਦਕਿ ਬੀ ਸੀ ਦੇ ਲੀਡਰ ਸਹਿਬਾਨ ਅੰਦਰ ਮੋਦੀ ਸਰਕਾਰ ਦੇ ਗੁਣਗਾਨ ਕਰ ਰਹੇ ਸਨ ਤੇ ਚਾਹ ਪਕੌੜਿਆਂ ਦਾ ਅਨੰਦ ਲੈ ਰਹੇ ਸਨ। ਅੰਤ ਵਿੱਚ ਇੰਡੀਅਨ ਅਵਰੋਡ ਪਲੂਰਿਸਟ ਔਫ ਇੰਡੀਆ ਦੇ ਨੁਮਾਇੰਦੇ ਰਾਕੇਸ਼ ਨੇ ਸਾਰੇ ਆਏ ਲੋਕਾਂ ਦਾ ਧੰਨਵਾਦ ਕੀਤਾ ਅਤੇ ਸਾਰਿਆਂ ਨੂੰ ਜਮਹੂਰੀ ਢੰਗ ਨਾਲ ਅਵਾਜ਼ ਉਠਾਉਣ ਲਈ ਇਕੱਠੇ ਹੋਣ ਦਾ ਸੁਨੇਹਾ ਵੀ ਦਿੱਤਾ ਅਤੇ ਗੁਰਪ੍ਰੀਤ ਸਿੰਘ ਵਲੋਂ ਅਗਲੇ ਹਫ਼ਤੇ 25 ਅਗਸਤ ਨੂੰ ਕਸ਼ਮੀਰੀ ਲੋਕਾਂ ਵਲੋਂ ਵੱਡੀ ਪੱਧਰ ਤੇ ਇਕੱਠੇ ਹੋ ਕੇ ਰੋਸ ਰੈਲੀ ਵਿੱਚ ਸ਼ਾਮਲ ਹੋਣ ਦਾ ਸੱਦਾ ਵੀ ਦਿੱਤਾ ਗਿਆ ਜੋ ਇਸ ਪਾਰਕ ਵਿੱਚ 2 ਵਜੇ ਤੋਂ 5 ਵਜੇ ਤੱਕ ਹੋ ਰਹੀ ਹੈ।



BLACK ICE
Auto Detailing
Lucky Dadrah
Cell : 403-404-0751
Tel : 587-896-1838
Email : blackiceautodetailing@gmail.com
Unit G 3515 32 ST NE, Calgary - AB T1Y 5Y9
www.blackiceautodetailing.com
GET YOUR CAR DETAILING DONE IN PROFESSIONAL WAY
- Exterior Hand Wash & Dry
- Complete Interior Vaccum
- Clean All Windows Including Trunk
- Engine Wash, Tires & Wheels
- Wax & Polish
- Remove Scratches & Shampoo

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
DR. J.S. BAINS & ASSOCIATES-(OPTOMETRY)

Jaswinder S Bains, Ph.D., OD.
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
- Complete Eye Exam — ਨਜ਼ਰ ਦੀ ਪੂਰੀ ਜਾਂਚ
- Ocular Health Assessment — ਅੱਖਾਂ ਦੀ ਅੰਦਰਲੀ ਜਾਂਚ
- Contact Lenses — ਕਾਂਟੈਕਟ ਲੈਨਜ਼ ਲਗਾਉਣੇ
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Every Monday, 9:30 to 5:00 pm at Dr. Pardeep Dhillon Optometric Corporation
7110 120 St, #102, Surrey, BC V3W 3M8
604-635-0155



Amandeep Gill
Financial Security Advisor
offering Life, Health, Group Insurance and Investments
Desjardins Financial Security® Independent Network
FINANCIAL SERVICES
- Life Insurance (WL, UL, Term)
- Critical Illness Insurance
- Disability Insurance
- Registered Education Savings Plan (RESP)
- Registered Retirement Savings Plan (RRSP)
- Tax Free Savings Account (TFSA)
- Drug & Dental Plan
- Super Visa Insurance
- Mortgage & Loans
209-5401 Temple Drive N.E.
Calgary, AB T1Y 3R7
Office : 403-455-1720
Cell : 403-919-6962
amandeep.gill@dfsin.ca

• SUPER VISA
Sukhdeep (Sunny) Khosa
Financial Security Advisor
Offering Life, Health, Group Insurance & Investments
Cell: 403-619-8545
• LIFE AND MORTGAGE INSURANCE
• RESP, RRSP AND TFSA
• CRITICAL ILLNESS & DISABILITY INSURANCE
• MEDICAL AND HEALTH PLANS FOR INDIVIDUAL & GROUP
• INSURANCES FOR BUSINESSES & PARTNERS
209, 5401 Temple Dr. NE
Calgary, Alberta, T1Y 3R7
Email: sukhdeep.khosa@dfsin.ca
Desjardins Financial Security® Independent Network
@Registered trademark owned by Desjardins Financial Life Assurance Company


# ਸ਼੍ਰੀਮਤੀ ਬਲਬੀਰ ਕੌਰ ਬੜਿੰਗ ਨੂੰ ਅੰਤਮ ਵਿਦਾਇਗੀ ਅਤੇ ਸ਼ਰਧਾਂਜਲੀਆਂ ਭੇਂਟ

ਹਰਜੀਤ ਬੇਦੀ

ਪਿਛਲੇ ਕਾਫੀ ਸਮੇਂ ਤੋਂ ਬਰੈਂਪਟਨ ਵਿੱਚ ਰਹਿ ਰਹੇ ਪਰਮਜੀਤ ਬੜਿੰਗ ਦੀ ਜੀਵਨ ਸਾਥਣ ਬਲਬੀਰ ਕੌਰ ਬੜਿੰਗ ਦੇ ਲੰਬੀ ਬਿਮਾਰੀ ਬਾਅਦ 15 ਅਗਸਤ 2019 ਨੂੰ ਸਦੀਵੀ ਵਿਛੋੜੇ ਉਪਰੰਤ ਉਹਨਾਂ ਦਾ ਲੋਟਸ ਫਿਊਨਲ ਵਿੱਚ ਅੰਤਮ ਸੰਸਕਾਰ ਕਰਨ ਤੋਂ ਬਾਦ ਸਿੱਖ ਸਪਿਰਚੂਅਲ ਸੈਂਟਰ ਟੋਰਾਂਟੋ ਵਿਖੇ ਅੰਤਿਮ ਅਰਦਾਸ ਕੀਤੀ ਗਈ। ਫਿਊਨਲ ਅਤੇ ਅੰਤਿਮ ਅਰਦਾਸ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੋਏ।



ਬਠਿੰਡਾ ਜਿਲੇ ਦੇ ਪਿੰਡ ਮਹਿਰਾਜ ਵਿੱਚ 30 ਮਾਰਚ 1948 ਨੂੰ ਪੈਦਾ ਹੋਏ ਸ੍ਰੀਮਤੀ ਬਲਬੀਰ ਕੌਰ ਅਧਿਆਪਨ ਕਿੱਤੇ ਨਾਲ ਸਬੰਧਤ ਸਨ। ਪਰਮਜੀਤ ਬੜਿੰਗ ਨਾਲ ਸ਼ਾਦੀ ਉਪਰੰਤ ਬਰਨਾਲਾ ਲਾਗਲੇ ਪਿੰਡ ਸੰਘੇੜਾ ਦੇ ਪਰਿਵਾਰਿਕ ਮੈਂਬਰ ਬਣੇ। ਪਰਮਜੀਤ ਬੜਿੰਗ ਭੈਣ ਭਰਾਵਾਂ ਵਿੱਚ ਸਭ ਤੋਂ ਵੱਡਾ ਹੋਣ ਕਾਰਣ ਉਸ ਨਾਲ ਮਿਲ ਕੇ ਪਰਿਵਾਰ ਦੀ ਤਰੱਕੀ ਲਈ ਬਾਕੀ ਭੈਣ ਭਰਾਵਾਂ ਨੂੰ ਵੱਧ ਤੋਂ ਵੱਧ ਵਿਦਿੱਆ ਪ੍ਰਾਪਤ ਕਰਨ ਅਤੇ ਉਹਨਾਂ ਦੀ ਚੰਗੀ ਪਾਲਣਾ ਪੋਸ਼ਣਾ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਪੇਕੇ ਪਰਿਵਾਰ ਦਾ ਅਗਾਂਹ ਵਧੂ ਪਿਛੋਕੜ ਅਤੇ ਪਰਮਜੀਤ ਬੜਿੰਗ ਦੇ ਸਾਥ ਕਰਕੇ ਸਮਾਜਕ ਅਤੇ ਜਥੇਬੰਦਕ ਕੰਮਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਂਦੇ ਰਹੇ। ਘਰ ਵਿੱਚ ਅਕਸਰ ਆਉਂਦੇ ਜਥੇਬੰਦੀ ਦੇ ਆਗੂਆਂ ਅਤੇ ਮੈਂਬਰਾਂ ਦੀ ਸੇਵਾ ਵਿੱਚ ਤਤਪਰ ਰਹਿਣ ਵਾਲੀ ਬਲਬੀਰ ਨੇ ਆਪਣੇ ਪੁੱਤਰਾਂ ਬਲਜੀਤ ਅਤੇ ਕੁਲਵਿੰਦਰ ਦੀ ਸਿੱਖਿਆ ਵੱਲ ਵੀ ਪੂਰਾ ਧਿਆਨ ਦਿੱਤਾ। ਅੱਤ ਦੇ ਰੁਝੇਵਿਆਂ ਭਰੀ ਜਿੰਦਗੀ ਜਿਉਣ ਵਾਲੀ ਬਲਬੀਰ ਬਹੁਤ ਹੀ ਨੇਕ, ਸੁਹਿਰਦ ਅਤੇ ਮਿੱਠ-ਬੋਲੜੀ, ਸੇਵਾ ਭਾਵ ਅਤੇ ਨਿਮਰ ਸੁਭਾਅ ਦੀ ਮਾਲਕ ਸੀ। ਤਰਕਸ਼ੀਲ਼ ਵਿਚਾਰਾਂ ਦੀ ਧਾਰਨੀ ਹੋਣ ਕਾਰਨ ਉਸ ਨੇ ਆਪਣੀ ਬੌਡੀ ਦਾਨ ਕੀਤੀ ਹੋਈ ਸੀ ਪਰੰਤੂ ਤਕਨੀਕੀ ਅਤੇ ਡਾਕਟਰੀ ਕਾਰਨਾ ਕਾਰਨ ਟੋਰਾਂਟੋ ਯੂਨੀਵਰਸਿਟੀ ਵਲੋਂ ਉਸ ਦੀ ਬੌਡੀ ਪ੍ਰਾਪਤ ਨਾ ਕੀਤੀ ਗਈ।

ਸ਼ਰਧਾਜਲੀ ਭੇਂਟ ਕਰਨ ਵਾਲਿਆਂ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਹਾਜ਼ਰ ਲੋਕਾਂ ਵਿੱਚ ਰਮੇਸ਼ਵਰ ਸੰਘਾਂ ਐਮ ਪੀ, ਗੁਰਪ੍ਰੀਤ ਢਿੱਲੋਂ ਰੀਜਨਲ ਕੌਂਸਲਰ, ਹਰਕੀਰਤ ਸਿੰਘ ਕੌਂਸਲਰ, ਬਲਬੀਰ ਸੋਹੀ ਸਕੂਲ ਟਰੱਸਟੀ,ਨੌਰਥ ਅਮੇਰਕਿਨ ਸੁਸਾਇਟੀ ਦੇ ਬਲਦੇਵ ਰਹਿਪਾ, ਡਾ: ਬਲਜਿੰਦਰ ਸੇਖੌਂ , ਬਲਵਿੰਦਰ ਬਰਨਾਲਾ, ਨਿਰਮਲ ਸੰਧੂ, ਸੋਹਣ ਢੀਂਡਸਾ, ਅੰਮ੍ਰਿਤ ਢਿੱਲੋ, ਕੁਲਦੀਪ ਚਾਹਲ, ਸੁਖਮੰਦਰ ਰਾਮਪੁਰੀ, ਸਰੋਕਾਰਾਂ ਦੀ ਆਵਾਜ ਦੇ ਹਰਬੰਸ ਸਿੰਘ ਅਤੇ ਦਵਿੰਦਰ ਤੂਰ, ਚਰਨਜੀਤ ਬਰਾੜ, ਸੀਨੀਅਰਜ਼ ਐਸੋਸੀਏਸ਼ਨ ਦੀ ਐਗਜੈਕਟਿਵ ਕਮੇਟੀ ਅਤੇ ਸਮੂਹ ਮੈਂਬਰ, ਪਰਮਜੀਤ ਗਿੱਲ ਐਨ ਡੀ ਪੀ,, ਸੱਤਪਾਲ ਜੌਹਲ, ਨਾਹਰ ਔਜਲਾ, ਜਗ ਔਜਲਾ, ਹਰਜੀਤ ਦਿਓਲ ਤੋਂ ਬਿਨਾਂ ਵੱਖ ਵੱਖ ਸੀਨੀਅਰਜ਼ ਕਲੱਬਾਂ ਦੇ ਪਰਧਾਨ, ਅਹੁਦੇਦਾਰ ਅਤੇ ਮੈਂਬਰ ਹਾਜਰ ਹੋਏ। ਬਾਹਰਲੇ ਕਈ ਦੇਸ਼ਾਂ ਵਿੱਚੋਂ ਬਹੁਤ ਸਾਰੀਆਂ ਜਥੇਬੰਦੀਆਂ ਅਤੇ ਪਰਮੁੱਖ ਵਿਅਕਤੀਆਂ ਵਲੋਂ ਪਰਿਵਾਰ ਨਾਲ ਦੁੱਖ ਸਾਂਝਾਂ ਕਰਦਿਆਂ ਸ਼ੋਕ ਸੰਦੇਸ਼ ਭੇਜੇ ਗਏ। ਪਰਿਵਾਰ ਵਲੋਂ ਦੁੱਖ ਸਾਂਝਾਂ ਕਰਨ ਅਤੇ ਦੁੱਖ ਦੀ ਘੜੀ ਵਿੱਚ ਹਮਦਰਦੀ ਪਰਗਟ ਕਰਨ ਲਈ ਸਭ ਦਾ ਧੰਨਵਾਦ ਕੀਤਾ ਗਿਆ।




Shaheed Bhagat Singh Book Centre Calgary

Call Master Bhajan Singh at 403-455-4220 to buy or order books.


ਤੁਸੀਂ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਤੋਂ ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਸਾਹਿਤਕ, ਸਮਾਜਿਕ, ਧਾਰਮਿਕ, ਰਾਜਨੀਤਕ, ਤਰਕਸ਼ੀਲ, ਸਿਹਤ ਸੰਬੰਧੀ, ਕਹਾਣੀਆਂ, ਨਾਵਲ ਆਦਿ ਲੈ ਸਕਦੇ ਹੋ। ਵਧੇਰੇ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਨਾਲ 403-455-4220 'ਤੇ ਸੰਪਰਕ ਕੀਤਾ ਜਾ ਸਕਦਾ ਹੈ।




Trust Your Memories to the Professionals

Dream Productions inc.

Wedding, Birthday, Engagement, Slide Show, Music Video, T.V. Program, Modeling Picture, Concert, Community Event Etc.



We can Also Arrange Decoration Party Rentals

Customer satisfaction is our pride!

| Video | Photography | Music |
|---|---|---|
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762 or 29 DREAM (37326)

Special Packages Available For All Occasions

Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI) Self Employed Taxi Business

Corporate Tax Returns (T2) GST/Payrolls/ROE WCB Returns

Tax Planning & Advisory Services

Weekends/Evenings Services also available.

Tel. : 403-479-4220, 403-561-9011

pandher_2004@yahoo.com or singhh73@gmail.com

MYBROKERS.CA

* AUTO * HOME * BUSINESS
* COMMERCIAL AUTO
* TRUCKING INSURANCE
* RENTAL PROPERTY



ਕਾਰ, ਘਰ, ਬਿਜਨੈਸ, ਕਮਰਸ਼ੀਅਲ ਆਟੋ, ਟਰੱਕ, ਰੈਂਟਲ ਘਰਾਂ ਦੀ ਇੰਸ਼ੋਰੈਂਸ ਲਈ ਸਾਡੇ ਨਾਲ ਸੰਪਰਕ ਕਰ ਸਕਦੇ ਹੋ

For quotation please call 403-250-8898

#208, 4656 Westwinds Dr. NE Calgary AB (UPSTAIRS)

SUPER VISA INSURANCE

ਸੁਪਰ ਵੀਜ਼ਾ ਇੰਸ਼ੋਰੈਂਸ

With all the BENEFITS & REQUIREMENTS

SUPER VISA INSURANCE RATES

AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)

Note: All rates are based on $1000 deductible, No Pre Existing Condition, For 1 Year term, $100000 Coverage

LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.

Full Refund if Visa Denied, Partial Refund if Return early (with no claim) Ask for more details.

ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।

For More Information Call

HARCHARAN SINGH PARHAR

403-681-8689

Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.

208, 4656-WESTWINDS DR. N.E. CALGARY AB T3J 3Z5

# ਵੈਨੇਜ਼ੁਏਲਾ ਦੀ ਮਹਾਂਮੰਦੀ ਅਤੇ ਸੰਸਾਰ ਸਿਆਸਤ ਨਿਰਭਰਤਾ



ਮਨਦੀਪ
mandeepsaddowal@gmail.com



ਇਸ ਸਮੇਂ ਸੰਸਾਰ ਦੇ ਤਿੰਨ ਮਹਾਂਦੀਪਾਂ- ਏਸ਼ੀਆ, ਅਫਰੀਕਾ ਤੇ ਦੱਖਣੀ ਅਮਰੀਕਾ ਦੇ ਅਨੇਕਾਂ ਮੁਲਕਾਂ ਦੀ ਆਰਥਿਕ-ਸਮਾਜਿਕ ਦਸ਼ਾ ਬੇਹੱਦ ਪਤਲੀ ਹੈ। ਪੱਛੜੀਆਂ ਆਰਥਿਕਤਾਵਾਂ ਵਾਲੇ ਇਹ ਮੁਲਕ ਸਾਮਰਾਜੀ ਮੁਲਕਾਂ ਦੇ ਆਰਥਿਕ-ਸਿਆਸੀ ਦਾਬੇ ਹੇਠ ਹਨ। ਇਨ੍ਹਾਂ ਦੇਸ਼ਾਂ ਨੂੰ ਸਾਮਰਾਜੀ ਮੁਲਕਾਂ ਦੀਆਂ ਨੀਤੀਆਂ ਅਤੇ ਘੁਰਕੀਆਂ ਦੀ ਲਗਾਤਾਰ ਤਾਬ ਝੱਲਣੀ ਪੈ ਰਹੀ ਹੈ। ਪੱਛੜੇ ਮੁਲਕਾਂ ਅੰਦਰ ਆਜ਼ਾਦ ਵਪਾਰ ਦੀ ਨੀਤੀ ਹੇਠ ਸਾਮਰਾਜੀ ਵਿੱਤੀ ਸਰਮਾਏ ਦੀ ਇਜਾਰੇਦਾਰੀ ਕਾਇਮ ਕਰਕੇ ਅਤੇ ਪੱਛੜੇ ਮੁਲਕਾਂ ਦੀਆਂ ਆਰਥਿਕਤਾਵਾਂ ਨੂੰ ਪੰਗੂ ਬਣਾ ਕੇ ਉਸ ਨੂੰ ਆਪਣੇ ਆਰਥਿਕ-ਸਿਆਸੀ ਹਿੱਤਾਂ ਅੱਗੇ ਝੁਕਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਸੰਸਾਰ ਆਰਥਿਕਤਾ ਦੇ ਵਰਤਮਾਨ ਇਤਿਹਾਸ ਵਿਚ ਵੈਨੇਜ਼ੁਏਲਾ ਇਸ ਦੀ ਉਘੜਵੀਂ ਮਿਸਾਲ ਹੈ ਜੋ ਇਸ ਸਮੇਂ ਮਹਾਂਮੰਦੀ ਨਾਲ ਜੂਝ ਰਿਹਾ ਹੈ।

ਵੈਨੇਜ਼ੁਏਲਾ ਇਸ ਸਮੇਂ ਸੰਸਾਰ ਦਾ ਇੱਕੋ-ਇੱਕ ਅਜਿਹਾ ਮੁਲਕ ਹੈ ਜੋ ਗਹਿਰੇ ਆਰਥਿਕ-ਸਮਾਜਿਕ ਤੇ ਸਿਆਸੀ ਸੰਕਟ ਵਿਚ ਘਿਰਿਆ ਹੋਇਆ ਹੈ। ਅੰਕੜੇ ਬਹੁਤ ਹੈਰਾਨੀਜਨਕ ਹਨ। ਇਸ ਦੀ ਮਹਿੰਗਾਈ ਦਰ ਪਿਛਲੇ ਸਾਲਾਂ ਨਾਲੋਂ ਦਸ ਲੱਖ ਫ਼ੀਸਦੀ (ਵਿਕੀਪੀਡੀਆ ਮੁਤਾਬਕ) ਤੱਕ ਵਧ ਗਈ ਹੈ। ਵਿਦੇਸ਼ੀ ਕਰਜ਼ 156 ਲੱਖ ਅਮਰੀਕੀ ਡਾਲਰ ਤੋਂ ਉੱਪਰ ਜਾ ਚੁੱਕਾ ਹੈ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਗਰੀਬੀ, ਦਵਾਈਆਂ ਦੀ ਘਾਟ, ਕਿੱਲਤ, ਬਜਟ ਘਾਟਾ, ਲੁੱਟਾਂ-ਖੋਹਾਂ ਤੇ ਭੁੱਖਮਰੀ ਦੀ ਹਾਲਤ ਅੰਕੜਿਆਂ ਤੋਂ ਕਿਤੇ ਵੱਧ ਭਿਆਨਕ ਹੈ। ਦੇਸ਼ ਦੇ 23 ਵਿਚੋਂ 19 ਸੂਬੇ ਪੀਣ ਵਾਲੇ ਪਾਣੀ ਦੇ ਸੰਕਟ ਨਾਲ ਜੂਝ ਰਹੇ ਹਨ। 190 ਦੇਸ਼ਾਂ ਦੀ ਸੂਚੀ ਵਿਚੋਂ ਵੈਨੇਜ਼ੁਏਲਾ ਦਾ ਵਪਾਰਕ ਦਰਜਾ 188 ਤੱਕ ਪਹੁੰਚ ਚੁੱਕਾ ਹੈ।

ਇਹੀ ਨਹੀਂ, ਪਿਛਲੇ ਕੁਝ ਸਾਲਾਂ ਵਿਚ 40 ਲੱਖ ਪੇਸ਼ਾਵਰ ਤੇ ਪੜ੍ਹਿਆ ਲਿਖਿਆ ਤਬਕਾ ਦੇਸ਼ ਵਿਚੋਂ ਹਿਜਰਤ ਕਰ ਚੁੱਕਾ ਹੈ। ਇਹ ਮਨੁੱਖੀ ਧਨ ਮੁਲਕ ਦੀ ਕੁੱਲ ਆਬਾਦੀ ਦਾ 10 ਫ਼ੀਸਦੀ ਹਿੱਸਾ ਬਣਦਾ ਹੈ। ਤੇਲ ਦੀ ਪੈਦਾਵਾਰ ਲਗਾਤਾਰ ਡਿੱਗ ਰਹੀ ਹੈ ਅਤੇ ਨਵੇਂ ਨਿਵੇਸ਼ਕ ਵੈਨੇਜ਼ੁਏਲਾ ਵੱਲ ਮੂੰਹ ਨਹੀਂ ਕਰ ਰਹੇ; ਬਲਕਿ ਅਨੇਕਾਂ ਵਿਦੇਸ਼ੀ ਨਿਵੇਸ਼ਕ ਆਪਣੇ ਅਸਾਸੇ ਸਸਤੇ ਭਾਅ ਵੇਚ ਕੇ ਮੁਲਕ ਛੱਡ ਚੁੱਕੇ ਹਨ। 150 ਬਹੁ-ਕੌਮੀ ਕੰਪਨੀਆਂ ਨੇ ਆਪਣੀ ਪੈਦਾਵਾਰ ਘਟਾ ਦਿੱਤੀ ਹੈ, ਕਾਮਿਆਂ ਦੀ ਛਾਂਟੀ ਕਰ ਦਿੱਤੀ ਹੈ ਅਤੇ ਕਾਮਿਆਂ ਦੀਆਂ ਉਜ਼ਰਤਾਂ ਘਟਾ ਦਿੱਤੀਆਂ ਹਨ। ਇਹ ਕੰਪਨੀਆਂ ਵੀ ਹਾਲਾਤ ਸੁਧਰਨ (ਸੱਤਾ ਬਦਲੀ) ਦੀ ਆਸ ਵਿਚ ਹੀ ਰੁਕੀਆਂ ਹੋਈਆਂ ਹਨ। ਵਿਦੇਸ਼ੀ ਨਿਵੇਸ਼ ਜੋ 2016 ਵਿਚ 9.9 ਫ਼ੀਸਦੀ ਸੀ, ਘਟ ਕੇ 2017 ਵਿਚ 6.6 ਫ਼ੀਸਦੀ ਤੇ ਆ ਗਿਆ ਅਤੇ ਚਾਲੂ ਵਰ੍ਹੇ ਵਿਚ ਇਸ ਦੀ ਦਰ ਹੋਰ ਹੇਠਾਂ ਡਿੱਗ ਗਈ ਹੈ। ਮਹਾਂਮੰਦੀ ਕਰਕੇ ਸੌ-ਪੰਜ ਸੌ ਦੀ ਕਾਗਜ਼ੀ ਕਰੰਸੀ ਦੀ ਕੋਈ ਵੁਕਅਤ ਨਹੀਂ ਰਹੀ। ਇਸ ਲਈ ਕੇਂਦਰੀ ਬੈਂਕ ਨੂੰ ਕ੍ਰਮਵਾਰ ਦਸ, ਵੀਹ ਅਤੇ ਪੰਜਾਹ ਹਜ਼ਾਰ ਦੀ ਕਾਗਜ਼ੀ ਕਰੰਸੀ ਜਾਰੀ ਕਰਨ ਲਈ ਮਜਬੂਰ ਹੋਣਾ ਪਿਆ ਹੈ।

19ਵੀਂ ਸਦੀ ਦੇ ਦੂਜੇ ਦਹਾਕੇ (1810-1823) ਵਿਚ ਵੈਨੇਜ਼ੁਏਲਾ ਨੇ ਜਿੱਤ ਤੱਕ ਲਗਾਤਾਰ 13 ਸਾਲ ਸਪੇਨੀ ਸਾਮਰਾਜ ਦੀ ਬਸਤੀਵਾਦੀ ਗੁਲਾਮੀ ਤੋਂ ਮੁਕਤੀ ਦੀ ਲੜਾਈ ਲੜੀ ਸੀ। ਮੌਜੂਦਾ ਦੌਰ ਵਿਚ ਵੈਨੇਜ਼ੁਏਲਾ ਨੂੰ ਪਿਛਲੇ 16 ਸਾਲ ਤੋਂ (2003 ਤੋਂ) ਅਮਰੀਕੀ ਸਾਮਰਾਜ ਦੀ ਆਰਥਿਕ ਗੁਲਾਮੀ ਖਿਲਾਫ ਸੰਘਰਸ਼ ਕਰਨਾ ਪੈ ਰਿਹਾ ਹੈ। ਵੈਨੇਜ਼ੁਏਲਾ ਦਾ ਬਸਤੀਵਾਦ ਖਿਲਾਫ ਪਹਿਲਾ ਆਜ਼ਾਦੀ ਸੰਘਰਸ਼ ਸਿੱਧੇ ਤੌਰ ਤੇ ਸਿਆਸੀ ਆਜ਼ਾਦੀ ਦਾ ਸੰਘਰਸ਼ ਸੀ ਪਰ ਮੌਜੂਦਾ ਸੰਘਰਸ਼ ਆਰਥਿਕ ਆਜ਼ਾਦੀ ਤੇ ਖੁਦਮੁਖਤਾਰੀ ਦਾ ਹੈ। ਉਹ ਖੁਦਮੁਖਤਾਰੀ ਜੋ ਇਸ ਦੇ ਸਿਆਸੀ ਪਹਿਲੂਆਂ ਨੂੰ ਲਗਾਤਾਰ ਪ੍ਰਭਾਵਿਤ ਕਰ ਰਹੀ ਹੈ।

ਵੈਨੇਜ਼ੁਏਲਾ ਸੰਸਾਰ ਦਾ ਸਭ ਤੋਂ ਵੱਧ ਤੇਲ ਵਾਲਾ ਮੁਲਕ ਹੈ। ਤੇਲ ਪਦਾਰਥ ਇਸ ਦੀ ਕੁੱਲ ਘਰੇਲੂ ਪੈਦਾਵਰ ਵਿਚ 25 ਫ਼ੀਸਦੀ ਯੋਗਦਾਨ ਪਾਉਂਦੇ ਹਨ ਅਤੇ ਇਸ ਦੇ ਬਰਾਮਦ ਵਿਚ 95 ਫ਼ੀਸਦੀ। ਦੇਸ਼ ਦੀ ਆਰਥਿਕ ਨਿਰਭਰਤਾ ਇਕਹਿਰੇ ਉਤਪਾਦ ਤੇ ਹੋਣ ਕਰਕੇ ਵੈਨੇਜ਼ੁਏਲਾ ਉਤਪਾਦਨ ਦੇ ਬਾਕੀ ਖੇਤਰਾਂ ਨੂੰ ਜ਼ਿਆਦਾ ਵਿਕਸਿਤ ਤੇ ਨਿਪੁੰਨ ਨਹੀਂ ਕਰ ਸਕਿਆ। ਇਤਿਹਾਸਕ ਇਨਕਲਾਬੀ ਬੋਲੀਵਰੀਅਨ ਸੁਧਾਰਾਂ ਦੇ ਬਾਵਜੂਦ ਆਜ਼ਾਦੀ ਦੇ 200 ਸਾਲ ਬਾਅਦ ਵੀ ਵੈਨੇਜ਼ੁਏਲਾ ਦੇ ਸੱਜੇਪੱਖੀ ਅਤੇ 'ਖੱਬੇਪੱਖੀ' ਆਰਥਿਕ ਨਿਰਭਰਤਾ ਹਾਸਲ ਨਹੀਂ ਕਰ ਸਕੇ। ਮਨਦੀਪ ਹੁਣ ਸਾਮਰਾਜੀ ਮੁਲਕਾਂ ਵਿਚ ਵਪਾਰਕ ਜੰਗ ਕਾਰਨ ਸੰਸਾਰ ਮਾਰਕਿਟ ਵਿਚ ਤੇਲ ਅਤੇ ਹੋਰ ਕੱਚੇ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਿਚ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ। ਇਕਹਿਰੀ ਉਤਪਾਦਕ ਨਿਰਭਰਤਾ ਕਰਕੇ ਇਹ ਉਤਰਾਅ-ਚੜ੍ਹਾਅ ਵੈਨੇਜ਼ੁਏਲਾ ਦੀ ਆਰਥਿਕਤਾ ਉੱਤੇ ਗਹਿਰਾ ਅਸਰ ਪਾਉਂਦੇ ਹਨ। ਹੋਰ ਖੇਤਰਾਂ ਵਿਚ ਬਦਲਵਾਂ ਵਿਕਸਿਤ ਢਾਂਚਾ ਨਾ ਹੋਣ ਕਰਕੇ ਇਸ ਦੀ ਘਰੇਲੂ ਮੰਡੀ, ਵਿਦੇਸ਼ੀ ਦਰਾਮਦਾਂ ਉੱਤੇ ਨਿਰਭਰ ਹੈ। ਵੈਨੇਜ਼ੁਏਲਾ ਦੀਆਂ ਹਾਕਮ ਜਮਾਤਾਂ ਆਰਥਿਕ ਅਸਥਿਰਤਾ ਕਰਕੇ ਹੋਰ ਖੇਤਰਾਂ ਵਿਚ ਮਜ਼ਬੂਤ ਆਰਥਿਕ ਢਾਂਚਾ ਵਿਕਸਿਤ ਨਹੀਂ ਕਰ ਸਕੀਆਂ। ਇਸ ਲਈ ਵਕਤੀ ਰਾਹਤ ਲਈ ਕਰੰਸੀ ਫੰਡ ਵਧਾਉਣ, ਕੌਮਾਂਤਰੀ ਅਸਾਸੇ ਸਿਰਜਣ ਤੇ ਅਮਰੀਕੀ ਡਾਲਰ ਨੂੰ ਭਾਂਜ ਦੇਣ ਲਈ ਦੇਸ਼ ਦੇ ਸਰਕਾਰੀ ਸਾਧਨਾਂ (ਬੰਦਰਗਾਹਾਂ ਤੇ ਹਵਾਈ ਅੱਡੇ ਆਦਿ) ਨੂੰ ਪ੍ਰਾਈਵੇਟ ਹੱਥਾਂ ਵਿਚ ਵੇਚ ਕੇ ਪਬਲਿਕ ਖੇਤਰ ਲਈ ਫੰਡ ਜੁਟਾਉਣੇ ਪੈ ਰਹੇ ਹਨ, ਕਦੇ ਸਾਮਰਾਜੀ ਮੁਲਕਾਂ ਨਾਲ ਘਾਟੇਵੰਦੇ ਸਮਝੌਤੇ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਦੋ ਦਹਾਕਿਆਂ ਤੋਂ ਇਸ ਨੂੰ ਅਮਰੀਕੀ ਗੁੱਸੇ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਅਮਰੀਕਾ ਵਾਸਤੇ ਤੇਲ ਸਰੋਤਾਂ ਲਈ ਇਸ ਸਮੇਂ ਵੈਨੇਜ਼ੁਏਲਾ ਸਭ ਤੋਂ ਮਹੱਤਵਪੂਰਨ ਕੇਂਦਰ ਹੈ ਕਿਉਂਕਿ ਅਰਬ ਖਿੱਤਾ ਹੁਣ ਜ਼ਿਆਦਾ 'ਸੁਰੱਖਿਅਤ' ਨਹੀਂ ਰਿਹਾ। ਕਿਸੇ ਸਮੇਂ ਅਮਰੀਕਾ ਨੇ ਅਤਿਵਾਦ ਦਾ ਬਹਾਨਾ ਬਣਾ ਕੇ ਇਰਾਕ ਤੇ ਲਿਬੀਆ ਦੇ ਤੇਲ ਸਰੋਤਾਂ ਉੱਤੇ ਕਬਜ਼ੇ ਦੀ ਨੀਤੀ ਨਾਲ ਹਮਲਾ ਕੀਤਾ ਅਤੇ ਉੱਥੇ ਉਸ ਨੂੰ ਖਾੜੀ ਮੁਲਕਾਂ ਵਿਚੋਂ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ। ਦੂਸਰਾ, ਸਾਊਦੀ ਅਰਬ ਤੇ ਦੂਜੇ ਅਰਬ ਮੁਲਕਾਂ ਨੇ ਸਾਮਰਾਜੀ ਵਪਾਰਕ ਜੰਗ ਦੌਰਾਨ ਅਮਰੀਕੀ ਡਾਲਰ ਦੀ ਅਣਦੇਖੀ ਕਰਦਿਆਂ ਦੂਜੇ ਸਾਮਰਾਜੀ ਮੁਲਕਾਂ ਨਾਲ ਸਮਝੌਤੇ ਕਰਕੇ ਤੇਲ ਨੂੰ ਅਮਰੀਕਾ ਖਿਲਾਫ ਹਥਿਆਰ ਦੇ ਤੌਰ ਤੇ ਵਰਤਣਾ ਸ਼ੁਰੂ ਕਰ ਦਿੱਤਾ।

ਅਮਰੀਕਾ ਨੇ ਸ਼ੁਰੂ ਵਿਚ ਤੇਲ ਦੀ ਖਰੀਦ ਵਿਚ ਗੋਲਡ ਸਟੈਂਡਰਡ ਖਤਮ ਹੋਣ ਬਾਅਦ ਸੰਸਾਰ ਮੰਡੀ ਵਿਚ ਡਾਲਰ ਰਾਹੀਂ ਸੰਚਾਰ ਹੋਣ ਦੇ ਮੌਕੇ ਦਾ ਲਾਹਾ ਲਿਆ। ਤੇਲ ਦੀ ਖਰੀਦ ਦਾ ਸੰਚਾਲਨ ਡਾਲਰ ਵਿਚ ਹੋਣ ਕਰਕੇ ਇਸ ਦੀ ਮੰਗ ਵਧੀ ਅਤੇ ਇਹ ਅਮਰੀਕੀ ਆਰਥਿਕਤਾ ਦੀ ਗਲੋਬਲ ਸ਼ਕਤੀ ਦਾ ਨਵਾਂ ਥੰਮ੍ਹ ਬਣ ਕੇ ਉਭਰਿਆ। ਤੇਲ ਵਪਾਰ ਲਈ ਕਿਉਂਕਿ ਵੈਨੇਜ਼ੁਏਲਾ ਦੀ ਨਿਰਭਰਤਾ ਸ਼ੁਰੂ ਵਿਚ ਪੂਰੀ ਤਰ੍ਹਾਂ ਅਮਰੀਕੀ ਡਾਲਰ ਉੱਤੇ ਸੀ, ਇਸ ਲਈ ਵੈਨੇਜ਼ੁਏਲਾ ਦੇ ਤੇਲ ਕੇਂਦਰਾਂ ਅਤੇ ਕੱਚੇ ਕੁਦਰਤੀ ਸਾਧਨਾਂ ਉੱਤੇ ਅਮਰੀਕੀ ਬਹੁ-ਕੌਮੀ ਕੰਪਨੀਆਂ ਤੇ ਸੰਸਾਰ ਵਿੱਤੀ ਸੰਸਥਾਵਾਂ ਦੀ ਦਖਲਅੰਦਾਜ਼ੀ ਬਣੀ ਰਹੀ। ਦੂਸਰਾ ਸਸਤੀਆਂ ਜ਼ਮੀਨਾਂ, ਘੱਟ ਉਜ਼ਰਤਾਂ ਤੇ ਸਸਤੇ ਕੱਚੇ ਪਦਾਰਥਾਂ ਕਰਕੇ ਇਹ ਖੇਤਰ ਅਮਰੀਕਾ ਲਈ ਬਹੁਤ ਲਾਹੇਵੰਦ ਹੈ।

ਉਂਜ, ਚੀਨ ਦੇ ਯੁਆਨ, ਯੂਰੋ ਜ਼ੋਨ ਅਤੇ ਹੁਣ ਵੈਨੇਜ਼ੁਏਲਾ ਵਿਚ (ਵਿੱਤੀ ਰੋਕਾਂ ਦਾ ਮੁਕਾਬਲਾ ਕਰਨ ਲਈ) ਪੈਟਰੋ ਕਰੰਸੀ ਨੇ ਇਸ ਲਈ ਨਵੀ ਸਿਰਦਰਦੀ ਖੜ੍ਹੀ ਕਰ ਦਿੱਤੀ। ਅਮਰੀਕਾ ਆਪਣੀ ਵਿੱਤੀ ਸਰਦਾਰੀ ਕਾਇਮ ਰੱਖਣ ਲਈ ਵੈਨੇਜ਼ੁਏਲਾ ਵਿਚ ਲਗਾਤਾਰ ਆਰਥਿਕ ਜੰਗ ਲੜ ਰਿਹਾ ਹੈ, ਇਸ ਮਕਸਦ ਲਈ ਉਹ ਆਪਣੀ ਫੌਜੀ ਨੀਤੀ ਦਾ ਖੁਲ੍ਹੇਆਮ ਇਸਤੇਮਾਲ ਕਰ ਰਿਹਾ ਹੈ। ਅਮਰੀਕਾ ਆਪਣੀਆਂ ਕੂਟਨੀਤਿਕ ਚਾਲਾਂ ਨਾਲ ਵੈਨੇਜ਼ੁਏਲਾ ਦੀ ਸਰਮਾਏਦਾਰੀ ਦੇ ਇਕ ਹਿੱਸੇ ਨੂੰ ਗੰਢ ਕੇ ਵੈਨੇਜ਼ੁਏਲਾ ਦਾ ਸਿਆਸੀ ਧਰਾਤਲ ਬਦਲਣ ਲਈ ਯਤਨਸ਼ੀਲ ਹੈ। ਇਸ ਸਮੇਂ ਵੈਨੇਜ਼ੁਏਲਾ ਨੂੰ ਸੰਸਾਰ ਵਿੱਤੀ ਸੰਸਥਾਵਾਂ ਕੋਲੋਂ ਆਰਥਿਕ ਸਹਾਇਤਾ ਦੀ ਬੇਹੱਦ ਜ਼ਰੂਰਤ ਹੈ ਪਰ ਇਹ ਦੋਵੇਂ ਸੰਸਥਾਵਾਂ ਮੌਜੂਦਾ 'ਖੱਬੇਪੱਖੀ' ਰਾਸ਼ਟਰਪਤੀ ਨਿਕੋਲਸ ਮਾਦੂਰੋ ਦੀ ਸਹਾਇਤਾ ਦੀ ਬਜਾਏ ਵਿਰੋਧੀ ਧਿਰ ਦੇ ਸੱਜੇਪੱਖੀ ਖੁਆਨ ਗੁਆਇਦੋ ਦੀ ਮਦਦ ਕਰਨ ਲਈ ਤਿਆਰ ਹਨ।

ਇਸ ਤੋਂ ਇਲਾਵਾ ਵੈਨੇਜ਼ੁਏਲਾ ਨੇ ਚੀਨ ਅਤੇ ਰੂਸ ਨਾਲ ਵਪਾਰਕ ਮਸ਼ਕ ਹੋਰ ਤੇਜ਼ ਕਰ ਦਿੱਤੀ ਹੈ। ਚੀਨ ਸੰਸਾਰ ਦਾ ਦੂਜਾ ਵੱਡਾ ਤੇਲ ਖਪਤਕਾਰ ਹੈ ਅਤੇ ਉਹ ਤੇਲ ਵਪਾਰ ਲਈ ਯੁਆਨ ਸਟੈਂਡਰਡ ਨੂੰ ਹੁਲਾਰਾ ਦੇ ਰਿਹਾ ਹੈ। ਚੀਨ ਇਸ ਸਮੇਂ ਅਮਰੀਕੀ ਸੰਸਾਰ ਚੌਧਰ ਦਾ ਸਭ ਤੋਂ ਵੱਡਾ ਵਿਰੋਧੀ ਹੈ ਅਤੇ ਉਸ ਨਾਲ ਵਪਾਰਕ ਜੰਗ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਇਸ ਸੂਰਤ ਵਿਚ ਵੈਨੇਜ਼ੁਏਲਾ ਅਮਰੀਕਾ ਦੇ ਆਰਥਿਕ ਹਿੱਤਾਂ ਦੇ ਨਾਲ ਨਾਲ ਸਵੈਮਾਣ ਦਾ ਸਵਾਲ ਵੀ ਹੈ। ਵੈਨੇਜ਼ੁਏਲਾ ਦੱਖਣੀ ਅਮਰੀਕੀ ਮਹਾਂਦੀਪ ਦਾ ਸਿਆਸੀ ਦ੍ਰਿਸ਼ ਬਦਲ ਸਕਦਾ ਹੈ। ਜੇ ਵੈਨੇਜ਼ੁਏਲਾ ਇਸ ਮਹਾਂਦੀਪ ਵਿਚ ਅਮਰੀਕੀ ਚੌਧਰ ਨੂੰ ਚੁਣੌਤੀ ਦੇਣ ਵਿਚ ਕਾਮਯਾਬ ਰਿਹਾ ਤਾਂ ਇਸ ਮਹਾਂਦੀਪ ਵਿਚ ਚੀਨ ਦਾ ਵਪਾਰਕ ਵਿਸਥਾਰ ਵਧਣ ਦੀਆਂ ਸੰਭਾਵਨਾਵਾਂ ਹਨ। ਜਿੱਥੇ ਅਮਰੀਕਾ ਚੀਨ ਨੂੰ ਏਸ਼ਿਆਈ ਮੁਲਕਾਂ ਰਾਹੀਂ ਘੇਰ ਰਿਹਾ ਹੈ, ਉੱਥੇ ਚੀਨ ਵੀ ਉਸ ਦੀ ਬਗਲ ਵਿਚ ਆ ਕੇ ਬੈਠ ਜਾਣ ਦਾ ਮੌਕਾ ਨਹੀਂ ਗਵਾਉਣਾ ਚਾਹੁੰਦਾ। ਚੀਨ ਵਾਂਗ ਅਮਰੀਕਾ ਦਾ ਵਿਰੋਧੀ ਰੂਸ ਵੀ ਵੈਨੇਜ਼ੁਏਲਾ ਨੂੰ ਕਰਜ਼ ਅਤੇ ਸਹਾਇਤਾ ਦੇ ਰਿਹਾ ਹੈ। ਰੂਸ ਅਤੇ ਚੀਨ ਦੀ ਵੈਨੇਜ਼ੁਏਲਾ ਵਿਚ ਰੁਚੀ ਕਰਕੇ ਹੀ ਵੈਨੇਜ਼ੁਏਲਾ ਅਜੇ ਤੱਕ ਖੜ੍ਹਾ ਹੈ; ਨਹੀਂ ਤਾਂ ਹੁਣ ਤੱਕ ਇਕ ਹੋਰ ਇਰਾਕ ਬਣਾ ਦਿੱਤਾ ਗਿਆ ਹੁੰਦਾ।

ਵੈਨੇਜ਼ੁਏਲਾ ਦੇ ਤੇਲ ਭੰਡਾਰ ਅਤੇ ਕੱਚੇ ਤੇਲ ਸਾਧਨਾਂ ਉੱਤੇ ਖੁਦਮੁਖਤਾਰੀ ਸਾਮਰਾਜੀ ਤਾਕਤਾਂ ਦੇ ਇੱਕ ਜਾਂ ਦੂਜੇ ਧੜੇ ਨਾਲ ਮਿਲ ਕੇ ਚੱਲਣ ਨਾਲ ਬੱਝੀ ਹੋਈ ਹੈ। ਸਾਮਰਾਜੀ ਦੌਰ ਅੰਦਰ ਆਰਥਿਕ ਨਿਰਭਰਤਾ ਅਤੇ ਪੱਛੜੇ ਮੁਲਕਾਂ ਦਾ ਅਸਾਵਾਂ ਆਰਥਿਕ ਢਾਂਚਾ ਇਨ੍ਹਾਂ ਮੁਲਕਾਂ ਦੀਆਂ ਸਿਆਸੀ ਆਜ਼ਾਦੀਆਂ ਲਈ ਮਾਈ-ਬਾਪ ਦੀ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਸਾਮਰਾਜੀ ਵਿੱਤੀ ਸਰਮਾਏ ਨੂੰ ਚੁਣੌਤੀ ਦੇਣ ਦੇ ਇਵਜ਼ ਵਿਚ ਇਹ ਮੁਲਕ ਆਰਥਿਕ ਸਦਮੇ ਝੱਲਣ ਲਈ ਸਰਾਪੇ ਹੋਏ ਹਨ। ਸੰਸਾਰ ਸਾਹਮਣੇ ਅੱਜ ਇਹ ਆਰਥਿਕ ਸਦਮਾ ਵੈਨੇਜ਼ੁਏਲਾ ਝੱਲ ਰਿਹਾ ਹੈ।

ਅੱਜ ਦੇ ਸਾਮਰਾਜੀ ਯੁੱਗ ਅੰਦਰ ਮੁਲਕ ਦੀ ਆਰਥਿਕਤਾ ਉੱਤੇ ਰਾਜਕੀ ਕੰਟਰੋਲ ਸਾਮਰਾਜੀ ਹਿੱਤਾਂ ਅਤੇ ਅੰਤਰ-ਸਾਮਰਾਜੀ ਖਹਿ-ਭੇੜ ਅਨੁਸਾਰ ਪ੍ਰਭਾਵਿਤ ਹੁੰਦਾ ਹੈ। ਵੈਨੇਜ਼ੁਏਲਾ ਅਜਿਹੀ ਹਾਲਤ ਵਿਚ ਫਸ ਗਿਆ ਹੈ ਕਿ ਉਸ ਨੂੰ ਵਿਦੇਸ਼ੀ ਨਿਵੇਸ਼ ਖਿੱਚਣ ਲਈ ਤੇਲ ਕੀਮਤਾਂ ਤੇ ਕੰਟਰੋਲ ਘਟਾਉਣ, ਸਰਕਾਰੀ ਸਬਸਿਡੀਆਂ ਖਤਮ ਕਰਨ, ਸੰਸਥਾਈ ਟੈਕਸ ਵਧਾਉਣ, ਸਰਕਾਰੀ ਖਰਚ ਘਟਾਉਣ, ਸਰਕਾਰੀ ਅਸਾਸੇ ਪ੍ਰਾਈਵੇਟ ਹੱਥਾਂ ਵਿਚ ਵੇਚਣੇ ਪੈ ਰਹੇ ਹਨ।

ਵੈਨੇਜ਼ੁਏਲਾ ਵਿਚ ਤਕਨੀਕ ਵਪਾਰ ਦਾ ਕੋਈ ਵੱਡਾ ਸੋਮਾ ਨਹੀਂ ਹੈ। ਘਰੇਲੂ ਕਾਰੋਬਾਰ ਸਾਮਰਾਜੀ ਵਿੱਤੀ ਸਰਮਾਏ ਤੇ ਨਿਰਭਰ ਹੈ। ਸਨਅਤ ਵਿਚ ਬਹੁ-ਕੌਮੀ ਕੰਪਨੀਆਂ ਦੀ ਸਰਦਾਰੀ ਹੈ। 16 ਸਾਲ ਤੋਂ ਅਮਰੀਕਾ ਦੀ ਆਰਥਿਕ ਘੇਰਾਬੰਦੀ ਨੇ ਇਸ ਦੀ ਆਰਥਿਕਤਾ ਦਾ ਲੱਕ ਤੋੜ ਦਿੱਤਾ ਹੈ। ਅਮਰੀਕਾ ਨੇ ਤੇਲ ਦੀ ਵਿਕਰੀ ਅਤੇ ਅਦਾਇਗੀ ਦੀਆਂ ਸ਼ਰਤਾਂ (ਕੀਮਤਾਂ ਤੇ ਮਿਤੀਆਂ ਦੇ ਰੂਪ ਵਿਚ), ਵਸਤਾਂ ਦੀ ਮਾਤਰਾ, ਕੀਮਤਾਂ ਮਿੱਥ ਕੇ ਅਤੇ ਕਈ ਹੋਰ ਤਰੀਕਿਆਂ ਨਾਲ ਤੇਲ ਸਨਅਤ ਵਿਚ ਦਬਦਬਾ ਕਾਇਮ ਕੀਤਾ। ਆਰਥਿਕ ਘੇਰਾਬੰਦੀ ਅਤੇ ਵੈਨੇਜ਼ੁਏਲਾ ਸਰਕਾਰ ਦੇ ਵਿਰੋਧ ਕਾਰਨ ਵਕਤੀ ਤੌਰ ਤੇ ਭਾਵੇਂ ਅਮਰੀਕੀ ਵਿੱਤੀ ਸਰਮਾਏ ਅਤੇ ਅਮਰੀਕਾ ਆਧਾਰਿਤ ਕੰਪਨੀਆਂ ਨੂੰ ਵੀ ਘਾਟਾ ਝੱਲਣਾ ਪੈ ਰਿਹਾ ਹੈ ਪਰ ਅਮਰੀਕਾ ਵੈਨੇਜ਼ੁਏਲਾ ਦੀ ਸੱਤਾ ਬਦਲੀ ਵਿਚ ਮੁੱਖ ਭਾਈਵਾਲ ਬਣ ਕੇ ਆਰਥਿਕ ਘਾਟਿਆਂ ਦੀ ਭਰਪਾਈ ਕਰਨ ਦੀ ਤਾਕ ਵਿਚ ਹੈ। ਉਹ ਵੈਨੇਜ਼ੁਏਲਾ ਦੀ ਮੰਡੀ ਉੱਤੇ ਪੂਰਨ ਕਬਜ਼ਾ ਚਾਹੁੰਦਾ ਹੈ ਅਤੇ ਇਸ ਨੂੰ ਬਾਕੀ ਸੰਸਾਰ ਸ਼ਕਤੀਆਂ ਨਾਲ ਸਾਂਝਾ ਨਹੀਂ ਕਰਨਾ ਚਾਹੁੰਦਾ। ਵੈਨੇਜ਼ੁਏਲਾ ਦੀ ਮੌਜੂਦਾ ਆਰਥਿਕ ਦਸ਼ਾ ਨੇ ਇਹ ਦਿਖਾ ਦਿੱਤਾ ਕਿ ਮੁਲਕ ਦੀ ਆਰਥਿਕ ਨਿਰਭਰਤਾ ਬਿਨਾ ਪੱਛੜੇ ਮੁਲਕਾਂ ਦੀ ਸਿਆਸੀ ਆਜ਼ਾਦੀ ਕਿੰਨੀ ਅਖੌਤੀ ਹੈ।

## ਹਿੰਦੁਸਤਾਨ ਗੰਭੀਰ ਆਰਥਿਕ ਸਥਿਤੀ ਵਿੱਚੋਂ ਲੰਘ ਰਿਹਾ ਹੈ

ਹਿੰਦੁਸਤਾਨ ਗੰਭੀਰ ਆਰਥਿਕ ਸਥਿਤੀ ਵਿੱਚੋਂ ਲੰਘ ਰਿਹਾ ਹੈ ਤੇ ਮਹਾਂ ਆਰਥਿਕ ਮੰਦੀ ਦਾ ਸ਼ਿਕਾਰ ਹੋਣ ਜਾ ਰਿਹਾ ਹੈ. ਦੇਸ਼ ਦੇ 30 ਮਹਾਨਗਰਾਂ ਵਿੱਚ ਇੱਕ ਕਰੋੜ ਰੁਪਏ ਕੀਮਤ ਦੇ 12 ਲੱਖ ਘਰ ਜਾਂ ਫਲੈਟ ਬਿਕ ਨਹੀ ਰਹੇ। ਮਤਲਬ 12 ਲੱਖ ਕਰੋੜ ਰੁਪਈਆ ਫਸਿਆ ਪਿਆ ਹੈ ਅਤੇ ਉੱਧਰੋ ਬੈਂਕਾ ਬਿਲਡਰਾਂ ਤੋ ਵਿਆਜ ਸਮੇਤ ਪੈਸੇ ਮੰਗ ਰਹੀਆਂ ਹਨ. ਬੈਂਕਾ ਦੇ ਬੈਡ ਲੋਨ (ਜੋ ਵਾਪਿਸ ਨਹੀਂ ਮਿਲਣੇ) ਤਕਰੀਬਨ 10 ਲੱਖ ਕਰੋੜ ਤੱਕ ਪੁੱਜ ਚੁੱਕੇ ਹਨ। ਦੇਸ਼ ਦੀ ਆਟੋ ਇੰਡਸਟਰੀ ਮੰਦੀ ਵਿੱਚ ਹੈ। ਨਵੇਂ ਕਮਰਸ਼ੀਅਲ ਅਤੇ ਨਿੱਜੀ ਵਾਹਨ ਵਿਕ ਨਹੀ ਰਹੇ. 300 ਡੀਲਰ ਇਜੰਸੀਆਂ ਬੰਦ ਹੋ ਗਈਆ ਹਨ। ਕੰਪਨੀਆਂ ਨੇ ਨਵੇ ਵਾਹਨ ਬਣਾਉਣੇ ਬੰਦ ਕਰ ਦਿੱਤੇ ਹਨ ਤੇ ਲੱਖਾਂ ਲੋਕ ਜੋ ਕੰਪਨੀਆਂ ਜਾ ਕੰਪਨੀਆਂ ਲਈ ਕਲ ਪੁਰਜੇ ਬਣਾਉਣ ਵਾਲੀਆਂ ਕੰਪਨੀਆਂ ਚ ਕੰਮ ਕਰਦੇ ਸਨ ਬੇਰੁਜਗਾਰ ਹੋ ਗਏ ਹਨ. ਹਿੰਦੁਸਤਾਨ ਦਾ ਕੱਪੜਾ ਉਦਯੋਗ ਖਸਤਾ ਹਾਲਤ ਵਿੱਚ ਹੈ। ਨਿਰਯਾਤ ਪਿਛਲੇ ਸਾਲ ਨਾਲੋ 35% ਘੱਟ ਗਿਆ ਹੈ. ਸਾਰੀ ਦੁਨੀਆਂ ਬੰਗਲਾਦੇਸ਼ ਤੋ ਕੱਪੜਾ ਮੰਗਵਾ ਰਹੀ ਹੈ। ਚੀਨ ਨੇ ਹਿੰਦੁਸਤਾਨ ਤੋ ਆਉਣ ਵਾਲੇ ਧਾਗੇ ਉੱਤੇ 12% ਕਸਟਮ ਡਿਊਟੀ ਲਾ ਦਿੱਤੀ ਹੈ ਅਤੇ ਵਿਅਤਨਾਮ ਕੋਲੋਂ ਜੀਰੋ ਡਿਊਟੀ ਤੇ ਮੰਗਵਾ ਰਿਹਾ ਹੈ. ਹਿੰਦੁਸਤਾਨ ਦੇ ਉਦਯੋਗ ਵਿਅਤਨਾਮ ਸ਼ਿਫਟ ਹੋ ਰਹੇ ਹਨ। ਵੱਡੀਆ ਵੱਡੀਆਂ ਕੰਪਨੀਆਂ ਜਿਵੇਂ ਇਅਰਟੈੱਲ ਲਤਅ;, ਸਰਕਾਰੀ ਤੇਲ ਕੰਪਨੀਆਂ ਮਸਲਨ (ਜੋ ਹਮੇਸ਼ਾ ਲਾਭ 'ਚ ਰਹੀਆਂ) ਇਤਿਹਾਸ 'ਚ ਪਹਿਲੀ ਵਾਰ ਘਾਟਾ ਖਾ ਰਹੀਆਂ ਹਨ। ਕਪਾਹ ਦੇ ਕਿਸਾਨਾ ਤੋ ਕੰਪਨੀਆਂ ਕਪਾਹ ਖਰੀਦਣ ਤੋ ਹੱਥ ਖੜ੍ਹੇ ਕਰਨ ਜਾ ਰਹੀਆਂ ਹਨ। ਦੇਸ਼ 'ਚ ਉਤਪਾਦਾਂ ਦੀ ਮੰਗ ਘਟ ਰਹੀ ਹੈ ਅਤੇ ਕੰਪਨੀਆਂ ਬੰਦ ਹੋਣ ਕਾਰਨ ਟਰਾਂਸਪੋਰਟਰ ਟਰੱਕ ਵੇਚ ਰਹੇ ਹਨ। ਪਿਛਲੇ ਦਿਨਾਂ ਚ ਦਸ ਲੱਖ ਲੋਕ ਬੇਰੁਜ਼ਗਾਰ ਹੋ ਗਏ ਹਨ. ਨਵੇਂ ਬਣ ਰਹੇ ਘਰ ਅਤੇ ਬਿਲਡਿੰਗਾ ਦਾ ਕੰਮ ਅੱਧ ਵਿਚਾਲੇ ਬੰਦ ਹੋ ਚੁੱਕ ਹੈ ਕਿਓਕਿ ਉਹਨਾਂ ਕੋਲ ਪੈਸੇ ਦੀ ਕਮੀ ਹੈ ਅਤੇ ਬੈਂਕ ਕਰਜ ਦੇ ਨਹੀ ਰਹੇ ਤੇ ਜਿਹਨਾਂ ਲੋਕਾਂ ਨੇ ਪੇਸ਼ਗੀ ਦੇ ਕੇ ਫਲੈਟ ਬੁੱਕ ਕਰਵਾਏ ਸਨ ਉਹ ਸਮਾਂ ਹੱਦ ਲੰਘ ਜਾਣ ਉਪਰੰਤ ਫਲੈਟ ਮੰਗ ਰਹੇ ਹਨ। ਹਿੰਦੁਸਤਾਨ ਦੀ ਅਰਥਵਿਵਸਥਾ ਦੁਨੀਆ ਚ ਪੰਜਵੇ ਨੰਬਰ ਤੋ ਖਿਸਕ ਕੇ ਸੱਤਵੇ ਨੰਬਰ ਤੇ ਆ ਗਈ ਹੈ. ਬਾਕੀ ਹੋਰ ਵੀ ਗੱਲਾਂ ਪਰ ਲੇਖ ਲੰਬਾ ਹੋ ਜਾਣਾ। ਪਰ ਅੰਬਾਨੀ ਤੇ ਅਦਾਨੀ ਦੀ ਦੌਲਤ ਲਗਾਤਾਰ ਵਧ ਰਹੀ ਹੈ ਜਦਕਿ ਬਾਕੀ ਸਾਰੇ ਕਾਰਪੋਰੇਟ ਘਰਾਣੇ ਕਰਜੇ ਦੀ ਮਾਰ ਹੇਠ ਹਨ। ਬੈਂਕ ਸਰਕਾਰ ਕੋਲੋ 12 ਲੱਖ ਕਰੋੜ ਰੁਪਏ ਦਾ ਬੇਲ ਆਊਟ ਪੈਕੇਜ (ਫਰੀ ਆਰਥਿਕ ਮਦਦ) ਮੰਗ ਰਹੇ ਹਨ। ਜੇ ਸਰਕਾਰ ਬੈਕਾ ਨੂੰ ਫਰੀ 12 ਲੱਖ ਕਰੋੜ ਨਹੀਂ ਦਿੰਦੀ ਤਾਂ ਬੈਂਕ ਤਬਾਹ ਹੋ ਜਾਣਗੇ ਤੇ ਨਾਲ ਹੀ ਹਿੰਦੁਸਤਾਨ ਦੀ ਪੂਰੀ ਅਰਥਵਿਵਸਥਾ ਤੇ ਬੈਂਕਾ ਚ ਪਿਆ ਲੋਕਾਂ ਦਾ ਪੈਸਾ ਵੀ। ਸਰਕਾਰ ਸਰਕਾਰੀ ਕੰਪਨੀਆਂ ਵੇਚ ਕੇ ਪੈਸਾ ਕੱਠਾ ਕਰ ਰਹੀ ਹੈ ਜੋ ਕਿ ਨਾਕਾਫੀ ਹੈ। ਸਰਕਾਰ ਕਾਨੂੰਨ ਬਦਲ ਕੇ ਰਿਜਰਵ ਬੈਕ ਨੂ ਸਿੱਧਾ ਪਰਧਾਨਮੰਤਰੀ ਅਧੀਨ ਕਰਕੇ ਰਿਜਰਵ ਬੈਂਕ ਤੋ ਬੈਕ ਦੇ ਟੋਟਲ 28 ਲੱਖ ਕਰੋੜ ਰੁਪਏ ਦੇ ਭੰਡਾਰ ਚੋ ਪੈਸਾ ਲੈ ਕੇ ਆਪਣੇ ਘਾਟੇ ਪੂਰੇ ਕਰਨ ਤੇ ਕਾਰਪੋਰੇਟ ਲੋਕਾਂ ਨੂੰ ਗੱਫੇ ਵੰਡਣ ਦੀ ਯੋਜਨਾ ਬਣਾ ਰਹੀ ਹੈ। ਪਰ ਅਜਿਹਾ ਕਰਕੇ ਮਹਿੰਗਾਈ ਦੁੱਗਣੀ ਹੋ ਜਾਵੇਗੀ. ਬੈਕਾ ਚ ਪਏ ਪੈਸੇ ਤੇ ਜਮੀਨਾ ਦੀ ਕੀਮਤ ਅੱਧੀ ਰਹਿ ਜਾਵੇਗੀ ਤੇ ਦੇਸ਼ ਦੇ ਆਯਾਤ (ਜਠਬਰਗਵਤ) ਵਸਤਾ ਦੀ ਕੀਮਤ ਵੀ ਦੁੱਗਣੀ ਹੋ ਜਾਵੇਗੀ। ਸੌ ਦੀ ਢਾਈ ਗੱਲ ਕਿ ਮਹਾਂ ਮੰਦੀ ਆਉਣ ਵਾਲੀ ਹੈ। ਹਿੰਦੁਸਤਾਨ ਸਰਕਾਰ ਦੇ ਸਾਬਕਾ ਆਰਥਿਕ ਸਲਾਹਕਾਰਾਂ ਤੇ ਰਿਜਰਵ ਬੈਕ ਦੇ ਗਵਰਨਰਾਂ (ਜੋ ਪਿਛਲੇ ਸਾਲ ਅਸਤੀਫੇ ਦੇ ਚੁੱਕੇ ਹਨ) ਅਨੁਸਾਰ ਅਸਲ ਵਿਕਾਸ ਦਰ ਡਿੱਗ ਕੇ 90ਵਿਆਂ ਦੇ ਹਿੰਦੂ ਵਿਕਾਸ ਦਰ (3.5-4%) ਤੇ ਪਹੁੰਚ ਚੁੱਕੀ ਹੈ ਪਰ ਸਰਕਾਰ ਝੂਠੇ ਅੰਕੜੇ ਦਿਖਾ ਕੇ ਵਿਕਾਸ ਦਰ 7% ਦੱਸ ਰਹੀ ਹੈ।


# ਕੋਲੈਸਟਰੋਲ ਬਾਰੇ

ਕੋਲੈਸਟਰੋਲ ਇੱਕ ਤਰ੍ਹਾਂ ਦਾ ਫੈਟ ਹੀ ਹੈ ਜੋ ਮੁੱਖ ਰੂਪ ਵਿੱਚ ਸਾਡੇ ਜਿਗਰ ਵਿੱਚ ਬਣਦਾ ਹੈ। ਇਹ ਮਨੁੱਖੀ ਸੈਲਾਂ ਦੀ ਬਾਹਰਲੀ ਝਿੱਲੀ (cell membrane) ਦਾ ਸੰਯੋਜਿਤ ਅੰਗ (composite part) ਹੁੰਦਾ ਹੈ। ਸੈਲਾਂ ਦੁਆਲੇ ਬਣੀ ਵਾੜ ਦਾ ਹਿੱਸਾ ਹੋਣ ਕਰਕੇ ਇਹ ਸੈਲਾਂ ਨੂੰ ਟੁੱਟਣ-ਭੱਜਣ ਤੋਂ ਬਚਾਉਣ ਦੇ ਨਾਲ ਨਾਲ ਇਹ ਸੈੱਲ ਸਮੱਗਰੀ ਨੂੰ ਸੈੱਲ ਦੇ ਬਾਹਰ ਆਉਣ ਤੋਂ ਵੀ ਰੋਕੀਂ ਰੱਖਦਾ ਹੈ। ਮਨੁੱਖੀ ਸਰੀਰ ਵਿੱਚ ਇਹ ਹੋਰ ਉਤੇਜਕ ਰਸਾਂ ਦੇ ਨਾਲ-ਨਾਲ ਕਾਮ ਉਤੇਜਕ ਰਸਾਂ, ਪਿੱਤ ਰਸ (bile- **ਖੁਰਾਕੀ ਫੈਟਾਂ ਨੂੰ ਹਜ਼ਮ ਕਰਨ ਲਈ ਲੋੜੀਂਦਾ ਜਿਗਰ ਦਾ ਰਸ**) ਵਿਟਾਮਿਨ ਡੀ ਅਤੇ ਸਿਰੋਟੋਨਿਨ ਨਾਮ ਦਾ ਰਸਾਇਣ ਬਣਾਉਣ ਦੇ ਕੰਮ ਆਉਂਦਾ ਹੈ। ਸਿਰੋਟੋਨਿਨ ਸਾਡਾ ਮੂਡ, ਭੁੱਖ, ਨੀਂਦ, ਅੰਤੜੀਆਂ ਦੀ ਗਤੀਸ਼ੀਲਤਾ ਅਤੇ ਯਾਦ ਸ਼ਕਤੀ ਨੂੰ ਬਣਾਈਂ ਰੱਖਣ ਵਿੱਚ ਸਾਡੀ ਮੱਦਦ ਕਰਦਾ ਹੈ। ਸਰੀਰ ਦੇ ਜ਼ਖ਼ਮਾਂ ਦੀ ਮੁਰੰਮਤ ਕਰਨ ਵਿੱਚ ਵੀ ਮਾੜੇ ਕਹੇ ਜਾਂਦੇ ਕੋਲੈਸਟਰੋਲ (LDL) ਦੀ ਅਹਿਮ ਭੂਮਿਕਾ ਹੁੰਦੀ ਹੈ। ਦਿਮਾਗ ਦੇ ਸਹੀ ਤਰ੍ਹਾਂ ਕੰਮ ਕਰਦੇ ਰਹਿਣ ਲਈ ਵੀ ਇਹ ਅਤਿ ਜ਼ਰੂਰੀ ਹੈ। ਇਸੇ ਲਈ ਕੋਲੈਸਟਰੋਲ ਦਿਮਾਗੀ ਸੈਲਾਂ ਵਿੱਚ ਬਹੁਤ ਜਿਆਦਾ ਮਾਤਰਾ ਵਿੱਚ ਪਾਇਆ ਜਾਂਦਾ ਹੈ। ਦਿਮਾਗ ਦੇ ਸਹੀ ਵਿਕਾਸ ਲਈ ਵੀ ਇਹ ਅਤਿ ਜ਼ਰੂਰੀ ਹੈ ਸ਼ਾਇਦ ਇਸੇ ਕਰਕੇ ਮਾਂ ਦੇ ਦੁੱਧ ਵਿੱਚ ਕੋਲੈਸਟਰੋਲ ਦੀ ਮਾਤਰਾ ਬਹੁਤ ਜਿਆਦਾ ਹੁੰਦੀ ਹੈ। ਸ਼ੁਕਰ ਹੈ ਕਿ ਹਾਰਟ ਲਾਬੀ ਨੇ ਹਾਲੇ ਬੱਚੇ ਲਈ ਮਾਂ ਦੇ ਦੁੱਧ 'ਤੇ ਪਾਬੰਦੀ ਨਹੀਂ ਲਾਈ! ਬਿਮਾਰੀ ਪੈਦਾ ਕਰਨ ਵਾਲੇ ਕਿਟਾਣੂਆਂ ਵੱਲੋਂ ਛੱਡੇ ਜਾਂਦੇ ਵਿਸ਼ੈਲੇ ਪਦਾਰਥਾਂ (toxins) ਨੂੰ ਨਕਾਰਾ ਕਰਕੇ ਸਰੀਰ ਦਾ ਬਚਾਅ ਕਰਨ ਵਿੱਚ ਵੀ ਇਸਦੀ ਭੂਮਿਕਾ ਕਾਬਿਲੇ ਤਾਰੀਫ ਹੈ। ਸ਼ਾਇਦ ਇਸੇ ਲਈ ਹੀ ਟੀ.ਬੀ. ਦੇ ਮਰੀਜਾਂ ਨੂੰ ਅੰਡਿਆਂ ਦਾ ਸੇਵਨ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ ਕਿਉਂਕਿ ਸੰਪੂਰਨ ਪ੍ਰੋਟੀਨ ਅਤੇ ਮਨੁੱਖੀ ਸਰੀਰ ਦੀ ਰੱਖਿਆ ਪ੍ਰਣਾਲੀ ਨੂੰ ਜਵਾਨ ਰੱਖਣ ਵਾਲੇ ਵਿਟਾਮਿਨ ਏ, ਵਿਟਾਮਿਨ ਡੀ, ਕੋਲੀਨ ਅਤੇ ਅਰੈਕੀਡੋਨਿਕ ਐਸਿਡ ਦੇ ਨਾਲ਼ ਨਾਲ਼ ਇੱਕ ਅੰਡੇ ਵਿੱਚ ਲੱਗਭੱਗ 200 ਮਿਲੀਗ੍ਰਾਮ ਕੋਲੈਸਟਰੋਲ ਵੀ ਹੁੰਦਾ ਹੈ।

ਆਮ ਧਾਰਨਾ ਦੇ ਉਲਟ ਕੋਲੈਸਟਰੋਲ ਕੋਈ "ਜੈਵਿਕ ਜੰਗਾਲ" (biological rust) ਨਹੀਂ ਸਗੋਂ ਅਪਣੀ ਲੋੜ ਅਨੁਸਾਰ ਸਰੀਰ ਵੱਲੋਂ ਲਗਾਤਾਰ ਪੈਦਾ ਕੀਤਾ ਜਾਂਦਾ ਇਕ ਅਹਿਮ ਅਤੇ ਉਪਯੋਗੀ ਪਦਾਰਥ ਹੈ।

ਵਧੇ ਹੋਏ ਕੋਲੈਸਟਰੋਲ ਦਾ ਦਿਲ ਦੇ ਦੌਰੇ ਨਾਲ ਸਿੱਧਾ ਅਤੇ ਇਕਹਿਰਾ ਸਬੰਧ ਹੋਣ ਦਾ ਵਹਿਮ ਅਜੋਕੇ ਸਮਾਜ ਦੇ ਵਹਿਮਾਂ ਭਰਮਾਂ 'ਚੋਂ ਇੱਕ ਹੈ। ਕੋਲੈਸਟਰੋਲ ਨੂੰ ਘੱਟ ਕਰਨ ਵਾਲੀਆਂ ਦਵਾਈਆਂ ਦੇ ਪ੍ਰਚਾਰ ਪ੍ਰਾਪੇਗੰਡੇ ਤੋਂ ਇਲਾਵਾ ਵਿਕਾਊ ਮੀਡੀਆ ਅਤੇ ਅਗਿਆਨੀ ਤੇ ਲਾਲਚੀ ਡਾਕਟਰਾਂ ਨੇ ਵੀ ਇਸ ਵਹਿਮ ਨੂੰ ਹੋਰ ਪ੍ਰਚੱਲਤ ਅਤੇ ਪੱਕਾ ਕਰਨ ਵਿੱਚ ਅਪਣਾ ਮੁਜਰਮਾਨਾ ਯੋਗਦਾਨ ਪਾਇਆ ਹੈ। ਕਿਉਂਕਿ ਜਿਵੇਂ ਕਿ ਅਸੀਂ ਇਸ ਕਿਤਾਬ ਦੇ ਪਹਿਲੇ ਹਿੱਸੇ ਵਿੱਚ ਦੇਖ ਚੁੱਕੇ ਹਾਂ ਕਿ ਦਿਲ ਦੇ ਦੌਰੇ ਵਿੱਚ ਕੋਲੈਸਟਰੋਲ ਦੀ ਭੂਮਿਕਾ ਨੂੰ ਲੈ ਕੇ ਡਾਕਟਰੀ ਵਿਗਿਆਨ ਵਿੱਚ ਸ਼ੁਰੂ ਤੋਂ ਹੀ ਦੋ ਧਾਰਾਵਾਂ ਸਨ। ਜਿਵੇਂ ਸਾਡੇ ਇੱਥੇ ਅਜ਼ਾਦੀ ਨੂੰ ਲੈ ਕੇ ਗਾਂਧੀ ਅਤੇ ਭਗਤ ਸਿੰਘ ਤੇ ਉਸਦੇ ਸਾਥੀਆਂ ਦੀ ਧਾਰਾ ਸੀ। ਵਧੇ ਹੋਏ ਕੋਲੈਸਟਰੋਲ ਨੂੰ ਦਿਲ ਦੇ ਦੌਰੇ ਲਈ ਦੋਸ਼ੀ ਠਹਿਰਾਉਂਦੀ ਧਾਰਾ ਦੇ ਹਮਾਇਤੀ ਇਸਨੂੰ ਤੱਥਾਂ ਅਤੇ ਦਲੀਲਾਂ ਸਹਿਤ ਅੱਜ ਤੱਕ ਸਿੱਧ ਨਹੀਂ ਕਰ ਸਕੇ। ਆਓ ਕੁੱਝ ਹੋਰ ਵਿਗਿਆਨਿਕ ਤੱਥਾਂ ਦੀ ਰੌਸ਼ਨੀ ਵਿੱਚ ਇਸ ਬਾਰੇ ਅਪਣੀ ਰਾਇ ਬਨਾਉਣ ਦੀ ਕੋਸ਼ਿਸ਼ ਕਰੀਏ।

- ਯੂਨੀਵਰਸਿਟੀ ਆਫ਼ ਕੈਲੇਫੋਰਨੀਆਂ ਲਾਸ ਏਂਜਲਜ਼ (UCLA) ਦੇ ਖੋਜਕਾਰਾਂ ਨੇ ਇਹ ਤੱਥ ਸਾਹਮਣੇ ਲਿਆਂਦਾ ਹੈ ਕਿ ਦਿਲ ਦੇ ਦੌਰੇ ਤੋਂ ਪੀੜਤ 75% ਮਰੀਜਾਂ ਵਿੱਚ ਕੋਲੈਸਟਰੋਲ ਦਾ ਪੱਧਰ ਖਤਰੇ ਦੇ ਨਿਸ਼ਾਨ ਤੋਂ ਉੱਪਰ ਨਹੀਂ ਸੀ।
- ਦਿਲ ਦੇ ਦੌਰੇ ਨਾਲ ਮਰੇ 14 ਦੇਸ਼ਾਂ ਦੇ 2200 ਮੁਰਦਿਆਂ ਦੇ ਪੋਸਟ ਮਾਰਟਮ ਕਰਨ ਤੋਂ ਬਾਅਦ ਦਿਲ ਦੀਆਂ ਧਮਣੀਆਂ 'ਚ ਜੰਮੀ ਪੇਪੜੀ (plaque) ਦੀ ਬਣਤਰ ਘੱਟ ਕੋਲੈਸਟਰੋਲ ਅਤੇ ਵਧੇ ਹੋਏ ਕੋਲੈਸਟਰੋਲ ਵਾਲੇ ਮ੍ਰਿਤਕਾਂ ਵਿੱਚ ਇੱਕੋ ਜਿਹੀ ਹੀ ਸੀ। ਭਾਵ ਘੱਟ ਕੋਲੈਸਟਰੋਲ ਵਾਲੇ ਵਧੇ ਹੋਏ ਕੋਲੈਸਟਰੋਲ ਵਾਲਿਆਂ ਜਿੰਨੇ ਹੀ ਅਭਾਗੇ ਸਨ।





**ਚੰਗੇ ਅਤੇ ਮਾੜੇ ਕੋਲੈਸਟਰੋਲ ਦਾ ਸਕੰਲਪ**

ਆਮ ਤੌਰ 'ਤੇ ਕੋਲੈਸਟਰੋਲ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ।

- **HDL** (ਹਾਈ ਡੈਨਸਿਟੀ ਲਾਈਪੋਪ੍ਰੋਟੀਨ) ਭਾਵ ਚੰਗਾ ਕੋਲੈਸਟਰੋਲ
- **LDL** (ਲੋਅ ਡੈਨਸਿਟੀ ਲਾਈਪੋਪ੍ਰੋਟੀਨ) ਭਾਵ ਮਾੜਾ ਕੋਲੈਸਟਰੋਲ
- **VLDL** (ਵੈਰੀ ਲੋਅ ਡੈਨਸਿਟੀ ਲਾਈਪੋਪ੍ਰੋਟੀਨ)

ਮੁੱਖ ਰੂਪ 'ਚ VLDL ਖੂਨ ਅੰਦਰ ਵਧੇ ਹੋਏ ਟਰਾਈਗਲਿਸਰਾਈਡਜ (ਫੈਟ) ਦਾ ਸੂਚਕ ਹੈ ਜੋ ਕਾਰਬੋਹਾਈਡਰੇਟ ਖਾਣ ਨਾਲ ਜਿਅਦਾ ਵਧਦੇ ਹਨ, ਫੈਟ ਖਾਣ ਨਾਲ ਓਨੇ ਨਹੀਂ।




ਸਾਨੂੰ ਇਹ ਦੱਸਿਆ ਜਾਂਦਾ ਹੈ ਕਿ ਖੁਰਾਕ ਵਿੱਚ ਸੰਤ੍ਰਿਪਤ ਕਿਸਮ ਦੀ ਫੈਟ ਘਟਾਉਣ ਨਾਲ ਮਾੜਾ ਕੋਲੈਸਟਰੋਲ ਘਟ ਜਾਂਦਾ ਹੈ ਪਰ ਇਹ ਨਹੀਂ ਦੱਸਿਆ ਜਾਂਦਾ ਕਿ ਅਜਿਹੀ ਖੁਰਾਕ ਖਾਣ ਨਾਲ ਲੱਗਭੱਗ ਉਸੇ ਨਿਸਬਤ 'ਚ ਚੰਗਾ ਕੋਲੈਸਟਰੋਲ ਭਾਵ HDL ਵੀ ਘਟ ਜਾਂਦਾ ਹੈ। ਜਦ ਨੁਕਸਾਨ ਅਤੇ ਫਾਇਦਾ ਦੋਵੇਂ ਬਰਾਬਰ ਹਨ ਤਾਂ ਫਿਰ ਇਸ ਫੈਟ ਦਾ ਸਿਰਫ਼ ਡਰਾਵਣਾ ਪੱਖ ਹੀ ਕਿਉਂ ਦੱਸਿਆ ਜਾਂਦਾ ਹੈ। ਜਿਵੇਂ ਨਿਊ ਇੰਗਲੈਂਡ ਜਰਨਲ ਆਫ ਮੈਡੀਸਨ (NEJM) ਨੇ ਅਪਣੇ ਇੱਕ ਅੰਕ ਵਿੱਚ ਇਸ ਬਾਰੇ ਇਉਂ ਲਿਖਿਆ ਹੈ, "**ਜਦੋਂ ਖੁਰਾਕੀ ਫੈਟ ਘਟਾ ਕੇ ਓਨੀਆਂ ਹੀ ਕੈਲੋਰੀਆਂ (isocalorically) ਕਾਰਬੋਹਾਈਡਰੇਟਸ ਤੋਂ ਲਈਆਂ ਜਾਂਦੀਆਂ ਹਨ ਤਾਂ ਚੰਗਾ ਕੋਲੈਸਟਰੋਲ (HDL) ਆਸ ਮੁਜਬ ਘਟ ਜਾਂਦਾ ਹੈ**"। ਇਸ ਲਈ ਇਹ ਵੀ ਤਾਂ ਦੱਸਿਆ ਜਾਣਾ ਚਾਹੀਦਾ ਹੈ ਕਿ ਸੰਤ੍ਰਿਪਤ ਫੈਟ ਘੱਟ ਖਾਣ ਭਾਵ ਵੱਧ ਕਾਰਬੋਹਾਈਡਰੇਟ ਖਾਣ ਨਾਲ ਚੰਗਾ ਕੋਲੈਸਟਰੋਲ ਵੀ ਘਟ ਜਾਂਦਾ ਹੈ। ਪਰ ਦੱਸਿਆ ਸਿਰਫ ਇਹੀ ਜਾਂਦਾ ਹੈ ਕਿ ਸੰਤ੍ਰਿਪਤ ਫੈਟ ਘੱਟ ਖਾਣ ਨਾਲ ਮਾੜਾ ਕੋਲੈਸਟਰੋਲ ਘਟਦਾ ਹੈ। ਹਾਰਵਰਡ ਯੂਨੀਵਰਸਿਟੀ ਦੇ ਖੋਜਕਾਰ ਮੀਰ ਸਟੈਂਪਫਰ ਨੇ ਵੀ 2004 ਵਿੱਚ ਲਿਖਿਆ ਸੀ ਕਿ ਸਿਰਫ ਪ੍ਰਾਣੀ ਜਗਤ ਦੇ ਸ੍ਰੋਤਾਂ ਤੋਂ ਮਿਲਦੇ ਫੈਟ ਹੀ ਚੰਗੇ ਕੋਲੈਸਟਰੋਲ (HDL) ਨੂੰ ਵਧਾਉਂਦੇ ਹਨ ਇਸ ਲਈ "**ਇਹ ਇੱਕ ਅਹਿਮ ਮੁੱਦਾ ਹੈ। ਸੰਤ੍ਰਿਪਤ ਫੈਟ ਦੇ ਇਸ ਚੰਗੇ ਪੱਖ ਨੂੰ ਛੁਟਿਆ ਕੇ ਇਸਨੂੰ ਆਮ ਲੋਕਾਂ ਵਿੱਚ ਏਨੀ ਮਾੜੀ ਬਣਾ ਦਿੱਤਾ ਗਿਆ ਹੈ ਜਿੰਨੀ ਮਾੜੀ ਇਹ ਹੈ ਨਹੀਂ**"। ਲਿਜ ਵੂਲਫ ਅਨੁਸਾਰ, "**ਵਧਿਆ ਕੋਲੈਸਟਰੋਲ ਜਰੂਰੀ ਨਹੀਂ ਕਿ ਮਾੜਾ ਹੋਵੇ ਤੇ ਘਟਿਆ ਕੋਲੈਸਟਰੋਲ ਜ਼ਰੂਰੀ ਨਹੀਂ ਕਿ ਚੰਗਾ ਹੋਵੇ**"।

ਅਮਰੀਕੀ ਪੱਤਰਕਾਰ ਥਾਮਸ ਮੂਰੇ ਨੇ 1989 ਵਿੱਚ ਛਪੀ ਆਪਣੀ ਮਸ਼ਹੂਰ ਕਿਤਾਬ '**ਦਅ ਕੋਲੈਸਟਰੋਲ ਮਿੱਥ**' 'ਚ ਵੀ ਕੋਲੈਸਟਰੋਲ ਨੂੰ ਦਿਲ ਦੀ ਸਿਹਤ ਨਾਲ ਜੋੜਨ ਦਾ ਤੱਥਾਂ ਸਹਿਤ ਖੰਡਨ ਕੀਤਾ ਹੈ।

ਚੰਗੇ ਕੋਲੈਸਟਰੋਲ ਦੇ ਘਟਣ ਤੋਂ ਸਿਵਾਏ ਫੈਟ ਛੱਡਣ ਦਾ ਅਗਲਾ ਨੁਕਸਾਨ ਇਹ ਹੈ ਕਿ ਜਦੋਂ ਕੋਈ ਵਿਅਕਤੀ ਫੈਟ ਛੱਡੇਗਾ ਜਾਂ ਘਟਾਏਗਾ ਤਾਂ ਨਿਸ਼ਚੇ ਹੀ ਕੁਦਰਤੀ ਤੌਰ ਤੇ ਉਹ ਕਾਰਬੋਹਾਈਡਰੇਟ ਵੱਧ ਖਾਏਗਾ। ਜੇ ਕਾਰਬੋਹਾਈਡਰੇਟ ਵੱਧ ਖਾਏਗਾ ਤਾਂ ਫਿਰ, ਫੇਰ ਉਹ ਕਹਾਣੀ। ਵੱਧ ਕਾਰਬੋਹਾਈਡਰੇਟ ਭਾਵ ਵੱਧ ਗਲੂਕੋਜ-ਵੱਧ ਇਨਸੂਲਿਨ-ਵੱਧ ਟਰਾਈਗਲਿਸਰਾਈਡ-ਵੱਧ ਮੋਟਾਪਾ- ਦਿਲ ਦੇ ਦੌਰੇ, ਸ਼ੂਗਰ ਅਤੇ ਬਲੱਡ ਪ੍ਰੈਸ਼ਰ ਦਾ ਤੇ ਹੋਰ ਬਿਮਾਰੀਆਂ ਦਾ ਵੱਧ ਖਤਰਾ।

ਫੈਟ ਛੱਡਣ ਨਾਲ ਮਾੜਾ ਕੋਲੈਸਟਰੋਲ ਯਾਨੀ LDL ਘੱਟ ਕਰਨ ਦਾ ਫਾਇਦਾ ਇਸਦੇ ਨਾਲ ਹੀ ਜੁੜੇ ਦੂਸਰੇ ਖਤਰੇ ਭਾਵ ਚੰਗੇ ਕੋਲੈਸਟਰੋਲ HDL ਦੇ ਘਟ ਜਾਣ ਦਾ ਨੁਕਸਾਨ। ਇਸ ਪੱਖ ਤੋਂ ਮੈਚ ਬਰਾਬਰ ਹੋ ਗਿਆ। ਭਾਵ ਫੈਟ ਛੱਡ ਕੇ ਜਿੰਨਾ ਕੁ ਫਾਇਦਾ ਹੋਇਆ ਲੱਗਭੱਗ ਓਨਾ ਹੀ ਨੁਕਸਾਨ ਵੀ ਕਰਾ ਲਿਆ। ਫੈਟ ਘੱਟ ਖਾਣ ਦੇ ਸਿੱਟੇ ਵਜੋਂ ਵੱਧ ਕਾਰਬੋਹਾਈਡਰੇਟ ਖਾਣ ਕਰਕੇ ਉਲਟਾ ਸਗੋਂ ਟਰਾਈਗਲਿਸਰਾਈਡ ਭਾਵ VLDL ਮੁਫਤੋ ਮੁਫਤੀ ਦਾ ਵਧਾ ਲਿਆ। ਹੁਣ ਦੱਸੋ ਫੈਟ ਖਾਣ ਦਾ ਵੱਧ ਨੁਕਸਾਨ ਹੈ ਜਾਂ ਫੈਟ ਘਟਾ ਕੇ ਕਾਰਬੋਹਾਈਡਰੇਟ ਵਧਾਉਂਦਿਆਂ ਅਪਣੇ ਟਰਾਈਗਲਿਸਰਾਈਡ ਵਧਾਉਣ ਦਾ।

ਅਮਰੀਕਨ ਹਾਰਟ ਐਸੋਸੀਏਸ਼ਨ (AHA) ਅਤੇ ਨੈਸ਼ਨਲ ਇੰਸਟੀਚਿਊਟਸ ਆਫ ਹੈਲਥ (NIH) ਦੇ ਸੁਪ੍ਰਸਿੱਧ ਵਿਗਿਆਨੀ ਰੋਨਾਲਡ ਕਰਾਸ (ਜੋ ਖੋਜ ਕਰਨ ਦੇ ਨਾਲ ਨਾਲ ਨਿਯਮਤ ਤੌਰ ਤੇ ਮਰੀਜਾਂ ਦਾ ਇਲਾਜ ਵੀ ਕਰਦੇ ਹਨ) ਅਨੁਸਾਰ ਉਸ ਕੋਲ ਅਜਿਹੇ ਮਰੀਜ ਅਕਸਰ ਆਉਂਦੇ ਹਨ ਜਿਨ੍ਹਾਂ ਦਾ ਮਾੜਾ ਭਾਵ LDL ਕੋਲੈਸਟਰੋਲ ਤਾਂ ਬਿਲਕੁੱਲ ਠੀਕ ਹੁੰਦਾ ਹੈ ਪਰ ਫਿਰ ਵੀ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ ਹੁੰਦਾ ਹੈ। ਕਰਾਸ ਅਨੁਸਾਰ LDL ਕੋਲੈਸਟਰੋਲ ਦਿਲ ਦੇ ਦੌਰੇ ਬਾਰੇ ਪੇਸ਼ਨਿਗੋਈ ਕਰਨ ਲਈ ਕੋਈ ਵਿਸ਼ਵਾਸ਼ਯੋਗ ਸੂਚਕ ਨਹੀਂ। ਹਾਂ ਖੂਨ ਵਿੱਚ ਇਸਦੀ ਮਾਤਰਾ ਬੇਹੱਦ (160 mg/dL ਜਾਂ ਇਸ ਤੋਂ ਵੱਧ) ਵਧ ਜਾਣ ਦੀ ਸੂਰਤ 'ਚ ਇਹ ਭਾਰੀ ਖਤਰੇ ਦਾ ਸੂਚਕ ਹੋ ਜਾਂਦਾ ਹੈ। ਡਾ. ਕਰਾਸ ਦੀ ਅਪਣੀ ਖੋਜ ਅਨੁਸਾਰ ਮਾੜਾ ਕੋਲੈਸਟਰੋਲ ਅੱਗੋਂ ਫਿਰ 7 ਉੱਪ ਅੰਸ਼ਾਂ (sub fractions) ਦਾ ਗੱਠਜੋੜ ਹੁੰਦਾ ਹੈ। ਜਿਨ੍ਹਾਂ ਵਿੱਚੋਂ ਸਿਰਫ ਇੱਕ ਹੀ ਸਹੀ ਮਾਅਨਿਆਂ 'ਚ ਮਾੜਾ ਕਿਹਾ ਜਾ ਸਕਦਾ ਹੈ। ਅਮਰੀਕਾ ਦੀ ਯੇਲ ਯੂਨੀਵਰਸਿਟੀ ਵਿੱਚ ਦਿਲ ਦੇ ਰੋਗਾਂ ਦੇ ਮਾਹਰਾਂ ਨੇ 2012 ਵਿੱਚ ਨੈਸ਼ਨਲ ਇੰਸਟੀਚਿਊਟਸ ਆਫ ਹੈਲਥ ਨੂੰ ਇੱਕ ਖੁੱਲਾ ਪੱਤਰ ਲਿਖ ਕੇ ਕਿਹਾ ਹੈ ਕਿ, "**LDL ਨੂੰ ਸੂਚਕ ਮੰਨ ਕੇ ਇਲਾਜ ਨੂੰ ਉਸ 'ਤੇ ਕੇਂਦਰਿਤ ਕਰਨ ਦਾ ਕੋਈ ਵਿਗਿਆਨਿਕ ਅਧਾਰ ਨਹੀਂ**"। ਇਹ ਪੱਤਰ ਅਮਰੀਕਨ ਹਾਰਟ ਐਸੋਸੀਏਸ਼ਨ ਦੇ ਮੈਡੀਕਲ ਰਸਾਲੇ 'ਸਰਕੂਲੇਸ਼ਨ' 'ਚ ਛਪਿਆ ਹੈ। ਇੱਥੇ ਹੀ ਬਸ ਨਹੀਂ ਮੈਕਗਿੱਲ ਯੂਨੀਵਰਸਿਟੀ ਵਿੱਚ ਮੈਡੀਸਨ ਅਤੇ ਦਿਲ ਦੇ ਰੋਗਾਂ ਦੇ ਵਿਭਾਗ ਦੇ ਪ੍ਰੋਫੈਸਰ ਐਲਨ ਸਨਾਈਡਰ ਮੈਨ ਨੇ ਵੀ ਨੀਨਾ ਟਿਕੋਲਜ ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਇਸਨੂੰ "**ਰਿਵਾਜ**" ਦਾ ਨਾਂ ਦਿੱਤਾ ਹੈ।

(ਚਲਦਾ)

**ਡਾ. ਦਰਸ਼ਨ ਖੇੜੀ**
**ਮੋਬਾਈਲ : 98159-08088**
**ਵੱਟਸਐਪ : 96465-31323**
**drdarshankheri@gmail.com**

### *ਸੀਡੀਆਰਓ ਵਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕਨਵੈਂਸ਼ਨ*

# ਭਾਜਪਾ ਸਰਕਾਰ ਦੇ ਤਾਨਾਸ਼ਾਹ ਹਮਲਿਆਂ ਦੇ ਟਾਕਰੇ ਲਈ ਜਮਹੂਰੀ ਹੱਕਾਂ ਦੀ ਲਹਿਰ ਨੂੰ ਤਕੜਾ ਕਰਨਾ ਜ਼ਰੂਰੀ : ਸੀਡੀਆਰਓ

ਜੰਮੂ-ਕਸ਼ਮੀਰ ਵਿਚ ਕਥਿਤ ਦਹਿਸ਼ਤਵਾਦ ਲਈ ਧਾਰਾ 370 ਅਤੇ 35ਏ ਨੂੰ ਜ਼ਿੰਮੇਵਾਰ ਦੱਸਕੇ ਭਾਜਪਾ ਸਰਕਾਰ ਇਸ ਸਚਾਈ ਉੱਪਰ ਪਰਦਾ ਪਾ ਰਹੀ ਹੈ ਕਿ ਇਹ ਭਾਰਤੀ ਰਾਜ ਦੀਆਂ ਕਸ਼ਮੀਰ ਪ੍ਰਤੀ ਗ਼ਲਤ ਨੀਤੀਆਂ ਦਾ ਨਤੀਜਾ ਹੈ। ਇਸ ਬਹਾਨੇ ਭਾਜਪਾ ਆਪਣੇ ਹਿੰਦੂ ਰਾਸ਼ਟਰ ਦੇ ਏਜੰਡੇ ਨੂੰ ਲਾਗੂ ਕਰਨ ਅਤੇ ਭਾਰਤ ਨੂੰ ਹਿੰਸਕ ਪੁਲਿਸ ਸਟੇਟ ਵਿਚ ਬਦਲਣ ਲਈ ਸੱਤਾ ਦਾ ਵਧੇਰੇ ਤੋਂ ਵਧੇਰੇ ਕੇਂਦਰੀਕਰਨ ਕਰ ਰਹੀ ਹੈ ਤਾਂ ਜੋ ਰਾਜਾਂ ਦੇ ਅਧਿਕਾਰ-ਖੇਤਰ ਵਿਚ ਕੇਂਦਰੀ ਸੰਸਥਾਵਾਂ ਅਤੇ ਏਜੰਸੀਆਂ ਦੀ ਵੱਡੇ ਪੈਮਾਨੇ 'ਤੇ ਮਨਮਾਨੀ ਦਖ਼ਲਅੰਦਾਜ਼ੀ ਦਾ ਰਾਹ ਪੱਧਰਾ ਕੀਤਾ ਜਾ ਸਕੇ, ਇਹ ਵਿਚਾਰ ਦੇਸ਼ਭਗਤ ਯਾਦਗਾਰ ਹਾਲ ਵਿਖੇ ਜਮਹੂਰੀ ਹੱਕਾਂ ਦੀਆਂ ਵੱਖ-ਵੱਖ ਸੂਬਿਆਂ ਵਿਚ ਕੰਮ ਕਰਦੀਆਂ 18 ਜਥੇਬੰਦੀਆਂ ਦੇ ਤਾਲਮੇਲ ਮੰਚ 'ਸੀਡੀਆਰਓ' ਵੱਲੋਂ ਆਯੋਜਤ ਕੀਤੀ ਵਿਸ਼ੇਸ਼ ਸਰਵ-ਭਾਰਤੀ ਮੀਟਿੰਗ ਅਤੇ ਇਸ ਉਪਰੰਤ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਮੁੱਖ ਵਕਤਾਵਾਂ ਨੇ ਪੇਸ਼ ਕੀਤੇ। ਇਸ ਸਬੰਧੀ ਜਮਹੂਰੀ ਅਧਿਕਾਰ ਸਭਾ ਬਠਿੰਡਾ ਇਕਾਈ ਦੇ ਪ੍ਰੈੱਸ ਸਕੱਤਰ ਡਾ: ਅਜੀਤ ਪਾਲ ਸਿੰਘ ਦੀ ਦਸਣ ਮੁਤਾਬਕ ਕਨਵੈਨਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਤਪਸ ਚਕਰਬਰਤੀ, ਪਰਮਜੀਤ ਸਿੰਘ, ਪ੍ਰੋਫੈਸਰ ਜਗਮੋਹਣ ਸਿੰਘ, ਡਾ. ਮੌਸ਼ੁਮੀ ਬਾਸੂ, ਪ੍ਰੋਫੈਸਰ ਤਰਸੇਮ ਸਾਗਰ ਅਤੇ ਜਸਵਿੰਦਰ ਸਿੰਘ ਭੋਗਲ ਸ਼ੁਸ਼ੋਭਿਤ ਸਨ। ਮੁੱਖ ਬੁਲਾਰਿਆਂ ਸ੍ਰੀ ਤਪਸ ਚਕਰਬਰਤੀ ਏ.ਪੀ.ਡੀ.ਆਰ (ਪੱਛਮੀ ਬੰਗਾਲ), ਪਰਮਜੀਤ ਸਿੰਘ ਅਤੇ ਡਾ. ਮੌਸ਼ੁਮੀ ਬਾਸੂ ਪੀ.ਯੂ.ਡੀ.ਆਰ. (ਦਿੱਲੀ) ਅਤੇ ਪ੍ਰੋਫੈਸਰ ਜਗਮੋਹਣ ਸਿੰਘ ਜਨਰਲ ਸਕੱਤਰ ਜਮਹੂਰੀ ਅਧਿਕਾਰ ਸਭਾ (ਪੰਜਾਬ) ਨੇ ਇੱਕਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਜਪਾ ਸਰਕਾਰ ਵੱਲੋਂ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕਰਕੇ ਇਸ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾਉਣ ਅਤੇ ਕੇਂਦਰ ਸਰਕਾਰ ਦਾ ਕੰਟਰੋਲ ਥੋਪਣ ਦੀ ਪੂਰੀ ਤਰ੍ਹਾਂ ਗੈਰਜਮਹੂਰੀ ਕਾਰਵਾਈ ਜਿਥੇ 1947 ਵਿਚ ਕਸ਼ਮੀਰ ਰਿਆਸਤ ਨਾਲ ਕੀਤੀ ਇਲਹਾਕ ਸੰਧੀ ਦੀ ਵਾਅਦਾ ਖ਼ਿਲਾਫ਼ੀ ਹੈ ਜਿਸ ਤਹਿਤ ਕਸ਼ਮੀਰੀ ਲੋਕਾਂ ਦੇ ਸਵੈਨਿਰਣੇ ਦੇ ਹੱਕ ਨੂੰ ਸਵੀਕਾਰ ਕੀਤਾ ਗਿਆ ਸੀ ਉਥੇ ਇਹ ਧਾਰਾ 370 ਦੀ ਵਿਸ਼ੇਸ਼ ਵਿਵਸਥਾ ਤਹਿਤ ਦਿੱਤੀ ਘੱਟੋਘੱਟ ਜਮਹੂਰੀ ਸਪੇਸ ਦੀ ਹੱਤਿਆ ਵੀ ਹੈ ਜਿਸ ਨੂੰ ਕਥਿਤ ਅੱਤਵਾਦੀ ਹਮਲਿਆਂ ਅਤੇ ਸੁਰੱਖਿਆ ਦੇ ਬਹਾਨੇ ਪੂਰੀ ਤਰ੍ਹਾਂ ਸਾਜ਼ਿਸ਼ੀ ਅਤੇ ਗ਼ੈਰਜਮਹੂਰੀ ਤਰੀਕੇ ਨਾਲ ਅੰਜ਼ਾਮ ਦਿੱਤਾ ਗਿਆ ਹੈ। ਕਸ਼ਮੀਰ ਨੂੰ ਖੁੱਲ੍ਹੀ ਜੇਲ੍ਹ ਵਿਚ ਬਦਲ ਦਿੱਤਾ ਗਿਆ ਹੈ ਅਤੇ ਫ਼ੌਜੀ ਤਾਕਤ ਦੇ ਜ਼ੋਰ ਕਸ਼ਮੀਰੀ ਲੋਕਾਂ ਨੂੰ ਘਰਾਂ ਵਿਚ ਕੈਦ ਕਰਕੇ ਅਤੇ ਉਹਨਾਂ ਨੂੰ ਕਸ਼ਮੀਰ ਬਾਰੇ ਫ਼ੈਸਲੇ ਵਿਚ ਸ਼ਾਮਲ ਹੋਣ ਦੇ ਬੁਨਿਆਦੀ ਹੱਕ ਤੋਂ ਵਾਂਝਿਆਂ ਕਰਕੇ ਕਸ਼ਮੀਰ ਮਸਲੇ ਦਾ ਕਥਿਤ ਹੱਲ ਥੋਪਿਆ ਗਿਆ ਹੈ ਜੋ ਜਮਹੂਰੀ ਤੌਰ ਤਰੀਕਿਆਂ ਦੀ ਸਰਾਸਰ ਉਲੰਘਣਾ ਹੈ। ਇਸ ਨਾਲ ਕਸ਼ਮੀਰੀ ਲੋਕਾਂ ਵਿਚ ਬੇਗਾਨਗੀ ਦੀ ਭਾਵਨਾ ਹੋਰ ਵਧੇਗੀ ਅਤੇ ਇਹ ਕਥਿਤ ਹੱਲ ਹੋਰ ਜ਼ਿਆਦਾ ਖ਼ੂਨ ਖ਼ਰਾਬੇ ਅਤੇ ਤਬਾਹੀ ਨੂੰ ਜਨਮ ਦੇਵੇਗਾ। ਵਿਕਾਸ ਅਤੇ ਤਰੱਕੀ ਦੇ ਨਾਂ ਹੇਠ ਇਸ ਕਥਿਤ ਹੱਲ ਦਾ ਅਸਲ ਮਕਸਦ ਕਸ਼ਮੀਰ ਦੀ ਆਜ਼ਾਦ ਹਸਤੀ ਨੂੰ ਖ਼ਤਮ ਕਰਦੇ ਹੋਏ ਕਸ਼ਮੀਰੀ ਅਵਾਮ ਦੀਆਂ ਜਮਹੂਰੀ ਰੀਝਾਂ ਨੂੰ ਕੁਚਲਣਾ ਅਤੇ ਉਹਨਾਂ ਦੀ ਸਰਜ਼ਮੀਨ ਤੇ ਕੁਦਰਤੀ ਵਸੀਲਿਆਂ ਉੱਪਰ ਕਬਜ਼ਾ ਕਰਨਾ ਹੈ। ਕਨਵੈਨਸ਼ਨ ਨੇ ਸਰਵਸੰਮਤੀ ਨਾਲ ਮਤਾ ਪਾਸ ਕਰਕੇ ਮੰਗ ਕੀਤੀ ਕਿ ਇਹ ਤਾਨਾਸਾਹ ਕਦਮ ਵਾਪਸ ਲੈ ਕੇ ਕਸ਼ਮੀਰੀ ਲੋਕਾਂ ਦੇ ਹੱਕ ਮੁੜ ਬਹਾਲ ਕੀਤੇ ਜਾਣ, ਕਸ਼ਮੀਰ ਦੀ ਜੇਲ੍ਹਬੰਦੀ ਖ਼ਤਮ ਕੀਤੀ ਜਾਵੇ। ਜੇਲ੍ਹਾਂ ਵਿਚ ਡੱਕੇ ਅਤੇ ਘਰਾਂ ਵਿਚ ਨਜ਼ਰਬੰਦ ਕੀਤੇ ਕਸ਼ਮੀਰੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਫ਼ੌਜੀ ਤੇ ਨੀਮ-ਫ਼ੌਜੀ ਤਾਕਤਾਂ ਤੁਰੰਤ ਵਾਪਸ ਬੁਲਾਈਆਂ ਜਾਣ ਅਤੇ ਕਸ਼ਮੀਰ ਲੋਕਾਂ ਦੇ ਸਵੈਨਿਰਣੇ ਦੇ ਹੱਕ ਦੇ ਅਧਾਰ 'ਤੇ ਕਸ਼ਮੀਰ ਮਸਲੇ ਨੂੰ ਹੱਲ ਕਰਨ ਦਾ ਸਿਆਸੀ ਅਮਲ ਸ਼ੁਰੂ ਕੀਤਾ ਜਾਵੇ।

ਹਾਲ ਹੀ ਵਿਚ ਯੂ.ਏ.ਪੀ.ਏ. ਅਤੇ ਹੋਰ ਕਾਨੂੰਨਾਂ ਵਿਚ ਕੀਤੀਆਂ ਸੋਧਾਂ ਨੂੰ ਲੋਕ ਵਿਰੋਧੀ ਕਰਾਰ ਦਿੰਦਿਆਂ ਬੁਲਾਰਿਆਂ ਨੇ ਕਿਹਾ ਕਿ ਜਮਹੂਰੀ ਹੱਕਾਂ ਨੂੰ ਵੱਧ ਤੋਂ ਵੱਧ ਕਮਜ਼ੋਰ ਕਰਕੇ ਦੇਸ਼ ਨੂੰ ਮੁੜ ਅੰਗਰੇਜ਼ ਰਾਜ ਦੀ ਜਾਬਰ ਵਿਵਸਥਾ ਦੇ ਹਾਲਾਤ ਵਿਚ ਧੱਕਿਆ ਜਾ ਰਿਹਾ ਹੈ। ਦਹਿਸ਼ਤਵਾਦ ਨੂੰ ਕੰਟਰੋਲ ਕਰਨ ਦੇ ਬਹਾਨੇ ਵਿਅਕਤੀ ਨੂੰ ਦਹਿਸ਼ਤਗਰਦ ਕਰਾਰ ਦੇਣ ਲਈ ਯੂ.ਏ.ਪੀ.ਏ ਕਾਨੂੰਨ ਵਿਚ ਕੀਤੀ ਤਾਜ਼ਾ ਸੋਧ ਦਾ ਮਨੋਰਥ ਫਾਸ਼ੀਵਾਦੀ ਹਮਲੇ ਦਾ ਦਾਇਰਾ ਵਧਾਕੇ ਲੋਕ ਹਿੱਤਾਂ ਲਈ ਆਵਾਜ਼ ਉਠਾਉਣ ਵਾਲਿਆਂ ਨੂੰ ਜੇਲ੍ਹਾਂ ਵਿਚ ਡੱਕਣਾ ਅਤੇ ਬੁੱਧੀਜੀਵੀਆਂ ਤੇ ਹੋਰ ਆਲੋਚਕ ਆਵਾਜ਼ਾਂ ਦੀ ਜ਼ੁਬਾਨਬੰਦੀ ਕਰਨਾ ਹੈ। ਇਸ ਫਾਸ਼ੀਵਾਦੀ ਹਮਲੇ ਦਾ ਮੁਕਾਬਲਾ ਜਮਹੂਰੀ ਹੱਕਾਂ ਬਾਰੇ ਸੋਝੀ ਅਤੇ ਹੱਕਾਂ ਦੀ ਰਾਖੀ ਲਈ ਲਹਿਰ ਨੂੰ ਤਕੜਾ ਕਰਕੇ ਹੀ ਕੀਤਾ ਜਾ ਸਕਦਾ ਹੈ। ਇਸ ਲਈ ਇਸ ਰਾਜ ਪ੍ਰਬੰਧ ਹੇਠ ਦਰੜੇ ਅਤੇ ਹਾਸ਼ੀਏ 'ਤੇ ਧੱਕੇ ਸਾਰੇ ਲੋਕਾਂ ਨੂੰ ਇਕਜੁੱਟ ਕਰਨਾ ਜ਼ਰੂਰੀ ਹੈ। ਇਸ ਹਮਲੇ ਵਿਰੁੱਧ ਸੰਘਰਸ਼ਾਂ ਵਿਚ ਔਰਤਾਂ ਦੀ ਹਿੱਸੇਦਾਰੀ ਨੂੰ ਵਧਾਉਣਾ ਬਹੁਤ ਹੀ ਅਹਿਮ ਕਾਰਜ ਹੈ।

ਕਨਵੈਨਸ਼ਨ ਨੇ ਪਿਛਲੇ ਇਕ ਸਾਲ ਤੋਂ ਸ਼ਹਿਰੀ ਨਕਸਲੀ ਕਰਾਰ ਦੇ ਕੇ ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀਆਂ ਅਤੇ ਕਾਰਕੁੰਨਾਂ ਦੀਆਂ ਜਮਾਨਤ ਦੇ ਅਮਲ ਨੂੰ ਜਾਣ ਬੁੱਝ ਕੇ ਲਮਕਾਏ ਜਾਣ ਦਾ ਗੰਭੀਰ ਨੋਟਿਸ ਲਿਆ। ਇਕ ਵਿਸ਼ੇਸ਼ ਮਤੇ ਰਾਹੀਂ ਮੰਗ ਕੀਤੀ ਗਈ ਕਿ ਸਾਰੇ ਗ੍ਰਿਫ਼ਤਾਰ ਬੁੱਧੀਜੀਵੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਜਮਹੂਰੀ ਕਾਰਕੁੰਨਾਂ ਦੀਆਂ ਗ੍ਰਿਫਤਾਰੀਆਂ ਦਾ ਸਿਲਸਿਲਾ ਬੰਦ ਕੀਤਾ ਜਾਵੇ। ਲੋਕ ਸੰਘਰਸ਼ਾਂ ਵਿਰੁੱਧ ਵਰਤੇ ਜਾ ਰਹੇ ਯੂ.ਏ.ਪੀ.ਏ. ਅਤੇ ਹੋਰ ਕਾਲੇ ਕਾਨੂੰਨ ਮੁਕੰਮਲ ਤੌਰ 'ਤੇ ਵਾਪਸ ਲਏ ਜਾਣ।

ਇਕਠ ਨੂੰ ਸੰਬੋਧਨ ਕਰਦਿਆਂ ਸਭਾ ਦੇ ਸਕੱਤਰੇਤ ਮੈਂਬਰ ਐਡਵਕੇਟ ਐੱਨ. ਕੇ. ਜੀਤ ਨੇ ਬਾਕਸਾਈਟ ਖਣਨ ਲਈ ਨਿਆਮਗਿਰੀ ਪਹਾੜ ਉੱਪਰ ਕਾਰਪੋਰੇਟ ਕਬਜ਼ੇ ਦੀ ਧਾੜਵੀ ਯੋਜਨਾ ਵਿਰੁੱਧ ਡੌਂਗਰੀਆ ਕੌਂਦ ਆਦਿਵਾਸੀਆਂ ਦੇ ਸੰਘਰਸ਼ ਬਾਰੇ ਤੱਥ ਖੋਜ ਟੀਮ ਦੇ ਅਨੁਭਵ ਸਾਂਝੇ ਕੀਤੇ। ਇਸ ਮੌਕੇ ਸੀਡੀਆਰਓ ਦੀ ਵੱਲੋਂ ਆਦਿਵਾਸੀ ਸੰਘਰਸ਼ ਬਾਰੇ ਵਿਸ਼ੇਸ਼ ਰਿਪੋਰਟ "ਨਿਆਮਗਿਰੀ ਵਿਚ ਕਾਰਪੋਰੇਟ ਲੁੱਟ ਅਤੇ ਜਨਤਕ ਵਿਰੋਧ" ਵੀ ਲੋਕ ਅਰਪਣ ਕੀਤੀ ਗਈ। ਇਸ ਮੌਕੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸਕੱਤਰੇਤ ਮੈਂਬਰ( ਬੂਟਾ ਸਿੰਘ,ਪ੍ਰਿੰਸੀਪਲ ਬੱਗਾ ਸਿੰਘ,ਪ੍ਰਿਤਪਾਲ ਸਿੰਘ ਡਾ:ਅਜੀਤਪਾਲ ਸਿੰਘ,ਜਸਵਿੰਦਰ ਭੋਗਲ) ਅਤੇ ਸੂਬਾ ਕਮੇਟੀ ਮੈਂਬਰਾਂ ਤੋਂ ਇਲਾਵਾ ਮਾਸਟਰ ਲਵਿੰਦਰ ਸਿੰਘ, ਐਡਵੋਕੇਟ ਦਲਜੀਤ ਸਿੰਘ, ਜਸਬੀਰ ਦੀਪ, ਸੁਖਦੇਵ ਫ਼ਗਵਾੜਾ, ਵਿਸ਼ਵਾਮਿੱਤਰ ਬੰਮੀ, ਡਾ. ਸੈਲੇਸ਼, ਮੰਗਲਜੀਤ ਪੰਡੋਰੀ, ਯਸ਼ਪਾਲ ਝਬਾਲ, ਗੁਰਮੇਲ ਸਿੰਘ ਠੁੱਲੀਵਾਲ, ਹਰਭਜਨ ਸਿੰਘ ਮਲਸੀਹਾਂ, ਮਾਸਟਰ ਸਤੀਸ਼, ਜੋਗਿੰਦਰ ਸਿੰਘ,ਪ੍ਰਸਿੱਧ ਪੱਤਰਕਾਰ ਹਰਜੀਤ ਆਲਮ,ਡਾ ਜਗਜੀਵਨ (ਗੁਰਦਾਸਪੁਰ) ਸਮੇਤ ਬਹੁਤ ਸਾਰੀਆਂ ਜਮਹੂਰੀ ਸ਼ਖਸੀਅਤਾਂ ਅਤੇ ਲੋਕ ਜਥੇਬੰਦੀਆਂ ਦੇ ਕਾਰਕੁੰਨ ਹਾਜ਼ਰ ਸਨ। ਮੰਚ ਦੀ ਜ਼ਿੰਮੇਵਾਰੀ ਜ਼ਿਲ੍ਹਾ ਸਕੱਤਰ ਡਾ. ਮੰਗਤ ਰਾਏ ਨੇ ਬਾਖੂਬੀ ਨਿਭਾਈ।

**-ਬੂਟਾ ਸਿੰਘ ਤੇ**
**ਡਾ. ਅਜੀਤਪਾਲ ਸਿੰਘ**

# ਅਲਾਇੰਸ ਆਫ ਪ੍ਰੋਗਰੈਸਿਵ ਕੈਨੇਡੀਅਨ ਵੱਲੋਂ ਧਾਰਾ 370 ਤੇ 35ਏ ਦੀ ਬਹਾਲੀ ਲਈ ਟਰਾਂਟੋ ਵਿਖੇ ਰੋਹ ਭਰਪੂਰ ਪ੍ਰਦਰਸ਼ਨ

## ਕਸ਼ਮੀਰੀ ਲੋਕਾਂ ਨਾਲ ਇਕਜੁਟਤਾ ਪ੍ਰਗਟਾਈ




ਟਰਾਂਟੋ (ਡਾ. ਪ੍ਰਦੀਪ) ਪੰਜਾਬੀਆਂ ਦੀ ਰਾਜਧਾਨੀ ਵਜੋਂ ਜਾਣੇ ਜਾਂਦੇ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਖੇ ਅਲਾਇੰਸ ਆਫ ਪ੍ਰੋਗਰੈਸਿਵ ਕੈਨੀਅਨ (ਕੈਨੇਡਾ) ਵੱਲੋਂ ਖੱਬੀਆਂ ਜਮਹੂਰੀ ਤਾਕਤਾਂ ਤੇ ਅਮਨ ਪਸੰਦ ਲੋਕਾਂ ਦੇ ਸਹਿਯੋਗ ਸਦਕਾ ਭਾਰਤ ਦੀ ਮੋਦੀ ਸਰਕਾਰ ਵੱਲੋਂ ਜੰਮੂ ਕਸ਼ਮੀਰ ਦੇ ਲੋਕਾਂ ਦੇ ਹੱਕਾਂ ਤੇ ਅਜ਼ਾਦੀ ਤੇ ਡਾਕਾ ਮਾਰਨ ਲਈ ਸੰਵਿਧਾਨ ਦੀ ਧਾਰਾ 370 ਅਤੇ 35 ਏ ਨੂੰ ਹਟਾਉਣ ਲਈ ਜਿਹੜਾ ਤੁਗਲਕੀ ਫੈਸਲਾ ਲਿਆ ਗਿਆ ਹੈ ਉਸਦੇ ਵਿਰੋਧ 'ਚ ਰੋਹ ਭਰਪੂਰ ਪ੍ਰਦਰਸ਼ਨ ਕੀਤਾ ਗਿਆ।

ਇਸ ਮੌਕੇ ਤੇ ਬੋਲਦਿਆਂ ਅਲਾਇੰਸ ਦੇ ਕੋਆਰਡੀਨੇਟਰ ਕਾ. ਸਮਸ਼ਾਦ ਸ਼ਮਸ, ਡਾ. ਹਰਦੀਪ ਸਿੰਘ, ਹਰਪਰਮਿੰਦਰ ਗ਼ਦਰੀ, ਡਾ ਤੇਜ਼ ਪਾਲ ਸਿੰਘ, ਅਮਰਜੀਤ ਸਿੰਘ ਬਾਈ, ਸੁਨੀਲ ਪਾਠਕ, ਨੇ ਮੋਦੀ ਸਰਕਾਰ ਤੇ ਆਰ ਐਸ ਐਸ ਦੇ ਏਜੰਡੇ ਤੇ ਕੰਮ ਕਰਨ, ਭਾਰਤੀ ਸੰਵਿਧਾਨ ਨੂੰ ਬਦਲਣ, ਘੱਟ ਗਿਣਤੀਆਂ ਤੇ ਦਲਿਤਾਂ ਤੇ ਹਮਲੇ ਕਰਨ, ਦੇਸ਼ ਨੂੰ ਫਿਰਕੂ ਲੀਹਾਂ ਤੇ ਵੰਡਣ ਤੇ ਲੋਕਾਂ ਦਾ ਧਿਆਨ ਉਨ੍ਹਾਂ ਦੇ ਮੁਦਿਆਂ ਤੋਂ ਲਾਂਭੇ ਕਰਨ ਲਈ ਫਿਰਕੂ ਫ਼ਸਾਦ ਪੈਦਾ ਕਰਨ ਦਾ ਦੋਸ਼ ਲਾਉਂਦਿਆਂ ਧਾਰਾ 370 ਤੇ 35 ਏ ਬਹਾਲ ਕਰਨ ਦੀ ਪੁਰ-ਜ਼ੋਰ ਸ਼ਬਦਾਂ ਰਾਹੀਂ ਮੰਗ ਕੀਤੀ। ਇਸ ਪ੍ਰਦਰਸ਼ਨ 'ਚ ਡਾ ਕੁਲਜੀਤ ਕੌਰ, ਕਾਮਰੇਡ ਬਲਵੰਤ ਸਿੰਘ, ਕੁਲਦੀਪ ਸਿੰਘ ਬੋਪਾਰਾਏ, ਡਾ. ਪ੍ਰਦੀਪ ਜੋਧਾਂ, ਨਵਨੀਤ ਬੱਬੂ, ਸਰਬਜੀਤ ਕੌਰ, ਕਾਮਰੇਡ ਜਾਕੀਆ, ਕਾਮਰੇਡ ਬਾਲਾਸੁਵਰਾਮਨੀਅਮ ਆਦਿ ਨੇ ਸ਼ਮੂਲੀਅਤ ਕੀਤੀ। ਪ੍ਰਦਰਸ਼ਨਕਾਰੀਆਂ ਨੇ ਜੰਮੂ ਕਸ਼ਮੀਰ ਦੇ ਲੋਕਾਂ ਨਾਲ ਇੱਕਜੁਟਤਾ ਦਾ ਪ੍ਰਗਟਾਵਾ ਕਰਦਿਆਂ ਮਿਲਟਰੀ ਨੂੰ ਫ਼ੌਰੀ ਤੌਰ 'ਤੇ ਹਟਾਉਣ, ਜੇਲ੍ਹਾਂ 'ਚ ਨਜ਼ਰਬੰਦ ਆਗੂਆਂ ਨੂੰ ਰਿਹਾ ਕਰਨ ਤੇ ਅਮਨ ਸ਼ਾਂਤੀ ਬਹਾਲ ਕਰਨ ਦੀ ਵੀ ਮੰਗ ਕੀਤੀ।


ਪੰਜਾਬੀ ਲਿਖਾਰੀ ਸਭਾ ਕੈਲਗਰੀ (ਰਜਿ:), ਕੈਨੇਡਾ
Punjabi Likhari Sabha Calgary — Since 1999
ਦਾ 20 ਵਾਂ ਸਲਾਨਾ ਸਮਾਗਮ
ਸਰੀ (ਕੈਨੇਡਾ) ਨਿਵਾਸੀ ਬਹੁਪੱਖੀ ਹਸਤੀ ਨਾਟਕ, ਕਵਿਤਾ, ਵਾਰਤਿਕ ਲੇਖਿਕਾ ਅਤੇ ਉੱਘੀ ਰੰਗਕਰਮੀ
ਪਰਮਿੰਦਰ ਕੌਰ ਸਵੈਚ
ਨੂੰ 20 ਵਾਂ ਸਲਾਨਾ ਪੰਜਾਬੀ ਲਿਖਾਰੀ ਸਭਾ ਪੁਰਸਕਾਰ ਦੇਕੇ ਸਨਮਾਨਿਤ ਕੀਤਾ ਜਾਵੇਗਾ। ਜਿਸ ਵਿਚ ਇੱਕ ਪਲੈਕ ਅਤੇ $1000 ਦੀ ਰਾਸ਼ੀ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਸ਼ਾਨਦਾਰ ਕਵੀ ਦਰਬਾਰ ਅਤੇ ਗੀਤ- ਸੰਗੀਤ ਹੋਵੇਗਾ। ਸਾਰਿਆਂ ਵਾਸਤੇ ਖੁੱਲ੍ਹਾ ਸੱਦਾ ਹੈ।
ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਨਾਟਕ ਟੀਮ ਵੱਲੋਂ ਵਿਸ਼ੇਸ਼ ਕੋਰੀਓਗ੍ਰਾਫੀ ਪੇਸ਼ ਕੀਤੀ ਜਾਵੇਗੀ
ਪੰਜਾਬੀ ਸਾਹਿਤ ਦੀਆਂ ਕਿਤਾਬਾਂ ਦਾ ਸਟਾਲ ਵੀ ਲਗਾਇਆ ਜਾਵੇਗਾ

ਚਾਹ, ਸਨੈਕਸ ਅਤੇ ਸੌਫਟ ਡਰਿੰਕਸ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ
ਪਰਮਿੰਦਰ ਕੌਰ ਸਵੈਚ
ਦਾਖ਼ਲਾ ਮੁਫ਼ਤ
ਵਾਈਟਹੌਰਨ ਕਮਉਨਿਟੀ ਹਾਲ
228 Whitehorn Rd NE Calgary, T1Y6H5
7 ਸਤੰਬਰ 2019 ਦਿਨ ਸ਼ਨੀਵਾਰ
1:00 ਵਜੇ ਦੁਪਹਿਰ ਤੋਂ 4:00 ਵਜੇ ਸ਼ਾਮ ਤੱਕ
ਪ੍ਰਧਾਨ : ਬਲਜਿੰਦਰ ਸੰਘਾ 403-680-3212 ਜਨਰਲ ਸਕੱਤਰ: ਰਣਜੀਤ ਸਿੰਘ 403-714-6848
ਪੰਜਾਬੀ ਲਿਖ਼ਾਰੀ ਸਭਾ ਕੈਲਗਰੀ ਵੱਲੋਂ ਸਮੂਹ ਮੀਡੀਏ ਨੂੰ ਇਹ ਪ੍ਰੋਗਰਾਮ ਸਫ਼ਲ ਬਣਾਉਣ ਲਈ ਪੂਰਨ ਸਹਿਯੋਗ ਦੀ ਬੇਨਤੀ ਕੀਤੀ ਜਾਂਦੀ ਹੈ
Follow us on f Punjabi Likhari Sabha Calgary - Regd Canada
Design & Printed by Dhillon Printing



Dhillon Fashions
Ladies Clothing | Wedding Clothing
Kids Dressing | Fashion Jewellery
1110-4818 Westwinds Dr. NE. Calgary
Green Plaza (By Dr. Bhullar)
Ph. : 403-453-9090
Cell : 403-614-2096



ਨੌਂ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ
ਸਰੋਕਾਰਾਂ ਦੀ ਆਵਾਜ਼
ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ। ਇਸ ਅਖ਼ਬਾਰ ਈਮੇਲ 'ਤੇ ਮੰਗਵਾਉਣ ਲਈ ਜਾਂ ਕਾਪੀ ਪ੍ਰਾਪਤ ਕਰਨ ਲਈ ਸਾਡੀ ਟੀਮ ਨਾਲ ਸੰਪਰਕ ਕਰੋ।

ਹਰਬੰਸ ਸਿੰਘ (ਟੋਰਾਂਟੋ) 416-817-7142
ਦੇਵਿੰਦਰ ਤੂਰ (ਟੋਰਾਂਟੋ) 416 902 9372
ਮਾਸਟਰ ਭਜਨ (ਕੈਲਗਰੀ) 403-455-4220
ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794
ਸੁਖਵੀਰ ਗਰੇਵਾਲ (ਕੈਲਗਰੀ) 403 402 0770



Best Mobile Signs
All kinds of mobile sign board
best mobile sign
call for yours
Kamal Sidhu
403-966-7167
bestmobilesigns@gmail.com




"ਉਸਾਰੂ ਸਾਹਿੱਤ ਅਤੇ ਉੱਚ-ਕੋਟੀ ਦਾ ਬਾਲ ਸਾਹਿੱਤ"
ਹੁਣ ਪੱਖੋਵਾਲ ਤੋਂ ਇਲਾਵਾ
ਪੰਜਾਬੀ ਭਵਨ ਲੁਧਿਆਣਾ ਵਿੱਚ
ਨੇੜੇ ਭਾਰਤ ਨਗਰ ਚੌਂਕ, ਦੁਕਾਨ ਨੰ:7
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
ਨੋਟ: ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿੱਤ ਉਪਲੱਭਦ
ਵੱਲੋਂ:-ਹਰੀਸ਼ ਪੱਖੋਵਾਲ 9417642785, 9781943772
e.mail: hmpkwl@gmail.com



A Class Granite Ltd.
A CLASS GRANITE
PRICED RIGHT AND DONE RIGHT

WWW.ACLASSGRANITE.ORG
CALL FOR A FREE ESTIMATE
MALKIT
778 889 9526
• KITCHEN COUNTERS • STAIRCASES
• VANITIES • INSTALLATIONS
• FIRE PLACES • REPAIRS
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com

HOMELIFE HIGHER STANDARDS

# HOMELIFE SILVERCITY

REALTY INC.,BROKERAGE
(Independently Owned and Operated)

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

New Head Office
905-913-8500
50 COTTRELLE BLVD., UNIT 29, BRAMPTON

TEAM OF OVER 450 REALTORS

HOMELIFE HIGHER STANDARDS

# HOMELIFE SILVERCITY

REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS

*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY

905.913.8500

www.HomelifeSilvercityTeam.com

BALJIT GARCHA
BROKER OF RECORD
647.500.6500

AJIT GARCHA
BROKER / PRESIDENT
647.204.9500

Address:
11775 Bramalea Rd. Brampton





# ਮਾਸਟਰ ਭਜਨ ਵਲੋਂ ਨਵੇਂ ਘਰ ਤੇ ਕਿਤਾਬਾਂ ਦਾ ਤੋਹਫਾ



ਮਾਸਟਰ ਭਜਨ ਦੇ ਪਰਿਵਾਰ ਵਲੋਂ ਹਰਚਰਨ ਸਿੰਘ ਪਰਹਾਰ ਦੇ ਪਰਿਵਾਰ ਨੂੰ ਕਿਤਾਬਾਂ ਭੇਂਟ ਕਰਨ ਮੌਕੇ।

**ਕੈਲਗਰੀ:** ਪਦਾਰਥਵਾਦੀ ਯੁੱਗ ਵਿੱਚ ਮਹਿੰਗੇ ਤੋਹਫਿਆਂ ਨਾਲ਼ ਸ਼ੁੱਭ ਕਾਮਨਾਵਾਂ ਦੇਣ ਦੇ ਦੌਰ ਵਿੱਚ ਕੈਲਗਰੀ ਵਾਸੀ ਮਾਸਟਰ ਭਜਨ ਨੇ ਲੋਕਾਂ ਲਈ ਇੱਕ ਨਵੀਂ ਮਿਸਾਲ ਰੱਖੀ ਹੈ। ਉਹਨਾਂ ਨੇ ਸਿੱਖ ਵਿਰਸਾ ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਦੇ ਨਵੇਂ ਘਰ ਵਿੱਚ ਆਮਦ ਮੌਕੇ ਉਸਾਰੂ ਸਾਹਿੱਤ ਦੀਆਂ ਕਿਤਾਬਾਂ ਦਾ ਸੈਟ ਭੇਂਟ ਕਰਕੇ ਨਵੀਂ ਪਿਰਤ ਪਾਈ ਹੈ।

ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਮਾਸਟਰ ਭਜਨ ਪਿਛਲੇ ਕਈ ਸਾਲਾਂ ਤੋਂ ਕਿਤਾਬਾਂ ਦੀਆਂ ਨੁਮਾਇਸ਼ਾਂ ਲਗਾ ਕੇ ਪੰਜਾਬੀ ਭਾਈਚਾਰੇ ਵਿੱਚ ਚੰਗਾ ਸਾਹਿੱਤ ਪੜਨ ਦੀ ਚੇਟਕ ਲਗਾ ਰਹੇ ਹਨ। ਉਹਨਾਂ ਦਾ ਮੰਨਣਾ ਹੈ ਕਿ ਚੰਗੀਆਂ ਕਿਤਾਬਾਂ ਨੂੰ ਦੋਸਤ ਬਣਾ ਕੇ ਮਨੁੱਖ ਇੱਕ ਚੰਗੇ ਸਮਾਜ ਦੀ ਸਿਰਜਣਾ ਵਿੱਚ ਵੱਡਾ ਯੋਗਦਾਨ ਪਾ ਸਕਦਾ ਹੈ।

ਦੂਜੇ ਪਾਸੇ ਹਰਚਰਨ ਸਿੰਘ ਪਰਹਾਰ ਤੇ ਗੁਰਦੀਪ ਕੌਰ ਪਰਹਾਰ ਨੇ ਕਿਤਾਬਾਂ ਪ੍ਰਾਪਤ ਕਰਨ ਉਪਰੰਤ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਇਸ ਵਿਲੱਖਣ ਤੋਹਫੇ ਨੇ ਉਹਨਾਂ ਦੀ ਨਵੇਂ ਘਰ ਵਿੱਚ ਆਮਦ ਦੀ ਖੁਸ਼ੀ ਨੂੰ ਚੌਗਣਾ ਕਰ ਦਿੱਤਾ ਹੈ।

## ਮਦਦ ਲਈ ਧੰਨਵਾਦ



ਅਦਾਰਾ 'ਸਰੋਕਾਰਾਂ ਦੀ ਆਵਾਜ਼' ਵਲੋਂ ਸਮੂਹ ਟੋਰਾਂਟੋ, ਕੈਲਗਰੀ, ਵਿਨੀਪੈਗ ਅਤੇ ਕੈਨੇਡੀਅਨ ਵਾਸੀਆਂ ਵਲੋਂ ਜਮਹੂਰੀਅਤ ਇਨਕਲਾਬੀ ਲਹਿਰ ਦੇ ਉਘੇ ਆਗੂ ਬਲਵੰਤ ਮਖੂ ਦੇ ਐਕਸੀਡੈਂਟ ਕਾਰਨ ਭਾਰੀ ਸੱਟਾਂ ਵੱਜਣ ਕਾਰਨ ਜੋ ਦਿਆਨੰਦ ਹਸਪਤਾਲ 'ਚ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ, ਦੀ ਸਹਾਇਤਾ ਕੀਤੀ ਉਨ੍ਹਾਂ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ। ਸਹਾਇਤਾ ਲਈ ਸਰੋਕਾਰਾਂ ਦੀ ਟੀਮ ਨਾਲ ਸੰਪਰਕ ਕਰੋ।

## ਅਨੀਤਾ ਸ਼ਬਦੀਸ਼ ਵਲੋਂ ਕੈਨੇਡਾ ਭਰ 'ਚ ਨਾਟਕ



ਅਨੀਤਾ ਸ਼ਬਦੀਸ਼ ਪੰਜਾਬੀ ਰੰਗਮੰਚ ਦੀ ਇੱਕ ਜਾਣੀ ਪਹਿਚਾਣੀ ਅਦਾਕਾਰਾ ਅਤੇ ਨਿਰਦੇਸ਼ਕਾ ਹੈ। ਅਨੀਤਾ ਸ਼ਬਦੀਸ਼ 'ਸੋਲੋ ਨਾਟਕ' ਖੇਡਣ ਲਈ ਸਤੰਬਰ ਮਹੀਨੇ ਕੈਨੇਡਾ ਆ ਰਹੀ ਹੈ। ਉਨ੍ਹਾਂ ਦੇ ਨਾਟਕ ਸਰੀ, ਟੋਰਾਂਟੋ, ਕੈਲਗਰੀ ਆਦਿ ਸ਼ਹਿਰਾਂ ਵਿਚ ਖੇਡੇ ਜਾਣਗੇ। ਮਿਤੀ ਸਥਾਨ ਬਾਰੇ ਜਾਣਕਾਰੀ ਲਈ ਲੋਕਲ ਸ਼ਹਿਰਾਂ ਦੇ ਪ੍ਰਬੰਧਕਾਂ ਤੋਂ ਹਾਸਲ ਕਰੋ। ਕੈਲਗਰੀ ਵਿਚ ਖੇਡੇ ਜਾਣ ਵਾਲੇ ਨਾਟਕ ਸਬੰਧੀ ਜਾਣਕਾਰੀ ਲਈ ਮਾ. ਭਜਨ ਨਾਲ 403-455-4220 ਅਤੇ ਹਰਚਰਨ ਪਰਹਾਰ 403-681-8689 'ਤੇ ਸੰਪਰਕ ਕਰੋ।











